ੴ ਸਤਿਗੁਰ ਪ੍ਰਸਾਦਿ

# ਅਮਰ ਲੇਖ

(ਭਾਗ ਪਹਿਲਾ)

1899 ਈ. ਤੋਂ ਪ੍ਰਕਾਸ਼ਿਤ 'ਖਾਲਸਾ ਸਮਾਚਾਰ'
ਸਪਤਾਹਕ ਦੇ ਪੁਰਾਤਨ ਸੰਪਾਦਕੀ ਲੇਖ

**ਭਾਈ ਸਾਹਿਬ ਭਾਈ ਵੀਰ ਸਿੰਘ**

**ਭਾਈ ਵੀਰ ਸਿੰਘ ਸਾਹਿਤ ਸਦਨ**
**ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001**


www.sikhbookclub.com

ਛਪਾਈ ਦਾ ਵੇਰਵਾ

| | | | |
|---|---|---|---|
| ਪਹਿਲੀ | ਵਾਰ | ਸਤੰਬਰ, | 1967 |
| ਦੂਜੀ | ਵਾਰ | ਦਸੰਬਰ, | 1982 |
| ਤੀਜੀ | ਵਾਰ | ਮਈ, | 1993 |
| ਚਉਥੀ | ਵਾਰ | ਨਵੰਬਰ, | 1999 |
| ਪੰਜਵੀਂ | ਵਾਰ | ਅਪ੍ਰੈਲ, | 2007 |

**Amar Lekh (Vol. 1)**
Bhai Vir Singh

ISBN # 978-93-80854-01-4
© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ
6ਵੀਂ ਐਡੀਸ਼ਨ ਜੁਲਾਈ, 2011

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ-110001

*Printer :*
Print Media
1331, Chowk Sangatrashan,
Paharganj, New Delhi - 110055
(m)9810765258

ਮੁੱਲ : 80/- ਰੁਪਏ

 www.sikhbookclub.com

# ਸੂਚੀ ਪੱਤਰ


1. ਸਰਵ ਪ੍ਰਿਯ ਸਿੱਖ ਧਰਮ ........ 1
2. ਗ੍ਰੰਥੀ (ਗੁਰੂ ਗ੍ਰੰਥ ਪੰਥ ਦੀ ਸੰਭਾਲ) ........ 19
   1. ਗੁਰੂ ਗ੍ਰੰਥ ਪੰਥ ਦੀ ਕਾਇਮੀ ਦੀ ਅਵੱਸ਼ਕਤਾ ........ 19
   2. ਸ੍ਰੀ ਗੁਰੂ ਗ੍ਰੰਥ ਸਾਹਿਬ ........ 20
   3. ਅਵਿਦਜ ਗ੍ਰੰਥੀਆਂ ਕਾਰਨ ਪੁਜ ਰਹੇ ਨੁਕਸਾਨ ........ 25
   4. ਗ੍ਰੰਥੀਆਂ ਦੀ ਸਿਖਯਾ ਦਾ ਗ਼ਲਤ ਤਰੀਕਾ ........ 30
   5. ਧਰਮਸਾਲ ਦੀਆਂ ਸੰਗਤਾਂ ਨੂੰ ਹਾਨੀ ........ 35
   6. ਦੇਹਧਾਰੀ ਗੁਰੂ ........ 38
   7. ਰਾਗੀ, ਢਾਡੀ ਤੇ ਗਯਾਨੀ ........ 43
   8. ਕੀਰਤਨ ........ 47
   9. ਗੁਰਪੁਰਬ ........ 51
   10. ਗੁਰਮਤ ਸੰਸਕਾਰ ........ 57
   11. ਗੁਰਮਤਿ ਰਸਮਾਂ ........ 61
   12. ਗੁਰ ਮਰਿਯਾਦਾ ........ 66
   13. ਰੀਤਾਂ ਤੇ ਰਸਮਾਂ ........ 71
   14. ਸ੍ਰੀ ਗੁਰੂ ਗ੍ਰੰਥ ਪਾਠ ਤੇ ਅਰਦਾਸ ........ 74
   15. ਕੜਾਹ ਪ੍ਰਸਾਦਿ ........ 77
   16. ਆਰਤੀ ........ 79
   17. ਸਿਖਾਂ ਦਾ ਪ੍ਰਸਾਦ ........ 82
   18. ਰਸਮਾਂ ........ 86
   19. ਯਹੂਦੀਆਂ ਦਾ ਤੇ ਸਿੱਖਾਂ ਦਾ ਖ਼ੁਦਾ ........ 90
   20. ਰਸਮ ਕੁਰਬਾਨੀ ........ 93
   21. ਮੱਥਾ ਟੇਕਣਾ ਰਸਮ ........ 98


 www.sikhbookclub.com

3. ਕਥੌਨੀ ਕੀਰਤਨ ........ 103
(ੳ) ਉਮਰ ਖ਼ਿਆਮ ਦੀ ਨਸੀਹਤ ........ 108
(ਅ) ਰਾਗੀਆਂ ਨੂੰ (ਕਵਿਤਾ) ........ 109
4. ਜਥੇਬੰਦੀ ........ 110
1. ਸਾਡੀ ਅਵਿਦਯਾ ਤੇ ਭੁਲ ........ 110
2. ਪੰਥ ਸੇਵਕਾਂ ਦੀ ਪੜਤਾਲ ........ 116
3. ਨਿੰਦਾ ਤੇ ਨੁਕਤਾਚੀਨੀ ........ 122
4. ਹੋਰ ਅਹੁਰਾਂ ਤੇ ਇਲਾਜ ........ 125
(ੳ) ਲਿਖਾਰੀ ਨੂੰ (ਕਵਿਤਾ) ........ 127
(ਅ) ਅਪਣੇ ਦੇਸ਼ ਨਾਲ ਪ੍ਰੇਮ (ਕਵਿਤਾ) ........ 128
5. ਇਤਫ਼ਾਕ ........ 129
6. ਖਾਲਸਾ ਧਰਮ ਤੇ ਇਤਿਹਾਸ ........ 133
(ੳ) ਵਿਚਾਰਾਂ ਦੀ ਫੁਹਾਰ ........ 138
7. ਕੌਮਾਂ ਕਿਸ ਆਸਰੇ ਜੀਉਂਦੀਆਂ ਹਨ? ........ 139
8. ਕੌਮ ਕਿਸ ਤਰ੍ਹਾਂ ਪ੍ਰਫੁਲਤ ਹੋ ਸਕਦੀ ਹੈ? ........ 142
(ੳ) ਜਗਤ ਨਾਸ਼ਮਾਨੀ ਹੈ (ਕਵਿਤਾ) ........ 143
9. 'ਸਿੱਖ ਸੈਨਿਕ' ਬਾਰੇ ਅੰਗ੍ਰੇਜ਼ ਨੀਤੀਵਾਨਾਂ ਦੀ ਰਾਇ ........ 145
10. 'ਭਾਈ' ਦੀਆਂ ਮੂਰਤਾਂ ........ 147
11. ਨਾਰਿ ਭਤਾਰ ਪਿਆਰ ਹੈ ........ 159
12. ਜੀਵਨ ਥਿਰ ਨਹੀਂ (ਕਵਿਤਾ) ........ 166
13. ਸ੍ਰੀ ਗੁਰੂ ਨਾਨਕ ਨੇ ਮੇਰੇ ਲਈ ਕੀਹ ਕੀਤਾ? ........ 169
14. ਪੰਥ ਜਗਾਵਾਂ (ਕਵਿਤਾ) ........ 174
15. ਹੱਕ ਤੇ ਫ਼ਰਜ਼ ਅਰਥਾਤ ਅਧਿਕਾਰ ਤੇ ਕਰ ........ 179
16. ਅਮੀਰੀ ਤੇ ਮੌਤ ........ 184
17. ਬਾਣੀ ਨਾਲ ਮਨ ਕਿਵੇਂ ਨਿਰਮਲ ਹੁੰਦਾ ਹੈ? ........ 187
18. ਸਾਡੇ ਦਸਵੰਧ ਦੀ ਕਾਯਾਂ-ਪਲਟ ........ 191
19. ਪਰੀਆਂ ਦਾ ਇਸ਼ਨਾਨ ........ 197
20. ਮੁਨੀਰਾਜ ਜੀ ਦੇ ਦਰਸ਼ਨ ........ 204
21. ਗਾਇਕਾਂ ਨੂੰ (ਕਵਿਤਾ) ........ 210

# ਮੁੱਢਲੀ ਬੇਨਤੀ

**ਪਰਮ** ਸਤਿਕਾਰ ਯੋਗ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਖਾਲਸਾ ਸਮਾਚਾਰ ਸਪਤਾਹਕ ਪੱਤ੍ਰ ਦਾ ਸ਼ੁਭ ਆਰੰਭ 17 ਨਵੰਬਰ 1899 ਈ: ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤ੍ਰ ਅਵਤਾਰ ਪੁਰਬ ਵਾਲੇ ਦਿਨ ਕੀਤਾ ਸੀ। ਆਪ ਨੇ ਸੰਪਾਦਨ ਦੇ ਉਨ੍ਹਾਂ ਦਿਨਾਂ ਵਿਚ, ਆਪਣੇ ਇਸ ਪੱਤ੍ਰ ਵਿਚ ਜੋ ਸੰਪਾਦਕੀ ਲੇਖ ਲਿਖੇ ਓਹ ਕੌਮ ਵਿਚ ਨਵੀਂ ਰੂਹ ਫੂਕਣ ਵਾਲੇ ਸਨ ਤੇ ਉਨ੍ਹਾਂ ਲੇਖਾਂ ਦਾ ਇਹ ਅਸਰ ਕੌਮ ਨੇ ਪ੍ਰਤੱਖ ਵੇਖ ਲਿਆ। ਜਿਨ੍ਹਾਂ ਨੇ ਓਹ ਲੇਖ ਤਦੋਂ ਪੜ੍ਹੇ ਸੀ ਅੱਜ ਉਨ੍ਹਾਂ ਵਿਚੋਂ ਸ਼ਾਇਦ ਹੀ ਕੋਈ ਜ਼ਿੰਦਾ ਹੋਵੇ। ਸਤਿਕਾਰ ਯੋਗ ਭਾਈ ਸਾਹਿਬ ਜੀ ਦੇ 10 ਜੂਨ 1957 ਨੂੰ ਗੁਰਪੁਰੀ ਪਿਆਨੇ ਕਰ ਜਾਣ ਪਿਛੋਂ ਇਹ ਵੀਚਾਰ ਹੋਈ ਕਿ ਅੱਜ ਤੋਂ ਅਠਵੰਜਾ ਸਾਲ ਪਹਿਲੇ, ਜਦੋਂ ਕਿ ਇਹ ਸਪਤਾਹਕ ਪੱਤ੍ਰ ਜਾਰੀ ਹੋਇਆ, ਜੋ ਸੰਪਾਦਕੀ ਲੇਖ ਭਾਈ ਸਾਹਿਬ ਜੀ ਨੇ ਇਸ ਪੱਤ੍ਰ ਵਿਚ ਲਿਖੇ ਤੇ ਜਿਨ੍ਹਾਂ ਦਾ ਸਦਕਾ ਕੌਮ ਵਿਚ ਫ਼ਖ਼ਰ ਯੋਗ ਜਾਗ੍ਰਤ ਆਈ, ਓਹ ਮੁੜ ਖਾਲਸਾ ਸਮਾਚਾਰ ਰਾਹੀਂ ਪ੍ਰਕਾਸ਼ਤ ਕਰਨੇ ਚਾਹੀਦੇ ਹਨ, ਤਾਂਕਿ ਅੱਜ ਦੀ ਕੌਮੀ ਪਨੀਰੀ ਬੀ ਉਨ੍ਹਾਂ ਕੌਮੀ ਰੂਹ ਫੂਕਣ ਵਾਲੇ ਲੇਖਾਂ ਤੋਂ ਲਾਭ ਉਠਾ ਸਕੇ। ਚੁਨਾਂਚਿ ਇਹ ਸਿਲ-ਸਿਲਾ ਜਾਰੀ ਕਰ ਦਿਤਾ ਗਿਆ, ਜੋ ਪਾਠਕਾਂ ਨੇ ਬੇਹਦ ਪਸੰਦ ਕੀਤਾ ਤੇ ਅਨੁਭਵ ਕੀਤਾ ਗਿਆ ਕਿ ਏਹ ਲੇਖ ਇਕ ਵਕਤੀ ਲੇਖ ਨਹੀਂ ਹਨ, ਸਦੈਵੀ ਹਨ, ਅਮਰ ਹਨ ਤੇ ਇਨ੍ਹਾਂ ਦੀ ਲੋੜ ਜਿੰਨੀ ਤਦੋਂ ਸੀ ਅੱਜ ਉਸਤੋਂ ਘੱਟ ਨਹੀਂ, ਸਗੋਂ ਆਉਣ ਵਾਲੇ ਸਮੇਂ ਵਿਚ ਬੀ ਸਦਾ ਬਣੀ ਰਹੇਗੀ। ਅਖਬਾਰਾਂ ਦੇ ਲੇਖ ਘੱਟ ਸਾਂਭੇ ਰਹਿ ਸਕਦੇ ਹਨ ਤੇ ਬਾਰ-ਬਾਰ ਤੇ ਬਹੁਤਿਆਂ ਦੇ ਪਠਨ ਪਾਠਨ ਦਾ ਉਨ੍ਹਾਂ ਤੋਂ ਲਾਭ ਨਹੀਂ ਲਿਆ ਜਾ ਸਕਦਾ, ਸੋ ਮੰਗ ਹੋਈ ਕਿ ਇਨ੍ਹਾਂ ਲੇਖਾਂ ਨੂੰ ਪੁਸਤਕਾਂ ਦੇ ਆਕਾਰ ਵਿਚ ਛਾਪਕੇ ਵਰਤਮਾਨ ਤੇ ਭਵਿੱਖਤ ਦੇ ਪਾਠਕਾਂ ਦੇ ਅਧਜੈਨ


www.sikhbookclub.com

ਲਈ ਸੁਲਭ ਕਰ ਦਿਤਾ ਜਾਏ। ਇਨ੍ਹਾਂ ਅਮਰ ਲੇਖਾਂ ਦਾ ਇਹ ਪਹਿਲਾ ਭਾਗ, ਜੋ ਚੋਣਵੇ ਸੰਪਾਦਕੀ* ਤੇ ਦੋ ਲੜੀਵਾਰ ਲੰਬੇ ਲੇਖਾਂ ਨੂੰ ਆਪਣੇ ਪ੍ਰਕਾਸ਼ਨ ਦੀ ਗੋਦ ਵਿਚ ਲਏ ਹੋਏ ਹੈ, ਉਸੇ ਮੰਗ ਦੀ ਪੂਰਤੀ ਦਾ ਪਹਿਲਾ ਪ੍ਰਯਤਨ ਹੈ, ਜੋ ਆਸ ਹੈ, ਪਸੰਦ ਕੀਤਾ ਜਾਏਗਾ।

16 ਸਤੰਬਰ, 1967

ਪ੍ਰਾਰਥਕ, ਮਹਾਂ ਸਿੰਘ ਗਜਾਨੀ
ਸੰਪਾਦਕ

---

* ਇਸ ਸੰਚਯ ਦਾ ਪਹਿਲਾ ਲੇਖ 1956 ਦੀ ਰਚਨਾ ਹੈ, ਬਾਕੀ ਸੱਭੇ ਲੇਖ ਅਖਬਾਰ ਜਾਰੀ ਹੋਣ ਦੇ ਸ਼ੁਰੂ ਦੇ ਸਾਲਾਂ ਦੀ ਲਿਖਤ ਹਨ।


www.sikhbookclub.com

# ਅਮਰ ਲੇਖ - 1

## 1. ਸਰਵ-ਪ੍ਰਿਯ ਸਿੱਖ ਧਰਮ*

(ਨਿਜ ਅਸਲਾ ਮੂਲਕ ਧਰਮ ਹੈ)

ਸਿੱਖ ਗੁਰੂ ਸਾਹਿਬਾਨ ਨੇ ਜਗਤ ਨੂੰ ਜੋ ਸਿੱਖ ਧਰਮ ਦਿਤਾ ਹੈ ਉਹ ਅਸਲੀ ਧਰਮ ਹੈ, ਅਰਥਾਤ ਨਿਜ ਅਸਲਾ ਮੂਲਕ ਧਰਮ ਹੈ ਤੇ ਅਸਲੀਅਤ ਵਿਚ ਤਦਰੂਪ ਹੋਏ ਹੋਏ ਉਨ੍ਹਾਂ ਨੇ ਸਾਜਿਆ ਹੈ। ਇਸ ਵਿਚ ਸੱਚ ਤੇ ਸੱਚ ਤੋਂ ਉਪਜੀਆਂ ਉੱਤਮਤਾਈਆਂ ਦੀ ਮਾਨੋਂ ਗੁਲਜ਼ਾਰ ਹੈ। ਇਸ ਲਈ ਹਰ ਮਤ ਦੀ ਕੋਈ ਨ ਕੋਈ ਗਲ, ਜੋ ਸੱਚ ਤੇ ਉੱਤਮਤਾਈ ਵਾਲੀ ਹੁੰਦੀ ਹੈ, ਉਸ ਦੀ 'ਸਮਤਾ' ਯਾ ਉਸ ਤੋਂ 'ਪ੍ਰੋਢਤਾ' ਸਿਖ ਧਰਮ ਵਿਚ ਮਿਲ ਜਾਂਦੀ ਹੈ। ਇਸ ਤਰ੍ਹਾਂ ਦੀਆਂ ਸਮਤਾਈਆਂ ਦੇ ਦਿੱਸ ਪੈਂਦੇ ਮੇਲ ਦੋ ਅਸਰ ਪੈਦਾ ਕਰਦੇ ਜਾਪਦੇ ਹਨ-

(1) ਵਿਦਵਾਨ ਲੋਕ ਤਾਂ ਉੱਤਮਤਾ ਵਾਚਕੇ ਤੇ ਉੱਤਮ ਗੱਲਾਂ ਦੇ ਮੇਲ ਦੇਖਕੇ ਪ੍ਰਭਾਵਿਤ ਹੁੰਦੇ ਹਨ ਕਿ ਆਹ ਗਲ ਗ਼ਾਲਬਨ ਇਸ ਮਤ ਤੋਂ ਗੁਰੂ ਜੀ ਨੇ ਲੀਤੀ ਹੋਊ ਤੇ

(2) ਮਤਾਵਲੰਬੀ ਲੋਕ ਇਨ੍ਹਾਂ ਮੇਲ ਖਾਂਦੀਆਂ ਗਲਾਂ ਤੋਂ ਪ੍ਰਾਪੇਰੀਡਾ (ਅਪਣੇ ਮਤ-ਪ੍ਰਚਾਰ) ਦਾ ਕੰਮ ਲੈਂਦੇ ਹਨ ਕਿ ਦੇਖੋ ਇਹ ਗਲਾਂ ਸਾਡੇ ਮਤ ਦੀਆਂ ਹਨ, ਗੁਰੂ ਜੀ 'ਸਾਡੇ ਮਤ ਦੇ' ਪ੍ਰਚਾਰਕ ਸਨ। 'ਉੱਤਮ ਸ਼ੈ ਨੂੰ ਹਰ ਕੋਈ ਅਪਣਾਉਂਦਾ ਹੈ' ਇਹ ਕੁਦਰਤੀ ਗਲ ਹੈ। ਸੋ ਸਿੱਖਾਂ

---

* ਇਹ ਲੇਖ 1956 ਦੀ ਰਚਨਾ ਹੈ। ਬਾਕੀ ਦੇ ਲੇਖ ਖਾਲਸਾ ਸਮਾਚਾਰ ਦੇ ਜਾਰੀ ਹੋਣਦੇ ਸ਼ੁਰੂ ਦੇ ਸਾਲਾਂ ਦੇ ਯਾਨੀ ਵੀਹਵੀਂ ਸਦੀ ਦੇ ਸ਼ੁਰੂ ਦੇ ਸੰਪਾਦਕੀ ਲੇਖ ਹਨ।

ਨੂੰ ਇਨ੍ਹਾਂ ਗਲਾਂ ਤੇ ਕੋਈ ਰੋਸ ਨਹੀਂ ਹੋਣਾ ਚਾਹੀਦਾ, ਪਰ ਇਕ ਟਪਲਾ ਲਗਣ ਦਾ ਡਰ ਰਹਿੰਦਾ ਹੈ ਕਿ ਕਿਤੇ ਇਹ ਭੁਲੇਵਾ ਨਾ ਲੱਗ ਜਾਵੇ ਕਿ ਸਿਖ ਧਰਮ ਇਕ Eclectic ਧਰਮ ਹੈ। ਐਕਲੈਕਟਿਕ ਧਰਮ ਹੁੰਦਾ ਹੈ ਹੋਰਨਾਂ ਮਤਾਂ ਤੋਂ ਉਧਾਰ ਲੈਣ ਵਾਂਙੂ ਚੰਗੀਆਂ ਲਗਦੀਆਂ ਗੱਲਾਂ ਲੈ ਲੈਣ ਵਾਲਾ*।

ਇਸ ਕਰਕੇ ਅਸੀਂ ਕੁਛ ਚਾਨਣਾ ਪਾਉਣਾ ਚਾਹੁੰਦੇ ਹਾਂ ਕਿ ਸਿਖ ਧਰਮ (ਓਰਿਜਨਲ) ਅਸਲੀ ਧਰਮ ਹੈ, ਇਸ ਦੇ ਬਾਨੀ ਅਸਲ ਰੂਹਾਨੀ ਔਜ ਵਾਲੇ ਸਨ ਅਰ ਉਨ੍ਹਾਂ ਨੂੰ ਅਸਲੀ ਮੰਬੇ –ਵਾਹਿਗੁਰੂ– ਜੀ ਦਾ 'ਨਿਜ ਤਜਰਬਾ', 'ਨਿਜ ਮੇਲ' ਪ੍ਰਾਪਤ ਸੀ। ਓਹ ਸੱਚ ਦੇ ਸੋਮੇ ਵਿਚ ਆਪ ਖੜੇ ਸਨ ਤੇ ਅਸਲੀਅਤ ਨਾਲ ਸਰਸ਼ਾਰ ਸਨ।

ਇਸ ਕਰਕੇ ਕੋਈ ਮੇਲ ਸੰਮੇਲਨ ਯਾ ਸਮਤਾ ਦੀ ਵਿਦਵਤਾ ਭਰੀ ਲਿਖਤ ਯਾ ਮਤਾਵਲੰਬੀ ਪ੍ਰਾਪੇਗੰਡੇ ਦੇ ਪ੍ਰਯੋਜਨ ਵਾਲੀ ਸਮਤਾ ਦੀ ਲਿਖਤ ਕਿ ਵਿਖਜਾਨ ਛਪਕੇ ਨਿਕਲੇ ਤਾਂ ਸਿਖਾਂ ਨੂੰ ਅਪਣੇ ਮਤ ਦੀਆਂ ਖ਼ੂਬੀਆਂ ਦਾ ਫ਼ਖ਼ਰ ਹੋਣਾ ਚਾਹੀਏ, ਪਰ ਆਪਣੇ ਇਸ Fact (ਅਮਰ ਵਾਕਿਆ ਤੇ) ਟਿਕੇ ਰਹਿਣਾ ਚਾਹੀਏ ਕਿ ਸਿਖ ਮਤ ਇਕ (ਓਰਿਜਨਲ) ਅਸਲੀਅਤ ਵਾਲਾ ਸਤਜ ਧਰਮ ਹੈ, ਇਹ ਐਕਲੈਕਟਿਕ ਰੀਫ ਤ੍ਰੂਪ ਨਹੀਂ। ਇਸ ਪ੍ਰਯੋਜਨ ਲਈ ਅਸੀਂ ਸਭ ਤੋਂ ਪਹਿਲਾਂ ਪਿਛਲੇ ਪੰਜਾਹ ਸਠ ਵਰ੍ਹੇ ਵਿਚ ਹੋਏ ਮਤਾਵਲੰਬੀਆਂ ਤੇ ਵਿਦਵ੍ਾਨਾਂ ਦੇ ਯਤਨਾਂ ਦੇ ਦਰਸ਼ਨ ਕਰਾਉਂਦੇ ਹਾਂ, ਜੋ ਉਹਨਾਂ ਨੇ ਸਿਖ ਧਰਮ ਵਿਚ ਸਮਤਾਈਆਂ ਦੱਸਣ ਦੇ ਕੀਤੇ ਹਨ, ਫੇਰ ਓਹ ਕੁਝ ਦੱਸਾਂਗੇ ਜੋ ਇਸ ਧਰਮ ਦੇ ਉਰਿਜਨਲ ਧਰਮ (ਨਿਜ ਅਸਲਾ ਮੂਲਕ) ਹੋਣਦੇ ਕਮਾਹੱਕਾ ਸਬੂਤ ਮੌਜੂਦ ਹਨ।

ਪੰਜਾਹ ਕੁ ਸਾਲ ਹੋਏ ਹੋਣਗੇ ਕਿ ਕਾਦਿਯਾਨੀ ਮਿਰਜ਼ਾ ਸਾਹਿਬ ਗ਼ੁਲਾਮ ਅਹਿਮਦ ਵਲੋਂ ਇਕ ਕਿਤਾਬ ਨਿਕਲੀ ਸੀ, ਜਿਸ ਦਾ ਨਾਮ ਗ਼ਾਲਬਨ 'ਸਤਿ ਬਚਨ' ਸੀ। ਇਸ ਵਿਚ ਲੇਖਕ ਜੀ ਨੇ ਗੁਰੂ ਸਾਹਿਬ ਦੇ ਖਿਆਲ, ਗੁਰੂ ਸਾਹਿਬ ਦੇ ਜ਼ਿੰਦਗੀ ਦੇ ਵਾਕਿਆਤ, ਗੁਰਬਾਣੀ ਦੇ ਵਾਕ ਆਦਿ ਵਿਚੋਂ ਗਲਾਂ ਚੁਣੀਆਂ ਸਨ, ਜਿਨ੍ਹਾਂ ਵਿਚ ਉਹਨਾਂ ਨੇ ਇਸਲਾਮ

---

* To borrow or select opinions from other systems.

ਨਾਲ ਮਿਲਦੇ ਜੁਲਦੇ ਹਾਲਾਂ ਤੋਂ ਗੁਰੂ ਸਾਹਿਬ ਨੂੰ ਮੁਸਲਮਾਨ ਤੇ ਸਿਖ ਮਤ ਨੂੰ ਇਸਲਾਮ ਤੋਂ ਉਪਜਿਆ ਧਰਮ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਕ ਚੋਲੇ ਨੂੰ ਬੀ ਟੇਕ ਬਣਾਇਆ ਸੀ ਜੋ ਗੁਰੂ ਸਾਹਿਬ ਜੀ ਨੂੰ ਪੱਛੋਂ ਦੇ ਸਫ਼ਰ ਵਿਚ ਕਿਸੇ ਨੇ ਪੇਸ਼ ਕੀਤਾ ਸੀ। ਇਹ ਸਾਰਾ ਕੁਛ ਮਜ਼ਹਬੀ ਪ੍ਰਾਪੇਗੰਡਾ (ਮਜਹਬੀ ਪ੍ਰਚਾਰ[1]) ਦੇ ਨੁਕਤਾ ਨਿਗਾਹ ਤੋਂ ਸੀ।

ਇਸੇ ਜ਼ਮਾਨੇ ਦੇ ਲਗਪਗ ਹੀ ਯਾ ਜ਼ਰਾ ਅਗੋਂ ਪਿਛੋਂ ਈਸਾਈ ਸਾਹਿਬਾਨ ਵਲੋਂ ਬੀ ਕਈ ਪੈਮਫਲਿਟ ਸਿਖ ਧਰਮ ਦੇ ਤੇ ਈਸਾਈ ਧਰਮ ਦੀ ਸਮਤਾ ਦੇ ਨਿਕਲੇ ਸਨ। ਫਿਰ ਉਹਨਾਂ ਦੀ ਇਕ ਪੁਸਤਕ ਨਿਕਲੀ ਸੀ ਜਿਸ ਦਾ ਨਾਮ 'ਹਰੀਸ਼ ਚਰਿਤ੍ਰ' ਸੀ। ਇਸ ਸਾਰੇ ਯਤਨ ਵਿਚ ਦੋਹਾਂ ਧਰਮਾਂ ਵਿਚ 'ਸਮਤਾ' ਦੇ ਨੁਕਤੇ ਦੱਸਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਸਿਖ ਧਰਮ ਈਸਾਈ ਮਤ ਤੋਂ ਲੀਤਾ ਗਿਆ ਹੈ। ਇਨ੍ਹਾਂ ਨੇ 'ਕੜਾਹ ਪ੍ਰਸ਼ਾਦਿ' ਨੂੰ 'ਅਸ਼ਾਏ ਰੂਬਾਨੀ' ਤੇ 'ਅੰਮ੍ਰਿਤ' ਨੂੰ 'ਬਪਤਿਸਮੇਂ' ਤੋਂ ਲੀਤਾ ਗਿਆ ਦੱਸਿਆ ਸੀ। ਈਸਾ ਜੀ ਦੇ ਅਨੇਕਾਂ ਜੀਵਨ ਵਾਕਿਆਤ ਨੂੰ ਗੁਰਬਾਣੀ ਵਿਚੋਂ ਸਾਬਤ ਕੀਤਾ ਸੀ, ਮਸਲਨ-ਈਸਾ ਜੀ ਦਾ 12 ਸ਼ਗਿਰਦਾਂ ਨਾਲ ਮਿਲਕੇ ਰੋਟੀ ਖਾਣੀ Last Supper ਤੇ ਈਸਾ ਜੀ ਦੀ ਸੂਲੀ ਆਦਿ। ਇਥੋਂ ਤਾਈਂ ਕਿ ਈਸਾ ਜੀ ਦਾ ਨਾਮ ਵੀ ਦਸਮ ਗੁਰਬਾਣੀ ਵਿਚੋਂ ਕੱਢ ਦਿਖਾਇਆ ਸੀ, ਯਥਾ:-

"ਸ੍ਰੀ ਅਸਕੇਤ ਜਗਤ ਕੇ ਈਸਾ"[2]

---

1. ਅਰਥਾਤ ਇਹ ਪੁਸਤਕ ਨਿਰੋਲ ਵਿਦਵਤਾ ਦੇ ਨੁਕਤੇ ਤੋਂ ਖੋਜ ਤੇ ਮਬਨੀ ਮਿਲਵੀਆਂ ਗਲਾਂ ਦੀ ਪ੍ਰਤੀਪਾਦਕ ਨਾ ਸੀ ਪਰ ਮਜ਼ਹਬੀ ਪੱਖ-ਪਾਤ ਵਿਚ ਅਪਣੇ ਮਤ ਦੇ ਪ੍ਰਚਾਰ ਦੇ ਰੰਗ ਵਿਚ ਰੰਗੀ ਹੋਈ ਸੀ।

   ਯਾਦ ਪੈਂਦਾ ਹੈ ਕਿ ਇਸ ਦੇ ਜਵਾਬ ਵਿਚ ਸਰਦਾਰ ਰਾਜਿੰਦ੍ਰ ਸਿੰਘ ਜੀ ਸਿਆਲਕੋਈ ਨੇ ਇਕ ਪੁਸਤਕ ਲਿਖੀ ਸੀ।
2. ਈਸ਼, ਈਸ਼੍ਰਰ, ਈਸ਼ਾ, ਪਰਮੇਸ਼ੁਰ ਆਦਿ ਸੰਸਕ੍ਰਿਤ ਪਦ ਹਨ। 'ਈਸ਼ਾਵਾਸ' ਨਾਮ ਦੀ ਸੰਸਕ੍ਰਿਤ ਉਪਨਿਖਦ ਬੀ ਮੌਜੂਦ ਹੈ। ਗੁਰੂ ਜੀ ਨੇ ਇਹ ਸੰਸਕ੍ਰਿਤ ਪਦ ਈਸ਼ਵਰ ਅਰਥਾਂ ਵਿਚ ਵਰਤਿਆ ਸੀ। ਗੁਰੂ ਪੰਚਮ ਜੀ ਨੇ ਬਬੀ 'ਈਸੈ' ਪਦ ਮਾਰੂ ਸੋਲਹਿਆਂ ਵਿਚ ਈਸ਼੍ਰਰ ਅਰਥਾਂ ਵਿਚ ਵਰਤਿਆ ਹੈ।


www.sikhbookclub.com

ਅੰਜੀਲ ਵਿਚ ਆਏ 'ਸ਼ਬਦ' ਸੰਬੰਧੀ ਇਕ ਜ਼ਿਕਰ ਨੂੰ ਗੁਰਬਾਣੀ ਦੇ 'ਸ਼ਬਦ' ਨਾਲ ਮੇਲਿਆ ਸੀ।

35-40* ਵਰ੍ਹੇ ਹੋਏ ਹਨ ਕਿ ਇਕ ਸਰਦਾਰ ਰਾਮ ਸਿੰਘ ਜੀ ਐਗਜ਼ੈਕਟਿਵ ਇੰਜਨੀਅਰੀ ਤੋਂ ਰੀਟਾਇਰ ਹੋਏ ਸਨ, ਉਹਨਾਂ ਨੇ ਰੀਟਾਇਰ ਹੁੰਦਿਆਂ ਇਕ ਕਿਤਾਬ ਲਿਖੀ ਸੀ "ਅਸੂਲ ਸ੍ਰੀ ਗੁਰੂ ਸਿਖ ਸਾਹਿਬਾਨ"; ਜਿਸ ਵਿਚ ਉਹਨਾਂ ਨੇ ਪੌਰਾਣਕ ਮਤ ਨਾਲ ਗੁਰਮਤਿ ਦੀਆਂ ਮਿਲਦੀਆਂ ਜੁਲਦੀਆਂ ਗੱਲਾਂ ਦਿਖਲਾਕੇ ਗੁਰਮਤਿ ਨੂੰ ਪੌਰਾਣਕ ਮਤ ਤੋਂ ਲਿਆ ਗਿਆ ਸਾਬਤ ਕਰਨ ਦਾ ਯਤਨ ਕੀਤਾ ਸੀ।

ਇਸੇ ਹੀ ਜ਼ਮਾਨੇ ਦੇ ਲਗਪਗ ਕਪੂਰਥਲੇ ਦੇ ਇਕ ਸਿਖ ਸਜਣ ਨੇ ਕੁਰਾਨ ਸ਼ਰੀਫ ਪੜ੍ਹਿਆ, ਉਹਨਾਂ ਨੇ ਇਸ ਪੁਸਤਕ ਦੀਆਂ ਕਈ ਗੱਲਾਂ ਨਾਲ ਨੋਟ ਕਰਕੇ ਕਿਤਾਬ ਲਿਖੀ ਜੋ ਉਹਨਾਂ ਨੇ ਕਈ ਸਿਖ ਵਿਦਵਾਨਾਂ ਨੂੰ ਸੁਣਾਈ, ਪਰ ਓਹ ਛਪੀ ਨਹੀਂ ਸੀ। ਇਸੀ ਤਰ੍ਹਾਂ ਉਸ ਜ਼ਮਾਨੇ ਵਿਚ ਸਿਖ ਸਾਧੂਆਂ, ਸੰਤਾਂ ਤੇ ਸਰਦਾਰਾਂ ਦੇ ਕੀਤੇ ਗੁਰਬਾਣੀ ਦੇ ਟੀਕਿਆਂ ਵਿਚ ਗੁਰਬਾਣੀ ਦੇ ਮਿਲਦੇ ਜੁਲਦੇ ਵਾਕਾਂ ਉਤੇ ਉਪਨਿਸ਼ਦਾਂ ਆਦਿਕਾਂ ਵਿਚੋਂ ਪ੍ਰਮਾਣ ਦੇਕੇ 'ਸਮਤਾਈਆਂ' ਦਿਖਾਈਆਂ ਸਨ। ਜੈਨ ਮਤ ਦੇ ਇਸ ਸਮੇਂ ਦੇ ਉਘੇ ਬਜ਼ੁਰਗ ਸ੍ਰੀ ਆਤਮਾ ਰਾਮ ਜੀ ਨੇ ਇਕ ਵੇਰੀ ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਪਾਸ ਨੌਵੀਂ ਪਾਤਸ਼ਾਹੀ ਜੀ ਦੇ ਸ਼ਲੋਕਾਂ ਵਿਚ ਮੁਕਤੀ ਦੇ ਖਿਆਲਾਂ ਨਾਲ ਆਪਣੇ ਮਤ ਦੀ ਮੁਕਤੀ ਦੇ ਖਜਾਲਾਂ ਦੇ ਨਾਲ ਮਿਲਦੀ ਸਮਤਾ ਵਰਣਨ ਕੀਤੀ ਸੀ। ਥੀਓਸਾਫ਼ੀਕਲ ਸੁਸਾਇਟੀ ਬਣਨ ਤੇ ਉਹਨਾਂ ਦੀ ਲਿਟਰੇਚਰ ਤੇ ਲੈਕਚਰਾਂ ਵਿਚ ਪ੍ਰਗਟ ਹੋਏ ਖਿਆਲਾਂ ਵਿਚ ਗੁਰਮਤ ਦੇ ਕਈ ਅਸੂਲਾਂ ਦੀ ਸਮਤਾ ਦੇਖਕੇ ਕਿਤਨੇ ਸਿਖ ਸਰਦਾਰ ਤੇ ਵਿਦਵਾਨ ਉਸ ਸੁਸਾਇਟੀ ਵਲ ਪ੍ਰਭਾਵਿਤ ਹੋ ਗਏ ਸਨ; ਪਰ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਤਾਲਿਆ ਤੋਂ ਗੁਰਮਤਿ ਦੀ ਗੌਰਵਤਾ ਤੇ ਅਸਲੀਅਤ ਨਿਸਚਿਤ ਹੋ ਗਈ ਸੀ।

ਇਸ ਪ੍ਰਕਾਰ ਸਿਖ ਮਜ਼ਹਬ ਦੀਆਂ ਕੱਈ ਗੱਲਾਂ ਨੂੰ ਕਿਸੇ ਹੋਰ ਮਜ਼ਹਬ ਨਾਲ ਮਿਲਦਾ ਦੇਖਕੇ ਓਸ ਤੋਂ ਸਿਖ ਮਜ਼ਹਬ ਦਾ ਬਣਿਆਂ ਦੱਸਣਾ ਠੀਕ

---

* ਯਾਨੀ 1915-20 ਦੀ ਗਲ ਹੈ, ਕਿਉਂਕਿ ਇਹ ਲੇਖ 1956 ਦਾ ਹੈ।

 www.sikhbookclub.com

ਨਹੀਂ। ਪਰ ਐਉਂ ਠੀਕ ਹੈ ਕਿ ਸਿਖ ਮਜ਼ਹਬ ਬੜਾ ਸ੍ਰੇਸ਼ਟ ਤੇ ਉੱਤਮ ਹੈ ਅਰ ਇਸ ਦੀਆਂ ਨੀਂਹਾਂ ਨਿਰੋਲ ਸੱਚ ਤੇ ਰਖੀਆਂ ਗਈਆਂ ਹਨ, ਜੋ ਹਰ ਮਜ਼ਹਬ ਦੀਆਂ ਸ੍ਰੇਸ਼ਟ ਗੱਲਾਂ ਇਸ ਵਿਚ ਮਿਲ ਜਾਂਦੀਆਂ ਹਨ। ਅਸਾਂ ਸੁਣਿਆਂ ਹੈ ਕਿ ਥੋੜਾ ਹੀ ਚਿਰ ਹੋਇਆ ਹੈ ਕਿ ਕੋਈ ਸਮਾਗਮ ਸਾਰੇ ਮਜ਼ਹਬਾਂ ਉਤੇ ਵਿਖਯਾਨਾਂ ਦਾ ਹੋਇਆ ਸੀ, ਉਥੇ ਕਿਸੇ ਨੇ ਪੁਛਿਆ ਸੀ ਕਿ ਸਿਖ ਮਜ਼ਹਬ ਕੀਹ ਹੈ, ਤਾਂ ਇਕ ਸ੍ਰੇਸ਼ਟ ਪੁਰਸ਼ ਨੇ (ਜੋ ਸਿਖ ਤਾਂ ਨਹੀਂ ਸੀ, ਪਰ ਸਿਖ ਧਰਮ ਤੋਂ ਵਾਕਫ਼ ਸੀ) ਏਹ ਸਚੇ ਵਾਕ ਕਹੇ ਸਨ ਕਿ:- ਹਰ ਮਜ਼ਹਬ ਦੀਆਂ ਉੱਤਮ ਗਲਾਂ ਸਿਖ ਮਜ਼ਹਬ ਵਿਚ ਮੌਜੂਦ ਹੈਨ: ਇਹ ਮਜ਼ਹਬੀ ਉਤਮਤਾਈਆਂ ਦਾ ਕੰਪੈਂਡੀਅਮ (ਸੰਖੇਪ ਸਾਰਾਂਸ਼ ਰੂਪ) ਹੈ।

ਇਸ ਲਈ ਸਾਨੂੰ ਕਿਸੇ ਵੀ ਮਜ਼ਹਬ ਜਾਂ ਫ਼ਿਲਾਸਫ਼ੀ ਵਿਚ, ਜੇ ਕੁਝ ਗਲਾਂ ਸਿਖ ਮਜ਼ਹਬ ਨਾਲ ਕੁਛ ਸਮਤਾ ਰਖਦੀਆਂ ਮਿਲ ਪੈਣ, ਤਦ ਹੈਰਾਨ ਨਹੀਂ ਹੋਣਾ ਚਾਹੀਦਾ।

ਯਾਦ ਪੈਂਦਾ ਹੈ ਕਿ ਸਤਿਕਾਰ ਜੋਗ ਡਾਕਟਰ ਚੌਧਰੀ ਖ਼ੁਦਾ ਦਾਦ ਜੀ (ਯਾਦਸ਼ ਬਖ਼ੈਰ) ਨੇ ਕਿਸੇ ਮੌਕਿਆ ਤੇ ਇਹ ਲਫ਼ਜ਼ ਕਹੇ ਸਨ ਕਿ "ਹਰ ਇਕ ਮਜ਼ਹਬ ਦੀ 'ਕਮਪੈਰੇਟਿਵ ਸਟੱਡੀ' ਅਰਥਾਤ ਮੁਤਾਲਜਾ ਕਰਨ ਦਾ ਅਸੂਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਰੀ ਕੀਤਾ ਹੈ; ਉਹਨਾਂ ਦੀ ਇਸ ਸਿਖਯਾ ਤੋਂ ਅੱਬੁਲ ਗ਼ਜ਼ਲ ਪ੍ਰਭਾਵਿਤ ਹੋਇਆ, ਜਿਸ ਦੀ ਸੁਹਬਤ ਨੇ ਅਕਬਰ ਦੀ ਤਬੀਅਤ ਨੂੰ ਇਹ ਰੰਗਣ ਚਾੜ੍ਹੀ ਸੀ।"

ਇਤਿਹਾਸ ਵੀ ਦਸਦਾ ਹੈ ਕਿ ਅਕਬਰ ਸ੍ਰੀ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਨੂੰ ਆਇਆ ਸੀ ਤੇ ਗੁਰਬਾਣੀ ਸੁਣਕੇ ਹੋਰ ਪ੍ਰਭਾਵਿਤ ਹੋਇਆ ਸੀ ਤੇ ਗੁਰੂ ਕੇ ਲੰਗਰ ਵਾਸਤੇ, ਜਿਥੇ ਜ਼ਾਤ, ਪਾਤ, ਮਜ਼ਹਬ, ਮਿੱਲਤ ਦੇ ਲਿਹਾਜ਼ ਤੋਂ ਬਿਨਾਂ ਹਰ ਭੁੱਖੇ ਨੂੰ ਅੰਨ ਮਿਲਦਾ ਸੀ, 12 ਪਿੰਡ ਪੇਸ਼ ਕੀਤੇ ਸਨ। ਸੋ ਅਸਾਂ ਨੂੰ ਸਿਖ ਮਜ਼ਹਬ ਦੇ ਅਸੂਲਾਂ ਤੇ ਵਰਤਾਰਿਆਂ ਦਾ ਦੂਸਰੇ ਮਜ਼ਹਬਾਂ ਨਾਲ ਮੇਲ ਜੋਲ ਦੇ ਨੁਕਤੇ ਦਿਖਾਲਣ ਵਾਲਿਆਂ ਨਾਲ ਕੋਈ ਅਜੋੜ ਨਹੀਂ ਹੋਣਾ ਚਾਹੀਦਾ, ਚਾਹੇ ਓਹ ਨਿਰੋਲ ਵਿਦਵਤਾ ਦੇ ਨੁਕਤੇ ਤੋਂ ਹੋਵੇ ਤੇ ਚਾਹੇ ਓਹ ਮਿਰਜ਼ਾ ਸਾਹਿਬ ਵਾਂਙੂ ਮਜ਼ਹਬੀ ਪੱਖ-ਪਾਤ ਦੀ ਕਲਮ ਤੋਂ ਲਿਖਿਆ ਗਿਆ ਹੋਵੇ; ਏਹ ਸਮਤਾਈਆਂ ਸਿਖ ਧਰਮ ਦੀ ਉੱਤਮਤਾ ਦਸਦੀਆਂ ਹਨ। ਖ਼ੁਦ ਗੁਰੂ ਨਾਨਕ ਦੇਵ ਜੀ ਦੇ ਜੀਵਨ ਵਿਚ ਇਹੋ ਕੁਛ

 www.sikhbookclub.com

ਹੋਇਆ। ਵਡੇ ਵਡੇ ਜੋਗੀ ਤੇ ਪੀਰ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ, ਵਾਰਤਾਲਾਪ ਕਰਕੇ ਤੇ ਉਨ੍ਹਾਂ ਦੇ ਸੱਚ ਤੇ ਨਿਰੋਲਤਾ ਨੂੰ ਦੇਖਕੇ ਏਹੋ ਚਾਹੁੰਦੇ ਰਹੇ ਹਨ ਕਿ ਕਿਵੇਂ ਇਹ ਸਾਡੇ ਮਤ ਵਿਚ ਆ ਜਾਣ ਤਾਂ ਬੜਾ ਪ੍ਰਚਾਰ ਕਰਨ। ਇਹ ਗੱਲ ਜਨਮ ਸਾਖੀਆਂ ਵਿਚ ਸਾਫ਼ ਲਿਖੀ ਹੋਈ ਮਿਲਦੀ ਹੈ। ਪਰ ਇਕ ਹੋਰ ਨੁਕਤਾ ਹੈ ਜੋ ਅਸੀਂ ਆਪਣੇ ਸਿਖ ਭਰਾਵਾਂ ਤੇ ਸਾਰੇ ਲੇਖਕਾਂ ਦੀ ਨਿਗਾਹ ਵਿਚ ਹਰ ਵੇਲੇ ਤਾਜ਼ਾ ਰਖਣਾ ਚਾਹੁੰਦੇ ਹਾਂ, ਉਹ ਇਹ ਹੈ:- ਜੈਸਾ ਕਿ ਪਿੱਛੇ ਦੱਸ ਆਏ ਹਾਂ, ਕਿ ਸਿਖ ਮਜ਼ਹਬ ਐਕਲੈਕਟਿਕ ਜੋੜ ਜਾੜ ਦਾ ਮਤ ਨਹੀਂ, ਅਸਲੀ (ਓਰਿਜਨਲ) ਸਤਜ ਧਰਮ ਹੈ। ਅਰਥਾਤ ਸਿਖ ਧਰਮ ਹੋਰਨਾਂ ਧਰਮਾਂ ਦੇ ਅਸੂਲਾਂ ਤੋਂ ਸੰਕਲਤ ਨਹੀਂ ਕੀਤਾ ਗਿਆ, ਇਹ ਇਕ ਸੁਤੰਤ੍ਰ ਧਰਮ ਹੈ ਅਰ ਇਸ ਦਾ ਸੁਤੇ-ਪ੍ਰਕਾਸ਼ ਹੈ, ਜਿਸਦਾ ਸੋਮਾਂ ਅਕਾਲ ਪੁਰਖ ਹੈ ਅਰ ਇਸ ਦਾ ਪ੍ਰਕਾਸ਼ ਅਬਚਲੀ ਜੋਤ ਤੋਂ ਹੋਇਆ ਹੈ; ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਪਣਾ ਵਾਕ ਹੈ:-

**ਗੁਰੁ ਆਦਿ ਪੁਰਖੁ ਹਰਿ ਪਾਇਆ॥੨॥**
(ਰਾਗ ਰਾਮਕਲੀ ਮ:੧-੧੦)

ਇਸੇ ਲਈ ਕੁਛ ਵੇਰਵਾ ਅੱਗੇ ਲਿਖਦੇ ਹਾਂ।

ਸਿਖ ਧਰਮ ਦੇ ਬਾਨੀ ਤੇ ਆਗੂ ਮਹਾਂਪੁਰਖ ਦਸੋ ਗੁਰੂ ਸਾਹਿਬਾਨ ਅਸਲੀ ਰੂਹਾਨੀ ਔਜ ਦੇ ਮਹਾਂ ਪੁਰਖ ਸਨ। ਉਨ੍ਹਾਂ ਦਾ ਗਜਾਨ ਅਨੁਭਵੀ ਗਜਾਨ ਹੈ। ਉਨ੍ਹਾਂ ਨੇ ਜੋ 'ਵਾਹਿਗੁਰੂ ਦੀ ਹੋਂਦ' ਦਾ ਗਜਾਨ ਦਿਤਾ ਇਹ ਕਿਸੇ ਮਜ਼ਹਬ ਤੋਂ ਨਹੀਂ ਲਿਆ, ਉਨ੍ਹਾਂ ਨੂੰ ਖ਼ੁਦ ਰੂਹਾਨੀ ਤਜਰਬਾ ਵਾਹਿਗੁਰੂ ਦੀ ਹੋਂਦ ਦਾ ਪ੍ਰਾਪਤ ਸੀ, ਉਨ੍ਹਾਂ ਦੇ ਨਿਜ ਤਜਰਬੇ ਵਿਚ ਵਾਹਿਗੁਰੂ ਜੀ ਆਏ, ਜਿਸ ਦਾ ਪਤਾ ਉਨ੍ਹਾਂ ਨੇ ਆਪ ਦਿਤਾ ਹੈ। ਇਹ ਤਜਰਬਾ ਨਿਰੋਲ ਰੂਹਾਨੀ ਸੀ, ਰੂਹਾਨੀ ਰੂਪ ਰੰਗ ਵਿਚ ਸੀ, ਉਨ੍ਹਾਂ ਦੀ ਆਤਮਾ ਦਾ ਪਰਮਾਤਮਾਂ ਦੇ ਨਾਲ ਮੇਲ ਦਾ- ਓਹ ਜਿਕੂੰ ਸਾਡੀ ਸਮਝੇ ਪੈ ਸਕੇ- ਉਸ ਬੋਲੀ ਤੇ ਸਰੂਪ ਵਿਚ ਗੁਰੂ ਸਾਹਿਬਾਨ ਨੇ ਆਪ ਸਾਨੂੰ ਦਿਤਾ ਹੈ। ਆਤਮ ਤੇ ਪਰਮਾਤਮ ਮੇਲੇ ਆਤਮ ਰੰਗ ਵਿਚ ਹੁੰਦੇ ਹਨ, ਜਿਨ੍ਹਾਂ ਨੂੰ ਉਕਰ ਵਰਣਨ ਕਰਨ ਲਈ 'ਦੇਸ਼ ਕਾਲ ਵਾਲੀ ਸਾਡੀ ਸਮਝ' ਸਮਝ ਨਹੀਂ ਸਕਦੀ। ਸੋ ਗੁਰੂ ਜੀ ਨੇ 'ਉਸ ਮੇਲ' 'ਉਸ ਨਿਜ ਤਜਰਬੇ' ਨੂੰ ਸਾਡੀ ਸਮਝੇ ਪੈ ਜਾਣ ਵਾਲੀ ਬੋਲੀ ਵਿਚ ਖ਼ੁਦ ਦੱਸਿਆ ਹੈ, ਹਾਂ ਗੁਰੂ ਜੀ ਅਪਣੇ ਆਪ ਨੂੰ ਵਾਹਿਗੁਰੂ


www.sikhbookclub.com

ਜੀ ਦਾ (ਢਾਢੀ) ਨੀਵਾਂ ਕੀਰਤਨੀਆ ਦੱਸਕੇ ਵਾਹਿਗੁਰੂ ਜੀ ਦੇ ਸੱਚੇ ਸਰੂਪ ਵਿਚ ਸੱਦੇ ਜਾਣ ਦਾ ਹਾਲ ਆਪ ਦਸ ਰਹੇ ਹਨ ਐਉਂ-

**ਹਉ ਢਾਢੀ ਵੇਕਾਰੁ ਕਾਰੈ ਲਾਇਆ॥**
**ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥**
**ਢਾਢੀ ਸਚੇ ਮਹਿਲ ਖਸਮਿ ਬੁਲਾਇਆ॥**
**ਸਚੀ ਸਿਫਤਿ ਸਾਲਾਹਿ ਕਪੜਾ ਪਾਇਆ॥**
**ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥**
**ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥**
**ਢਾਢੀ ਕਰੇ ਪਸਾਉ ਸਬਦੁ ਵਜਾਇਆ॥**
**ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥ਸੁਧੁ॥**
(ਵਾਰ ਮਾਝ ਮਹਲਾ ੧)

ਅਰਥਾਤ- ਸਤਿਗੁਰ ਜੀ ਨੇ ਆਪਣੇ ਮੇਲ ਦਾ ਹਾਲ ਦੱਸਦਿਆਂ 'ਹਉਮੈ' ਦਾ ਦਾਉ ਨਹੀਂ ਖਾਧਾ, ਆਪਣੇ ਆਪਨੂੰ ਵਾਹਿਗੁਰੂ ਦਾ ਢਾਢੀ ਦੱਸਕੇ ਤੇ ਵਿਹਲਾ ਦੱਸਕੇ 'ਹਉਂ ਅਭਾਵਤਾ' ਦੱਸੀ। ਪਰ ਇਹ ਗੱਲ ਉਹਨਾਂ ਦੇ ਨੀਵੇਂ ਹੋਣ ਦੀ ਅਰ ਅਸਮਾਨੀ, ਰੂਹਾਨੀ, ਰਬੀ ਵਸੀਕਾਰਤਾ ਤੋਂ ਸੱਖਣੇ ਹੋਣ ਦੀ ਦਲੀਲ ਨਹੀਂ ਹੈ। ਉਹਨਾਂ ਨੇ ਇਸ ਪਉੜੀ ਵਿਚ ਵਾਹਿਗੁਰੂ ਦੀ ਮਿਹਰ ਦੀ ਵਡਿਆਈ ਕਰਦਿਆਂ ਆਪਣੀ ਰੂਹਾਨੀ ਵਸੀਕਾਰਤਾ ਤੇ ਔਜ ਨੂੰ ਇਸ ਤਰ੍ਹਾਂ ਦੱਸਿਆ ਹੈ:-

**ਢਾਢੀ ਸਚੈ ਮਹਲਿ ਖਸਮਿ ਬੁਲਾਇਆ॥**

ਉਥੋਂ ਸੱਚੀ ਸਿਫ਼ਤ ਸਲਾਹ, ਅੰਮ੍ਰਿਤ ਨਾਮ ਦਾਤ ਪ੍ਰਾਪਤ ਹੋਣ ਦਾ ਪਤਾ ਦਿਤਾ ਹੈ। ਉਸ ਨਾਮ ਦਾਤ ਦਾ ਜਗਤ ਵਿਚ 'ਪਸਾਉ' ਪ੍ਰਚਾਰ ਕਰਨਾ ਆਪਣਾ ਰੱਬੀ ਕਮਾਮ ਦੱਸਿਆ ਤੇ ਅੰਤ ਪੂਰੇ ਵਾਹਿਗੁਰੂ ਨੂੰ ਪੂਰੀ ਤਰ੍ਹਾਂ ਪ੍ਰਾਪਤ ਕਰ ਲੈਣ, ਰਬੀ ਰੰਗ ਵਿਚ ਰੰਗੇ ਰਹਿਣ ਦਾ ਪਤਾ ਦੇ ਦਿਤਾ ਹੈ*

---

* ਇਸ ਤੋਂ ਪਹਿਲਾਂ ਬੀ ਆਪ ਮਿਹਰ ਪ੍ਰਾਪਤ ਸਨ, ਜੈਸਾ ਕਿ ਭਾਈ ਗੁਰਦਾਸ ਜੀ ਨੇ ਦੱਸਿਆ ਹੈ:- ਪਹਿਲਾ ਬਾਬੇ ਪਾਯਾ ਬਖਸੁ ਦਰਿ, ਪਿਛੋ ਦੇ ਫਿਰਿ ਘਾਲਿ ਕਮਾਈ॥ (ਵਾ:੧, ਪੌ:੨੪)

ਸਭ ਤੋਂ ਪੁਰਾਣੀ ਜਨਮ ਸਾਖੀ ਵਿਚ ਬੀ ਗੁਰੂ ਜੀ ਦਾ ਧੁਰ ਦਰਗਾਹੇ ਸੱਦਿਆ ਜਾਣਾ ਤੇ ਪਰਮੇਸ਼ੁਰ ਦਾ ਹੁਕਮ ਹੋਕੇ ਨਾਮ ਦਾ ਪਿਆਲਾ ਮਿਲਣਾ ਤੇ ਲੋਕਾਂ ਨੂੰ ਜਪਾਉਣ ਦਾ ਕਾਰਜ ਸੌਂਪਿਆ ਜਾਣਾ ਸਪਸ਼ਟ ਲਿਖਿਆ ਹੈ ਤੇ ਨਾਲ ਇਹ ਵਰ ਮਿਲਣਾ ਬੀ ਓਥੇ ਲਿਖਿਆ ਹੈ ਕਿ ਪਰਮੇਸਰ ਨੇ ਕਿਹਾ ਕਿ "ਮੈਂ ਸਦਾ ਤੇਰੇ ਨਾਲ ਹਾਂ ਮੇਰਾ ਨਾਮ 'ਪਾਰਬ੍ਰਹਮ ਪਰਮੇਸਰ' ਹੈ ਤੇ ਤੇਰਾ ਨਾਮ 'ਗੁਰ ਪਰਮੇਸਰ'॥"

ਇਕ ਵਾਰ ਦਾ ਤਜਰਬਾ ਨਹੀਂ ਸਦਾ ਓਹ ਮੇਲ ਜਾਰੀ ਰਿਹਾ ਹੈ, ਜੈਸਾ ਕਿ ਆਪ ਦਾ ਵਾਕ ਹੈ:-

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ॥**
(ਤਿਲੰਗ ਮ:੧/੭੨੨)

ਪੁਨਾ:-

**ਅਪਰੰਪਰ ਪਾਰਬ੍ਰਹਮੁ ਪਰਮੇਸਰੁ**
**ਨਾਨਕ ਗੁਰੁ ਮਿਲਿਆ ਸੋਈ ਜੀਉ॥**
(ਸੋਰਠਿ ਮ:੧-੧੧)

ਏਸੇ ਤਰ੍ਹਾਂ ਹੋਰ ਗੁਰੂ ਸਾਹਿਬਾਂ ਨੇ ਬੀ ਇਸੇ ਦੀ ਸਾਖ ਭਰੀ ਹੈ ਕਿ ਉਨ੍ਹਾਂ ਨੂੰ ਗਿਆਨ ਸਿੱਧਾ ਵਾਹਿਗੁਰੂ ਤੋਂ ਪ੍ਰਾਪਤ ਹੁੰਦਾ ਹੈ:

**ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ॥**
(ਸੂਹੀ ਮ: ੫/੭੬੩)

**ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ**
**ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥**
(ਗਉੜੀ ਵਾਰ ਮ: ੪-੧੪)

ਦਸਮ ਪਾਤਸ਼ਾਹ ਜੀ ਬੀ ਇਹੀ ਫੁਰਮਾਉਂਦੇ ਹਨ:-

**ਜੋ ਨਿਜ ਪ੍ਰਭੁ ਮੋ ਸੋ ਕਹਾ ਸੋ ਕਹਿ ਹੋ ਜਗ ਮਾਹਿ॥**
(ਬਚਿਤ੍ਰ ਨਾਟਕ)

 www.sikhbookclub.com

ਦਸਮੇਂ ਸਤਿਗੁਰੂ ਜੀ ਨੇ ਆਪਣੇ ਉਸ ਆਤਮਿਕ ਤੇ ਨਿਰੋਲ ਰੂਹਾਨੀ ਤਜਰਬੇ ਨੂੰ ਕਿ "ਵਾਹਿਗੁਰੂ ਜੀ ਸਚਮੁਚ ਹੈਨ ਤੇ ਓਹ ਮੈਨੂੰ ਮਿਲੇ ਹਨ ਤੇ 'ਹੁਕਮ' ਦਿਤਾ ਹੈ", ਵਰਣਨ ਕੀਤਾ ਹੈ। ਇਹ ਵਰਣਨ ਇਸ ਢੰਗ ਵਿਚ ਹੈ ਕਿ ਸਾਡੀ ਦੇਸ਼ ਕਾਲ ਨਮਿਤ ਵਾਲੀ ਬੁਧੀ ਸਮਝ ਸਕੇ, ਆਪ ਫੁਰਮਾਉਂਦੇ ਹਨ :-

**ਤਪ ਸਾਧਤ ਹਰਿ ਮੋਹਿ ਬੁਲਾਇਓ॥**
**ਇਮ ਕਹਿਕੈ ਇਹ ਲੋਕ ਪਠਾਯੋ॥੨੮॥**

ਫਿਰ ਫੁਰਮਾਉਂਦੇ ਹਨ:-

**ਅਕਾਲ ਪੁਰਖ ਬਾਚ॥ਚੌਪਈ॥**
**ਮੈ ਅਪਨਾ ਸੁਤ ਤੋਹਿ ਨਿਵਾਜਾ॥**
**ਪੰਥ ਪ੍ਰਚੁਰ ਕਰਿਬੇ ਕਹੁ ਸਾਜਾ॥**
**ਜਾਹਿ ਤਹਾਂ ਤੈ ਧਰਮ ਚਲਾਇ॥**
**ਕਬੁਧਿ ਕਰਨ ਤੇ ਲੋਕ ਹਟਾਇ॥੨੯॥**

**ਕਬਿਬਾਚ॥ਦੋਹਰਾ॥**
**ਠਾਢ ਭਯੋ ਮੈ ਜੋਰਿ ਕਰ**
**ਬਚਨ ਕਹਾ ਸਿਰ ਨਿਆਇ॥**
**ਪੰਥ ਚਲੈ ਤਬ ਜਗਤ ਮੈ**
**ਜਬ ਤੁਮ ਕਰਹੁ ਸਹਾਇ॥੩੦॥ਚੌਪਈ॥**

**ਇਹ ਕਾਰਨਿ ਪ੍ਰਭ ਮੋਹਿ ਪਠਾਯੋ॥**
**ਤਬ ਮੈਂ ਜਗਤ ਜਨਮ ਧਰਿ ਆਯੋ॥**
**ਜਿਮ ਤਿਨ ਕਹੀ ਤਿਨੈ ਤਿਮ ਕਹਿ ਹੌ॥**
**ਅਉਰ ਕਿਸੂ ਤੇ ਬੈਰ ਨ ਗਹਿ ਹੌ॥੩੧॥**

**ਜੈ ਹਮ ਕੋ ਪਰਮੇਸੁਰ ਉਚਰਿ ਹੈਂ॥**
**ਤੇ ਸਭ ਨਰਕ ਕੁੰਡ ਮਹਿ ਪਰਿ ਹੈਂ॥**
**ਮੋ ਕੌ ਦਾਸੁ ਤਵਨ ਕਾ ਜਾਨੋ॥**
**ਯਾ ਮੈ ਭੇਦ ਨ ਰੰਚ ਪਛਾਨੋ॥੩੨॥**

 www.sikhbookclub.com

**ਮੈਂ ਹੌਂ ਪਰਮ ਪੁਰਖ ਕੋ ਦਾਸਾ॥**
**ਦੇਖਨਿ ਆਯੋ ਜਗਤ ਤਮਾਸਾ॥**
**ਜੋ ਪ੍ਰਭ ਜਗਤਿ ਕਹਾ ਸੋ ਕਹਿ ਹੌਂ॥**
**ਮ੍ਰਿਤ ਲੋਕ ਤੇ ਮੋਨਿ ਨ ਰਹਿ ਹੌਂ॥੩੩॥**

**ਨਰਾਜ ਛੰਦ॥**
**ਕਹਿਓ ਪ੍ਰਭੂ ਸੁ ਭਾਖਿ ਹੋਂ॥**
**ਕਿਸੂ ਨ ਕਾਨ ਰਾਖਿ ਹੋਂ॥**
**ਕਿਸੂ ਨ ਭੇਖ ਭੀਜ ਹੋਂ॥**
**ਅਲੇਖ ਬੀਜ ਬੀਜ ਹੋਂ॥੩੪॥**
(ਬਚਿਤ੍ਰ ਨਾਟਕ)

ਗੁਰੂ ਨਾਨਕ ਸਾਹਿਬ ਤੋਂ ਲੈਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਆਪਣੇ ਆਪ ਨੂੰ ਵਡਾ ਕਿ ਅਵਤਾਰ ਕਿ ਰਸੂਲ ਕੁਛ ਨਹੀਂ ਆਖਦੇ ਰਹੇ। ਕੋਈ ਦਾਅਵਾ ਨਹੀਂ ਕਰਦੇ ਰਹੇ। 'ਨਾਨਕੁ ਨੀਚੁ ਕਹੈ ਵੀਚਾਰੁ', ਆਦਿ ਵਾਕ ਅਨੇਕਾਂ ਵਾਰ ਉਚਾਰਦੇ ਰਹੇ। ਦਸਮੇ ਗੁਰੂ ਜੀ ਨੇ ਆਪ ਨੂੰ 'ਮੋਕੋ ਦਾਸੁ ਤਵਨ ਕਾ ਜਾਨੋ' ਫੁਰਮਾਇਆ ਤੇ ਸਿਖਾਂ ਵਲ ਹੱਥ ਫੇਰਕੇ ਕਿਹਾ "ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੋ ਗ਼ਰੀਬ ਕਰੋਰ ਪਰੇ।"

ਪਰ ਜਦ ਉਹਨਾਂ ਨੇ ਆਤਮਾਂ ਪਰਮਾਤਮਾਂ ਦੀ 'ਸਦਾ ਕਾਯਮ ਸਦਾ ਦ੍ਰਿੜ ਹਸਤੀ' ਦਾ ਜ਼ਿਕਰ ਕੀਤਾ ਤਾਂ ਨਿਜ ਤਜਰਬਾ ਬਿਆਨ ਕੀਤਾ ਜੈਸਾ ਕਿ ਉਪਰ ਉਹਨਾਂ ਦੇ ਮੁਖਾਰਬਿੰਦ ਦੇ ਵਾਕ ਦੱਸ ਆਏ ਹਾਂ ਕਿਉਂਕਿ ਇਹ ਅਮਰ ਵਾਕਿਆ, ਇਹ ਸੱਚ, ਉਹਨਾਂ ਨੇ ਭੁੱਲੇ ਜਾਂਦੇ ਜਗਤ ਨੂੰ ਸਿਖਾਲਣਾ ਸੀ ਕਿ 'ਵਾਹਿਗੁਰੂ ਹੈ' ਤਾਂ ਆਪਣਾ 'ਪ੍ਰਤੱਖ ਮੇਲ', 'ਨਿਜ ਤਜਰਬਾ', 'ਅਸਲੀਅਤ ਵਿਚ ਪਹੁੰਚ ਦਾ ਪਤਾ' ਦੇਕੇ ਸਾਖ ਭਰਨੀ ਸੀ ਕਿ ਉਹ-

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥** ਹੈ।

ਪੁਨਾ:-

**ਆਦੇਸੁ ਤਿਸੈ ਆਦੇਸੁ॥**
**ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥**

 www.sikhbookclub.com

ਹਰ ਜੁਗ ਵਿਚ ਸਗੋਂ ਜੁਗਾਂ ਤੋਂ ਬੀ ਉਰੇ ਪਰੇ ਓਹ ਸਦਾ ਥਿਰ ਹਸਤੀ ਮੌਜੂਦ ਸੀ, ਹੈ ਤੇ ਹੋਸੀ।

ਓਹ ਫੁਰਮਾਉਂਦੇ ਹਨ:-

ਥਾਪਿਆ ਨ ਜਾਇ — (ਰੱਬ) ਫਰਜ਼ੀ ਨਹੀਂ ਬਨਾਯਾ ਜਾ ਸਕਦਾ,
ਕੀਤਾ ਨਾ ਹੋਇ॥ — (ਰੱਬ) ਘੜਿਆ ਨਹੀਂ ਜਾ ਸਕਦਾ, (ਜਿਵੇਂ ਬੁੱਤ ਆਪ ਬਣਾ ਲਈਦੇ ਹਨ)।
ਆਪੇ ਆਪਿ — (ਰੱਬ) ਆਪਣੇ ਆਪ ਤੋਂ ਆਪ ਹੈ)। (ਅਰਥਾਤ ਉਹ ਸੂਯੰ ਸਚਮੁਚ ਹਸਤੀ ਹੈ)।

(ਪ੍ਰਸ਼ੰਨ-ਦਿੱਸਦਾ ਨਹੀਂ?)

(ਉੱਤਰ) — (ਇਸ ਕਰਕੇ ਕਿ ਉਹ) ਮਾਯਾ ਰਹਿਤ ਹੈ,
ਨਿਰੰਜਨ ਸੋਇ॥ — (ਮਾਯਾ ਰਹਿਤ ਰੂਪ ਰੇਖ ਰੰਗ ਤੋਂ ਨਿਆਰਾ ਹੁੰਦਾ ਹੈ, ਸੋ ਦੀਂਹਦਾ ਨਹੀਂ)।

(ਪ੍ਰਸ਼ਨ-ਉਸ ਦੀ ਸਿਆਣ ਯਾ ਲੱਖਤਾ ਕਿਵੇਂ ਹੋਵੇ?)

(ਉੱਤਰ:)
ਜਿਨਿ ਸੇਵਿਆ ਤਿਨਿ ਪਾਇਆ ਮਾਨ॥* — ਜਿਸ ਨੇ ਉਸ ਦੀ ਸੇਵਾ ਕੀਤੀ ਉਸ ਨੇ ਉਸ ਦੀ ਸਿਆਣ ਪਾ ਲਈ।

(ਪ੍ਰਸ਼ਨ-ਸੇਵਾ ਕੀਕੂੰ ਕਰੇ?)

(ਉੱਤਰ:)
ਨਾਨਕ ਗਾਵੀਐ ਗੁਣੀ ਨਿਧਾਨੁ॥ — ਉਸ ਗੁਣਾਂ ਦੇ ਸਮੁੰਦਰ ਦੀ ਸੇਵਾ ਗੁਣਾਨੁਵਾਦ ਕਰਨ ਨਾਲ ਹੁੰਦੀ ਹੈ, ਕਹਿੰਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ।

---

* ਮਨੁ ਦਾ ਅਰਥ ਹੈ, ਗਜਾਨ, ਸਿਆਣ। ਧਾਤੂ ਹੈ ਮਨ੍-ਗਜਾਨ, ਪ੍ਰਾਪਤੀ ਦੀ ਇਛਾ ਕਰਨੀ, ਵਿਚਾਰਨਾ, ਤੋਲਣਾ, ਸਮਝਣਾ।

 www.sikhbookclub.com

ਭਾਵ ਇਹ ਹੈ ਕਿ ਵਾਹਿਗੁਰੂ ਸਦਾ ਥਿਰ ਹਸਤੀ ਹੈ, ਆਪਣੀ ਜ਼ਾਤ ਵਿਚ ਆਪ ਸਦਾ ਥਿਰ ਵਜੂਦ ਹੈ, ਕਰਤਾ ਪੁਰਖ ਹੈ, ਜੋ ਗੁਰੂ ਜੀ ਨੂੰ ਮਿਲਿਆ ਯਾ ਇਉਂ ਕਹੋ ਕਿ ਉਹਨਾਂ ਦੇ ਤਜ਼ਰਬੇ ਵਿਚ ਆਯਾ, ਅਰ 'ਗਾਵੀਐ ਸੁਣੀਐ ਮਨਿ ਰਖੀਐ ਭਾਉ'' ਤੇ 'ਵਿਸਰਿ ਨ ਜਾਈ' ਦੇ ਤ੍ਰੀਕੇ ਨਾਲ ਸਾਨੂੰ ਬੀ ਪ੍ਰਾਪਤ ਹੋ ਸਕਦਾ ਹੈ।

ਸਾਡਾ ਇਹ ਭਾਵ ਨਹੀਂ ਕਿ ਗੁਰੂ ਨਾਨਕ ਦੇਵ ਜੀ ਕਿਸੇ ਨੂੰ ਮਿਲੇ ਨਹੀਂ, ਕਿਸੇ ਮਤਿ, ਧਰਮ, ਫ਼ਿਲਾਸਫ਼ੀ ਦੇ ਜਾਣੂ ਨਹੀਂ ਸੇ। ਓਹ ਮਹਾਨ ਵਜਕਤੀ ਵਾਲੇ ਮਹਾਂ ਪੁਰਖ, ਜੋ ਉਸ ਸਮੇਂ ਦੀ ਸਾਰੀ ਦੁਨੀਆਂ ਵਿਚ ਫਿਰੇ, ਬੇ-ਖ਼ਬਰ ਕੀਕੂੰ ਹੋ ਸਕਦੇ ਹਨ? ਆਪ ਜੀ ਪੱਛਮ ਵਲ ਮੱਕੇ ਮਦੀਨੇ ਤਕ ਗਏ; ਹੋ ਸਕਦਾ ਹੈ ਕਿ ਸਿਰੀਆ ਤੇ ਮਿਸਰ ਬੀ ਗਏ ਹੋਣ। ਆਪ ਬਗ਼ਦਾਦ ਤੇ ਈਰਾਨ, ਅਫ਼ਗ਼ਾਨਿਸਤਾਨ ਵਿਚ ਫਿਰੇ; ਤਰ੍ਹਾਂ ਤਰ੍ਹਾਂ ਦੇ ਮਜ਼ਹਬੀ ਆਗੂਆਂ ਨੂੰ ਮਿਲੇ। ਉੱਤਰ ਵਿਚ ਕਸ਼ਮੀਰ ਰਾਹੀਂ ਤਿੱਬਤ ਵਾਲੀ ਸੜਕ ਤੇ ਨਿਸ਼ਾਨ ਮਿਲਦੇ ਹਨ ਮਾਨ ਸਰੋਵਰ ਤਕ ਜਾਣ ਦੇ। ਪੂਰਬ ਵਲ ਬਿਹਾਰ, ਬੰਗਾਲ, ਆਸਾਮ, ਮਨੀਪੁਰ, ਚਿਟਾਗਾਂਗ, ਸੋਨਪੁਰ, ਧਨਾਸਰੀ ਦੇਸ (ਤਨਾਸਰਮ) ਤਕ ਗਏ। ਦੱਖਣ ਵਲ ਕਟਕ, ਪੁਰੀ, ਮਦਰਾਸ (Tamil Nadu) ਦੇ ਇਲਾਕੇ ਤੇ ਇਸ ਤੋਂ ਅਗੇ ਸੰਗਲਾਦੀਪ ਤਕ ਗਏ। ਫੇਰ ਪੱਛਮੀ ਕਿਨਾਰੇ ਫਿਰੇ ਤੇ ਹਰ ਥਾਂ ਤੇ ਤਪੀਆਂ ਤੇ ਧਰਮਾਵਲੰਬੀਆਂ ਨੂੰ ਮਿਲੇ। ਪਰਮਾਰਥ ਵਿਚ ਅਟਕੇ ਖਲਿਆਂ ਜ਼ੁਹਦੀਆਂ ਨੂੰ ਮਿਲੇ, ਧਾਰਮਕ ਰਾਜਧਾਨੀਆਂ ਤੀਰਥਾਂ ਤੇ ਗਏ, ਬਹਿਸਾਂ ਕੀਤੀਆਂ, ਸਤਜ ਉਪਦੇਸ਼ ਦਿਤੇ, ਨਿਰੋਲ ਸੱਚ ਵਲ ਪ੍ਰੇਰਿਆ, ਆਪਣੀ 'ਵਿਸਮਾਦੀ ਤੇ ਸਾਈਂ ਰੱਬ ਜੀ ਵਿਚ ਪ੍ਰੇਮ ਭਰੀ ਲੀਨਤਾ ਵਾਲੀ ਛੁਹ' ਬਖ਼ਸ਼ੀ। ਓਹ ਮਹਾਨ ਵਜਕਤੀ ਜੀ, ਕਿਵੇਂ ਹੋ ਸਕਦਾ ਹੈ ਕਿ ਉਸ ਜ਼ਮਾਨੇ ਦੇ ਪ੍ਰਵਿਰਤ ਖ਼ਯਾਲਾਂ, ਧਰਮਾਂ, ਤ੍ਰੀਕਿਆਂ, ਫ਼ਿਲਾਸਫ਼ੀਆਂ ਦੇ ਜਾਣੂ ਨਾ ਹੋਣ? ਜਾਣੂ ਤਾਂ ਤ੍ਰਿਕਾਲਗਯ ਹੋਣ ਕਰਕੇ ਬੀ ਸਨ ਤੇ ਉਂਵ ਬੀ ਹਰ ਤਰ੍ਹਾਂ ਦੀ ਵਾਕਫ਼ੀ ਉਹਨਾਂ ਦੇ ਅੱਗੇ ਪਿੱਛੇ ਫਿਰਦੀ ਸੀ ਅਤੇ ਉਹਨਾਂ ਨੇ ਧਰਮਾਂ ਵਿਚ ਪਈਆਂ ਕਮੀਆਂ ਤੇ ਹਾਨੀਆਂ ਬੀ ਤੱਕੀਆਂ। ਜੋ ਦਸ਼ਾ ਮਜ਼ਹਬੀ ਧੱਕੇ ਧੋੜੇ ਦੀ ਵਾਪਰਕੇ ਸਾਰੇ ਦੁਖੀ ਹੋ ਰਹੇ ਸਨ, ਭਾਈ ਗੁਰਦਾਸ ਜੀ ਨੇ ਅੱਖੀਂ ਡਿਠੀ ਲਿਖੀ ਹੈ, ਉਹ ਦੂਰ ਕਰਕੇ ਸੁਲਹ ਤੇ ਪਿਆਰ ਗੁਰੂ ਜੀ ਨੇ ਫੈਲਾਇਆ।

ਮੁਸਲਮਾਨੀ ਦੇਸ਼ਾਂ ਵਿਚ ਜਾਕੇ ਆਗੂਆਂ ਨੂੰ ਮਿਲਕੇ ਧਾਰਮਕ ਸਹਾਰਾ, ਸਰਵ ਨਾਲ ਪਿਆਰ ਦੀ ਮਤਿ ਦਿਤੀ। ਹਿੰਦੂ ਇਸ਼ਟ ਥਾਵਾਂ ਦੇਵਿਜਕਤੀਆਂ ਨੂੰ ਮਿਲਕੇ ਦੂਸਰਿਆਂ ਨੂੰ ਮਲੇਛ ਸਮਝਣ ਤੇ ਨਫ਼ਰਤ ਕਰਨੇ ਤੋਂ ਰੋਕਿਆ। ਓਹ ਵਾਕਫ਼ ਸਨ ਸਭ ਕਿਸਮ ਦੇ ਖ਼ਿਆਲਾਂ ਦੇ, ਤਜਰਬੇ ਹੋ ਚੁਕਿਆਂ ਦੇ ਕੌੜੇ ਫਲਾਂ ਦੇ ਜਾਣਕਾਰ ਸਨ। ਪਰ ਉਹਨਾਂ ਨੇ ਰੀਟੇ ਚੁਣ ਚੁਣਕੇ ਚੂਨਾ ਦੇ ਦੇਕੇ ਬਣੇ ਪੱਥਰ ਵਾਂਙੂ ਅਪਣਾ ਧਰਮ ਨਹੀਂ ਬਣਾਇਆ, ਉਹਨਾਂ ਨੇ ਧਰਮ ਦੇ ਸੋਮੇ ਵਿਚ ਆਪ ਖੜੋਕੇ, ਅੰਮ੍ਰਿਤ ਪੀਕੇ, ਉਸ ਅੰਮ੍ਰਿਤ ਦੇ ਛੱਟੇ ਦਿਤੇ ਤੇ ਜਗਤ ਨੂੰ ਰਸਤੇ ਪਾਇਆ। ਸੋ ਉਹਨਾਂ ਨੇ ਜੋ ਧਰਮ ਚਲਾਇਆ ਉਹ ਓਰਿਜਨਲ ਧਰਮ ਹੈ, ਅਰਥਾਤ ਆਪਣੇ "ਨਿਜ ਮੂਲਕ ਅਸਲੇ" ਵਾਲਾ ਹੈ। ਇਹ ਇਕ ਸੁਤੰਤ੍ਰ ਧਰਮ ਹੈ ਅਰ ਇਸ ਦਾ ਸੁਤੇ ਪ੍ਰਕਾਸ਼ ਹੈ, ਜਿਸ ਦਾ ਸੋਮਾ ਅਕਾਲ ਪੁਰਖ ਹੈ।

ਹੁਣ ਇਸ ਲੇਖ ਨੂੰ ਅਸੀਂ ਅਗੇ ਇਕ ਦੋ ਕੁਟੇਸ਼ਨ (ਹਵਾਲੇ) ਮਹਾਨ ਵਿਦਵਾਨਾਂ ਤੇ ਪਰਮਾਰਥ ਦੇ ਮਹਾਨ ਤਜਰਬੇਕਾਰਾਂ ਦੇ ਦੇਕੇ ਸਮਾਪਤ ਕਰਦੇ ਹਾਂ:

ਪਹਿਲਾ ਹਵਾਲਾ ਮਿਸਟਰ ਡਨਕਨ ਗ੍ਰੀਨਲੀਜ਼ ਕ੍ਰਿਤ "The Gospel of the Guru Granth Sahib" ਵਿਚੋਂ ਹੈ। ਆਪ ਜੀ Comparative Religion ਦੇ ਵਡੇ Scholar (ਪੰਡਤ) ਹਨ, ਅਰ ਇਹਨਾਂ ਨੇ ਦੁਨੀਆਂ ਦੇ ਕਈ ਧਰਮਾਂ ਦੇ ਧਰਮ ਪੁਸਤਕਾਂ ਪੁਰ "The World Gospel Series" ਲੜੀ ਵਿਚ ਕਿਤਾਬਾਂ ਲਿਖੀਆਂ ਹਨ। ਆਪ ਲਿਖਦੇ ਹਨ:

"Sikhism is no disguised Hindu sect, but an independent revelation of the one Truth of all Sects; it is no variant of Muslim teachings, save in that it too proclaims the love of god and the need for men to hold Him always in their heart. It too is a distinct religion like the other great religions of the World." (P.216)

ਅਰਥਾਤ- ਸਿਖ ਧਰਮ, ਹਿੰਦੂ ਧਰਮ ਦਾ ਭੇਸ ਵਟਾਵਾਂ ਰੂਪ ਨਹੀਂ ਹੈ, ਸਗੋਂ ਏਸ ਦਾ ਇਲਹਾਮ ਸਿੱਧਾ ਸੁਤੰਤ੍ਰ ਉਸ ਸੱਤਜ ਸਰੂਪ ਤੋਂ ਹੋਇਆ ਹੈ, ਜਿਸ ਤੋਂ ਹੋਰਨਾਂ ਧਰਮਾਂ ਦਾ ਹੋਇਆ ਹੈ। ਨਾ ਹੀ ਇਹ ਮੁਸਲਮਾਨੀ ਦੀਨ ਦਾ ਕੋਈ ਵਟਾਉ ਸਟਾਉ ਹੈ, ਭਾਵੇਂ ਸਿਖ ਧਰਮ ਬੀ ਵਾਹਿਗੁਰੂ

 www.sikhbookclub.com

ਨਾਲ ਪ੍ਰੇਮ ਅਰ ਉਸ ਦੀ ਯਾਦ ਦ੍ਰਿੜ ਕਰਾਉਂਦਾ ਹੈ। ਇਹ (ਸਿਖ ਧਰਮ) ਬੀ ਦੁਨੀਆਂ ਦੇ ਹੋਰ ਮੁੱਖ ਧਰਮਾਂ ਵਾਕੁਰ ਇਕ ਅੱਡਰਾ ਧਰਮ ਹੈ।

"So pure and spiritual a Religion as theirs has already a great place among the religions of the world." (P-X)

ਅਰਥਾਤ- ਪਵਿਤ੍ਰਤਾ ਅਰ ਰੂਹਾਨੀ ਅੱਜ ਦੇ ਨੁਕਤੇ ਤੋਂ ਇਸ (ਸਿਖ ਧਰਮ) ਦਾ ਦੁਨੀਆਂ ਦੇ ਧਰਮਾਂ ਵਿਚ ਇਕ ਮਹਾਨ ਉੱਚਾ ਦਰਜਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਾਵਜ ਬਾਬਤ ਲਿਖਦੇ ਹਨ:-

"Apart from its great religious importance, certainly one of the world's masterpieces of Poetry." (P.xv)

ਅਰਥਾਤ- ਧਾਰਮਕ ਪਹਿਲੂ ਦੀ ਮਹਾਨਤਾ ਤੋਂ ਛੁੱਟ ਸੰਸਾਰ ਦੇ ਮਹਾਂ ਕਾਵਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਤਬਾ ਚੋਟੀ ਦਾ ਹੈ।

ਫਿਰ ਆਪ ਸ੍ਰੀ ਗੁਰੂ ਨਾਨਕ ਦੇਵ ਜੀ ਬਾਬਤ ਲਿਖਦੇ ਹਨ:-

"It seems certain that those views welled up from the deeps of inspiration in his own heart and owed little or nothing to what he received from others, either through books or through their words." (P.xxxvii)

ਭਾਵ ਇਹ ਹੈ: ਇਹ ਗੱਲ ਯਕੀਨੀ ਮਾਲੂਮ ਹੁੰਦੀ ਹੈ ਕਿ ਆਪ ਦੀ ਬਾਣੀ ਧੁਰ ਅੰਦਰੋਂ ਅਨੁਭਵ ਤੋਂ ਪ੍ਰਕਾਸ਼ਦੀ ਸੀ ਅਰ ਇਸ ਦਾ ਪੜ੍ਹੇ ਸੁਣੇ ਨਾਲ ਕੋਈ ਸੰਬੰਧ ਨਹੀਂ ਸੀ ਹੁੰਦਾ।

ਫਿਰ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਬਤ ਲਿਖਦੇ ਹਨ:-

"Among the world's Scriptures few, if any, attain so high a literary level or so constant a height of inspiration." (P.xii)

ਅਰਥਾਤ- ਦੁਨੀਆਂ ਦੇ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕਿਸੇ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤੁੱਲ ਸਾਹਿਤਕ ਖ਼ੂਬਸੂਰਤੀ ਅਥਵਾ ਲਗਾਤਾਰ ਅਨੁਭਵੀ ਗਜਾਨ ਦੀ ਉੱਚਤਾ ਹੋਵੇ।

ਦੂਜਾ ਹਵਾਲਾ ਮਿਸਟਰ ਮੈਕਾਲਫ ਦੇ ਰਚੇ 'ਸਿਖ ਰਿਲੀਜਨ' ਨਾਮੇ ਪੁਸਤਕ ਵਿਚੋਂ ਹੈ। ਆਪ ਜੀ ਨੇ ਦਸ ਬਾਰਾਂ ਬਰਸ ਲਾਕੇ ਸਿਖ ਧਰਮ ਦਾ ਮੁਤਾਲਿਆ ਕੀਤਾ, ਵਡੇ ਵਡੇ ਗਜਾਨੀ ਨਾਲ ਲਾਏ ਤੇ ਪੁਸਤਕ ਤਿਆਰ


www.sikhbookclub.com

ਕੀਤਾ, ਜਿਸ ਵਿਚ ਗੁਰੂ ਸਾਹਿਬਾਂ ਦੀਆਂ ਜੀਵਨੀਆਂ ਤੇ ਗੁਰੂ ਬਾਣੀ ਦੇ ਤਰਜਮੇ ਹਨ, ਆਪ ਜੀ ਲਿਖਦੇ ਹਨ:-

"The followers of all religions are prone to indulge in the luxury of eclecticism. By a universal law they adhere to the dogmas most suitable for themselves, and reject what they deem the least important or the least practicable enjoined by the founders of their faith." (Vol.I. Intro:Page iii)

ਅਰਥਾਤ- ਸਭ ਧਰਮਾਂ ਦੇ ਪੈਰੋਕਾਰਾਂ ਦਾ ਝੁਕਾਉ ਚੋਣਕਾਰੀ ਵੱਲ ਹੁੰਦਾ ਹੈ। ਹੈ ਭੀ ਇਹ ਕੁਦਰਤੀ ਨਿਯਮ, ਦੂਜੇ ਧਰਮਾਂ ਦੇ ਅਸੂਲਾਂ ਵਿਚੋਂ ਜੋ ਉਨ੍ਹਾਂ ਨੂੰ ਯੋਗ ਪ੍ਰਤੀਤ ਦਿੰਦੇ ਹਨ, ਓਹ ਗ੍ਰਹਣ ਕਰ ਲੈਂਦੇ ਹਨ, ਅਰ ਜੋ ਉਨ੍ਹਾਂ ਨੂੰ ਨਹੀਂ ਜਚਦੇ, ਅਥਵਾ ਉਨ੍ਹਾਂ ਦੇ ਅਨੁਕੂਲ ਨਹੀਂ ਹੁੰਦੇ, ਉਹ ਨਹੀਂ ਲੈਂਦੇ। (ਉਥਾਨਕਾ, ਪੰਨਾ ਤੀਜਾ)

"The illustrious author of the "Vie de Jesus" asks whether great T[foiBbity will again arise or the world be content to follow the paths opened by the daring creators of ancient ages. Now there is here presented a religion totally unaffected by Semitic or Christian influences. Based on the concept of the unity of God, it rejected Hindu formularies and adopted an independent ethical system. ritual, and standards which were totally opposed to the theological beliefs of, Guru Nanak's age and country. As we shall see hereafter, it would be difficult to point to a religion of greater T[foiBbity or to a more comprehensive ethical system." (Page iv)

ਅਰਥਾਤ- Vie de Jesus (ਸ੍ਰੀ ਈਸਾ ਮਸੀਹ ਦਾ ਜੀਵਨ) ਦੇ ਨਾਮਵਰ ਕਰਤਾ ਜੀ ਨੇ ਪ੍ਰਸ਼ਨ ਕੀਤਾ ਏ ਕਿ ਕੀ ਉਚੇ 'ਨਿਜ ਅਸਲਾ ਮੂਲਕ ਸਿਧਾਂਤ' ਮੁੜ ਕੇ ਬੀ ਪ੍ਰਕਾਸ਼ਮਾਨ ਹੋਣਗੇ ਯਾ ਦੁਨੀਆਂ ਉਨ੍ਹਾਂ ਪਹਿਆਂ ਤੇ ਹੀ ਤੁਰੀ ਜਾਊ ਜੋ ਬੀਤ ਚੁਕੇ ਸਮੇਂ ਦੇ ਮੋਹਰੀ ਪਾ ਗਏ ਹਨ?

 www.sikhbookclub.com

ਲਓ ਅਸੀਂ ਹੁਣ ਤੁਹਾਡੇ ਸਾਹਮਣੇ ਇਕ ਐਸਾ ਧਰਮ ਪੇਸ਼ ਕਰਦੇ ਹਾਂ ਜਿਸ ਵਿਚ ਸੈਮੇਟਿਕ (ਇਸਲਾਮੀ, ਯਹੂਦੀ) ਅਥਵਾ ਮਸੀਹੀ ਧਰਮਾਂ ਦਾ ਲੇਸ਼ ਮਾਤ੍ਰ ਬੀ ਅਸਰ ਨਹੀਂ। ਅਰਥਾਤ- ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਧਰਮ ਪ੍ਰਚਾਰਿਆ ਹੈ ਉਹ ਇਕ ਅਕਾਲ ਪੁਰਖ ਦੀ ਵਾਹਦਾਨੀਅਤ (ਏਕੱਤ੍ਰ) ਤੇ ਨਿਰਭਰ ਸੀ, ਅਰ ਉਨ੍ਹਾਂ ਹਿੰਦੂ ਧਰਮ ਦੀਆਂ ਰਹੁ ਰੀਤਾਂ ਛੱਡਕੇ ਐਸੇ ਸੁਤੰਤਰ ਇਖਲਾਕੀ ਮਯਾਰ ਅਰ ਮਰਯਾਦਾਂ ਬੰਨ੍ਹੀਆਂ ਜੋ ਉਨ੍ਹਾਂ ਦੇ ਸਮੇਂ ਯਾ ਦੇਸ਼ ਦੇ ਪਰਿਚਲਤ ਅਕੀਦਿਆਂ ਦੇ ਬਿਲਕੁਲ ਉਲਟ ਸਨ, ਜਿਹਾ ਕਿ ਅੱਗੇ ਚਲਕੇ ਪਤਾ ਲਗੇਗਾ ਕਿ ਇਤਨੀ 'ਨਿਜ-ਮੂਲਕ ਅਸਲੀਅਤ ਵਾਲੇ ਧਰਮ' ਅਥਵਾ ਐਸੇ ਮੁਕੰਮਲ ਸਦਾਚਾਰਕ ਅਸੂਲਾਂ ਦੀ ਨੀਂਹ ਤੇ ਰਚੇ ਗਏ ਮਤ ਦਾ ਮਿਲਣਾ ਕਠਨ ਹੈ। (ਉਥਾਨਕਾ, ਪੰਨਾ ਚਉਥਾ)

ਫੇਰ ਇਹ ਵਿਦਵਾਨ, ਮਿ: ਮੈਕਾਲਫ, ਗੁਰੂ ਨਾਨਕ ਦੇਵ ਜੀ ਬਾਬਤ ਲਿਖਦਾ ਹੈ:

"But more perhaps than learning from the lips of religious masters were his own undisturbed communings with nature, with his own soul, and with his Creator. The voice that had spoken to many a seer again became vocal in that wildernes and raised Nanak's thoughts to the summit of religious exaltation. In summer heat and winter's frost, in the glory of the firmament, in the changeful aspects of nature. as well as in the joys and sorrows of the inhabitants of his little natal village, he read in bright characters and repeated with joyous iteration the name of the Formless Creator. The name henceforth became the object of his continual woship and meditation and indeed one of the distinctive feature of his creed." (Chapter I, Page 11)

ਅਰਥਾਤ- ਹੁਣ (ਸਤਿਗੁਰ ਨਾਨਕ ਦੇਵ ਜੀ) ਹੋਰਨਾਂ ਧਾਰਮਿਕ ਆਗੂਆਂ ਦੀ ਸਿਖਯਾ ਦਾ ਮੁਤਾਲਿਆ ਕਰਨ ਦੀ ਥਾਂ ਆਪਣੇ ਕਰਤਾ ਪੁਰਖ ਜੀ, ਆਪਣੇ ਆਤਮਾ, ਅਰ ਕਾਦਰ ਦੀ ਕੁਦਰਤ ਦੇ ਧਿਆਨ ਵਿਚ ਮਗਨ ਰਹਿਣ ਲਗ ਪਏ। ਉਹ ਸੱਦੜੇ ਜੋ ਕਈ ਪੈਗੰਬਰਾਂ ਨੂੰ ਸੁਣੀਂਦੇ ਆਏ

 www.sikhbookclub.com

ਹਨ, ਮੁੜ ਉਸ ਉਜਾੜ ਵਿਚ ਸੁਨੀਣ ਲਗ ਪਏ ਅਰ ਗੁਰੂ ਜੀ ਨੂੰ ਅਰਸ਼ੀ ਰੂਹਾਨੀ ਉਡਾਰੀ ਵਿਚ ਲੈ ਗਏ।

ਹੁਨਾਲੇ ਦੀ ਗਰਮੀ, ਸਿਆਲੇ ਦੇ ਕੱਕਰ, ਆਕਾਸ਼ ਦੀ ਜਲਾਲੀ ਸੁੰਦਰਤਾ, ਪਿੰਡ ਦੇ ਵਸਨੀਕਾਂ ਦੇ ਦੁਖਾਂ ਸੁਖਾਂ ਵਿਚ ਗੁਰੂ ਜੀ ਨੂੰ ਕਰਤਾ ਪੁਰਖ ਦੇ 'ਨਾਮ' ਦਾ ਸੁਨੇਹਾ ਪ੍ਰਤੱਖ ਦਿੱਸਦਾ ਸੀ ਅਰ ਜਿਸ ਦਾ ਉਹ ਚਾਉ ਭਰਿਆ ਉਚਾਰ ਕਰਨ ਲਗ ਪਏ।

ਗਲ ਕੀ ਨਾਮ ਦਾ ਆਰਾਧਨ, ਨਾਮ ਦਾ ਜਾਪ, ਨਾਮ ਦਾ ਧਿਆਨ, ਨਾਮ ਦਾ ਉਪਦੇਸ਼ ਉਹਨਾਂ ਦੇ ਤੋਰੇ ਧਰਮ ਦਾ ਮੁੱਖ ਅੰਗ ਹੈ। (ਕਾਂਡ 1, ਪੰਨਾ 11)

ਤੀਸਰਾ ਹਵਾਲਾ ਸ੍ਰੀ ਸੁਆਮੀ ਨਿਤਜਾਨੰਦ ਜੀ ਉਦਾਸੀਨ ਸਰਸ੍ਵਤੀ* ਦੇ ਲਿਖਤ "ਗੁਰੂ-ਗਜਾਨ" ਵਿਚੋਂ ਹੈ। ਜਿਨ੍ਹਾਂ ਦੀ ਆਯੂ ਇਸ ਪੁਸਤਕ ਰਚਣ ਵੇਲੇ 135 ਬਰਸ ਦੀ ਦੱਸੀ ਗਈ ਸੀ। ਆਪ ਲਿਖਦੇ ਹਨ:-

"ਹਮ ਅਪਨੇ ਗੁਰੂ ਸ੍ਰੀ ਸੁਆਮੀ ਬ੍ਰਹਮਾਨੰਦ ਜੀ ਕੇ ਸਾਥ) ਵਿਚਰਤੇ ਤੀਰਥ ਯਾਤ੍ਰਾ ਕਰਤੇ ਪੰਜਾਬ ਮੇਂ ਆਏ, ਯਹਾਂ ਏਕ ਉਦਾਸੀਨ ਮਹਾਂ ਭਾਉ ਕੇ ਦਰਸ਼ਨ ਹੂਏ। ਵਿਚਾਰ ਚਰਚਾ ਮੇਂ ਦਿਨ ਬੀਤਨੇ ਲਗੇ। ਉਦਾਸੀ ਜੀ ਕਾ ਨਾਮ 'ਸੁਆਮੀ ਸਤਜਾਨੰਦ' ਜੀ ਥਾ, ਇਨਹੋਂ ਨੇ ਗੁਰੂ ਘਰ ਰੀਤੀ ਔਰ ਨੀਤੀ ਕੁਛ ਐਸੇ ਢੰਗ ਸੇ ਸੁਨਾਈ ਕਿ ਸ੍ਰੀ ਸੁਆਮੀ 'ਬ੍ਰਹਮਾਨੰਦ' ਜੀ ਮੁਗਧ ਹੋ ਗਏ। ਅੰਮ੍ਰਿਤਸਰ ਗੁਰ ਦਰਬਾਰ ਕੇ ਦਰਸ਼ਨ ਕਰਕੇ ਉਨਕੀ ਆਤਮਾ ਪਰ ਕੁਛ ਇਸ ਤਰ੍ਹਾਂ ਕੇ ਪ੍ਰਭਾਵ ਪੜੇ ਕਿ ਵੋਹ 'ਗੁਰੂ ਘਰ' ਕੇ ਹੀ ਹੋ ਗਏ। ਕੁਛ ਸਮਾਂ ਪੰਜਾਬ ਮੇਂ ਵਿਤੀਤ ਕੀਆ, ਫਿਰ ਹਰੀਦੁਵਾਰ ਚਲੇ ਗਏ। ਵਹਾਂ ਏਕ ਦਿਨ ਅੱਛੇ ਭਲੇ ਬੈਠੇ ਥੇ, ਉਨਕੀ ਆਖੇਂ ਡੁਬਡੁਬਾਤੀ ਦੇਖ ਕਰ ਮੈਨੇ ਕਾਰਨ ਪੂਛਾ। ਉਨਹੋਂ ਨੇ ਉਤਰ ਦੀਆ ਕਿ "ਆਯੂ ਭਰ ਰੇਤ ਛਾਨਾ ਕੀ, ਤਤ੍ਵ ਵਸਤੂ ਗੁਰੂ ਘਰ ਮੇਂ ਥੀ, ਅਬ ਏਕ ਜਨਮ ਗੁਰੂ ਘਰ ਮੇਂ ਲੇਨਾ ਪੜੇਗਾ ਤਬ ਕਲਜਾਨ ਹੋਗੀ", ਯੇਹ ਕਹਿਤੇ ਉਨੋਂ ਨੇ ਸਰੀਰ ਛੋੜ ਦੀਆ।

---

* ਆਪ ਜੀ ਦੇ ਗੁਰੂ ਤੇ ਆਪ ਪਹਿਲਾਂ ਯੋਗੀ ਸੇ।

 www.sikhbookclub.com

ਮੈਂ ਭੀ ਗੁਰੂ ਨਾਨਕ ਦੇਵ ਕੇ ਘਰ ਕੇ 'ਵਾਹਿਗੁਰੂ' ਮੰਤ੍ਰ ਕਾ ਜਾਪ ਕਰਤਾ ਹੂੰ, ਯੋਗ ਸਾਧਨ ਯੋਗਾਚਾਰਯ ਕੇ ਪਾਸ ਬੈਠ ਕਰ ਕੀਏ, ਔਰ ਸਾਲਹਾ ਸਾਲ ਕੀਏ, ਜੋ ਅਨੰਦ ਔਰ ਸ਼ਾਂਤੀ ਮੁਝੇ ਅਬ ਪ੍ਰਾਪਤ ਹੈ, ਵਹਿ ਪਹਿਲੇ ਕਭੀ ਨਹੀ ਮਿਲੀ।

ਗੁਰੂ ਕਾ ਮਾਰਗ ਪੂਰਨ ਹੈ, 'ਵਾਹਿਗੁਰੂ' ਸ਼ਬਦ ਕੀ ਮਹਿਮਾਂ ਕਹੀ ਨਹੀਂ ਜਾ ਸਕਤੀ, ਗੁਰੂ ਨਾਨਕ ਔਰ ਗੁਰੂ ਗੋਬਿੰਦ ਸਿੰਘ ਜੀ ਕੀ ਸਿਖਜਾ ਅੰਮ੍ਰਿਤ ਹੈ, ਗੁਰੂ ਬਾਣੀ ਸੇ ਬੜ੍ਹ ਕਰ ਕਲਜਾਣਕਾਰੀ ਕੋਈ ਔਰ ਬਾਣੀ ਨਹੀਂ।

ਯੋਗੀ ਜੀ ਨੇ ਆਖੇਂ ਬੰਦ ਕਰਨੇ ਸੇ ਪਹਿਲੇ ਜੋ ਸੰਦੇਸ਼ ਮੁਝੇ ਦੀਆ, ਦੂਸਰੋਂ ਤਕ ਪਹੁੰਚਾਨਾ ਮੇਰਾ ਕਰਤਵਜ ਹੈ। 'ਜੋ ਸਿਧੀ ਔਰ ਪ੍ਰਾਪਤੀ 'ਵਾਹਿਗੁਰੂ' ਨਾਮ ਜਪ ਸੇ ਸਹਿਜ ਮੇਂ ਹੋ ਜਾਤੀ ਹੈ ਵੋਹ ਔਰ ਕਠਨ ਸੇ ਕਠਨ ਸਾਧਨ ਕਰਨੈ ਸੇ ਭੀ ਦੁਸ਼ਤਰ ਪ੍ਰਾਪਤ ਹੋਤੀ ਹੈ, ਯਿਹ ਸੱਤਜ ਹੈ, ਪ੍ਰੀਖਿਜਾ ਕੀਆ ਹੂਆ ਸਤਜ ਹੈ, ਔਰ ਨਿਰਵਿਵਾਦ ਸੱਤਜ ਹੈ।'

"ਮੇਰੀ ਅਵਸਥਾ ਪੁਸਤਕ ਲਿਖਨੇ ਲਿਖਾਨੇ ਕੀ ਨਹੀਂ ਹੈ। ਕੁਛ ਪ੍ਰੇਮੀ ਸਜਨੋਂ ਕੀ ਪ੍ਰੇਰਨਾ ਸੇ ਅਪਨੇ ਜੀਵਨ ਮੇਂ ਦੇਖੀ ਭਾਲੀ ਬਾਤੇਂ ਭੇਂਟ ਹੈ।"

(ਗੁਰੂ ਰਜਾਨ, ਪੰਨਾ ਅ.ੲ.ਸ.)
(ਖਾ:ਸ: 23,30 ਅਗਸਤ 1956)

 www.sikhbookclub.com

# 2. ਗ੍ਰੰਥੀ

(ਗੁਰੂ ਗ੍ਰੰਥ ਪੰਥ ਦੀ ਸੰਭਾਲ)

## 1 ਗੁਰੂ ਗ੍ਰੰਥ ਪੰਥ ਦੀ ਕਾਇਮੀ ਦੀ ਅਵੱਸ਼ਕਤਾ

ਸ਼ੁਕਰ ਹੈ ਕਿ ਗ੍ਰੰਥੀਆਂ ਦੀ ਜ਼ਰੂਰਤ ਪੰਥ ਨੂੰ ਭਾਸਣ ਲੱਗੀ ਹੈ। ਇਹ ਲੇਖ ਇਸ ਲਈ ਲਿਖਿਆ ਹੈ ਕਿ ਮਾਲੂਮ ਹੋ ਸਕੇ ਕਿ ਕਿਉਂ ਗ੍ਰੰਥੀਆਂ ਦੀ ਲੋੜ ਪੰਥ ਨੂੰ ਹੈ? ਆਸ਼ਾ ਹੈ ਕਿ ਖਾਲਸਾ ਪੰਥ ਨੂੰ ਸਿਖੀ ਦੇ ਕਾਇਮ ਰੱਖਣ ਵਾਸਤੇ 'ਗੁਰੂ ਗ੍ਰੰਥ ਤੇ ਪੰਥ' ਦੀ ਕਾਇਮੀ ਦਾ ਅਸੂਲ ਯਾਦ ਹੋਵੇਗਾ, ਕਿਉਂਕਿ ਕੋਈ ਧਰਮ ਯਾ ਸੋਸਾਇਟੀ ਕਦੀ ਕਾਇਮ ਨਹੀਂ ਰਹਿ ਸਕਦੀ ਜਦ ਤਕ ਉਸਦੇ ਅਸੂਲ ਅਤੇ ਅਸੂਲਾਂ ਨੂੰ ਕਾਇਮ ਰੱਖਣ ਵਾਲੇ ਪ੍ਰਬੰਧਕ ਠੀਕ ਨਾ ਰਹਿਣ। ਜਦ ਇਨ੍ਹਾਂ ਦੋਹਾਂ ਵਿਚ ਕੋਈ ਫ਼ਰਕ ਪੈ ਜਾਂਦਾ ਹੈ, ਅਥਵਾ ਦੋਹਾਂ ਵਿਚੋਂ ਕਿਸੇ ਇਕ ਵਿਚ ਫ਼ਰਕ ਪੈ ਜਾਂਦਾ ਹੈ ਤਾਂ ਉਹ ਧਰਮ ਅਥਵਾ ਸੋਸਾਇਟੀ ਟੁੱਟਣ ਲਗ ਜਾਂਦੀ ਹੈ। ਮਤਲਬ ਇਹ ਹੈ ਕਿ (Regulations and Organization) (ਪ੍ਰਬੰਧ ਤੇ ਜਥੇਬੰਦੀ) ਨਾਲ ਹੀ ਸਾਰੇ ਵਜੂਦ ਖੜੇ ਹਨ। ਹਰ ਇਕ ਵਜੂਦ ਦੀ ਜ਼ਿੰਦਗੀ ਇਨਾਂ ਹੀ ਦੋਹਾਂ ਬਾਤਾਂ ਵਿਚ ਕਾਇਮ ਹੈ। ਭਾਵੇਂ ਆਪ ਸਾਇੰਸ ਨੂੰ ਖੋਜ ਮਾਰੋ ਤੇ ਭਾਵੇਂ ਇਤਿਹਾਸਾਂ ਨੂੰ ਫਰੋਲੋ, ਹਰ ਇਕ ਉਪਤ ਖਪਤ ਦਾ ਕਾਰਨ ਇਨ੍ਹਾਂ ਦੋਹਾਂ ਦੀ ਉਪਤ ਖਪਤ ਹੀ ਮਲੂਮ ਹੋਵੇਗੀ। ਦੁਨੀਆਂ ਵਿਚ ਕਈ ਕੌਮਾਂ ਤੇ ਕਈ ਧਰਮ ਲੋਪ ਹੋ ਚੁਕੇ ਹਨ ਅਤੇ ਕਈ ਨਵੀਨ ਬਣ ਰਹੇ ਹਨ। ਇਸੇ ਤਰ੍ਹਾਂ ਕਈ ਸੋਸਾਇਟੀਆਂ ਦੂਰ ਹੋ ਚੁਕੀਆਂ ਹਨ ਅਤੇ ਕਈ ਨਵੀਨ ਬਣ ਰਹੀਆਂ ਹਨ। **ਜਦ ਆਪ ਸੋਚਕੇ** ਉਨ੍ਹਾਂ ਦੀਆਂ ਜੜ੍ਹਾਂ ਨੂੰ ਪਹੁੰਚੋਗੇ ਤਾਂ ਉਨ੍ਹਾਂ ਵਿਚ ਇਨ੍ਹਾਂ ਦੋਹਾਂ ਅਰਥਾਤ ਪ੍ਰਬੰਧ ਤੇ ਜਥੇਬੰਦੀ ਦੀ ਹੀ ਹੇਰਾ ਫੇਰੀ ਪਾਓਗੇ।

 www.sikhbookclub.com

ਹੁਣ ਵਿਚਾਰ ਦੀ ਇਹ ਲੋੜ ਹੈ ਕਿ ਸਿੱਖੀ ਜੈਸੀ ਅਮੋਲਕ ਵਸਤੂ ਦੁਨੀਆਂ ਪਰ ਰਹਿਣੀ ਹੈ ਕਿ ਨਹੀਂ? ਜੇ ਤਾਂ ਸਿੱਖੀ ਦੁਨੀਆਂ ਮਾਤ੍ਰ ਦੇ ਲਾਭਦਾਇਕ ਹੈ, ਪਰਮਾਤਮਾ ਦੇ ਕਾਨੂੰਨ ਦੇ ਵਿਰੁੱਧ ਨਹੀਂ, ਤਦ ਤਾਂ ਜ਼ਰੂਰੀ ਰਹਿਣੀ ਚਾਹੀਏ, ਅਰ ਜੋ ਪਰਮਾਤਮਾਂ ਦੇ ਹੁਕਮੋਂ ਬਾਹਰ ਹੈ ਅਤੇ ਦੁਨੀਆਂ ਦੇ ਜੀਵਾਂ ਨੂੰ ਦੁੱਖ ਦੇਣ ਵਾਲੀ ਵਸਤੂ ਹੈ ਤਾਂ ਬੇਸ਼ਕ ਦੂਰ ਹੋਣੀ ਚਾਹੀਏ। ਪਰ ਜਦ ਅਸੀਂ ਇਸ ਦੀ ਤਾਲੀਮ ਦੇਖਦੇ ਹ ਤਾਂ ਨਾ ਤਾਂ ਇਹ ਕਾਨੂੰਨ-ਏ-ਕੁਦਰਤ ਦੇ ਬਾਹਰ ਹੈ ਅਤੇ ਨਾ ਇਹ ਕਿਸੇ ਦਾ ਬੁਰਾ ਲੋਚਦੀ ਹੈ। ਫੇਰ ਐਸੀ ਉੱਤਮ ਵਸਤੂ ਸਿਖੀ ਦੀਆਂ ਜੇ ਦੋਵੇਂ ਬਾਤਾਂ ਅਰਥਾਤ Regulations (ਪ੍ਰਬੰਧ) ਅਤੇ Organization (ਜਥੇਬੰਦੀ) ਦੇ ਵਿਗੜ ਜਾਣ ਨਾਲ ਆਪਣੀ ਅਸਲ ਜਗ੍ਹਾ ਤੋਂ ਗਿਰ ਜਾਵੇ ਤਾਂ ਸਭ ਨੂੰ ਇਸਦੇ ਲੋਪ ਹੋ ਜਾਣ ਦਾ ਦੁੱਖ ਹੋਵੇਗਾ। ਸਿਰਫ਼ ਸਾਨੂੰ ਹੀ ਨਹੀਂ ਸਗੋਂ ਅਗੋਂ ਆਉਣ ਵਾਲੀਆਂ ਨਸਲਾਂ ਨੂੰ ਬੀ ਦੁੱਖ ਪਹੁੰਚੇਗਾ, ਜਿਸ ਕਰਕੇ 'ਗੁਰੂ ਗ੍ਰੰਥ ਅਤੇ ਪੰਥ' ਦਾ ਕਾਇਮ ਰਹਿਣਾ ਅਵਸ਼ੋਂ ਜ਼ਰੂਰੀ ਹੈ।

ਹੁਣ ਜ਼ਰਾ ਸੋਚੋ ਕਿ ਸਿਖਾਂ ਵਿਚ ਜੋ ਇਸ ਸਮੇਂ ਵਿਚਾਰ ਸ਼ਕਤੀ ਘਟ ਗਈ ਹੈ ਅਤੇ ਅਵਿਦਜਾ ਬਲ ਪਾ ਗਈ ਹੈ, ਉਸ ਨਾਲ ਇਨ੍ਹਾਂ ਦੋਹਾਂ ਹੀ ਬਾਤਾਂ ਨੂੰ ਘਾਟਾ ਪਹੁੰਚ ਰਿਹਾ ਹੈ ਕਿ ਨਹੀਂ? ਜੇ ਘਾਟਾ ਪਹੁੰਚ ਰਿਹਾ ਹੈ ਤਾਂ ਉਸ ਘਾਟੇ ਨਾਲ ਗ੍ਰੰਥੀਆਂ ਦਾ ਕੀ ਸਬੰਧ ਹੈ।

## 2 ਸ੍ਰੀ ਗੁਰੂ ਗ੍ਰੰਥ ਸਾਹਿਬ

ਸਭ ਤੋਂ ਪਹਿਲਾਂ ਅਸੀਂ 'ਗ੍ਰੰਥ' ਦੇ ਕਾਇਮ ਨਾ ਰਹਿਣ ਦੇ ਘਾਟਿਆਂ ਪਰ ਵਿਚਾਰ ਕਰਦੇ ਹਾਂ: 'ਗ੍ਰੰਥ' ਪਦ ਤੋਂ ਸਾਡੀ ਮੁਰਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੈ। ਭਾਵੇਂ ਇਨ੍ਹਾਂ ਨੂੰ ਗੁਰਿਆਈ ਪਦਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਰਪਨ ਕੀਤੀ ਹੈ, ਪਰ ਜੇ ਇਤਿਹਾਸ ਦੀ ਖੋਜ ਕਰੀਏ ਤਾਂ ਪਤਾ ਲਗੇਗਾ ਕਿ ਕੇਵਲ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਖ਼ਾਤਰ ਦਸੋਂ ਪਾਤਸ਼ਾਹੀਆਂ ਦਾ ਆਗਮਨ ਹੋਇਆ ਹੈ ਅਤੇ ਦਸੋਂ ਹੀ ਪਾਤਸ਼ਾਹੀਆਂ ਦੀ ਧਾਰਮਕ ਰੂਹ ਇਹੀ ਧਰਮ ਗ੍ਰੰਥ ਹੈ। ਇਹ ਬੀੜ ਮਾਮੂਲੀ ਕਿਤਾਬ ਨਹੀਂ ਅਤੇ ਨਾ ਇਨਸਾਨ ਦੀ ਅਕਲ ਦੀ ਪੈਦਾਇਸ਼ ਹੈ, ਪਰੰਤੂ ਜਿਸ ਵਸਤੂ ਦੇ ਨਾ ਹੋਣ ਕਰਕੇ ਪੁਰਾਣੇ ਮਤ ਮਿਸਲ: ਮਿਸਰੀ, ਯੂਨਾਨੀ, ਆਈਸੀਰੀ,

 www.sikhbookclub.com

ਆਰਮੀਨੀ, ਟਿਊਟਾਨੀ ਆਦਿਕ ਯੂਰਪ ਵਿਚ ਅਤੇ ਅਨੇਕ ਮਤ ਆਰਯਨ ਕੌਮ ਦੇ (ਪ੍ਰਾਚੀਨ ਈਰਾਨੀਆਂ ਸਮੇਤ) ਏਸ਼ੀਆ ਵਿਚ, ਇਸੇ ਤਰ੍ਹਾਂ ਮੈਕਸੀਕਨ ਆਦਿਕ ਅਮਰੀਕਾ ਵਿਚ ਅਤੇ ਜ਼ੁਲੂ ਆਦਿਕ ਅਫ਼ਰੀਕਾ ਵਿਚ ਲੋਪ ਹੋ ਗਏ ਹਨ, ਉਹ ਵਸਤੂ ਇਸ ਮਤ ਵਿਚ ਬਹੁਤ ਆਸਾਨ ਤਰੀਕੇ ਨਾਲ ਦੱਸੀ ਪਈ ਹੈ। ਉਹ ਵਸਤੂ ਕੀ ਹੈ? ਉਹ ਵਸਤੂ ਪਰਮਾਤਮਾਂ ਦਾ ਪੂਰਨ ਗਿਆਨ ਹੈ ਅਤੇ ਪਰਮਾਤਮਾਂ ਦੇ ਮਿਲਣ ਦਾ ਭਗਤੀ ਦੁਆਰੇ ਰਸਤਾ ਹੈ, ਜੋ ਜੀਵਾਂ ਦੀ ਸਮਝ ਵਿਚ ਆ ਸਕਦਾ ਹੈ ਅਤੇ ਇਸ ਧਰਮ ਪੁਸਤਕ ਵਿਚ ਦੱਸਿਆ ਗਿਆ ਹੈ। ਭਾਵੇਂ ਇਹ ਦੋਨੋਂ ਬਾਤਾਂ ਅਜ ਕਲ ਜੀਉਂਦੇ ਜਾਗਦੇ ਧਰਮਾਂ ਵਿਚ ਬੀ ਹਨ, ਪਰ ਉਨ੍ਹਾਂ ਬਾਤਾਂ ਵਿਚ ਅਗਯਾਨਤਾ ਨੇ ਐਨੀ ਔਖਿਆਈ ਸੁੱਟ ਦਿਤੀ ਹੈ ਕਿ ਉਹ ਮੱਸਿਆ ਦੇ ਚੰਦ ਦੀ ਤਰ੍ਹਾਂ ਨਜ਼ਰ ਨਹੀਂ ਆਉਂਦੀਆਂ। ਖ਼ੁਦ.ਗਰਜ਼ੀ; ਹਉਮੈ ਅਤੇ ਹੰਕਾਰ ਦਾ ਬੂਰ ਉਹਨਾਂ ਧਰਮਾਂ ਦੇ ਨਿਰਮਲ ਜਲ ਪੁਰ ਫੈਲਿਆ ਹੋਇਆ ਹੈ, ਜਿਸ ਕਰਕੇ ਦੁਨੀਆਂ ਦੇ ਲੋਕ ਉਹਨਾਂ ਦੋਨੋਂ ਭਾਵਾਂ ਤੋਂ ਅਗਜਾਤ ਹੋ ਰਹੇ ਹਨ। ਉਹੀ ਕੁਚਾਲ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਨੂੰ ਪਿੱਛੇ ਸੁੱਟਣ ਲੱਗ ਪਈ ਹੈ। ਅਗਜਾਨਤਾ ਦਾ ਅੰਧੇਰਾ ਵਧਣ ਲਗ ਪਿਆ ਹੈ, ਜਿਸ ਕਰਕੇ ਖ਼ੌਫ਼ ਪੈਦਾ ਹੋ ਰਿਹਾ ਹੈ ਕਿਤੇ ਸ੍ਰੀ ਗੁਰੂ ਗ੍ਰੰਥਕ ਗਿਆਨ ਅਨਮਤਾਂ ਦੀ ਤਰ੍ਹਾਂ ਲੋਪ ਨਾ ਹੋ ਜਾਵੇ। ਜਿਸ ਅਕਾਲ ਪੁਰਖ ਦੇ ਦੱਸੇ ਹੋਏ ਗੁਰ ਮੰਤ੍ਰ '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ' ਦਾ ਪ੍ਰਚਾਰ ਸ੍ਰੀ ਗੁਰੂ ਨਾਨਕ ਦੇਵ ਜੀ, ਪਰਮਾਤਮਾਂ ਦੇ ਗਜਾਨ ਨਮਿਤ ਸਾਰੇ ਸੰਸਾਰ ਵਿਚ ਮਹਾਨ ਕਸ਼ਟ ਉਠਾਕੇ ਉਸ ਸਮੇਂ ਦੀ ਮਸ਼ਹੂਰ ਦੁਨੀਆਂ ਵਿਚ ਕਰਦੇ ਰਹੇ ਅਤੇ ਉਸੇ ਪਰਮਾਤਮਾ ਦੇ ਮਿਲਣ ਦਾ ਰਸਤਾ '॥ਜਪੁ॥ ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥' ਅਰਥਾਤ ਭਗਤੀ ਦੁਆਰਾ ਦੱਸਣ ਵਾਸਤੇ ਕੁਰਾਹੀਏ ਸਦਾਏ ਅਤੇ ਇਸੇ ਗੁਰੂ ਮੰਤ੍ਰ ਦੀ ਵਯਾਖਯਾ ਵਿਚ ਉਹਨਾਂ ਨੇ 38 ਪਉੜੀਆਂ ਦੀ ਬਾਣੀ ਰਚੀ, ਜੋ ਅਜ ਕਲ 'ਜਪੁਜੀ' ਦੇ ਨਾਮ ਪਰ ਪ੍ਰਸਿਧ ਹੈ ਅਤੇ ਜਿਨ੍ਹਾਂ ਪਉੜੀਆਂ ਨੂੰ ਫੜਕੇ ਅਜ ਕਲ ਦੇ ਸਾਇੰਸ ਜਾਨਣ ਵਾਲੇ ਬੀ ਆਖਣ ਲੱਗ ਜਾਂਦੇ ਹਨ ਕਿ ਇਨ੍ਹਾਂ ਵਿਚ ਪਰਮਾਤਮਾਂ ਦੀ ਸ੍ਰਿਸ਼ਟੀ ਅਤੇ ਉਸਦੇ ਕਾਨੂੰਨ ਕੁਦਰਤ ਦੇ ਉਹ ਮੁਇੰਮੇ ਭਰੇ ਪਏ ਹਨ ਜੋ ਮਾਮੂਲੀ ਇਨਸਾਨ, ਬਿਨਾਂ ਵਡੇ ਵਡੇ ਸਾਇੰਸ ਦੇ ਪੁਸਤਕਾਂ ਦੇ ਪੜ੍ਹਨ

ਦੇ, ਸਮਝ ਨਹੀਂ ਸਕਦਾ, ਸਗੋਂ ਜਿਨ੍ਹਾਂ ਨੂੰ ਪੜ੍ਹਕੇ ਸਾਇੰਸਦਾਨ ਬੀ ਆਖਦਾ ਹੈ ਕਿ ਇਨ੍ਹਾਂ ਪਉੜੀਆਂ ਵਿਚ ਜੋ ਕੁਝ ਕਥਨ ਕੀਤਾ ਗਿਆ ਹੈ ਉਹ ਆਪਣੀ abstract ਹਾਲਤ ਵਿਚ ਮੇਰੇ ਅਨੁਕੂਲ ਹੈ, ਸਗੋਂ ਜਿਥੇ ਮੇਰੀ ਗੰਮਤਾ ਨਹੀਂ ਹੋਈ ਉਸ ਜਗ੍ਹਾ ਦੇ ਇਸ਼ਾਰੇ ਵੀ ਵਿਚ ਮੌਜੂਦ ਹੈਨ। ਮਤਲਬ ਇਹ ਹੈ ਕਿ ਇਸੇ ਗੁਰਮੰਤ੍ਰ ਦੇ ਪ੍ਰਚਾਰ ਵਾਸਤੇ ਉਹਨਾਂ ਨੇ ਹੋਰ ਹੋਰ ਬਾਣੀਆਂ ਬੀ ਰਚੀਆਂ, ਜੋ ਸਾਇੰਸ ਦੇ ਅਨੁਕੂਲ ਬੀ ਹਨ ਅਤੇ ਉਹਨਾਂ ਵਿਚ ਆਤਮਕ ਗਿਆਨ ਦੇ ਉਹ ਉਹ ਮੁਇੰਮੇ ਖੋਲ੍ਹੇ ਹਨ ਜਿਨ੍ਹਾਂ ਨੂੰ ਫ਼ਿਲਾਸਫ਼ੀ ਦੇ ਸਿਰ ਵਾਲੇ ਸਜਣ ਪੜ੍ਹਕੇ ਹੈਰਾਨ ਰਹਿ ਜਾਂਦੇ ਹਨ। ਕਦੀ ਫੇਰ ਮੌਕਿਆ ਮਿਲਿਆ ਤਾਂ ਗੁਰੂ ਨਾਨਕ ਜੀ ਦੇ ਸ਼ਬਦਾਂ ਦਾ ਆਸ਼ਾ ਅਜ ਕਲ ਦੇ ਸਾਇੰਸ, ਫ਼ਿਲਾਸਫ਼ੀ, ਯੋਗ ਅਤੇ ਮੈਟੀਰੀਅਲਿਜ਼ਮ (Materialism) ਨਾਲ ਮੁਕਾਬਲਾ ਕਰਕੇ ਦੱਸਿਆ ਜਾਵੇਗਾ। ਅਤੇ ਇਸ ਸਮੇਂ ਦੇ ਅਨਮਤਾਂ ਦੇ ਸ੍ਰੇਸ਼ਟਾਚਾਰ (Ethics) ਨਾਲ ਬੀ ਇਸ ਦਾ ਮੁਕਾਬਲਾ ਕੀਤਾ ਜਾਵੇਗਾ, ਜਿਸ ਤੋਂ ਵਿਚਾਰਵਾਨ ਪਾਠਕਾਂ ਨੂੰ (ਪਰ ਕਈ ਸਜਣ ਸਾਥੋਂ ਬੀ ਚੰਗਾ ਹਾਲ ਇਸ ਦਾ ਅੱਗੇ ਹੀ ਜਾਣਦੇ ਹਨ) ਮਾਲੂਮ ਹੋ ਜਾਏਗਾ ਕਿ ਆਤਮਕ ਗਿਆਨ ਦੇ ਕੈਸੇ ਅਦਭੁਤ ਨਜ਼ਾਰੇ ਗੁਰੂ ਆਸ਼ੇ ਵਿਚ ਕੁੱਟ ਕੁੱਟ ਕੇ ਭਰੇ ਪਏ ਹਨ ਅਤੇ 'ਨਾਮ ਜਪਣ' ਦਾ ਜੋ ਮਸਲਾ ਲੋਕਾਂ ਵਿਚ ਰੁੱਖਾ ਅਤੇ ਬਾਰ ਬਾਰ ਕੰਨਾਂ ਨੂੰ ਖਾਣ ਵਾਲਾ ਸਮਝਿਆ ਹੋਯਾ ਹੈ ਉਸ ਵਿਚ ਕੀ ਕੀ ਅਮੁੱਲੇ ਮੋਤੀਆਂ ਦਾ ਅਥਾਹ ਸਮੁੰਦਰ ਹੈ, ਉਸ ਦਾ ਪਤਾ ਲਗ ਸਕੇਗਾ।

ਹਾਲੇ ਇਤਨਾ ਹੀ ਕਹਿਣਾ ਕਾਫ਼ੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੈਸੇ ਪਵਿਤ੍ਰ ਆਤਮਾ ਦੀ, ਕਿ ਜਿਨ੍ਹਾਂ ਨੇ ਮਾਇਆ ਨੂੰ ਤੁੱਛ ਜਾਣਕੇ, ਸਰਬੰਸ ਪਿੱਛੇ ਸੁੱਟਕੇ, ਉਸ ਦੁਖਦਾਈ ਸਮੇਂ ਵਿਚ ਵਡੇ ਵਡੇ ਚਾਰ ਸਫ਼ਰ ਕੀਤੇ ਅਤੇ ਉਹਨਾਂ ਸਫ਼ਰਾਂ ਵਿਚ ਅਨੇਕਾਂ ਮੁਸੀਬਤਾਂ ਉਠਾਈਆਂ ਇਹ ਗਵਾਹੀ ਹੈ ਕਿ ਇਹ ਬਾਣੀ ਸਾਡੀ ਨਹੀਂ, ਜਿਸ ਈਸ਼ੁਰੀ ਗਿਆਨ ਦੇ ਪ੍ਰਚਾਰ ਵਿਚ ਅਸੀਂ ਫਿਰ ਰਹੇ ਹਾਂ ਸੋ ਸਾਡਾ ਨਹੀਂ, ਇਹ ਧੁਰ ਦਰਗਾਹ ਦਾ ਹੈ, ਅਕਾਲ ਪੁਰਖ ਦਾ ਦੱਸਿਆ ਹੋਇਆ ਹੈ। ਇਸੇ ਗਿਆਨ ਨੂੰ ਕਾਇਮ ਰੱਖਣ ਵਾਸਤੇ ਦੂਸਰੇ ਗੁਰੂ ਜੀ ਨੇ ਅੱਡਰੇ ਅੱਖਰ ਗੁਰਮੁਖੀ ਦੇ ਬਣਾਏ। ਇਸ ਈਸ਼ੁਰੀ ਗਿਆਨ ਦੇ ਫੈਲਾਉਣ ਵਾਸਤੇ ਤੀਜੇ ਚੌਥੇ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਗੁਰੂ ਨਾਨਕ ਜੀ ਦੇ ਆਸ਼ੇ ਨਾਲ ਰਲਦੀਆਂ ਮਿਲਦੀਆਂ ਬਾਣੀਆਂ ਰਚੀਆਂ।

 www.sikhbookclub.com

ਸਗੋਂ ਜੋ ਜੋ ਬਾਣੀਆਂ ਉਸ ਆਸ਼ੇ ਨੂੰ ਦੱਸਣ ਵਾਲੀਆਂ ਭਗਤਾਂ ਦੀਆਂ ਬਾਣੀਆਂ ਵਿਚ ਬੀ ਸਨ ਸੋ ਬੀ ਚੁਣਕੇ ਸਾਰੇ ਮਣਕੇ ਪਹਿਲੇ ਪੰਜਵੇਂ ਗੁਰੂ ਜੀ ਨੇ ਇਕੋ ਤਾਰ ਵਿਚ ਪ੍ਰੋ ਦਿਤੇ ਅਤੇ ਪਿਛੋਂ ਉਸੇ ਮਾਲਾ ਨੂੰ ਨੌਵੇਂ ਗੁਰੂ ਜੀ ਦੀ ਬਾਣੀ ਪਰੋਕੇ ਦਸਮ ਗੁਰੂ ਜੀ ਨੇ ਮੁਕੰਮਲ ਕੀਤਾ। ਭਗਤਾਂ ਦੀਆਂ ਬਾਣੀਆਂ ਭਾਵੇਂ ਪੁਰੋਈਆਂ ਗਈਆਂ ਸਨ ਪਰ ਕੇਵਲ ਉਤਨੀਆਂ ਹੀ ਜਿਤਨੀਆਂ ਗੁਰੂ ਆਸ਼ੇ ਨਾਲ ਮਿਲਦੀਆਂ ਸਨ। ਜੋ ਗੁਰੂ ਆਸ਼ੇ ਨਾਲ ਨਹੀਂ ਸਨ ਮਿਲਦੀਆਂ ਅਤੇ ਜੋ ਉਹਨਾਂ ਭਗਤਾਂ ਦੀ ਉਸ ਅਵਸਥਾ ਦੀਆਂ ਸਨ ਜਦ ਉਹਨਾਂ ਨੂੰ ਪੂਰਨ ਗਜਾਨ ਨਹੀਂ ਸੀ ਸੋ ਛੱਡ ਦਿੱਤੀਆਂ ਗਈਆਂ ਸਨ। ਇਸੇ ਅਮੋਲਕ ਗਜਾਨ ਦਾ ਨਾਮ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਸਮ ਗੁਰੂ ਜੀ ਦੇ ਪਿੱਛੋਂ ਪ੍ਰਗਟ ਹੋਇਆ, ਪਰ ਅਸਲ ਵਿਚ ਇਹ ਆਰੰਭ ਤੋਂ ਭੀ ਉਹਨਾਂ ਦੇ ਨਾਲ ਈ ਉਤਪੰਨ ਹੋਏ ਤੇ ਸੱਚੇ ਮਾਲੀ ਦੀ ਤਰ੍ਹਾਂ ਉਹਨਾਂ ਗੁਰੂ ਸਾਹਿਬਾਨ ਨੇ ਉਤਪੰਨ ਹੀ ਨਹੀਂ ਕੀਤੇ, ਸਗੋਂ ਆਪਣੀ ਦੇਹ ਦੀ ਵਾੜ ਅਤੇ ਪਵਿੱਤ੍ਰ ਖੂਨ ਦੇ ਪਾਣੀ ਨਾਲ ਇਨ੍ਹਾਂ ਨੂੰ ਬਚਾਕੇ ਰੱਖਿਆ ਸੀ ਅਤੇ ਪ੍ਰਫੁੱਲਤ ਕੀਤਾ ਸੀ, ਨਹੀਂ ਤਾਂ ਕੀ ਜ਼ਰੂਰਤ ਸੀ ਕਿ ਗੁਰੂ ਹਰਿਗੋਬਿੰਦ ਜੀ ਭਿਆਨਕ ਸਮੇਂ ਵਿਚ ਹਰਿਮੰਦਰ ਜੀ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਚਾਕੇ ਲੈ ਜਾਂਦੇ? ਆਪਣਾ ਮਾਲ ਅਸਬਾਬ ਸਭ ਤੁਰਕਾਂ ਦੇ ਹੱਥ ਲੁਟਾ ਦਿਤਾ, ਹਰਿਮੰਦਰ ਨੂੰ ਤੁਰਕਾਂ ਅੱਗ ਲਗਾ ਦਿਤੀ ਸੀ, ਗੁਰੂ ਜੀ ਦੇ ਮਹਿਲ ਲੁੱਟੇ ਗਏ ਸਨ, ਗੁਰੂ ਚੱਕ ਫੂਕਿਆ ਗਿਆ ਸੀ, ਗੱਲ ਕੀਹ ਆਪਣੀ ਸਾਰੀ ਕਤਵ੍ਵਕ ਗੁਆ ਦਿਤੀ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੱਖਿਆ ਕਰਕੇ ਲੈ ਗਏ। ਕੀ ਸਾਬਤ ਨਹੀਂ ਹੁੰਦਾ ਕਿ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ, ਇਸ ਨੂੰ ਆਤਮਾ ਸਮਝਦੇ ਸਨ, ਇਸੇ ਤਰ੍ਹਾਂ ਛੀਵੇਂ ਗੁਰੂ ਜੀ ਨੇ ਬੀ ਇਸ ਦੀ ਸੰਭਾਲ ਕੀਤੀ। ਫੇਰ ਸਤਵੇਂ ਗੁਰੂ ਜੀ ਨੇ ਕਿਹੜੀ ਘੱਟ ਘਾਲ ਘਾਲੀ ਸੀ? ਸਿਰਫ਼ ਇਕ ਪਦ ਦੇ ਬਦਲਣ ਕਰਕੇ ਅਰ ਉਹ ਪਦ ਬੀ ਰਾਮ ਰਾਇ ਨੇ ਔਰੰਗਜ਼ੇਬ ਜੈਸੇ ਜਾਬਰ ਸ਼ਹਿਨਸ਼ਾਹ ਦੇ ਸਮੇਂ ਅਤੇ ਉਸ ਦੇ ਹਜ਼ੂਰ ਵਿਚ ਮਾਰੇ ਖ਼ੌਫ ਦੇ ਬਦਲਿਆ ਸੀ, ਉਸ ਨੂੰ (ਅਰਥਾਤ ਆਪਣੀਆਂ ਆਂਦਰਾਂ ਦੇ ਪਿਆਰੇ ਟੁਕੜੇ ਵੱਡੇ ਪੁਤ੍ਰ ਨੂੰ) ਘਰ ਤੋਂ ਬਾਹਰ ਕਰ ਦਿਤਾ, ਸਗੋਂ ਐਥੋਂ ਤਕ ਹੁਕਮ ਦਿਤਾ ਸੀ ਕਿ ਇਸ ਦਾ ਮੂੰਹ ਨਹੀਂ ਦੇਖਣਾ ਚਾਹੁੰਦੇ।

 www.sikhbookclub.com

ਇਸੇ ਗੁਰਬਾਣੀ ਦੀ ਰੱਖਿਆ ਹਿਤ ਗੁਰੂ ਹਰਿਕ੍ਰਿਸ਼ਨ ਜੀ ਜੈਸੇ ਛੋਟੇ ਜਿਹੇ ਬਾਲਕ ਨੂੰ ਪਿਤਾ ਦੀ ਬਖਸ਼ੀ ਹੋਈ ਭਾਰੀ ਜ਼ਿੰਮੇਵਾਰੀ ਵਾਲੀ ਗੁਰ ਗੱਦੀ ਨੂੰ ਰੱਖਣਾ ਪਿਆ ਅਤੇ ਰਾਮਰਾਇ ਜੈਸੇ ਪ੍ਰਤਾਪੀ, ਸਰਕਾਰ ਔਰੰਗਜ਼ੇਬ ਦੇ ਦਰਬਾਰੀ ਅਤੇ ਵਡੇ ਰਸੂਖ ਵਾਲੇ ਭਰਾਤਾ ਦੇ ਮੁਕਾਬਲੇ ਪਰ ਉਹਨਾਂ ਦਿਨਾਂ ਵਿਚ ਦਿੱਲੀ ਜਾਣਾ ਪਿਆ, ਜਦ ਔਰੰਗਜ਼ੇਬ ਦੀ ਕਚਹਿਰੀ ਵਿਚ ਧਾਰਮਕ ਮੁਆਮਲਿਆਂ ਦਾ ਪੇਸ਼ ਹੋਣਾ ਅਤੇ ਉਹਨਾਂ ਦੀ ਪੈਰਵੀ ਕਰਨੀ ਮੁਕੱਦਮੇਬਾਜ਼ੀ (Litigation) ਨਹੀਂ ਸਦਾਉਂਦੀ ਸੀ, ਸਗੋਂ Persecution (ਸਤਾਏ ਜਾਣਾ) ਸਦਾਉਂਦੀ ਸੀ। ਜੇ ਕਦੀ ਉਸ ਦਰਬਾਰ ਵਿਚ ਜਾਣ ਲਈ ਕੋਈ ਸੁਖ ਹੁੰਦਾ ਤਾਂ ਅੱਠਵੇਂ ਗੁਰੂ ਜੀ ਅਕਾਲ ਪੁਰਖ ਅਗੇ ਐਹੋ ਜਿਹੀ ਬੇਨਤੀ ਨਾ ਕਰਦੇ ਕਿ ਹੇ ਅਕਾਲ ਪੁਰਖ ਜੇ ਤੇਰੀ ਮਰਜ਼ੀ ਹੋਵੇ ਤਾਂ ਐਸਾ ਕਰ ਜੋ ਔਰੰਗਜ਼ੇਬ ਦਾ ਮੈਂ ਮੂੰਹ ਨਾ ਦੇਖਾਂ। ਇਸੇ ਹੀ ਗੁਰਬਾਣੀ ਨੂੰ ਬਚਾਉਣ ਦੀ ਖ਼ਾਤਰ ਪੰਜਵੇਂ ਗੁਰੂ ਜੀ ਨੇ ਆਪਣੀ ਪਿਆਰੀ ਜਾਨ ਅਰਪਨ ਕੀਤੀ ਸੀ। ਜੇ ਉਹ ਮੁਹੰਮਦ ਸਾਹਿਬ ਦੇ ਹੱਕ ਵਿਚ ਥੋੜੀ ਜਿਹੀ ਤਾਰੀਫ਼ ਲਿਖ ਦੇਂਦੇ ਤਾਂ ਸ਼ਾਹੀ ਕਹਿਰ ਟਲ ਜਾਂਦਾ ਅਤੇ ਚੰਦੂ ਵਰਗੇ ਦੁਸ਼ਟ ਨੂੰ ਦੁਖ ਦੇਣ ਦਾ ਮੌਕਾ ਨਾ ਮਿਲਦਾ। ਅਤੇ ਇਸੇ ਤਰ੍ਹਾਂ ਜੇ ਨੌਵੇਂ ਗੁਰੂ ਜੀ ਬੀ ਵਾਹਿਦਾਨੀਯਤ ਦੇ ਮਸਲੇ ਨਾਲ, ਕਿ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਭਰਪੂਰ ਹੈ, ਰਸੂਲੀਅਤ ਦਾ ਅਸੂਲ ਬੀ ਕਬੂਲ ਕਰ ਲੈਂਦੇ, ਅਥਵਾ ਘੱਟ ਤੋਂ ਘੱਟ ਉਹਨਾਂ ਸੂਫ਼ੀਆਂ ਜਿਤਨਾ ਹੀ ਝੁਕ ਜਾਂਦੇ, ਜੋ ਕਦੀ ਤਾਂ ਹਜ਼ਰਤ ਮੁਹੰਮਦ ਦੀ ਰਸੂਲੀਅਤ ਨੂੰ ਮੰਨ ਲੈਂਦੇ ਹਨ ਤੇ ਕਦੀ ਉਸ ਤੋਂ ਸੁਤੰਤ੍ਰ ਹੋ ਬੈਠਦੇ ਹਨ, ਤਾਂ ਸੀਸ ਨਾ ਦੇਂਦੇ। ਇਸੇ ਤਰ੍ਹਾਂ ਦਸਮ ਗੁਰੂ ਜੀ ਦੁਖ ਨਾ ਉਠਾਉਂਦੇ ਤੇ ਨਾ ਪਿਛੋਂ ਸਿਖਾਂ ਨੂੰ ਉਠਾਉਣਾ ਪੈਂਦਾ। ਪਰ ਨਾ ਤਾਂ ਗੁਰੂ ਜੀ ਅਤੇ ਨਾ ਉਹਨਾਂ ਦੇ ਸਿਦਕੀ ਸਿਖ ਹੀ ਪਾਲਿਸੀਬਾਜ਼ ਸਨ ਜੋ ਗਿਰਗਿਟ ਦੀ ਤਰ੍ਹਾਂ ਰੰਗ ਬਦਲਦੇ ਹਨ। ਜਿਸ ਤਰ੍ਹਾਂ ਗੁਰੂ ਜੀ ਵਿਸ਼ਵਾਸ਼ ਦੇ ਪੱਕੇ ਸਨ, ਇਸੇ ਤਰ੍ਹਾਂ ਉਹਨਾਂ ਦੇ ਉਸ ਸਮੇਂ ਦੇ ਸਿਖ ਸਨ, ਜਿਸ ਕਰਕੇ ਸਾਡੇ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਅਸਲੀ ਦਸ਼ਾ ਵਿਚ ਪਹੁੰਚੇ ਹਨ। ਪਰ ਹਾਇ ਅਫ਼ਸੋਸ! ਨਿਹਾਇਤ ਅਫ਼ਸੋਸ!! ਸਗੋਂ ਅਫ਼ਸੋਸ ਹੀ ਅਫ਼ਸੋਸ ਹੈ ਕਿ ਹੁਣ ਦੇ ਸਮੇਂ ਵਿਚ ਉਸ ਅਮੋਲਕ ਵਸਤੂ ਦਾ ਬਿਗਾੜ ਆਰੰਭ ਹੋ ਗਿਆ ਹੈ। ਉਸ ਦੀ ਬਾਣੀ ਦਿਆਂ ਟੀਕਿਆਂ ਵਿਚ ਅਰਥਾਂ ਦੇ ਅਨਰਥ,

ਤੇ ਉਹਨਾਂ ਅਨਰਥਾਂ ਨੂੰ ਕਾਇਮ ਰੱਖਣ ਵਾਸਤੇ ਨਵੀਨ ਉਥਾਨਕਾ ਦੇ ਪੁਸਤਕ ਰਚੇ ਜਾ ਰਹੇ ਹਨ। ਮਤਲਬ ਇਹ ਕਿ ਇਸ ਤਰ੍ਹਾਂ ਦੀ ਹਨੇਰ ਗਰਦੀ ਛਾ ਰਹੀ ਹੈ ਕਿ ਜਿਸਦਾ ਹੱਦ ਹਿਸਾਬ ਨਹੀਂ। ਪਰ ਇਹ ਕਿਉਂ ਹੋ ਰਿਹਾ ਹੈ? ਇਸ ਵਾਸਤੇ ਹੋ ਰਿਹਾ ਹੈ ਕਿ ਸਿਖੀ ਵਿਚ ਚੰਗੇ ਗ੍ਰੰਥੀ ਨਹੀਂ ਰਹੇ, ਜੋ ਸਿਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਵੱਲ ਪ੍ਰੇਰੀ ਰੱਖਣ। ਅਸੀਂ ਇਸ ਹਨੇਰ ਗਰਦੀ ਦਾ ਕੁਝ ਹੋਰ ਹਾਲ ਵਿਸਥਾਰ ਨਾਲ ਅਗੇ ਚਲਕੇ ਦੱਸਾਂਗੇ। ਸੋ ਮਿਤ੍ਰੋ, ਗ੍ਰੰਥੀ ਚੰਗੇ ਪੈਦਾ ਕਰੋ। (ਖਾਲਸਾ ਸਮਾਚਾਰ, 4 ਅਪਰੈਲ 1906 ਈ:)

## 3 ਅਵਿਦਜ ਗ੍ਰੰਥੀਆਂ ਕਾਰਨ ਪੁਜ ਰਹੇ ਨੁਕਸਾਨ

ਅਸੀਂ ਦੱਸ ਆਏ ਹਾਂ ਕਿ ਚੰਗੇ ਗ੍ਰੰਥੀਆਂ ਦੇ ਨਾ ਹੋਣ ਕਰਕੇ ਕਿਸ ਕਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਵਿਚ ਫ਼ਰਕ ਪੈ ਰਿਹਾ ਹੈ। ਅੱਜ ਅਸੀਂ ਇਸ ਦਾ ਕੁਝ ਥੋੜਾ ਜਿਹਾ ਹੋਰ ਵਿਸਥਾਰ ਨਾਲ ਹਾਲ ਦੱਸਦੇ ਹਾਂ। ਪਹਿਲੇ ਜਦ ਛਾਪੇਖਾਨੇ ਨਹੀਂ ਹੁੰਦੇ ਸਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੱਥ-ਲਿਖਤ ਦੇ ਮਿਲਦੇ ਸਨ। ਲਿਖਾਰੀ ਬੀ ਜਣਾਂ ਖਣਾਂ ਨਹੀਂ ਸੀ ਹੁੰਦਾ। ਪਹਿਲੇ ਤਾਂ ਸਿਖ ਕੀ, ਸਿਦਕੀ ਸਿਖ ਹੀ ਆਪਣੀ ਮਿਹਨਤ ਨਾਲ ਉਤਾਰਾ ਕੀਤਾ ਕਰਦੇ ਸਨ ਅਤੇ ਯੋਗ ਜਗ੍ਹਾਂ ਵਿਚ ਸਥਾਪਨ ਕਰਨ ਵਾਸਤੇ ਦਿਆ ਕਰਦੇ ਸਨ। ਜਿਨ੍ਹਾਂ ਸਜਣਾਂ ਨੂੰ ਇਸ ਦੀ ਲਿਖਤ ਦਾ ਸ਼ੌਕ ਹੁੰਦਾ ਸੀ ਉਹ ਸ਼ੁੱਧਤਾ ਵਲ ਬਹੁਤ ਹੀ ਧਿਆਨ ਦੇਂਦੇ ਹਨ।

ਪਰ ਜਦ ਮਾਂਗ ਵਧ ਗਈ ਤਾਂ ਕਈ ਇਕ ਪੁਰਾਣੇ ਸਿਖਾਂ ਨੇ ਇਹ ਕਿਰਤ ਹੀ ਫੜ ਲਈ ਸੀ, ਰੋਜ਼ ਚਾਰ ਪੰਜ ਪੱਤਰੇ ਲਿਖਣੇ ਤੇ ਸਨੇ ਸਨੇ ਉਤਾਰਾ ਤਿਆਰ ਕਰਨਾ। ਜਦ ਕੋਈ ਆਦਮੀ ਲੈਣ ਵਾਲਾ ਆ ਗਿਆ ਕਿਰਤ ਦੀ ਮਿਹਨਤ ਦੇਕੇ ਲੈ ਗਿਆ, ਜਿਸ ਕਰਕੇ ਲੈਣ ਵਾਲਾ ਤ੍ਰੈ ਬਾਤਾਂ ਪਰ ਪੂਰਾ ਪੂਰਾ ਧਿਆਨ ਦੇਂਦਾ ਸੀ। ਇਕ ਤਾਂ ਇਹ ਕਿ ਪੱਤਰੇ ਚੰਗੇ ਅਤੇ ਮੋਟੇ ਹੋਣ, ਦੂਜੇ ਇਹ ਕਿ ਸਿਆਹੀ ਫਿੱਕੀ ਨਾ ਹੋਵੇ, ਲਿਖਤ ਸੁੰਦਰ ਹੋਵੇ ਤੇ ਤੀਜੇ ਪਾਠ ਸ਼ੁੱਧ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਜਾਣ ਤੋਂ ਪਹਿਲੇ ਕਈ ਸੱਜਣ ਲੈ ਜਾਣ ਵਾਲੇ ਉਤਾਰੇ ਦਾ ਮੁਕਾਬਲਾ ਆਪ ਬੀ ਦੂਸਰੇ ਮੰਨੇ ਪਰਮੰਨੇ ਸ਼ੁੱਧ ਉਤਾਰਿਆਂ ਨਾਲ ਕਰ ਲੈਂਦੇ ਸਨ ਅਤੇ ਲਿਜਾਣ

ਦੇ ਪਿਛੋਂ ਬੀ ਜੇ ਪਤਾ ਲਗ ਜਾਵੇ ਕਿ ਫਲਾਣੀ ਜਗ੍ਹਾ ਭੁੱਲ ਹੈ ਤਾਂ ਦਰੁਸਤ ਕਰਨ ਵਿਚ ਕੋਸ਼ਸ਼ ਹੁੰਦੀ ਸੀ। ਕਾਰਨ ਇਹ ਹੈ ਕਿ ਉਤਾਰਾ ਮੋਖ ਬਹੁਤ ਖਰਚ ਨਾਲ ਮਿਲਦਾ ਸੀ। ਇਸ ਤਰ੍ਹਾਂ ਪਰ ਉਤਾਰੇ ਕਰਨ ਵਾਲੇ ਕਈ ਘਰਾਣੇ ਅੰਮ੍ਰਿਤਸਰ ਜੀ ਵਿਚ ਮਸ਼ਹੂਰ ਸਨ। ਭਾਈ ਕਪੂਰ ਸਿੰਘ, ਭਾਈ ਗੋਪਾਲ ਸਿੰਘ ਆਦਿ ਕਈ ਘਰਾਣੇ ਪ੍ਰਸਿੱਧ ਸਨ, ਜਿਨ੍ਹਾਂ ਦਾ ਨਿਰਬਾਹ ਇਸੇ ਕੰਮ ਪਰ ਸੀ ਅਤੇ ਪਾਠੀ ਬੀ ਬਹੁਤ ਸਨ ਜੋ ਆਪਣੀ ਉਮਰ ਵਿਚ ਅਨੇਕਾਂ ਪਾਠ ਕਰ ਲੈਂਦੇ ਹੁੰਦੇ ਸਨ। ਇਨ੍ਹਾਂ ਪੁਰਾਣੇ ਸਿਖਾਂ ਵਿਚੋਂ ਇਸ ਵੇਲੇ ਭਾਈ ਬੁਧ ਸਿੰਘ ਜੀ ਰਾਗੀ ਹੁਣ ਤਕ ਮੌਜੂਦ ਹਨ ਜੋ ਪਾਠੀ, ਲਿਖਾਰੀ ਅਤੇ ਰਾਗੀ, ਇਹ ਤਿੰਨੇ ਕੰਮ ਕਰਦੇ ਰਹੇ ਹਨ। ਇਨ੍ਹਾਂ ਨੂੰ ਗੁਰਬਾਣੀ ਇਤਨੀ ਕੰਠ ਹੈ ਕਿ ਅੱਖਾਂ ਨੀਂਦ ਵਿਚ ਜੇ ਬੰਦ ਬੀ ਹੋ ਜਾਣ ਤਾਂ ਕਈ ਪੱਤਰੇ ਪਾਠ ਦੇ ਪੜ੍ਹ ਜਾਂਦੇ ਹਨ। ਕੋਈ ਤੁਕ ਯਾ ਪਦ ਦੱਸ ਦਿਓ ਝਟ ਉਹ ਸ਼ਬਦ ਸੁਣਾ ਦੇਂਦੇ ਹਨ। ਇਹ ਨਜ਼ਾਰਾ ਇਸ ਸਮੇਂ ਹੀ ਕਾਬਲ ਦੇਖਣ ਦੇ ਹੈ, ਅਗਲੀ ਔਲਾਦ ਸ਼ਾਇਦ ਇਸ ਨੂੰ ਮੁਬਾਲ਼ਗਾ ਸਮਝੇ, ਪਰ ਜਿਸ ਨੇ ਪਰਤਾਉਣਾ ਹੋਵੇ ਸੋ ਹੁਣ ਪਰਤਾ ਸਕਦਾ ਹੈ।

ਇਹ ਸੱਜਣ ਐਸੇ ਕਿਉਂ ਹੋ ਗਏ? ਸਿਰਫ਼ ਕਾਰਨ ਇਹ ਹੈ ਕਿ ਕਈ ਪਾਠ ਕੀਤੇ, ਅਕਸਰ ਉਤਾਰੇ ਕੀਤੇ, ਅਤੇ ਇਸੇ ਕਾਰ ਵਿਚ ਆਪਣਾ ਨਿਰਬਾਹ ਕਰਦੇ ਰਹੇ। ਇਕ ਮਿਸਾਲ ਬੀ ਦਿਤੀ ਜਾਂਦੀ ਹੈ ਕਿ ਸ੍ਰੀ ਅੰਮ੍ਰਿਤਸਰ ਜੀ ਵਿਚ ਭਾਈ ਬਿਬੇਕਾ ਸਿੰਘ ਜੀ ਸੂਰਮੇ ਸਿੰਘ ਗਯਾਨੀ ਹਨ। ਕੋਈ ਸੱਜਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਾਸਤੇ ਬੈਠ ਜਾਵੇ ਜੇ ਕਿਤੇ ਉੱਕੇ ਇਹ ਫ਼ੌਰਨ ਦੱਸ ਦੇਂਦੇ ਹਨ, ਅਰਥਾਤ ਪਾਠ ਦੇ ਸ੍ਰੋਤੇ ਬੀ ਐਸੇ ਮੌਜੂਦ ਹਨ। ਇਹ ਕਿਉਂ? ਇਹ ਇਸ ਵਾਸਤੇ ਕਿ ਛਾਪੇ ਤੋਂ ਪਹਿਲੇ ਸ਼ੁੱਧ ਪਾਠ ਕਰਨ ਦੀ ਅਤੇ ਸ਼ੁਧ ਪਾਠ ਸੁਣਨ ਦੀ ਬਹੁਤ ਕਦਰ ਹੁੰਦੀ ਸੀ, ਪਰ ਜਦ ਤੋਂ ਛਾਪਾਖਾਨਾ ਪੈਦਾ ਹੋਇਆ ਹੈ ਤੇ ਸਸਤੇ ਮੋਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਪ੍ਰਾਪਤ ਹੋਣ ਲਗੀਆਂ ਹਨ ਤਾਂ ਦੁਕਾਨਦਾਰਾਂ ਨੇ ਸਸਤੇ ਦੇਣ ਵਿਚ ਮੁਕਾਬਲਾ ਆਰੰਭ ਲਿਆ ਹੈ। ਲੋਕ ਬੀ ਹੁਣ ਧਰਮਸਾਲ ਜਾਣ ਦੀ ਤਕਲੀਫ਼ ਨੂੰ ਦੂਰ ਕਰਨ ਦੀ ਖ਼ਾਤਰ ਘਰ ਦੀ ਇਕ ਗੁੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨਾ ਪਸੰਦ ਕਰਨ ਲੱਗ ਪਏ ਹਨ। ਨਤੀਜਾ ਇਹ ਹੈ ਕਿ ਭਾਵੇਂ ਕੈਸਾ ਹੀ ਅਸ਼ੁੱਧ ਸ੍ਰੀ ਗੁਰੂ ਗ੍ਰੰਥ ਸਾਹਿਬ

 www.sikhbookclub.com

ਜੀ ਦਾ ਉਤਾਰਾ ਹੋਵੇ ਸਿਰਫ਼ ਸਸਤਾ ਹੱਥ ਆਵੇ, ਲੋਕ ਲੈ ਜਾਂਦੇ ਹਨ। ਘਰ ਵਿਚ ਕੋਈ ਦੱਸਣ ਵਾਲਾ ਹੁੰਦਾ ਨਹੀਂ ਕਿ ਇਸ ਵਿਚ ਕੀ ਕੀ ਗ਼ਲਤੀਆਂ ਹਨ ਅਤੇ ਨਾ ਹੀ ਪੜ੍ਹਨ ਵਾਲੇ ਵਿਦਯਾਵਾਨ ਹੁੰਦੇ ਹਨ। ਜੇ ਕਦੀ ਕੋਈ ਧਰਮਸਾਲ ਵਿਚ ਗਿਆ ਬੀ ਤਾਂ ਉਸ ਜਗ੍ਹਾ ਭੀ ਭਾਈ ਅਨਪੜ੍ਹ ਤਾਂ ਭਾਵੇਂ ਨਾ ਹੋਣ ਪਰ ਅਗਜਾਨੀ ਜ਼ਰੂਰ ਹੁੰਦੇ ਹਨ (ਸਿਵਾਏ ਕਿਸੇ ਕਿਸੇ ਜਗ੍ਹਾ ਦੇ), ਫੇਰ ਕੌਣ ਦੱਸੇ ਕਿ ਛਪਿਆਂ ਵਿਚ ਇਹ ਇਹ ਗ਼ਲਤੀਆਂ ਹਨ। ਪਰ ਜੇ ਕਦੀ ਪੜ੍ਹੇ ਲਿਖੇ ਵਿਚਾਰਵਾਨ ਗ੍ਰੰਥੀ ਮੌਜੂਦ ਹੋਣ ਤਾਂ ਪਹਿਲੋਂ ਤਾਂ ਉਹ ਜਿਹੜੇ ਅਸ਼ੁੱਧ ਉਤਾਰੇ ਛਪਦੇ ਹਨ ਉਹਨਾਂ ਨੂੰ ਸਮਝ ਸਕਦੇ ਹਨ ਅਤੇ ਲੋਕਾਂ ਨੂੰ ਸਮਝਾ ਸਕਦੇ ਹਨ, ਜਿਸ ਤੇ ਛਾਪੇ ਵਾਲਿਆਂ ਦਾ ਮੁਕਾਬਲਾ ਘਟੇ ਅਰ ਕੋਈ ਸ਼ੁੱਧ ਛਾਪਾ ਬੀ ਛਪੇ, ਭਾਵੇਂ ਕਿੱਡਾ ਮਹਿੰਗਾ ਪਵੇ। ਫੇਰ ਇਹ ਸਸਤੇ ਦੀ ਮਾਂਗ ਬੀ ਘਟੇ। ਜੇ ਭਲਾਂ ਖਰੀਦਕੇ ਕੋਈ ਲੈ ਬੀ ਜਾਵੇ ਤਾਂ ਉਹਨਾਂ ਨੂੰ ਦਰੁਸਤ ਕਰ ਸਕਦੇ ਹਨ। ਪਰ ਇਹ ਕੰਮ ਕਿਸ ਤਰ੍ਹਾਂ ਸਿਰੇ ਚੜ੍ਹ ਸਕਦਾ ਹੈ, ਜਦ ਤਕ ਪੜ੍ਹੇ ਲਿਖੇ ਲਾਇਕ ਗ੍ਰੰਥੀ ਨਾ ਹੋਣ। ਬਿਨਾਂ ਲਾਇਕ ਗ੍ਰੰਥੀਆਂ ਦੇ ਸਭੋਲ ਉਤਾਰਿਆਂ ਦੇ ਸ਼ੁੱਧ ਕਰਨ ਦਾ ਨਾ ਤਾਂ ਪ੍ਰਬੰਧ ਹੋ ਸਕਦਾ ਹੈ ਤੇ ਨਾਂ ਉਹਨਾਂ ਦੀ ਵਿਕਰੀ ਨੂੰ ਕੋਈ ਰੋਕ ਸਕਦਾ ਹੈ, ਜਿਸ ਕਰਕੇ ਦੁਕਾਨਦਾਰਾਂ ਨੂੰ ਮੌਕਿਆ ਹੱਥ ਆ ਗਿਆ ਹੈ। ਇਸੇ ਜਗ੍ਹਾ ਬੱਸ ਨਹੀਂ ਹੈ, ਸਗੋਂ ਜਿਹੜੇ ਲੋਕ ਉਤਾਰਿਆਂ ਨੂੰ ਛਾਪਦੇ ਹਨ, ਸਸਤਾ ਵੇਚਣ ਦੀ ਧੁਨ ਵਿਚ ਬੀ ਸੁਧਾਈ ਦਾ ਖਰਚ ਨਹੀਂ ਸਿਰ ਲੈਂਦੇ। ਜੇ ਲੈਣ ਤਾਂ ਅਗੋਂ ਸਿਖ ਅਗਯਾਤ ਹਨ ਉਹ ਸ਼ੁੱਧ ਅਸ਼ੁੱਧ ਦੀ ਪਰਖ ਨਹੀਂ ਰਖਦੇ ਕਿ ਸ਼ੁੱਧ ਉਤਾਰੇ ਖਰੀਦਣ ਵਿਚ ਕੁਝ ਥੋੜਾ ਜਿਹਾ ਖਰਚ ਵਧੀਕ ਕਰਨ। ਖਾਲਸਾ ਟ੍ਰੈਕਟ ਸੋਸਾਇਟੀ ਨੇ ਇਕ ਸੈਂਚੀ ਸ਼ੁੱਧ ਕਰਕੇ ਪਹਿਲੇ ਛਪਾਈ ਸੀ, ਪਰ ਉਤਨੀ ਬੀ ਅਜੇ ਤਕ ਨਹੀਂ ਲਗੀ, ਹਾਲਾਂਕਿ ਕੀਮਤ ਬਹੁਤ ਥੋੜੀ ਸੀ। ਪਰ ਜੇ ਪੂਰਣ ਉਤਾਰਾ ਸ਼ੁੱਧ ਕਰਾਕੇ ਛਪਾਇਆ ਜਾਂਦਾ ਤਾਂ ਲੈਂਦਾਂ ਕੌਣ? ਅਤੇ ਸੋਸਾਇਟੀ ਪਾਸ ਕਾਫ਼ੀ ਫ਼ੰਡ ਨਾ ਹੋਣ ਕਰਕੇ ਇਹ ਕੰਮ ਹੋ ਨਹੀਂ ਸਕਦਾ ਸੀ। ਸੋ ਮਿਤ੍ਰ ਜਨੋ! ਸੋਚ ਲਵੋ ਕਿ ਲਾਇਕ ਗ੍ਰੰਥੀਆਂ ਦੇ ਨਾ ਹੋਣ ਕਰਕੇ ਅਗਯਾਤ ਸਿਖਾਂ ਨੂੰ ਕੋਈ ਦੱਸ ਨਹੀਂ ਸਕਦਾ ਕਿ ਅਸ਼ੁੱਧ ਉਤਾਰੇ ਨਾ ਖਰੀਦੋ ਤੇ ਨਾ ਹੀ ਸੁਧਾਈ ਕਰ ਸਕਦਾ ਹੈ। ਅੱਜ ਜਦ ਸਿਖ ਅਜੇ ਅਵਿਦਯਾ ਵਿਚ ਫਸਕੇ ਅਗਯਾਤ ਹਨ ਤਾਂ ਐਨਾ

 www.sikhbookclub.com

ਨੁਕਸਾਨ ਨਹੀਂ ਹੋ ਰਿਹਾ, ਪਰ ਜਦ ਪੜ੍ਹੇ ਲਿਖੇ ਸਿਖ ਵਾਲ ਦੀ ਖੱਲ ਉਤਾਰਨ ਦੇ ਲਾਇਕ ਹੋ ਜਾਣਗੇ ਤਾਂ ਲਾਇਕ ਗ੍ਰੰਥੀਆਂ ਬਿਨਾਂ ਕਿਤਨਾ ਸਿਖੀ ਨੂੰ ਨੁਕਸਾਨ ਪਹੁੰਚੇਗਾ। ਸੋ ਖਾਲਸਾ ਕਾਲਜ ਦੇ ਪ੍ਰਬੰਧਕੋ* ਮਿਤ੍ਰੋ! ਜਿਥੇ ਆਪ ਸਿਖਾਂ ਨੂੰ ਵਿਦਜਾਵਾਨ ਬਣਾ ਰਹੇ ਹੋ ਉਥੇ ਗ੍ਰੰਥੀ ਬੀ ਵਿਦਜਾਵਾਨ ਪੈਦਾ ਕਰਨ ਦਾ ਕੋਈ ਉਪਰਾਲਾ ਕਰੋ, ਨਹੀਂ ਤਾਂ ਇਕ ਪਾਸੇ ਦੀ ਵਿਦਜਾ ਦਾ ਝੁਕਾਉ ਦੂਜੇ ਪਾਸੇ ਨਾ ਹੋਣ ਕਰਕੇ ਦੁਖ ਰੂਪ ਹੋ ਜਾਵੇਗਾ। ਜਿਸ ਤਰ੍ਹਾਂ ਹੁਣ ਬੀ ਹੋ ਰਿਹਾ ਹੈ।

ਕਈ ਸਾਡੇ ਸਜਣ ਜੋ ਹਕਸਲੇ ਹਿਊਮ ਦੀਆਂ ਕਿਤਾਬਾਂ ਪੜ੍ਹਕੇ ਪੱਛਮੀ ਵਿਦਿਆ ਵਿਚ ਮੋਹੇ ਪਏ ਹਨ, ਘਰ ਤੋਂ ਅਗਜਾਤ ਹੋਣ ਦੇ ਕਾਰਨ ਅਨਮਤਾਂ ਵਿਚ ਜਾ ਰਹੇ ਹਨ। ਪਰ ਜੇ ਲਾਇਕ ਗ੍ਰੰਥੀ ਮੌਜੂਦ ਹੋਣ ਅਤੇ ਗੁਰਬਾਣੀ ਦੇ ਆਸ਼ੇ ਨੂੰ ਇਹ ਲੋਕ ਸਿਖਾਂ ਦੀ ਬਾਲ ਅਵਸਥਾ ਵਿਚ ਹੀ ਦ੍ਰਿੜ ਕਰਾ ਦੇਣ ਤਾਂ ਕਦੀ ਹੋ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਆਤਮ ਵਿਦਜਾ, ਜੇ ਯਥਾਰਥ ਤਰੀਕੇ ਪਰ ਦੱਸੀ ਹੋਈ ਹੋਵੇ ਤਾਂ ਜਿਉਂ ਜਉਂ ਆਦਮੀ ਪੱਛਮੀ ਵਿਦਜਾ ਵਿਚ ਵਧਦਾ ਜਾਵੇ ਤਿਉਂ ਤਿਉਂ ਉਸ ਦੇ ਮਨ ਨੂੰ ਵਿੰਨ੍ਹਦੀ ਨਾ ਰਹੇ? ਪਰ ਸਾਡੇ ਸਜਣ ਕਿਉਂ ਘਰ ਨੂੰ ਛੱਡ ਜਾਂਦੇ ਹਨ? ਕਾਰਨ ਸਿਰਫ਼ ਇਹ ਹੁੰਦਾ ਹੈ ਕਿ ਬਚਪਨ ਵਿਚ ਐਸੇ ਗ੍ਰੰਥੀਆਂ ਪਾਸ ਜਾਕੇ ਆਉਂਦੇ ਹਨ ਜੋ ਮਹਾਂ ਮੂੜ੍ਹ ਅਤੇ ਮਹਾਂ ਅਗਜਾਨੀ ਹੁੰਦੇ ਹਨ। ਆਪਣੇ ਘਰ ਦੀ ਖ਼ਬਰ ਉਹਨਾਂ ਨੂੰ ਕੁਝ ਹੁੰਦੀ ਨਹੀਂ, ਸਿਰਫ਼ ਕੜਾਹ ਪ੍ਰਸ਼ਾਦ ਦੇ ਦੋਹਰੇ ਗੱਫੇ ਲਾਉਣ ਵਾਲੇ ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ ਵਿਚ ਹੁੰਦੇ ਹਨ। ਇਨ੍ਹਾਂ ਮਹਾਂ ਮੂੜ੍ਹਾਂ ਦਾ ਦੱਸਿਆ ਹੋਇਆ ਗਿਆਨ ਜਦ ਉਹ ਪੱਛਮੀ ਫ਼ਿਲਾਸਫ਼ੀ ਅਥਵਾ ਸਾਇੰਸ ਨਾਲ ਮੁਕਾਬਲਾ ਕਰਦੇ ਹਨ ਤਾਂ ਉਹਨਾਂ ਦੀ ਕੋਈ ਪ੍ਰੀਤੀ ਆਪਣੇ ਧਰਮ ਨਾਲ ਨਹੀਂ ਰਹਿੰਦੀ, ਜਿਸ ਨੂੰ ਉਹ ਨਫ਼ਰਤ ਕਰਨ ਲਗ ਜਾਂਦੇ ਹਨ।

---

* ਇਨ੍ਹਾਂ ਲੇਖਾਂ ਦਾ ਹੀ ਇਹ ਸਿੱਟਾ ਸੀ ਕਿ ਚੀਫ਼ ਖਾਲਸਾ ਦੀਵਾਨ ਨੇ ਕਾਲਜ ਵਿੱਚ ਨਹੀਂ ਪਰ ਗ੍ਰੰਥੀਆਂ ਲਈ ਗੁਰਮਤ ਪ੍ਰਚਾਰਕ ਵਿਦਯਾਲਾ ਤਰਨ ਤਾਰਨ ਦੀ ਨੀਂਹ ਰਖੀ ਸੀ। (ਸੰਪਾਦਕ)

 www.sikhbookclub.com

ਸਾਡੇ ਪੜ੍ਹੇ ਲਿਖੇ ਸਜਣ ਆਪਣੇ ਘਰ ਤੋਂ ਇਤਨੇ ਅਗਜਾਤ ਹੁੰਦੇ ਹਨ ਕਿ ਜਿਨ੍ਹਾਂ ਦਾ ਇਕ ਨਮੂਨਾ ਅਸੀਂ ਆਪ ਨੂੰ ਆਪਣੀ ਅੱਖੀਂ ਦੇਖਿਆ ਦੱਸਦੇ ਹਾਂ। ਇਕ ਸਿਖ ਸਜਣ ਸਾਨੂੰ ਅਜਮੇਰ ਵਿਚ ਮਿਲੇ। ਆਪ ਥੋੜੇ ਦਿਨ ਪਹਿਲੇ ਐਕਸਟ੍ਰਾ ਅਸਿਸਟੈਂਟ ਕਮਿਸ਼ਨਰ ਹੋਏ ਸਨ। ਆਪ ਨੇ ਗੱਲਾਂ ਬਾਤਾਂ ਵਿਚ ਸਾਨੂੰ ਦੱਸਿਆ ਕਿ ਜਦ ਸਾਡਾ ਨਾਮ ਗੈਜ਼ਟ ਹੋਇਆ ਅਰ ਸਾਡੇ ਨਾਮ ਦੇ ਨਾਲ ਲਗਾ ਹੋਇਆ ਪਦ 'ਭਾਈ' ਅਸਾਂ ਦੇਖਿਆ ਤਾਂ ਅਸੀਂ ਬਹੁਤ ਹੀ ਅਫ਼ਸੋਸਨਾਕ ਹੋਏ ਅਤੇ ਖ਼ੁਸ਼ੀ ਬੀ ਪਰਲੇ ਦਰਜੇ ਦੇ ਹੋਏ। ਖ਼ੁਸ਼ ਤਾਂ ਇਸ ਵਾਸਤੇ ਕਿ ਅਸਾਨੂੰ ਸਰਕਾਰ ਨੇ ਐਸਾ ਅਹੁਦਾ ਵਿਦਜਾ ਦੇ ਕਾਰਨ ਦਿਤਾ, ਪਰ ਅਫਸੋਸਨਾਕ ਇਸ ਵਾਸਤੇ ਕਿ ਸਾਨੂੰ 'ਭਾਈ' ਲਿਖਿਆ ਗਿਆ ਸੀ। ਅਸੀਂ ਸਿਵਲ ਐਂਡ ਮਿਲਟਰੀ ਗੈਜ਼ਟ ਨੂੰ ਝਟ ਪਟ ਚਿਠੀ ਲਿਖੀ ਕਿ ਮੇਹਰਬਾਨੀ ਕਰਕੇ ਸਾਨੂੰ ਅਗੋਂ ਨੂੰ 'ਭਾਈ' ਨਾ ਲਿਖਿਆ ਕਰੋ। ਅਸਾਂ ਜਦ ਖੋਜ ਕੀਤੀ ਤਾਂ ਇਹ ਬਾਤ ਸਾਨੂੰ ਮਲੂਮ ਹੋਈ ਕਿ ਆਪ ਇਕ ਗ਼ਰੀਬ ਸਿੰਘ ਦੇ ਪੁਤਰ ਸਨ ਤੇ ਵਿਦਯਾ ਦੇ ਕਾਰਨ ਆਪ ਇਸ ਪਦਵੀ ਨੂੰ ਪਹੁੰਚ ਗਏ ਸਨ, ਪਰ ਗੁਰਮੁਖੀ ਦੇ ਥੋੜੇ ਜਿਹੇ ਅੱਖਰ ਹੀ ਜਾਣਦੇ ਸਨ। ਇਨ੍ਹਾਂ ਦਾ ਪਿਤਾ ਬਾਣੀ ਪੜ੍ਹਨ ਵਾਲਾ ਅਤੇ ਧਰਮਸਾਲੇ ਜਾਣ ਵਾਲਾ ਸਿਖ ਜ਼ਰੂਰ ਸੀ, ਪਰ ਸ਼ਹਿਰ ਦੇ ਕੂਚੇ ਦਾ ਭਾਈ, ਜਿਥੇ ਇਹ ਛੋਟੀ ਅਵਸਥਾ ਵਿਚ ਜਾਇਆ ਕਰਦੇ ਸਨ, ਨਿਰਾ ਕੜਾਹ ਪ੍ਰਸਾਦ ਦੇ ਗੱਫੇ ਲਾਉਣ ਵਾਲਾ ਹੀ ਸੱਜਣ ਸੀ। ਪੂਜਾ ਦਾ ਧਾਨ ਖਾਣ ਕਰਕੇ ਅਤੇ ਧਰਮ ਦੇ ਭਾਵ ਤੋਂ ਅਗਜਾਤ ਹੋਣ ਕਰਕੇ ਉਸ ਦੇ ਨਾਲ ਲਗਦਾ 'ਭਾਈ' ਪਦ ਬੀ ਕਲੰਕਤ ਹੋ ਗਿਆ, ਸਗੋਂ ਐਥੋਂ ਤੱਕ ਇਹ ਸਜਣ ਆਪਣੀ ਚੜ੍ਹਦੀ ਵਿਦਜਾ ਦੇ ਸਮੇਂ ਆਪਣੇ ਘਰ ਨਾਵਾਕਫ਼ ਸੀ ਕਿ ਉਹ 'ਭਾਈ' ਪਦ ਨਾਲ ਜੋ ਸਹੋਦਰਤਾ ਦਾ ਅਸੂਲ ਸੰਬੰਧ ਰਖਦਾ ਹੈ ਉਸ ਤੋਂ ਬਿਲਕੁਲ ਅਗਜਾਤ ਸੀ। ਇਸੇ ਤਰ੍ਹਾਂ ਸਾਨੂੰ ਇਕ ਹੋਰ ਸਜਣ ਦਾ ਹਾਲ ਮਲੂਮ ਹੈ ਕਿ ਜਦ ਉਹ ਗੈਜ਼ਟਡ ਅਫਸਰ ਬਣੇ ਤਾਂ ਆਪ ਨੂੰ 'ਭਾਈ' ਸਰਕਾਰ ਨੇ ਗੈਜ਼ਟ ਵਿਚ ਲਿਖਿਆ, ਤਾਂ ਆਪ ਨੇ ਬੜੀ ਕੋਸ਼ਿਸ਼ ਕਰਕੇ 'ਭਾਈ' ਪਦ ਨੂੰ 'ਬਾਬੂ' ਪਦ ਵਿਚ ਬਦਲਵਾਇਆ। ਫੇਰ ਇਕ ਹੋਰ ਸੱਜਣ ਦਾ ਭੀ ਹਾਲ ਮਾਲੂਮ ਹੈ ਜੋ ਕਿਹਾ ਕਰਦਾ ਸੀ ਕਿ ਮੈਂ ਅਫ਼ਸੋਸ ਕਰਦਾ ਹਾਂ ਕਿ ਮੈਂ ਸਿਖਾਂ ਦੇ ਘਰ ਜਨਮ ਲਿਆ ਹੈ, ਮੈਨੂੰ ਇਕ ਆਅਲਾ

 www.sikhbookclub.com

ਅਹੁਦੇ ਪਰ ਪਹੁੰਚਣ ਪਰ ਬੀ 'ਭਾਈ' ਸਦਾਉਣਾ ਪਿਆ ਹੈ। ਇਹ ਸੱਜਣ ਵਿਦਵਾਨ ਸਨ। ਸੋ ਖਾਲਸਾ ਕਾਲਜ ਦੇ ਪ੍ਰਬੰਧਕੋ! ਜੇ ਆਪ ਦੇ ਐਮ.ਏ., ਬੀ.ਏ. ਭੀ ਪਿਛੋਂ ਇਸੇ ਤਰ੍ਹਾਂ ਦੇ ਖਿਆਲਾਂ ਵਾਲੇ ਹੋਏ ਤਾਂ ਪੰਥ ਨੂੰ ਵੱਡੀ ਵਿਦਜਾ ਦਾ ਕੀ ਲਾਭ ਹੋਊ? ਆਪ ਕਹੋਗੇ ਕਿ ਇਹ ਮਾਮੂਲੀ ਬਾਤਾਂ ਤਾਂ ਧਾਰਮਕ ਉਸਤਾਦ, ਜੋ ਕਾਲਜ ਵਿਚ ਹਨ, ਸੋ ਦੱਸ ਹੀ ਦੇਣਗੇ। ਸੋ ਠੀਕ ਹੈ ਆਪ ਦੇ ਵਿਦਜਾਰਥੀਆਂ ਨੂੰ ਤਾਂ ਦੱਸ ਦੇਣਗੇ, ਪਰ ਸਾਰੀ ਕੌਮ ਦੇ ਬੱਚਿਆਂ ਨੂੰ ਕੌਣ ਦੱਸੇਗਾ? ਜੇ ਆਪ ਕੌਮ ਦੇ ਬੱਚਿਆਂ ਅਤੇ ਬੱਚੀਆਂ ਨੂੰ ਰਸਤੇ ਪਾਉਣ ਵਾਸਤੇ ਕੋਈ ਉਪਰਾਲਾ ਨਾ ਕਰੋਗੇ ਤਾਂ ਕੌਣ ਕਰੇਗਾ। ਸੋ ਕਿਰਪਾ ਕਰਕੇ ਲਾਇਕ ਗ੍ਰੰਥੀਆਂ ਨੂੰ ਪੈਦਾ ਕਰਨ ਦਾ ਕੁਝ ਉਪਰਾਲਾ ਜ਼ਰੂਰ ਆਪਣੇ ਹੱਥ ਲਵੋ। (ਖਾਲਸਾ ਸਮਾਚਾਰ,11 ਅਪ੍ਰੈਲ, 1906 ਈ:)

## 4 ਗ੍ਰੰਥੀਆਂ ਦੀ ਸਿਖਯਾ ਦਾ ਗ਼ਲਤ ਤਰੀਕਾ

ਅਸੀਂ ਪਿਛਲੇ ਲੇਖ ਵਿਚ ਅਵਿਦਜ ਗੰਥੀਆਂ ਦੇ ਕਾਰਨ ਜੋ ਨੁਕਸਾਨ ਬਾਣੀ ਵਿਚ ਗੜਬੜ ਹੋਣ ਦਾ ਦੱਸ ਆਏ ਹਾਂ, ਹੁਣ ਇਹ ਬੀ ਦੱਸਦੇ ਹਾਂ ਕਿ ਅਵਿਦਜ ਗ੍ਰੰਥੀਆਂ ਦੇ ਕਾਰਨ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਅਰਥਾਂ ਦੇ ਅਨਰਥ ਹੋ ਰਹੇ ਹਨ। ਚਾਰ ਕਿਤਾਬਾਂ ਯੂਕਲਿਡ ਪੜ੍ਹਨ ਵਾਸਤੇ ਅਥਵਾ ਮੈਨਸੂਰੇਸ਼ਨ (ਰੇਖਾ ਗਣਿਤ) ਅਤੇ ਅਲਜਬਰਾ (ਬੀਜ ਗਣਿਤ) ਪੜ੍ਹਨ ਵਾਸਤੇ ਤਾਂ ਦੋ ਬਰਸ ਚਾਹੀਏ, ਪਰ ਨਿਰਾਕਾਰ ਪਰਮਾਤਮਾ ਦੇ ਗਿਆਨ ਅਤੇ ਉਸ ਦੀ ਕ੍ਰਿਪਾ ਨਾਲ, ਜੋ ਭਗਤੀ ਦੁਆਰਾ ਮੋਖ ਮਿਲਦਾ ਹੈ, ਉਸ ਦੇ ਹਾਲ ਦੱਸਣ ਨੂੰ ਨਾ ਕੋਈ ਸਮਾਂ ਤੇ ਨਾ ਕੋਈ ਸਿੱਖਿਆ ਹੀ ਸਾਡੇ ਗ੍ਰੰਥੀਆਂ ਨੂੰ ਦਿਤੀ ਜਾਂਦੀ ਹੈ। ਕੈਸੇ ਅਸਚਰਜ ਦੀ ਗੱਲ ਹੈ ਕਿ ਐਨਜੀਨੀਅਰੀ ਦੇ ਛੋਟੇ ਛੋਟੇ ਅਹੁਦੇਦਾਰ ਬਣਨ ਵਾਸਤੇ ਤਾਂ ਤਿੰਨ ਯਾ ਚਾਰ ਬਰਸ ਸਿਰ ਮਾਰਨਾ ਪੈਂਦਾ ਹੈ, ਪਰ ਪਰਮਾਤਮਾ ਦੇ ਉਨ੍ਹਾਂ ਗੁਣਾਂ ਨੂੰ ਦੱਸਣ ਲਈ ਕਿ ਜਿਨ੍ਹਾਂ ਨਾਲ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ ਕੋਈ ਢੰਗ ਕਾਇਮ ਨਹੀਂ ਹੈ। ਜੀਔਲੋਜੀ (ਖਾਣੀ ਵਿਦਜਾ), ਮੈਟੀਰੀਔਲੋਜੀ (ਵਾਯੂ ਮੰਡਲੀ) ਆਦਿਕ ਵਿਦਜਾ ਜੋ ਉਨ੍ਹਾਂ ਪਦਾਰਥਾਂ ਲਈ ਹਨ, ਜੋ ਅੱਖਾਂ ਯਾ ਸਪਰਸ਼ ਨਾਲ ਭਾਸਦੀਆਂ ਹਨ, ਸਿੱਖਣ ਲਈ ਦੂਰ ਦੂਰ ਦੇਸ਼ਾਂ ਵਿਚ ਜਾਕੇ ਪੰਜ ਚਾਰ

 www.sikhbookclub.com

ਬਰਸਾਂ ਦੀ ਮਗ਼ਜ਼ਖੋਰੀ ਕਰਨੀ ਪੈਂਦੀ ਹੈ, ਪਰ ਜਿਨ੍ਹਾਂ ਤਾਕਤਾਂ ਨਾਲ ਪਰਮਾਤਮਾ ਨੇ ਇਨ੍ਹਾਂ ਨੂੰ ਬਣਾਇਆ ਹੈ, ਉਸ ਮੂਲ ਕਾਰਨ ਦੇ ਲੱਭਣ ਲਈ ਕੋਈ ਪ੍ਰਬੰਧ ਨਹੀਂ। ਐਸਟ੍ਰੋਨੋਮੀ (ਖਗੋਲ ਵਿਦਯਾ) ਦੇ ਨਜ਼ਾਰਿਆਂ ਵਾਸਤੇ ਤਾਂ ਲੱਖਾਂ ਰੁਪੱਯੇ ਦੇ ਖਰਚਾਂ ਪਰ ਚੰਗੀਆਂ ਚੰਗੀਆਂ ਦੂਰਬੀਨਾਂ ਅਤੇ ਔਬਜ਼ਰਵੇਟ੍ਰੀਆਂ (ਤਾਰਾ ਗ੍ਰੈਹ ਵੇਖਣ ਵਾਲੀਆਂ) ਮੌਜੂਦ ਹਨ, ਜਿਨ੍ਹਾਂ ਵਿਚ ਕਈ ਬਰਸ ਦੀ ਖੋਜ ਨਾਲ ਕਿਸੇ ਤਾਰੇ ਯਾ ਗ੍ਰੈਹ ਦਾ ਥੋੜਾ ਜਿਹਾ ਹਾਲ ਮਾਲੂਮ ਹੁੰਦਾ ਹੈ, ਪਰ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸਚ ਖੰਡ ਦੀ ਵਿਦਜਾ ਲਈ ਕੋਈ ਅਸਥਾਨ ਨਹੀਂ।

ਸ੍ਰਿਸ਼ਟੀ ਵਿਦਜਾ, ਫਿਲਾਸਫੀ, ਪਦਾਰਥ ਵਿਦਜਾ ਅਤੇ ਸਾਇੰਸ ਦੀਆ ਅਨੇਕਾਂ ਪੁਸਤਕਾਂ ਪੜ੍ਹਨ ਲਈ ਸਭ ਤਰ੍ਹਾਂ ਦੇ ਪ੍ਰਬੰਧ ਹਨ, ਪਰ 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ' ਤੁਕ ਦੇ ਅਰਥ ਸਮਝਣ ਲਈ ਕੋਈ ਪ੍ਰਬੰਧ ਨਹੀਂ। ਯੋਗ ਵਿਦਯਾ ਦੇ ਆਸਣਾਂ ਅਤੇ ਮੋਨ ਧਾਰਕੇ ਚਿਤ ਦੀਆਂ ਬ੍ਰਿਤੀਆਂ ਨੂੰ ਇਕਾਗਰ ਕਰਨ ਲਈ ਕਈ ਪੁਸਤਕ ਰਚੇ ਗਏ ਹਨ, ਪਰ 'ਚੁਪੈ ਚੁਪਿ ਨ ਹੋਵਈ ਜੇ ਲਾਇ ਰਹਾ ਲਿਵਤਾਰ' ਤੁਕ ਦੇ ਭਾਵ ਦੱਸਣ ਵਾਲਾ ਕੋਈ ਗੁਟਕਾ ਨਹੀਂ। ਮੈਟੀਰੀਅਲਿਜ਼ਮ ਦੁਆਰਾ ਸਾਰੀ ਧਰਤੀ ਦੀਆਂ ਵਸਤਾਂ ਨੂੰ ਵਰਤਣ ਦੇ ਅਨੇਕ ਪੁਸਤਕ ਰਚੇ ਜਾ ਰਹੇ ਹਨ, ਪਰ 'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ' ਤੁਕ ਨੂੰ ਦੱਸਣ ਲਈ ਇਕ ਫ਼ਿਕਰਾ ਬੀ ਨਹੀਂ। ਇਸੇ ਤਰ੍ਹਾਂ ਅਰਸਤੂ, ਸੁਕਰਾਤ, ਅਫਲਾਤੂਨ, ਪਲਾਤੂਸ ਆਦਿਕ ਹਕੀਮਾਂ ਅਤੇ ਅਜ ਕਲ ਦੇ ਹੁਕ-ਮਾ ਦੀਆਂ ਹਿਕਮਤਾਂ ਦੇ ਪੁਸਤਕਾਂ ਨੂੰ ਸਮਝਣ ਵਾਸਤੇ ਕਈ ਤਰੀਕੇ ਦੁਨੀਆਂ ਵਿਚ ਜਾਰੀ ਹਨ, ਪਰ 'ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ' ਜੈਸੀ ਜ਼ਰੂਰੀ ਤੁਕ ਦੇ ਸਮਝਣ ਵਾਸਤੇ ਕੋਈ ਤਰੀਕਾ ਨਹੀਂ। ਇਸੀ ਤਰ੍ਹਾਂ ਹੁਕਮ, ਰਜ਼ਾ, ਆਕਾਰ, ਹਉਮੈਂ ਆਦਿਕ ਕਈ ਇਕ ਪਦਾਂ ਦੀ ਵਿਆਖਿਆ, ਜੋ ਸਿਖਾਂ ਦੀ ਆਤਮਕ ਵਿਦਜਾ ਨਾਲ ਸੰਬੰਧ ਰਖਦੀ ਹੈ, ਕੋਈ ਸੁਲਭ ਨਹੀਂ। ਸਿਖੀ ਦੇ ਰੂੜ੍ਹ ਭਾਵ ਜੋ 'ਮਨਿ ਜੀਤੈ ਜਗੁ ਜੀਤੁ', 'ਹੋਇ ਸਗਲ ਕੀ ਰੇਣੁਕਾ' ਆਦਿਕ ਕਈ ਇਕ ਮਸਲੇ ਹਨ, ਉਹਨਾਂ ਪਰ ਵਿਚਾਰ ਨਹੀਂ। ਫੇਰ ਜਦ ਸਾਡੀ ਦੁਰਦਸ਼ਾ ਹੋਵੇ ਤਾਂ ਕਿਉਂ ਨਾ ਪਿਨਕੌਟ ਸਾਹਿਬ ਜੈਸੇ ਅੰਗ੍ਰੇਜ਼ ਸ੍ਰੀ ਗੁਰੂ ਨਾਨਕ ਜੀ ਨੂੰ ਨਾ ਸਲਾਹੁੰਦੇ ਹੋਏ ਇਹ ਆਖਣ ਲੱਗ ਪੈਣ ਕਿ ਸਿਖੀ ਇਸਲਾਮ, ਸੂਫ਼ੀ, ਹਿੰਦੂ ਅਤੇ ਬੁਧ ਮਤ ਦੇ ਮਸਲਿਆਂ

 www.sikhbookclub.com

ਦਾ ਮਿਲਗੋਭਾ ਹੈ ਅਤੇ ਅਨਮਤੀ ਕਿਉਂ ਨਾ ਸਾਡੇ ਪਰ ਹਮਲੇ ਕਰਨ। ਦੂਰ ਨਾ ਜਾਓ, ਸਾਡੇ ਆਪਣੇ ਹੀ ਲਾਇਕ ਵਿਦਜਾਵਾਨ ਸਜਣ ਖਾਲਸਾ ਪੰਥ ਅਤੇ ਸਿਖੀ ਦੇ ਫ਼ਰਕ ਨੂੰ ਨਾ ਸਮਝਕੇ ਐਸੀਆਂ ਗ਼ਲਤੀਆਂ ਕਰ ਜਾਂਦੇ ਹਨ ਤੇ ਜੋ ਪੰਥਕ ਜ਼ਿੰਮੇਵਾਰੀਆਂ ਲਈ ਸਾਡੇ ਕਾਨੂੰਨ ਹਨ, ਆਤਮਾ ਦੇ ਧਰਮ ਨਾਲ ਰੌਲਾ ਪਾਕੇ ਉਹਨਾਂ ਨੂੰ ਫਜ਼ੂਲ ਦੱਸ ਜਾਂਦੇ ਹਨ। ਇਹ ਸਾਰੀਆਂ ਬਾਤਾਂ ਇਸ ਵਾਸਤੇ ਹਨ ਕਿ ਸਿਖਾਂ ਵਿਚ ਕੋਈ ਪ੍ਰਬੰਧ ਸਿਖ ਧਰਮ ਦੇ ਸਿਖਾਉਣ ਵਾਸਤੇ ਨਹੀਂ ਹੈ। ਕਦੀ ਹੋ ਸਕਦਾ ਹੈ ਕਿ ਸਿਖ ਧਰਮ ਦੇ ਕਾਨੂੰਨ, ਸਿਖ ਇਤਿਹਾਸ, ਸਿਖ ਮਰਿਯਾਦਾ, ਸਿਖ ਤਰੀਕੇ, ਸੰਸਕਾਰ ਅਤੇ ਰਸਮਾਂ ਰੀਤਾਂ ਆਦਿਕ ਬਿਨਾਂ-ਸਿਖਾਏ ਹੀ ਆ ਜਾਣ? ਜਦ ਇਕ ਚੰਗੇ ਤੋਂ ਚੰਗੇ ਐਮ.ਏ., ਬੀ.ਏ. ਨੂੰ ਮਿੱਟੀ ਦਾ ਪਿਆਲਾ ਬੀ ਬਿਨਾਂ ਸਿੱਖੇ ਬਨਾਉਣਾ ਨਹੀਂ ਆ ਸਕਦਾ ਤਾਂ ਕੀ ਸਿੱਖੀ ਧਰਮ ਨੂੰ ਬਿਨਾਂ ਸਿਖਾਏ ਹੀ ਅਸੀਂ ਸਿੱਖ ਸਕਦੇ ਹਾਂ?

ਖਾਲਸਾ ਜੀ! ਅਸਾਂ ਸਿਖੀ ਧਰਮ ਨੂੰ ਐਸਾ ਮਖੌਲ ਸਮਝ ਛਡਿਆ ਹੈ ਕਿ ਜਦ ਕੋਈ ਅਸਾਮੀ ਧਰਮਸਾਲੀਏ, ਉਪਦੇਸ਼ਕ ਯਾ ਗਿਆਨੀ ਦੀ ਖਾਲੀ ਹੁੰਦੀ ਹੈ ਤਾਂ ਝਟ ਪਟ ਅਸੀਂ ਐਸੇ ਨਿਕੰਮੀਆਂ ਪੁਰਸ਼ਾਂ ਵਲ ਨਜ਼ਰ ਮਾਰਨ ਲਗ ਜਾਂਦੇ ਹਾਂ ਜੋ ਗ੍ਰੰਥੀ ਦਾ ਗ੍ਰੰਥੀ ਬੀ ਬਣਿਆ ਰਹੇ ਤੇ ਸਾਡੇ ਘਰ ਦਾ ਕੰਮ ਧੰਦਾ ਬੀ ਕਰਦਾ ਰਹੇ, ਤੇ ਜਦ ਕਦੀ ਧਰਮਸਾਲਾ ਜਾਈਏ ਅਗੋਂ ਦੂਹਰਾ ਗੱਫਾ ਬੀ ਕੜਾਹ ਪ੍ਰਸ਼ਾਦ ਦਾ ਦਿੰਦਾ ਰਹੇ। ਉਪਦੇਸ਼ਕ ਅਤੇ ਗਿਆਨੀ ਦੀ ਪਦਵੀ ਆਤਮਕ ਵਿਦਯਾ ਦੇ ਲਿਹਾਜ਼ ਨਾਲ ਬਹੁਤ ਉਚੀ ਹੈ। ਸਭ ਤੋਂ ਪਹਿਲੀ ਅਤੇ ਛੋਟੀ ਅਵਸਥਾ ਤਾਂ ਗ੍ਰੰਥੀ ਦੀ ਹੈ। ਹਾਲਾਂ ਸਾਨੂੰ ਲਾਇਕ ਗ੍ਰੰਥੀ ਹੀ ਹੱਥ ਨਹੀਂ ਆਉਂਦੇ, ਚੰਗੇ ਉਪਦੇਸ਼ਕ ਤੇ ਗਯਾਨੀ ਕਿਵੇਂ ਮਿਲਣ, ਪਰ ਆਉਣ ਕਿਥੋਂ? ਤਵਾਰੀਖ, ਜੁਗਰਾਫ਼ੀਏ, ਹਿਸਾਬ ਅਤੇ ਮਾੜੇ ਮੋਟੇ ਲਿਖਣ ਪੜ੍ਹਨ ਨੂੰ ਦਾਖਲੇ ਦਾ ਇਮਤਿਹਾਨ ਮੌਜੂਦ ਹੈ ਜੋ ਪੰਥ ਦੇ ਖਰਚ ਪਰ ਸਿਖ ਲੜਕੇ ਸਤ ਅੱਠ ਵਰ੍ਹੇ ਵਿਚ ਪਾਸ ਕਰ ਲੈਂਦੇ ਹਨ, ਪਰ ਗ੍ਰੰਥੀਆਂ ਲਈ ਕੋਈ ਸਕੂਲ ਨਹੀਂ, ਕੋਈ ਜਮਾਤ ਨਹੀਂ। ਜੇ ਕਿਸੇ ਨੇ ਗ੍ਰੰਥੀ ਬਣਨਾ ਹੋਵੇ, ਸੰਤ ਬਣਨਾ ਹੋਵੇ, ਵਿਰਕਤ ਬਣਨਾ ਹੋਵੇ, ਗਿਆਨੀ ਬਣਨਾ ਹੋਵੇ, ਉਪਦੇਸ਼ਕ ਬਣਨਾ ਹੋਵੇ ਤਾਂ ਸਿਖਾਂ ਵਿਚ ਕਿਤੇ ਉਸ ਲਈ ਜਗ੍ਹਾ ਹੈ ਨਹੀਂ, ਪਰ ਨਿਹਚਲ ਦਾਸ ਦੇ ਭੇਖ ਵਿਚ ਜਗ੍ਹਾਂ ਜ਼ਰੂਰ ਹੈ, ਜਿਥੇ ਜਾਏ ਲੰਗੋਟੀ ਪਹਿਨੇ, ਸਿਖ ਬਾਣੇ ਨੂੰ ਜਵਾਬ ਦੇਵੇ, ਫੇਰ ਸਾਰੁਕਤਾਵਲੀ, ਭਾਵਰਸਾਂਮ੍ਰਿਤ

 www.sikhbookclub.com

ਆਦਿਕ ਪੁਸਤਕਾਂ ਪੜ੍ਹਨ ਲਗ ਪਵੇ। ਭਾਵੇਂ ਪਦਾਰਥ ਵਿਦਜਾ ਦੀ ਰਤੀ ਖ਼ਬਰ ਨਾ ਹੋਵੇ, ਕੈਮਿਸਟ੍ਰੀ (ਰਸਾਇਣ ਵਿਦਜਾ) ਬਾਬਤ ਇਤਨਾ ਬੀ ਨਾ ਜਾਣਦਾ ਹੋਵੇ ਕਿ ਇਹ ਕਿਸ ਚਿੜੀ ਦਾ ਨਾਮ ਹੈ, ਬੌਟਨੀ (ਬਨਸਪਤੀ ਵਿਦਜਾ), ਨੈਚੂਰਲ ਹਿਸਟਰੀ (ਜੀਵ ਇਤਿਹਾਸ ਵਿਦਜਾ), ਐਸਟ੍ਰੋਨੋਮੀ (ਖਗੋਲ ਵਿਦਜਾ) ਮੈਟ੍ਰੀਔਲੌਜੀ (ਵਾਯੂ ਮੰਡਲ ਵਿਦਜਾ) ਦਾ ਕੱਖ ਦਾ ਇਲਮ ਨਾ ਹੋਵੇ, ਪਰ ਮਾਯਾ ਤਿੰਨੇ ਕਾਲ ਮਿਥਿਆ ਜ਼ਰੂਰ ਸਿੱਖ ਲਵੇ। ਗਣਿਤ ਵਿਚ ਭਾਵੇਂ ਐਡਾ ਲਾਇਕ ਬੀ ਨਾ ਹੋਵੇ ਕਿ ਜਮਾ ਤਕਸੀਮ ਜਾਣੇ, ਪਰ ਸੂਰਜ ਦਾ ਰਥ ਐਤਨੇ ਯੋਜਨ ਪਲ ਵਿਚ ਚਲਦਾ ਹੈ ਇਹ ਜਾਣ ਲਵੇ। ਸੋਸ਼ੀਔਲੋਜੀ (ਸਮਾਜਕ ਵਿਦਜਾ) ਦਾ ਪਹਿਲਾ ਸਬਕ ਬੀ ਨਾ ਆਉਂਦਾ ਹੋਵੇ ਪਰ, ਦੇਹਧਾਰੀ ਗੁਰੂ ਦੀ ਅਵੱਸ਼ਕਤਾ ਦਾ ਮਸਲਾ ਜ਼ਰੂਰ ਸਿਖੇ। ਜੀਓਗਰਾਫੀ (ਭੂਗੋਲ) ਅਤੇ ਐਟਮੋਗ੍ਰਾਫ਼ੀ (ਪ੍ਰਮਾਣੂ ਵਿਦਜਾ) ਦਾ ਸਬਕ ਕਦੀ ਸੁਪਨੇ ਵਿਚ ਬੀ ਨਾ ਸੁਣਿਆ ਹੋਵੇ, ਪਰ ਸਮੁੰਦਰ ਦੀ ਉਤਪਤੀ ਰਥ ਦੇ ਪਹੀਆਂ ਨਾਲ ਬਣੀ ਜ਼ਰੂਰ ਮੰਨ ਲਵੇ। ਸਾਈਕੌਲੌਜੀ (ਆਤਮ ਵਿਦਜਾ) ਦੀ ਕੋਈ ਕਿਤਾਬ ਦੇਖੀ ਤਕ ਨਾ ਹੋਵੇ, ਪਰ ਜੀਵ ਬ੍ਰਹਮ ਦੀ ਏਕਤਾ ਦਾ ਆਵਾਜ਼ਾ ਜ਼ਰੂਰ ਸ਼ੁਰੂ ਕਰ ਦੇਵੇ। ਮਤਲਬ ਇਹ ਹੈ ਕਿ ਭਾਵੇਂ ਉਸ ਪਾਸ ਜਗਯਾਸੂ ਘੁੰਗਣੀਆਂ ਵੇਚਦਾ ਹੋਇਆ ਜਾਵੇ ਤੇ ਭਾਵੇਂ ਕਮਾਦ ਗੋਡਦਾ ਹੋਇਆ, ਸੁੱਕੇ ਵੇਦਾਂਤ ਦੇ ਮਸਲੇ ਅੱਗੇ ਹੀ ਤਿਆਰ ਹੋਣ। ਹੁਣ ਜ਼ਰਾ ਸੋਚੋ, ਇਨ੍ਹਾਂ ਸਾਧਨਾ ਨਾਲ ਜੇਹੜੇ ਸਾਡੇ ਗ੍ਰੰਥੀ, ਉਪਦੇਸ਼ਕ ਅਤੇ ਗਿਆਨੀ ਪੈਦਾ ਹੋਏ ਹੋਏ ਹੋਣਗੇ, ਉਹ ਕਿਉਂ ਨਾ ਅਰਥਾਂ ਦੇ ਅਨਰਥ ਮਾਰਨਗੇ?

ਮੌਜ ਇਹ ਹੈ ਕਿ ਐਸੇ ਲੋਕ ਸ੍ਰੀ ਗੁਰੂ ਗ੍ਰੰਥ ਗਿਆਨ ਦੀ ਪੜ੍ਹਾਈ ਤਾਂ ਉਕੀ ਨਹੀਂ ਕਰਦੇ, ਸਿਰਫ਼ ਨਿਹਚਲ ਦਾਸੀ ਵੇਦਾਂਤ ਦੇ ਘੋਟੇ ਦੇਕੇ ਥੋੜੀ ਪੁਰਾਣਕ ਵਿਦਜਾ ਵਿਚ ਵਾਕਫ਼ੀਅਤ ਪ੍ਰਾਪਤ ਕਰਕੇ ਝਟ ਪਟ ਗੁਰੂ ਘਰ ਦੇ ਆਸ਼ੇ ਨੂੰ ਆਪਣੀ ਮੂਰਖਤਾ ਵਲ ਖਿੱਚਣ ਲਗ ਜਾਂਦੇ ਹਨ, ਅਤੇ ਇਕ ਇਕ ਤੁਕ ਦੇ ਕਈ ਕਈ ਖਿੱਚਵੇਂ ਅਰਥ ਦੱਸਦੇ ਹਨ, ਸਗੋਂ ਆਪਣੇ ਅਨਰਥਾਂ ਨੂੰ ਪੱਕਾ ਸਾਬਤ ਕਰਨ ਵਾਸਤੇ ਕਈ ਤਰ੍ਹਾਂ ਦੀਆਂ ਮਨ ਘੜਤ ਉਥਾਨਕਾਂ ਬਣਾ ਬੈਠੇ ਹਨ। ਇਨ੍ਹਾਂ ਦੇ ਕੀਤੇ ਅਰਥ ਸਾਫ਼ ਸਾਫ਼ ਦੱਸਦੇ ਹਨ ਕਿ ਇਹ ਗੁਰੂ ਆਸ਼ੇ ਦੇ ਨਹੀਂ ਹਨ, ਕਿਉਂਕਿ ਜਦ ਸ਼ਬਦਾਂ ਦੇ ਵਿਚ ਅਸੰਗਤੀਆਂ ਰਹਿ ਜਾਂਦੀਆਂ ਹਨ ਅਤੇ ਗੁਰਮਤਿ ਨਾਲ ਉਹ ਅਰਥ ਟਾਕਰਾ

 www.sikhbookclub.com

ਨਹੀਂ ਖਾਂਦੇ, ਗੁਰਮਤਿ ਦੀ ਕਸਵੱਟੀ ਨਾਲ ਮੁਲੱਮੇ ਦੇ ਦਿੱਸ ਪੈਂਦੇ ਹਨ। ਵਡੀ ਬਾਤ ਇਹ ਹੈ ਕਿ ਜਦ ਇਕ ਤੁਕ ਦੇ ਦੋ ਦੋ ਤਿੰਨ ਤਿੰਨ ਅਰਥ ਕਰਦੇ ਹਨ ਤਾਂ ਕਿਸ ਤਰ੍ਹਾਂ ਉਹ ਗੁਰੂ ਆਸ਼ੇ ਦੇ ਹੋ ਸਕਦੇ ਹਨ? ਪਰ ਇਨ੍ਹਾਂ ਕਮਜ਼ੋਰੀਆਂ ਨੂੰ ਛਪਾਉਣ ਵਾਸਤੇ ਉਹ ਆਖ ਦੇਂਦੇ ਹਨ ਕਿ ਸਾਡੇ ਅਰਥ ਸੰਪ੍ਰਦਾਈ ਹਨ ਅਤੇ ਸੰਪ੍ਰਦਾਇ ਭਾਈ ਮਨੀ ਸਿੰਘ ਜੀ ਤੋਂ ਚੱਲੀ ਹੈ। ਪਰ ਇਤਿਹਾਸ ਦੀ ਕਸਵੱਟੀ ਨਾਲ ਖੋਜ ਕੀਤੀ ਜਾਂਦੀ ਹੈ ਤਾਂ ਭਾਈ ਮਨੀ ਸਿੰਘ ਜੀ ਅਤੇ ਮੁਖ ਗਿਆਨੀਆਂ ਦੇ ਕਥਨ ਦਾ ਬਹੁਤ ਫ਼ਰਕ ਨਿਕਲਦਾ ਹੈ, ਜਿਸ ਕਰਕੇ ਇਹ ਬਾਤ ਸਾਬਤ ਨਹੀਂ ਹੁੰਦੀ। ਸਿਵਾਏ ਇਸ ਦੇ ਕਿ ਏਹ ਭਾਈ ਮਨੀ ਸਿੰਘ ਜੀ ਨੂੰ ਦਸਮ ਗੁਰੂ ਜੀ ਦਾ ਸ਼ਾਗਿਰਦ ਦੱਸਕੇ ਆਖਦੇ ਹਨ ਕਿ ਉਸ ਜਗਾ ਤੋਂ ਸੰਪ੍ਰਦਾਇ ਚੱਲੀ ਹੈ। ਪਰ ਦਸਮ ਗੁਰੂ ਜੀ ਦੀ ਮੁਖ ਵਾਕ ਬਾਣੀ ਅਜੇ ਤਕ ਮੌਜੂਦ ਹੈ ਜੋ ਇਨ੍ਹਾਂ ਦੇ ਕਈ ਇਕ ਅਨਰਥਾਂ ਨਾਲ ਮਿਲਦੀ ਨਹੀਂ ਹੈ। ਇਹ ਕਦੀ ਹੋ ਨਹੀਂ ਸਕਦਾ ਕਿ ਦਸਮ ਗੁਰੂ ਜੀ ਆਪਣੀ ਬਾਣੀ ਦਾ ਹੋਰ ਭਾਵ ਰਖਦੇ ਅਤੇ ਆਦਿ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵਿਚ ਹੋਰ ਭਾਵ ਸਿਖਾਂ ਨੂੰ ਸੁਣਾਉਂਦੇ ਹੋਣ।

ਪਰ ਮਿਤ੍ਰੋ, ਇਸ ਤਰ੍ਹਾਂ ਦਾ ਰਾਮ ਰੌਲਾ ਕਿਉਂ ਪੈ ਗਿਆ ਹੈ? ਕਾਰਨ ਇਹ ਹੈ ਕਿ ਪੁਰਾਣਕ ਲੋਕ ਸਾਡੇ ਗ੍ਰੰਥੀਆਂ ਦੇ ਉਸਤਾਦ ਬਣ ਬੈਠੇ ਹਨ ਅਤੇ ਇਹ ਪਦਵੀ ਹੁਣ ਸਿਰਫ਼ ਵਿਦਜਾਹੀਨ ਨਿਕੰਮੇ ਆਦਮੀਆਂ ਨੂੰ ਬਖਸ਼ੀ ਜਾਂਦੀ ਹੈ, ਜਿਸ ਕਰਕੇ ਸਕੂਲਾਂ ਦੇ ਲੜਕੇ ਐਂਟ੍ਰੈਂਸ ਦੇ ਪਿਛੋਂ ਪੰਜ ਆਨੇ ਰੋਜ਼ ਦੇ ਨੌਕਰ ਹੋਣਾ ਤਾਂ ਪਸੰਦ ਕਰਦੇ ਹਨ, ਪਰ ਇਕ ਰੁਪੱਯਾ ਰੋਜ਼ ਦੇ ਗ੍ਰੰਥੀ ਨਹੀਂ ਬਣਨਾ ਚਾਹੁੰਦੇ, ਕਿਉਂਕਿ ਉਹ ਗ੍ਰੰਥੀ ਸਦਾਉਣਾ ਕਸਰੇ-ਸ਼ਾਨ ਸਮਝਦੇ ਹਨ।

ਸੋ ਇਸ ਤਰ੍ਹਾਂ ਨਾਲ ਕਿਸ ਤਰ੍ਹਾਂ ਕੰਮ ਚੱਲੇਗਾ? ਗ੍ਰੰਥੀ ਸਿਖੀ ਦੇ ਪ੍ਰਚਾਰ ਵਾਸਤੇ ਇਕ ਵਡਾ ਵਸੀਲਾ ਹਨ। ਵਿਦਜਾਵਾਨ ਗ੍ਰੰਥੀਆਂ ਦੇ ਬਿਨਾਂ ਕਦੀ ਕੰਮ ਚੱਲਣਾ ਹੀ ਨਹੀਂ, ਜਿਸ ਤਰ੍ਹਾਂ ਖਾਲਸਾ ਕਾਲਜ ਦੇ ਜ਼ਰੀਏ ਸਾਇੰਸ (ਪਦਾਰਥ ਵਿਦਜਾ), ਆਰਟਸ ਅਤੇ ਜ਼ਬਾਂਦਾਨੀ ਸਭ ਸਿਖਾਈ ਜਾਂਦੀ ਹੈ ਉਸੇ ਤਰ੍ਹਾਂ ਗ੍ਰੰਥੀ ਜ਼ਰੂਰ ਤਿਆਰ ਹੋਣੇ ਚਾਹੀਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਿੰਦ ਦੀਆਂ ਕਈ ਭਾਸ਼ਾਂ ਦੇ ਪਦ ਬੀ ਆਉਂਦੇ ਹਨ। ਤਾਂਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਯਾ ਵਾਸਤੇ ਫਿਲੌਲੋਜੀ (ਸ਼ਬਦ ਵਿਦਜਾ)

 www.sikhbookclub.com

ਦੀ ਬੜੀ ਲੋੜ ਹੈ। ਇਹ ਵਿਦਯਾ ਕਦੀ ਨਿਹਚਲਦਾਸੀ ਸਾਧੂਆਂ ਪਾਸੋਂ ਮਿਲ ਸਕਦੀ ਹੈ? ਨਹੀਂ। ਜੇ ਉਨ੍ਹਾਂ ਪਾਸ ਹੁੰਦੀ ਤਾਂ ਓਹ ਬਾਂਗਰ ਬੋਲੀ ਕਿਉਂ ਬੋਲਦੇ, ਸਾਫ਼ ਬ੍ਰਿਜਭਾਸ਼ਾ ਯਾ ਪੰਜਾਬੀ ਨਾਂ ਬੋਲ ਸਕਦੇ? ਜਿਨ੍ਹਾਂ ਨੂੰ ਵਿਆਕਰਣ ਅਤੇ ਹਿੰਦ ਦੀਆਂ ਬੋਲੀਆਂ ਤੇ ਕੋਸ਼ ਦੀ ਕੁਝ ਖ਼ਬਰ ਨਹੀਂ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਕਿਵੇਂ ਕਰ ਸਕਦੇ ਹਨ? (ਖਾਲਸਾ ਸਮਾਚਾਰ, 18 ਅਪ੍ਰੈਲ 1906 ਈ:)

### 5 ਧਰਮਸਾਲਾ ਦੀਆਂ ਸੰਗਤਾਂ ਨੂੰ ਹਾਨੀ

ਅਸੀਂ ਦੱਸ ਆਏ ਹਾਂ ਕਿ ਵਿਦਯਾਹੀਨ ਗ੍ਰੰਥੀਆਂ ਦੇ ਕਾਰਨ ਗੁਰਬਾਣੀ ਦੇ ਅਰਥਾਂ ਨੂੰ ਕਿਤਨਾ ਘਾਟਾ ਪਹੁੰਚ ਰਿਹਾ ਹੈ। ਹੁਣ ਇਹ ਦੱਸਦੇ ਹਾਂ ਕਿ ਧਰਮਸਾਲਾਂ ਦੀਆਂ ਸੰਗਤਾਂ ਨੂੰ ਕਿਤਨਾ ਨੁਕਸਾਨ ਪਹੁੰਚਦਾ ਹੈ। ਕਈ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਨਮਤਾਂ ਦੀ ਪ੍ਰਚਲਤ ਸਿਖਿਆ ਵਿਚ ਸੰਗਤਾਂ ਨੂੰ ਕੁਝ ਫ਼ਰਕ ਨਹੀਂ ਭਾਸਦਾ, ਕਿਉਂਕਿ ਸਿਖਾਂ ਦੀ ਇਸ ਕਮਜ਼ੋਰੀ (ਅਰਥਾਤ ਵਿਦਯਾਹੀਨ ਗ੍ਰੰਥੀ) ਨੂੰ ਦੇਖਕੇ ਅਨਮਤੀ ਲੋਕਾਂ ਦੇ ਪ੍ਰਬੰਧਕ ਪਹਿਲੇ ਤਾਂ ਗ੍ਰੰਥੀਆਂ ਨੂੰ ਅਤੇ ਧਰਮਸਾਲਾਂ ਦੀਆਂ ਸੰਗਤਾਂ ਨੂੰ ਖੁਸ਼ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵੇਂ ਵੇਦ ਦੀ ਪਦਵੀ ਦੇ ਦਿੰਦੇ ਹਨ। ਜਦ ਸਾਡੇ ਭੋਲੇ ਗ੍ਰੰਥੀ ਅਤੇ ਉਹਨਾਂ ਦੀਆਂ ਸੰਗਤਾਂ ਖੁਸ਼ ਹੋ ਜਾਂਦੀਆਂ ਹਨ ਤਾਂ ਅਨਮਤਾਂ ਦੇ ਪ੍ਰਬੰਧਕਾਂ ਨੂੰ ਧਰਮਸਾਲਾਂ ਵਿਚ ਆਦਰ ਸਨਮਾਨ ਮਿਲਣ ਲਗ ਪੈਂਦਾ ਹੈ। ਇਹ ਲੋਕ ਇਹ ਨਹੀਂ ਜਾਣਦੇ ਕਿ ਜੇ ਅਨਮਤੀ ਸੱਚੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੰਜਵਾਂ ਵੇਦ ਮੰਨਦੇ ਹਨ ਤਾਂ ਕਿਉਂ ਫੇਰ ਉਸ ਦੇ ਬਚਨਾਂ ਨੂੰ ਨਹੀਂ ਮੰਨਦੇ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਤਰ੍ਹਾਂ ਦੇ ਪੁਰਾਣੇ ਤਰੀਕੇ ਜਿਹਾ ਕਿ ਯੱਗ, ਤਪ ਆਦਿਕ ਨੂੰ ਮਨਸੂਖ਼ ਕਰਕੇ ਕੇਵਲ ਅਕਾਲ ਪੁਰਖ ਦੀ ਭਗਤੀ ਅਤੇ ਉਸ ਦੇ ਗਿਆਨ ਨੂੰ ਹੀ ਮੁੱਖ ਰਖਿਆ ਹੈ, ਹੋਰ ਅੰਡਬਰ ਸਭ ਮਿਟਾ ਦਿਤੇ ਹਨ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੰਜਵਾਂ ਵੇਦ ਮੰਨਣ ਵਾਲੇ ਕਿਉਂ ਅਜੇ ਤਕ ਪੁਰਾਣੇ ਤਰੀਕਿਆਂ ਪਰ ਚੱਲ ਰਹੇ ਹਨ? ਸਗੋਂ ਪੁਰਾਣਕ ਬਾਤਾਂ ਨੂੰ ਖ਼ਾਹਮਖ਼ਾਹ ਮੰਨਣ ਲਗ ਗਏ ਹਨ। ਇਨ੍ਹਾਂ ਬਾਤਾਂ ਪਰ ਤਾਂ ਕੁਝ ਵਿਚਾਰ ਨਹੀਂ ਹੁੰਦੀ। ਅਨਮਤਾਂ ਦੇ ਕਾਬੂ ਜਦ ਗ੍ਰੰਥੀ ਜੀ ਆ ਜਾਂਦੇ ਹਨ ਤਾਂ ਝੱਟ ਮੌਕਿਆ ਪਾਕੇ

 www.sikhbookclub.com

ਅਨਮਤਾਂ ਦੇ ਪ੍ਰਬੰਧਕ ਕੋਈ ਨਾ ਕੋਈ ਕਥਾ ਆਪਣੇ ਪੁਸਤਕ ਦੀ ਧਰਮਸਾਲਾ ਵਿਚ ਰੱਖਕੇ ਹੌਲੀ ਹੌਲੀ ਸੰਗਤਾਂ ਨੂੰ ਆਪਣੀ ਵਲ ਪ੍ਰੇਰ ਲੈਂਦੇ ਹਨ। ਭਾਈ ਜੀ ਆਪਣੇ ਸਿੱਧੇਪਨ ਵਿਚ ਕੁਝ ਨਹੀਂ ਸੋਚਦੇ ਕਿ ਕੀ ਹੋ ਰਿਹਾ ਹੈ। ਉਹ ਖਾਲੀ ਵਡਿਆਈ ਵਿਚ ਫਸਕੇ ਆਪਣੀਆਂ ਰੋਟੀਆਂ ਉਗਰਾਹੁਣ ਨੂੰ ਹੀ ਜ਼ਰੂਰੀ ਸਮਝਦੇ ਹਨ ਤੇ ਸੰਗਤ ਨੂੰ (ਭਾਵੇਂ ਉਹ ਇਸ ਵੇਲੇ ਅਸਿਖ ਬੀ ਬਣ ਚੁਕੀ ਹੋਵੇ) ਰੋਟੀਆਂ ਪਰ ਇਕ ਟਹਿਲੂਆ ਮਿਲ ਜਾਂਦਾ ਹੈ ਤਾਂ ਕੋਈ ਇਤਰਾਜ਼ ਨਹੀਂ ਹੁੰਦਾ।

ਹੁਣ ਧਰਮਸਾਲੀਏ ਭਾਈ ਜੀ ਦੀ ਦਸ਼ਾ ਸਿਰਫ਼ ਪਿੰਡ ਦੇ ਕੰਮੀ ਦੀ ਹੋ ਜਾਂਦੀ ਹੈ। ਜੇ ਸੰਗਤ ਗੁਲਾਬ ਦਾਸੀਆਂ ਦੀ ਹੋ ਗਈ ਤਾਂ ਭਾਈ ਜੀ ਬੀ ਗੁਲਾਬਦਾਸੀਏ ਬਣ ਗਏ, ਜੇ ਸੰਗਤ ਪੁਰਾਣਕਾਂ ਦੀ ਹੋ ਗਈ ਤਾਂ ਭਾਈ ਜੀ ਬੀ ਪੁਰਾਣਕ ਹੋ ਗਏ। ਜੇ ਸੰਗਤ ਵੇਦਾਂਤੀਆਂ ਦੀ ਹੋ ਗਈ ਤਾਂ ਭਾਈ ਜੀ ਬੀ ਭਗਤੀ ਪੱਖ ਨੂੰ ਛਿੱਕੇ ਰਖਕੇ ਸੁੱਕੇ ਵੇਦਾਂਤੀਆਂ ਵਿਚ ਹੂੰ ਨਾਲ ਹੂੰ ਮਿਲਾਉਣ ਵਾਲੇ ਹੋ ਗਏ। ਜੇ ਸੰਗਤ ਭੰਗੜਾਂ ਦੀ ਹੋ ਗਈ ਤਾਂ ਭਾਈ ਜੀ ਇਸ ਕੰਮ ਵਿਚ ਸਾਰਿਆਂ ਤੋਂ ਮੋਹਰੀ, ਅਤੇ ਜੇ ਸੰਗਤ ਮਾਰੇ ਬਕਾਰੇ ਵਾਲਿਆਂ ਦੀ ਹੋ ਗਈ ਤਾਂ ਭਾਈ ਜੀ ਨੇ ਬੀ ਮਾਰਾ ਬਕਾਰਾ ਸਿੱਖ ਲਿਆ। ਜਿਸ ਧਰਮ ਭਾਵਨਾ ਨਾਲ ਸੰਗਤ ਨੇ ਕਿਸੇ ਚੰਗੇ ਸਿਖ ਦੀ ਪ੍ਰੇਰਨਾ ਨਾਲ ਪਹਿਲੇ ਧਰਮਸਾਲਾ ਬਣਾਈ ਸੀ ਸੋ ਧਰਮ ਭਾਵਨਾਂ ਦੂਰ ਹੋ ਗਈ। ਹੁਣ ਹੰਸਾਂ ਦੀ ਜਗ੍ਹਾ ਕਊਏ ਆਣ ਬਿਰਾਜੇ ਤੇ ਉਹਨਾਂ ਨੇ ਆਪਣੀ ਕਾਂ ਕਾਂ ਵਿਚ ਧਰਮਸਾਲ ਨੂੰ ਲੈ ਲਿਆ। ਜੇ ਕਦੇ ਭਾਈ ਜੀ ਵਿਦਜਾਵਾਨ ਹੁੰਦੇ ਤੇ ਵਿਚਾਰ ਸ਼ਕਤੀ ਰੱਖਕੇ ਦੇਖ ਲੈਂਦੇ ਕਿ ਸਿਖੀ ਦਾ ਅਸਲ ਭਾਵ ਕੀ ਹੈ ਤਾਂ ਪਹਿਲੇ ਤੋਂ ਹੀ ਧਰਮ ਭਾਵਨਾਂ ਨੂੰ ਡਿੱਗਣ ਨਾ ਦਿੰਦੇ ਅਤੇ ਸੰਗਤ ਸੁਚੇਤ ਰਹਿੰਦੀ, ਪਰ ਧਰਮ ਸਿਖਯਾ ਬਿਨਾਂ ਇਹ ਕੰਮ ਕਿਸ ਤਰ੍ਹਾਂ ਚੱਲੇ? ਇਹੀ ਕਾਰਨ ਹੈ ਕਿ ਸਾਡੀਆਂ ਧਰਮਸਾਲਾਂ ਵਿਚ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਕਈ ਵਾਰੀ ਅਨਮਤਾਂ ਦੀਆਂ ਕਥਾਂ ਹੋ ਜਾਂਦੀਆਂ ਹਨ, ਨਾਸਤਕ ਮਤ ਦੇ ਆਦਮੀ ਆਪਣੇ ਵਖਿਆਨ ਦੇ ਜਾਂਦੇ ਹਨ, ਸਗੋਂ ਕਈ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ ਬੀ ਧਰਮਸਾਲੀਏ ਨਹੀਂ ਰਖਦੇ। ਉਹ ਯਾ ਤਾਂ ਆਪਣੇ ਗਦੇਲੇ ਲਾਕੇ ਬੈਠਦੇ ਹਨ ਯਾ ਆਪਣੇ ਦੇਹਧਾਰੀ ਗੁਰੂਆਂ ਦੇ ਗਦੇਲਿਆਂ ਅਗੇ ਸੰਗਤ ਪਾਸੋਂ

 www.sikhbookclub.com

ਮੱਥਾ ਟਿਕਾਉਂਦੇ ਹਨ ਅਤੇ ਉਹਨਾਂ ਦੀਆਂ ਤਸਵੀਰਾਂ ਨੂੰ ਪੂਜਾਉਂਦੇ ਹਨ। ਕਿਸੇ ਕਿਸੇ ਜਗ੍ਹਾ ਯੋਗ ਵਸ਼ਿਸ਼ਟ ਨੂੰ ਮੰਜੀ ਪਰ ਖੋਲ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਰਖਦੇ ਹਨ, ਉਸ ਦੀ ਤੁਕ ਲੈਂਦੇ ਹਨ ਅਤੇ ਉਸ ਪਰ ਚੌਰ ਕਰਦੇ ਹਨ। ਦੇਹਧਾਰੀ ਗੁਰੂਆਂ ਦੀਆਂ ਖੜਾਵਾਂ ਆਦਿਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਸ ਰਖਕੇ ਉਹਨਾਂ ਪਰ ਰੋਜ਼ ਤਿਲਕ ਚੜ੍ਹਾਉਂਦੇ ਹਨ ਅਤੇ ਉਹਨਾਂ ਅਗੇ ਸੰਗਤਾਂ ਤੋਂ ਮੱਥੇ ਟਿਕਾਉਂਦੇ ਹਨ। ਸਿਰਫ਼ ਐਥੇ ਹੀ ਬੱਸ ਨਹੀਂ ਹੈ, ਸਗੋਂ ਕਈ ਜਗ੍ਹਾ ਧਰਮਸਾਲਾਂ ਬੁੱਤਾਂ ਨਾਲ ਬੀ ਭਰਪੂਰ ਹੋ ਜਾਂਦੀਆਂ ਹਨ ਅਤੇ ਬੇਰੀ, ਪਿਪਲ, ਬੋਹੜ ਆਦਿਕ ਦੇ ਗਿਰਦੇ ਧਾਗੇ ਵਲਣ ਅਤੇ ਉਨ੍ਹਾਂ ਨੂੰ ਪਾਣੀ ਦੇਣ ਦਾ ਪ੍ਰਬੰਧ ਵੀ ਧਰਮਸਾਲਾ ਦੇ ਹਾਤੇ ਵਿਚ ਮੌਜੂਦ ਰਹਿੰਦਾ ਹੈ, ਜਿਸ ਕਰਕੇ ਸਾਡੀਆਂ ਕਈ ਇਕ ਧਰਮਸਾਲਾਂ ਹੁਣ ਕਵਾੜੀਏ ਦੀ ਦੁਕਾਨ ਬਣ ਰਹੀਆਂ ਹਨ। ਸਿੰਧ ਵਿਚ ਤਾਂ ਇਕ ਕੰਮ ਹੋਰ ਬੀ ਹੁੰਦਾ ਹੈ, ਪੰਜ ਆਨੇ ਅਰਦਾਸ ਚੜ੍ਹਾਕੇ ਸਿਖਾਂ ਦੇ ਪੁਤ੍ਰਾਂ ਦੀ ਝੰਡ ਧਰਮਸਾਲਾ ਵਿਚ ਹੀ ਮੁਨਾਈ ਜਾਂਦੀ ਹੈ। ਇਹ ਹਾਲਤ ਤਾਂ ਸਰਬ ਸਾਧਾਰਨ ਸਿਖਾਂ ਦੀ ਹੈ ਜੋ ਅਕਸਰ ਕਰਕੇ ਅਨਪੜ੍ਹ ਯਾ ਕਚ ਪਚ ਹੁੰਦੇ ਹਨ, ਖਾਸ ਕਰਕੇ ਮਾਈਆਂ ਬੀਬੀਆਂ ਬੀ, ਜੋ ਜੰਤ੍ਰ, ਮੰਤ੍ਰ ਅਤੇ ਟੂਣੇ ਟਾਮਣ ਆਦਿਕ ਵਿਚ ਧਰਮਸਾਲੀਆਂ ਪਾਸੋਂ ਸਹਾਇਤਾ ਲੈਂਦੀਆਂ ਹਨ। ਪਰ ਜਿਹੜੇ ਸਿਖ ਬਾਣੀ ਦੇ ਰਸੀਲੇ ਅਤੇ ਨਿਤਨੇਮ ਦੇ ਪੱਕੇ ਹੁੰਦੇ ਹਨ ਸੋ ਬੀ ਭਾਈ ਜੀ ਦੀ ਅਵਿਦਜਾ ਦੇ ਕਾਰਨ ਦੁਖ ਉਠਦੇ ਹਨ। ਇਨ੍ਹਾਂ ਸਜਣਾਂ ਵਿਚੋਂ ਬੀਸ ਫ਼ੀ ਸਦੀ ਤਾਂ ਕੁਝ ਬਾਣੀ ਦੇ ਅਰਥ ਬੀ ਸੁਣਨ ਦਾ ਸ਼ੌਕ ਰਖਦੇ ਹਨ ਅਤੇ ਅੱਸੀ ਫ਼ੀ ਸਦੀ ਖਾਲੀ ਪਾਠ ਮਾਤ੍ਰ ਹੀ ਕਰਨਾ ਕਾਫ਼ੀ ਸਮਝਦੇ ਹਨ। ਜੋ ਤਾਂ ਪਾਠ ਮਾਤ੍ਰ ਹੀ ਬਾਣੀ ਨੂੰ ਪੜ੍ਹ ਛਡਦੇ ਹਨ ਸੋ ਤਾਂ ਜਿਸ ਲਹਿਰ ਵਿਚ ਸਰਬ ਸਾਧਾਰਨ ਸਿਖ ਧਰਮਸਾਲਾ ਦੀ ਸੰਗਤ ਵਾਲੇ ਜਾਂਦੇ ਹਨ ਅਕਸਰ ਕਰਕੇ ਉਹ ਲਹਿਰ ਵਿਚ ਤਰਨ ਲਗ ਪੈਂਦੇ ਹਨ। ਪਰ ਬਾਣੀ ਦੀ ਕੁਝ ਕੁਝ ਸਮਝ ਜੋ ਉਨ੍ਹਾਂ ਨੂੰ ਕਿਸੇ ਵੇਲੇ ਪੈ ਜਾਂਦੀ ਹੈ, ਇਸ ਵਾਸਤੇ ਕਦੀ ਕਦੀ ਉਹ ਉਸ ਲਹਿਰ ਤੋਂ ਬਚ ਬੀ ਜਾਂਦੇ ਹਨ, ਪਰ ਨਹੀਂ ਜਾਣਦੇ ਕਿ ਕਿਸ ਪਾਸੇ ਵਲ ਜਾਈਏ, ਡੱਕੋ ਡੋਲਿਆਂ ਵਿਚ ਹੀ ਰਹਿੰਦੇ ਹਨ। ਪਰ ਬਾਕੀ ਦੇ ਬੀਸ ਫ਼ੀ ਸਦੀ ਜੇਹੜੇ ਬਾਣੀ ਦਾ ਕੁਝ ਅਰਥ ਬੀ ਸਮਝਣਾ ਚਾਹੁੰਦੇ ਹਨ, ਸੋ ਦੇਹਧਾਰੀ ਗੁਰੂਆਂ ਦੇ ਹਥ-ਕੰਡਿਆਂ

ਵਿਚ ਅਕਸਰ ਕਰਕੇ ਫਸ ਜਾਂਦੇ ਹਨ। ਓਹ ਕਿਵੇਂ ਫਸਦੇ ਹਨ? ਇਹ ਅਸੀਂ ਅਗਲੇ ਲੇਖ ਵਿਚ ਦੱਸਦੇ ਹਾਂ।

## 6 ਦੇਹਧਾਰੀ ਗੁਰੂ

ਦੇਹਧਾਰੀ ਗੁਰੂ ਪਹਿਲੇ ਤਾਂ ਸਿਖੀ ਦੇ ਭਾਵ ਨੂੰ ਪ੍ਰਗਟ ਕਰਨ ਲਗ ਜਾਂਦੇ ਹਨ, ਜੈਸਾ ਕਿ: ਹੰਕਾਰ ਦੀ ਨਿਵਿਰਤੀ ਵਾਸਤੇ ਸਤਿਸੰਗਤ ਦੀ ਸੇਵਾ ਜ਼ਰੂਰੀ ਹੈ, ਕਾਮ, ਕ੍ਰੋਧ, ਲੋਭ, ਮੋਹ ਨੂੰ ਰੋਕਣ ਵਾਸਤੇ ਸਤਿਸੰਗ ਦੀ ਲੋੜ ਹੈ, ਮਾਇਕ ਪਦਾਰਥਾਂ ਤੋਂ ਉਪਰਾਮ ਹੋਣ ਵਾਸਤੇ 'ਹਉਮੈਂ' ਦਾ ਤਿਆਗ ਕਰਨਾ ਚਾਹੀਏ, ਮਨ ਦੀ ਇਕਾਗ੍ਰਤਾ ਅਤੇ ਸਫ਼ਾਈ ਵਾਸਤੇ ਗੁਰਬਾਣੀ ਦਾ ਪੜ੍ਹਨਾ, ਨਿਤਨੇਮ ਦਾ ਕਰਨਾ ਬਹੁਤ ਹੀ ਲੋੜਵੰਦੀ ਬਾਤ ਹੈ, ਪਰ ਮੁਕਤੀ ਦੇ ਪਾਉਣ ਵਾਸਤੇ ਗੁਰੂ ਧਾਰਨ ਦੀ ਵਡੀ ਡਾਢੀ ਲੋੜ ਹੈ।

ਬੱਸ ਐਥੋਂ ਤਕ ਉਪਦੇਸ਼ ਤਾਂ ਸਿੱਖੀ ਅਸੂਲਾਂ ਦੇ ਹੁੰਦੇ ਹਨ, ਪਰ ਜਦ ਇਹ ਦੇਹਧਾਰੀ ਗੁਰੂ ਸਮਝ ਲੈਂਦੇ ਹਨ ਕਿ ਸਿਖ ਦੀ ਸਫ਼ਾਈ ਐਥੋਂ ਤਕ ਹੋ ਚੁਕੀ ਹੈ ਕਿ ਇਹ ਸੰਗਤ ਦੀ ਸੇਵਾ ਕਰਦਾ ਹੈ, ਆਏ ਗਏ ਸਾਧੂ ਸੰਤ ਅਭਿਆਗਤ ਨੂੰ ਪ੍ਰਸ਼ਾਦ ਛਕਾਉਂਦਾ ਹੈ, ਸ੍ਰੇਸਟਾਚਾਰ ਵਿਚ ਬੀ ਕੁਝ ਵਾਧਾ ਕਰ ਚੁੱਕਾ ਹੈ, ਗੁਰਬਾਣੀ ਦਾ ਭੀ ਕੁਝ ਅਭਿਆਸੀ ਤੇ ਨਿਤਨੇਮੀ ਹੋ ਗਿਆ ਹੈ, ਸਾਡੇ ਕੋਮਲ ਬਚਨਾਂ ਤੇ ਸਿੱਧੇ ਦਾਹੜੇ ਉਪਰ ਇਸ ਦਾ ਵਿਸ਼ਵਾਸ ਜੰਮ ਗਿਆ ਹੈ, ਤਾਂ ਉਸ ਦਾ ਕਪਟੀ ਮਨ ਹੁਣ ਗੁਰੂ ਪਦ ਦੇ ਅਰਥਾਂ ਨੂੰ ਬਦਲਣ ਲਗਦਾ ਹੈ। 'ਗੁਰੂ' ਪਦ ਦੇ ਅਰਥ ਤਾਂ ਇਹ ਹਨ ਕਿ ਅੰਧੇਰੇ ਵਿਚੋਂ ਚਾਨਣੇ ਵਿਚ ਲਿਆਉਣ ਵਾਲਾ, ਅਥਵਾ ਪਰਮਾਤਮਾਂ ਦੇ ਗਿਆਨ ਤੇ ਸ਼ਬਦ ਨੂੰ ਦੱਸਣ ਵਾਲਾ ਅਤੇ ਉਸ ਦੇ ਮਿਲਣ ਦੇ ਸਾਧਨ ਨੂੰ ਦ੍ਰਿੜ ਕਰਾਉਣ ਵਾਲਾ। ਸੋ ਤਾਂ ਇਹ ਦੱਸਦਾ ਨਹੀਂ, ਸਿਰਫ਼ ਆਪ ਗੁਰੂ ਬਣਨ ਦੀ ਇੱਛਾ ਵਿਚ ਗੁਰਮੰਤ੍ਰ ਅਕਾਲ ਪੁਰਖ ਵਲੋਂ "ੴ ਸਤਿਨਾਮ" ਵਾਲਾ ਮਿਲਿਆ ਸੀ ਉਸ ਵਿਚ ਤਾਂ ਜੋ 'ਗੁਰੂ' ਪਦ ਹੈ ਉਹ ਸਿਰਫ਼ ਅਕਾਲ ਪੁਰਖ ਦੀ ਇਕ ਸਿਫ਼ਤ ਹੈ, ਕਿ ਜਿਤਨਾ ਗਿਆਨ ਇਨਸਾਨ ਨੂੰ ਮਿਲਿਆ ਹੈ, ਉਸ ਦਾ ਬਖਸ਼ਣ ਵਾਲਾ ਆਦਿ ਗੁਰੂ ਪਰਮਾਤਮਾਂ ਅਕਾਲ ਪੁਰਖ ਹੀ ਹੈ, ਹੋਰ ਕੋਈ ਨਹੀਂ, ਜਿਸ ਕਰਕੇ ਉਹੀ ਹਰ ਵਸਤੂ ਦੇ ਸਿਖਾਉਣ ਵਾਲਾ ਹੈ, ਕਿਉਂਕਿ ਉਹੀ ਹਰ ਵਸਤੂ ਨੂੰ ਜਾਣਦਾ ਹੈ, ਸਗੋਂ ਉਸ ਦਾ ਨਿਜ

 www.sikhbookclub.com

ਸਰੂਪ ਅਤੇ ਨਿਜ ਸਿਫ਼ਤ ਬੀ ਉਸੇ ਨੂੰ ਹੀ ਮਾਲੂਮ ਹੈ। ਇਨਸਾਨ ਦੇ ਦਿਮਾਗ਼ ਨੇ ਜਿਤਨੀ ਜਿਤਨੀ ਤਰੱਕੀ ਕੀਤੀ ਹੈ ਉਤਨਾ ਉਤਨਾ ਗਿਆਨ ਸਮੇਂ ਸਮੇਂ ਵਿਚ ਉਸ ਨੂੰ ਮਿਲਦਾ ਰਿਹਾ ਹੈ। ਫੇਰ ਜਦ ਇਨਸਾਨ ਨੇ ਆਪਣੀ ਅਗਜਾਨਤਾ ਨਾਲ ਉਸ ਗਿਆਨ ਨੂੰ ਮਿਲਾਕੇ ਉਸ ਗਿਆਨ ਦੇ ਸੂਰਜ ਨੂੰ ਆਪਣੀ ਅਗਜਾਨਤਾ ਦੇ ਅੰਧੇਰੇ ਵਿਚ ਲੁਕਾ ਲਿਆ, ਤਾਂ ਦੂਜੇ ਇਨਸਾਨਾਂ ਨੂੰ ਫੇਰ ਗਿਆਨ ਪ੍ਰਾਪਤ ਹੁੰਦਾ ਰਿਹਾ ਹੈ। ਇਹੀ ਉਧੇੜ ਬੁਨ ਹੁੰਦੇ-ਹੁੰਦੇ ਇਨਸਾਨ ਨੇ ਕੀ ਸਾਇੰਸ (ਪਦਾਰਥ ਵਿਦਜਾ) ਵਿਚ ਤੇ ਕੀ ਆਤਮ ਵਿਦਜਾ ਵਿਚ ਤੇ ਕੀ ਪਰਮਾਤਮ ਵਿਦਜਾ ਵਿਚ ਤਰੱਕੀ ਕੀਤੀ ਹੈ। ਆਪਣੇ ਆਪਣੇ ਵਿਸ਼ੇ ਦੇ ਉਸਤਾਦ ਆਪਣੇ ਆਪਣੇ ਕੰਮਾਂ ਵਿਚ ਗੁਰੂ (teacher) ਭਾਵੇਂ ਮੰਨੇ ਗਏ ਹਨ, ਪਰ ਅਸਲ ਵਿਚ ਸਾਰੇ ਗਿਆਨ ਮਾਤ੍ਰ ਦਾ ਕੇਂਦਰ ਸਿਰਫ਼ ਅਕਾਲ ਪੁਰਖ ਹੀ ਹੈ, ਪਰ ਉਸ ਦੇ ਗਿਆਨ ਦੇ ਪਾਉਣ ਵਾਲੇ ਜੋ ਸੱਜਣ ਐਸੇ ਗੁਜ਼ਰੇ ਹਨ ਕਿ ਜਿਨ੍ਹਾਂ ਨੇ ਯਥਾਰਥ ਗਿਆਨ ਪਾਕੇ ਆਪਣੀ ਅਗਜਾਨਤਾ ਨੂੰ ਸਾਥ ਨਹੀਂ ਮਿਲਾਇਆ, ਉਹੀ ਉਸ ਵਿਸ਼ੇ ਵਿਚ ਸੱਚੇ ਗੁਰੂ ਸਮਝੇ ਗਏ ਹਨ।

ਨਿਊਟਨ ਨੇ ਆਕਰਖਣ ਸ਼ਕਤੀ ਨੂੰ ਸਮਝਿਆ ਤਾਂ ਉਸੇ ਵਿਸ਼ੇ ਦਾ ਉਹ ਸੱਚਾ ਉਸਤਾਦ ਮੰਨਿਆ ਗਿਆ ਹੈ। ਹੁਣ ਕੋਈ ਆਦਮੀ ਆਕਰਖਣ ਸ਼ਕਤੀ ਦਾ ਸਮਝਾਉਣ ਵਾਲਾ, ਖਗੋਲ ਵਿਦਜਾ ਦੇ ਜਾਣੂਆਂ ਦੇ ਸਮਾਜ ਵਿਚ ਨਿਊਟਨ ਦੀ ਜਗ੍ਹਾ ਲੈਣ ਦੀ ਖਾਤਰ ਨਿਊਟਨ ਦੀ ਪਦਵੀ ਆਪਣੀ ਬਣਾਵੇ ਤਾਂ ਕਿਸ ਤਰ੍ਹਾਂ ਬਣਾ ਸਕਦਾ ਹੈ? ਉਹ ਪਦਵੀ ਤਾਂ ਉਸੇ ਨੂੰ ਹੀ ਮਿਲੇਗੀ। ਇਸੀ ਤਰ੍ਹਾਂ ਪਰਮਾਤਮ ਵਿਦਯਾ ਵਿਚ ਜੋ ਅਕਾਲ ਪੁਰਖ ਦੇ ਸਰੂਪ ਦਾ ਗਿਆਨ 'ੴ ਸਤਿਨਾਮੁ' ਮੰਤ੍ਰ ਦਵਾਰਾ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ ਹੈ, ਉਸ ਦੇ ਭਾਵ ਨੂੰ ਦੱਸਣ ਵਾਲਾ ਗੁਰੂ ਸਿਰਫ 'ਗੁਰੂ ਨਾਨਕ ਜੀ' ਹੀ ਹੋ ਸਕਦਾ ਹੈ। ਜਿਸ ਤਰ੍ਹਾਂ 'ਇੰਗਲਿਸ਼ ਗਵਰਨਮੈਂਟ' ਪਦ ਭਾਵੇਂ ਹੈ ਤਾਂ ਅਸਲ ਵਿਚ ਉਸ ਸਮਾਜ ਦਾ ਨਾਮ, ਜਿਸ ਪਰ ਇਸ ਵੇਲੇ ਬਾਦਸ਼ਾਹ ਐਡਵਰਡ ਸਦਰ ਨਸ਼ੀਨ ਹੈ, ਪਰ ਜੇ ਉਹ ਸਮਾਜ ਵਾਇਸਰਾਇ ਹਿੰਦ ਅਤੇ ਉਸ ਦੀ ਕੌਂਸਲ ਨੂੰ 'ਗਵਰਨਮਿੰਟ ਹਿੰਦ' ਦੀ ਉਹ ਪਦਵੀ ਦੇਵੇ ਅਤੇ ਲੈਫਟੀਨੈਂਟ ਗਵਰਨਰ ਅਤੇ ਉਸ ਦੇ ਸਟਾਫ਼ ਨੂੰ ਪੰਜਾਬ ਗਵਰਨਮੈਂਟ ਦੀ ਉਪਾਧੀ ਦੇਵੇ ਤਾਂ ਸਭ ਕਿਸੇ ਨੂੰ ਰਈਅਤ ਵਿਚੋਂ

ਇਸ ਬਾਤ ਨੂੰ ਮੰਨਣਾ ਪਵੇਗਾ। ਇਸੇ ਤਰ੍ਹਾਂ ਸਾਰੇ ਜਗਤ ਦਾ ਅਦਿ ਗੁਰੂ ਤਾਂ ਅਕਾਲ ਪੁਰਖ ਹੀ ਹੈ, ਹੋਰ ਕੋਈ ਨਹੀਂ, ਪਰ ਉਸ ਦੇ ਗਿਆਨ ਦੇ ਫੈਲਾਉਣ ਦੀ ਗੁਰਿਆਈ ਜੋ ਗੁਰੂ ਨਾਨਕ ਜੀ ਦੇ ਸਪੁਰਦ ਹੋਈ ਹੈ ਉਸ ਦਾ ਸਿਲਸਿਲਾ ਜਦ ਦਸਮ ਗੁਰੂ ਜੀ ਤਕ ਆਕੇ ਉਹ ਗੁਰਿਆਈ ਆਤਮਾ ਦੇ ਸੁਧਾਰ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਗਈ ਅਤੇ ਸਿਖੀ ਦੇ ਪ੍ਰਬੰਧ ਦੀ ਗੁਰੂ ਗ੍ਰੰਥ ਦੀ ਤਾਬਿਆ (ਸਮੁਚੀ ਹਾਲਤ ਵਿਚ) ਪੰਥ ਨੂੰ ਦਿਤੀ ਗਈ ਤਾਂ ਸਿਖਾਂ ਵਿਚੋਂ ਇਸ ਪ੍ਰਬੰਧ ਨੂੰ ਮੰਨਣ ਪਰ ਕਿਸ ਨੂੰ ਇਤਰਾਜ਼ ਹੋ ਸਕਦਾ ਹੈ? ਪਰ ਜਿਸ ਤਰ੍ਹਾਂ ਕੋਈ ਆਦਮੀ ਖ਼ੁਦ ਬਖ਼ੁਦ ਆਪਣੀ ਗਵਰਨਮੈਂਟ ਕਾਇਮ ਕਰ ਲਵੇ ਤਾਂ ਉਹ ਧੋਖਾ ਦੇਣ ਵਾਲਾ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਜੋ ਆਦਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸੇ ਜੀ ਦੇ ਅਧਿਕਾਰ ਖੋਹਕੇ ਖਾਲੀ ਦੋਨੋਂ ਇਖ਼ਤਿਆਰਾਂ ਦਾ ਆਪ ਹੀ ਮਾਲਕ ਬਣਨਾ ਚਾਹੁੰਦਾ ਹੈ, ਸੋ ਕਦੀ ਬੀ ਸਿਖੀ ਵਿਚ ਇੱਜ਼ਤ ਨਹੀਂ ਪਾਉਂਦਾ। ਇਸ ਅਸੂਲ ਪਰ ਤੁਰਦੇ ਹੋਏ ਵਡੇ ਵਡੇ ਪ੍ਰਤਾਪੀ ਸਿੰਘਾਂ ਨੇ ਬੀ ਆਪਣੇ ਆਪ ਨੂੰ ਗੁਰੂ ਨਹੀਂ ਸਦਾਇਆ। ਉਹ ਸਦਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੀਸ ਨਿਵਾਉਂਦੇ ਰਹੇ ਹਨ ਅਤੇ ਗੁਰੂ ਖਾਲਸੇ ਜੀ ਦੀ ਸੇਵਾ ਕਰਦੇ ਰਹੇ ਹਨ। ਭਾਵੇਂ ਉਹਨਾਂ ਦੇ ਪਿਛਲੱਗਾਂ ਨੇ ਉਹਨਾਂ ਨੂੰ ਸਾਰੀ ਸਿਖੀ ਦੇ ਗੁਰੂ ਬਨਾਉਣ ਦੇ ਉਪਰਾਲੇ ਬੀ ਕੀਤੇ, ਪਰ ਕਾਰਗਰ ਨਾ ਹੋਏ। ਫੇਰ ਬੀ ਦੇਹਧਾਰੀ ਗੁਰੂ ਜੋ ਅਜ ਕਲ ਦੇਸ਼ ਵਿਚ ਆਮ ਫਿਰ ਰਹੇ ਹਨ, ਸੋ ਉਹਨਾਂ ਸਿਖਾਂ ਨੂੰ ਗੁਰੂ ਪਦ ਦੇ ਅਰਥਾਂ ਦੇ ਅਨਰਥ ਕਰਕੇ ਆਪਣੀ ਚਰਨੀ ਲਾ ਲੈਂਦੇ ਹਨ। ਉਹਨਾਂ ਭਲੇ ਪੁਰਸ਼ਾਂ ਨੂੰ ਇਤਨਾ ਖਿਆਲ ਬੀ ਨਹੀਂ ਆਉਂਦਾ ਕਿ ਜੋ ਜੋ ਗੁਣ ਗੁਰੂ ਪਦ ਹੇਠ ਗੁਰੂ ਨਾਨਕ ਦੇਵ ਜੀ ਨੇ ਅਥਵਾ ਹੋਰਨਾਂ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦੇ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਸੇ ਹਨ ਸੋ ਸਾਡੇ ਪਰ ਕਿਸ ਤਰ੍ਹਾਂ ਘਟ ਸਕਦੇ ਹਨ। ਕੀ ਗੁਰੂ ਮੰਤ੍ਰ '੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ' ਸਾਡਾ ਮੰਤ੍ਰ ਹੈ? ਇਹ ਮੰਤ੍ਰ ਤਾਂ ਅਕਾਲ ਪੁਰਖ ਦਾ ਹੈ ਤੇ ਮਿਲਿਆ ਗੁਰੂ ਨਾਨਕ ਦੇਵ ਜੀ ਨੂੰ ਹੈ, ਜਿਸ ਕਰਕੇ ਗੁਰੂ (All Knowing) ਅਰਥਾਤ ਹਰ ਵਸਤੂ ਦੇ ਜਾਣਨ ਵਾਲਾ ਤਾਂ ਕੇਵਲ ਪਰਮਾਤਮਾ ਹੀ ਹੈ ਤੇ ਉਸ ਦੇ ਗਿਆਨ ਨੂੰ ਇਸ ਗੁਰ ਮੰਤ੍ਰ ਰਾਹੀਂ ਦੱਸਣ

 www.sikhbookclub.com

ਵਾਲਾ ਕੇਵਲ ਸ੍ਰੀ ਗੁਰੂ ਨਾਨਕ ਜੀ ਹੀ ਹੈ। ਅਥਵਾ ਉਹ ਹੈ ਜਿਸ ਨੂੰ ਗੁਰੂ ਨਾਨਕ ਜੀ ਅਤੇ ਉਹਨਾਂ ਦੇ ਆਪਣੀ ਜਗ੍ਹਾ ਸਥਾਪਨ ਕੀਤੇ ਗੁਰੂ ਅੰਗਦ ਜੀ ਅਤੇ ਉਸੇ ਸਿਲਸਿਲੇ ਵਿਚ ਸਥਾਪਨ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ (ਬਿਵਹਾਰਕ ਕੰਮਾਂ ਵਾਸਤੇ ਸ੍ਰੀ ਗੁਰੂ ਗ੍ਰੰਥ ਜੀ ਦੀ ਤਾਬਿਆ) ਸਾਰਾ ਪੰਥ ਖਾਲਸਾ ਜੀ ਗੁਰੂ ਸਦਾ ਸਕਦਾ ਹੈ, ਹੋਰ ਕੋਈ ਨਹੀਂ ਸਦਾ ਸਕਦਾ। ਫ਼ੇਰ ਅਸੀਂ ਕਿਸ ਤਰ੍ਹਾਂ ਗੁਰੂ ਬਣ ਬੈਠੇ ਹਾਂ?

ਜੇ ਇਹ ਕਹੋ ਕਿ 'ਗੁਰੂ' ਪਦ ਸੰਸਕ੍ਰਿਤ ਹੈ, ਸਿਖਾਂ ਦਾ ਨਹੀਂ, ਸੰਸਕ੍ਰਿਤ ਵਿਚ ਇਸ ਦੇ ਅਰਥ 'ਸਿਖਾਉਣ ਵਾਲਾ' ਹੈ; ਅਸੀਂ ਬੀ ਸਿਖੀ ਦੇ ਸਿਖਾਉਣ ਵਾਲੇ ਹਾਂ। ਇਹ ਬਾਤ ਗੁਰੂ ਪਦ ਦੇ ਅਰਥਾਂ ਵਾਲੀ ਭਾਵੇਂ ਉਹਨਾਂ ਦੇ ਮੰਤਕ ਅਨੁਸਾਰ ਠੀਕ ਭਾਸੇ, ਪਰ ਜਿਸ ਤਰ੍ਹਾਂ ਕੋਈ ਜਥਾ ਯਾ ਕੌਮ ਖਾਸ ਪਦਾਂ ਦੇ ਖਾਸ ਅਰਥ ਕਾਇਮ ਕਰ ਲੈਂਦੀ ਹੈ, ਫੇਰ ਉਸ ਜਥੇ ਯਾ ਕੌਮ ਵਿਚ ਉਸ ਪਦ ਦੇ ਉਹੀ ਅਰਥ ਹੁੰਦੇ ਹਨ ਜੋ ਮੁਕਰਰ ਹੋ ਚੁਕੇ ਹੋਣ। ਉਸ ਜਥੇ ਯਾ ਕੌਮ ਤੋਂ ਭਾਵੇਂ ਬਾਹਰ ਜਾਕੇ ਕੋਈ ਸਜਣ ਦੂਜੇ ਅਰਥ ਕਰੇ ਕਰਾਵੇ, ਪਰ ਉਸ ਜਥੇ ਯਾ ਕੌਮ ਵਿਚ ਉਹ ਨਹੀਂ ਕਰ ਸਕਦਾ। ਇਸੇ ਤਰ੍ਹਾਂ ਸਿਖਾਂ ਵਿਚ ਗੁਰੂ ਪਦ ਮਾਮੂਲੀ ਧਾਰਮਕ ਉਸਤਾਦ ਦਾ ਨਾਮ ਨਹੀਂ ਹੈ। ਕਿਉਂਕਿ ਇਸ ਤਰ੍ਹਾਂ ਤਾਂ ਹਰ ਇਕ ਆਦਮੀ ਗਵਰਨਮੈਂਟ ਦੇ ਅਰਥ ਪ੍ਰਬੰਧਕਾਰੀ ਕਮੇਟੀ ਰਖਕੇ ਘਰ ਵਿਚ ਆਪਣੇ ਘਰ ਦਾ ਗਵਰਨਰ ਹੈ, ਪਰ ਕੀ ਉਹ ਪੰਜਾਬ ਯਾ ਹਿੰਦ ਗਵਰਨਮੈਂਟ ਵਿਚ ਦਖਲ ਦੇ ਸਕਦਾ ਹੈ? ਜੇ ਉਥੇ ਨਹੀਂ ਦੇ ਸਕਦਾ ਤਾਂ ਉਸ ਦਾ ਉਸ ਜਗ੍ਹਾ ਦਖਲ ਦੇਣ ਦੀ ਨਿਯਤ ਨਾਲ ਕੀ ਗਵਰਨਰ ਸਦਾਉਣਾ ਯੋਗ ਹੈ? ਜਿਸ ਤਰ੍ਹਾਂ ਅਫ਼ਗ਼ਾਨਸਤਾਨ ਵਿਚ 'ਅਮੀਰ' ਪਦ ਅਤੇ ਚਤਰਾਲ ਵਿਚ 'ਮੇਹਤ੍ਰ' ਪਦ ਦੇ ਅਰਥ 'ਬਾਦਸ਼ਾਹ' ਦੇ ਹਨ, ਪਰ ਕੀ ਕੋਈ ਪੰਜਾਬ ਵਿਚ ਅਮੀਰ ਸਦਾਉਣ ਵਾਲਾ ਆਦਮੀ ਅਫ਼ਗ਼ਾਨਸਤਾਨ ਵਿਚ ਜਾਕੇ ਅਮੀਰ ਸਦਾ ਸਕਦਾ ਹੈ? ਕਦੀ ਨਹੀਂ। ਫੇਰ ਕੀ ਕੋਈ ਪੰਜਾਬ ਦਾ ਭੰਗੀ ਜੋ ਏਥੇ ਮੇਹਤ੍ਰ ਸਦਾਉਂਦਾ ਹੈ ਚਤਰਾਲ ਵਿਚ ਜਾ ਕੇ 'ਮੇਹਤ੍ਰ' ਪਦ ਨੂੰ ਅਗੇ ਰਖਕੇ ਚਤਰਾਲ ਦੇ ਰਾਜ ਕਾਜ ਵਿਚ ਦਖਲ ਦੇ ਸਕਦਾ ਹੈ? ਕਦੀ ਨਹੀਂ। ਇਸੇ ਤਰ੍ਹਾਂ ਗੁਰੂ ਪਦ ਸਿਖੀ ਵਿਚ ਕੇਵਲ ਦਸੋਂ ਹੀ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਖਾਲਸੇ ਜੀ ਵਾਸਤੇ ਹੀ ਬੋਲਿਆ ਜਾਂਦਾ ਹੈ, ਹੋਰ ਕਿਸੇ


www.sikhbookclub.com

ਵਾਸਤੇ ਨਹੀਂ। ਹੁਣ ਜੇ ਸਿਖੀ ਵਿਚ ਗੁਰੂ ਪਦ ਨੂੰ ਅੱਗੇ ਰਖਕੇ ਕੋਈ ਦੇਹਧਾਰੀ ਗੁਰੂ ਬਣਨਾ ਚਾਹੁੰਦਾ ਹੈ ਤਾਂ ਉਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਖਾਲਸੇ ਜੀ ਦੇ ਅਧਿਕਾਰ ਖੋਹਣ ਦੇ ਬਹਾਨੇ ਕਰਦਾ ਹੈ ਅਤੇ ਬਹੁਤ ਕਰਕੇ ਉਸ ਦੀ ਇੱਛਾ ਸਿਰਫ਼ ਸਿਖਾਂ ਪਾਸੋਂ ਸੇਵਾ ਕਰਾਉਣ ਦੀ ਤੇ ਧਨ ਲੁੱਟਣ ਦੀ ਹੁੰਦੀ ਹੈ। ਜੇ ਉਹ ਪਰਮਾਰਥ ਦੇ ਸਿਖਾਉਣ ਵਾਸਤੇ ਹੁੰਦਾ ਤਾਂ ਸਾਧੂ, ਸੰਤ, ਗਿਆਨੀ ਆਦਿਕ ਪਦ ਕਿਹੜੇ ਸਿਖੀ ਵਿਚ ਮੌਜੂਦ ਨਹੀਂ ਹਨ? ਉਹਨਾਂ ਉਪਾਧੀਆਂ ਨੂੰ ਆਪਣੀ ਲਿਆਕਤ ਅਨੁਸਾਰ ਧਾਰਨ ਕਰ ਲੈਂਦਾ।

ਸੋ ਇਸ ਤਰ੍ਹਾਂ ਦੀਆਂ ਬਾਰੀਕੀਆਂ ਤਾਂ ਇਹ ਦੇਹਧਾਰੀ ਗੁਰੂ ਦੱਸਦੇ ਨਹੀਂ, ਪਰ ਮਨ ਵਿਚ ਕਪਟ ਰਖਕੇ ਸਿਖਾਂ ਨੂੰ ਗੁਰੂ ਪਦ ਦੀ ਮਹਿਮਾ, ਜੋ ਅਕਾਲ ਪੁਰਖ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਹੈ, ਉਹ ਇਹ ਦੇਹਧਾਰੀ ਗੁਰੂ ਆਪਣੀ ਵਲ ਖਿੱਚਣ ਲਗ ਪੈਂਦੇ ਹਨ। ਗੁਰੂ ਨਾਨਕ ਦੇਵ ਜੀ ਆਦਿਕ ਗੁਰੂ ਸਾਹਿਬਾਂ ਨੇ ਆਪਣੇ ਪੈਰ ਪੁਜਾਉਣ ਵਾਸਤੇ ਸਿਖੀ ਨਹੀਂ ਸੀ ਕਾਇਮ ਕੀਤੀ। ਜੇ ਉਹ ਗੁਰੂ ਪਦ ਦੀ ਮਹਿਮਾ ਆਪਣੇ ਵਾਸਤੇ ਲਿਖਦੇ ਤਾਂ ਆਪਣੇ ਆਪ ਨੂੰ ਮਹਲਾ 1, ਮਹਲਾ 2, ਮਹਲਾ 3 ਆਦਿਕ ਨਾ ਲਿਖਦੇ। ਫੇਰ ਕਈ ਤਾਂ ਐਥੇ ਹੀ ਬੱਸ ਨਹੀਂ ਕਰਦੇ, ਆਪਣੇ ਆਪਣੇ ਸਿਖਾਂ ਲਈ ਨਵੀਨ ਗ੍ਰੰਥ ਰਚਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁਕਾਬਲਾ ਕਰਨ ਲਗ ਪੈਂਦੇ ਹਨ। ਇਸ ਤਰ੍ਹਾਂ ਨਾਲ ਬਾਣੀ ਦੇ ਰਸੀਏ ਅਤੇ ਵਿਚਾਰਵਾਨ ਸਿਖ ਬੀ ਦੇਹਧਾਰੀ ਗੁਰੂਆਂ ਦੇ ਚੇਲੇ ਹੋਕੇ ਸਿਖੀ ਮਾਰਗ ਤੋਂ ਡਿੱਗ ਪੈਂਦੇ ਹਨ, ਸਗੋਂ ਕਈ ਇਕ ਖਾਲਸਾ ਭਾਈ, ਜੋ ਅੰਮ੍ਰਿਤ ਛਕਕੇ ਗੁਰੂ ਖਾਲਸੇ ਜੀ ਦੇ ਅੰਗ ਹੁੰਦੇ ਹਨ, ਸੋ ਆਪਣੀ ਉੱਚ ਪਦਵੀ ਤੋਂ ਗਿਰਕੇ ਇਨ੍ਹਾਂ ਦੇਹਧਾਰੀ ਗੁਰੂਆਂ ਦੇ ਗੋਲੇ ਹੋ ਜਾਂਦੇ ਹਨ। ਕਈ ਜਗ੍ਹਾ ਇਹ ਦੇਹਧਾਰੀ ਗੁਰੂ ਖੁਦ ਧਰਮਸਾਲੀਏ ਬਣਕੇ ਗੁਰੂ ਜੀ ਦੀ ਸੰਗਤ ਨੂੰ ਆਪਣੀ ਚਰਨੀ ਲਾ ਲੈਂਦੇ ਹਨ। ਪਰ ਇਹ ਘਾਟਾ ਸਿਖਾਂ ਦਾ ਇਸੇ ਵਾਸਤੇ ਹੋ ਰਿਹਾ ਹੈ ਕਿ ਵਿਦਵਾਨ ਦੂਰਅੰਦੇਸ਼ ਗ੍ਰੰਥੀਆਂ ਦਾ ਸਿਖੀ ਵਿਚ ਘਾਟਾ ਹੈ।

ਜੇ ਹਰ ਇਕ ਪਿੰਡ ਦੀ ਰਈਅਤ ਆਪਣੇ ਆਪਣੇ ਨੰਬਰਦਾਰਾਂ ਹੇਠ ਸੁਤੰਤ੍ਰ ਹੋ ਜਾਵੇ ਤਾਂ ਸਰਕਾਰੀ ਰਾਜ ਕਿਥੇ ਰਹੇਗਾ? ਇਸੇ ਤਰ੍ਹਾਂ ਜੇ ਜਗ੍ਹਾ ਜਗ੍ਹਾ ਦੀਆਂ ਸਿਖ ਸੰਗਤਾਂ ਆਪਣਾ ਆਪਣਾ ਦੇਹਧਾਰੀ ਗੁਰੂ ਬਣਾ

 www.sikhbookclub.com

ਬੈਠਣਗੀਆਂ ਤਾਂ ਸਿਖ ਧਰਮ ਕਿਥੇ ਰਹੂ? ਪਰ ਥਾਣੇਦਾਰ ਅਤੇ ਡਿਪਟੀ ਕਮਿਸ਼ਨਰ ਕਿਸੇ ਪਿੰਡ ਨੂੰ ਸੁਤੰਤਰ ਨਹੀਂ ਹੋਣ ਦੇਂਦੇ, ਇਸ ਵਾਸਤੇ ਕਿ ਉਹ ਆਪਣੇ ਫਰਜ਼ ਨੂੰ ਨਿਬਾਹੁਣਾ ਜਾਣਦੇ ਹਨ। ਇਸੇ ਤਰ੍ਹਾਂ ਜੇ ਹਰ ਇਕ ਧਰਮਸਾਲੀਆ ਆਪਣੇ ਕੰਮ ਨੂੰ ਕਰਨ ਵਾਲਾ ਹੋਵੇ ਅਤੇ ਸਿਖੀ ਨੂੰ ਗੁਰੂ ਨਾਨਕ ਜੀ ਮਹਾਰਾਜ ਦੇ ਪਿਛੇ ਰਖਣ ਵਾਲਾ ਹੋਵੇ ਤਾਂ ਦੇਹਧਾਰੀ ਗੁਰੂ ਸੰਗਤ ਨੂੰ ਖ਼ਰਾਬ ਨਾ ਕਰ ਸਕਣ। ਪਰ ਇਹ ਤਦ ਹੋ ਸਕਦਾ ਹੈ ਜਦ ਧਰਮਸਾਲੀਏ ਵਿਦਜਾਵਾਨ ਅਤੇ ਸਿਖੀ ਦੇ ਅਸੂਲਾਂ ਪਰ ਤੁਰਨ ਵਾਲੇ ਹੋਣ। ਕਈ ਸਿੰਘ ਸਭਾਵਾਂ ਅਤੇ ਦੀਵਾਨ ਇਹ ਦੇਖਕੇ ਕਿ ਸਾਡੇ ਇਲਾਕੇ ਦੀਆਂ ਧਰਮਸਾਲਾ ਦੇਹਧਾਰੀ ਗੁਰੂਆਂ ਦੇ ਰੋਅਬ ਦਾਬ ਵਿਚ ਜਾ ਚੁਕੀਆਂ ਹਨ, ਆਪਣੀਆਂ ਨਵੀਆਂ ਧਰਮਸਾਲਾ ਹਜ਼ਾਰਾਂ ਰੁਪਏ ਦੇ ਖਰਚ ਪਰ ਬਨਾਉਣ ਦਾ ਬੀੜਾ ਉਠਾਉਂਦੇ ਹਨ, ਪਰ ਜਦ ਤਕ ਚੰਗੇ ਧਰਮਸਾਲੀਏ ਨਾ ਹੋਣਗੇ ਇਹ ਨਵੀਆਂ ਧਰਮਸਾਲਾਂ ਕਿਸ ਤਰ੍ਹਾਂ ਦੇਹਧਾਰੀ ਗੁਰੂਆਂ ਪਾਸੋਂ ਬਚਣਗੀਆਂ? ਸੋ ਨਵੀਆਂ ਧਰਮਸਾਲਾਂ ਪਰ ਜੋ ਪੰਥ ਰੁਪਯਾ ਖਰਚ ਕਰ ਰਿਹਾ ਹੈ ਉਹੀ ਰੁਪਯਾ ਚੰਗੇ ਗ੍ਰੰਥੀਆਂ ਦੇ ਪੈਦਾ ਕਰਨ ਪਰ ਖਰਚ ਕਰੇ ਤਾਂ ਪੁਰਾਣੀਆਂ ਹੀ ਧਰਮਸਾਲਾਂ ਨੂੰ ਰੌਣਕ ਹੋ ਜਾਵੇ ਤੇ ਇਸ ਕਾਰਜ ਨਾਲ ਫਲ ਕੈਸਾ ਅੱਛਾ ਹੋਵੇ। ਇਸ ਸਾਡੇ ਲੇਖ ਤੋਂ ਇਹ ਨਹੀਂ ਸਮਝ ਲੈਣਾ ਚਾਹੀਏ ਕਿ ਚੰਗੇ ਗ੍ਰੰਥੀ ਪੰਥ ਵਿਚ ਰਹੇ ਹੀ ਨਹੀਂ ਹਨ। ਨਹੀਂ ਨਹੀਂ, ਅਜੇ ਤਕ ਕਈ ਚੰਗੇ ਗ੍ਰੰਥੀ ਬੀ ਹਨ, ਪਰ ਥੋੜੇ ਹਨ, ਜਿਸ ਕਰਕੇ ਉਹਨਾਂ ਦੇ ਗਿਰਦੇ ਦੀਆਂ ਸੰਗਤਾਂ ਦੇ ਦੇਹਧਾਰੀ ਗੁਰੂਆਂ ਦੀ ਲੁੱਟ ਪਾਸੋਂ ਬਚੀਆਂ ਹੋਈਆਂ ਹਨ। ਉਹਨਾਂ ਚੰਗੇ ਗ੍ਰੰਥੀਆਂ ਦੇ ਚਰਨਾਂ ਦੇ ਅਸੀਂ ਦਾਸ ਹਾਂ, ਉਹਨਾਂ ਵਾਸਤੇ ਸਾਡਾ ਇਹ ਲੇਖ ਨਹੀਂ ਹੈ। (ਖਾਲਸਾ ਸਮਾਚਾਰ, 9 ਮਈ 1906 ਈ:)

## 7 ਰਾਗੀ, ਢਾਡੀ ਤੇ ਗਜਾਨੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ ਨੂੰ ਗੁਰੂ ਸਾਹਿਬਾਨ ਨੇ ਰਾਗਾਂ ਵਿਚ ਵੰਡਿਆ ਹੈ, ਜਿਸ ਤੋਂ ਇਹ ਮੁਰਾਦ ਹੈ ਕਿ ਅਖੰਡ ਕੀਰਤਨ ਕਰਨ ਵਾਲੇ ਰਾਗੀਆਂ ਰਬਾਬੀਆਂ ਨੂੰ ਇਹਨਾਂ ਸ਼ਬਦਾਂ ਦੇ ਉਹਨਾਂ ਹੀ ਰਾਗਾਂ ਵਿਚ ਗਾਇਨ ਕਰਨ ਦਾ ਅਵਸਰ ਮਿਲੇ, ਜਿਨ੍ਹਾਂ ਵਿਚ ਕਿ ਉਹ ਤਜਾਰ

 www.sikhbookclub.com

ਕੀਤੇ ਗਏ ਹਨ। ਭਾਵੇਂ ਸਾਡੇ ਅਖੰਡ ਕੀਰਤਨ ਵਾਲੇ ਰਾਗੀ ਰਬਾਬੀ ਹੁਣ ਐਥੋਂ ਤਕ ਗਿਰ ਗਏ ਹਨ ਕਿ ਉਹ ਪੁਰਾਣੀਆਂ ਧਾਰਨਾਂ ਨੂੰ ਹੀ ਨਿਰਾ ਉਕਾ ਭੁੱਲ ਨਹੀਂ ਰਹੇ, ਸਗੋਂ ਬਾਣੀ ਨੂੰ ਰਾਗਾਂ ਦੀਆਂ ਤਾਨਾ ਤਰਾਨਿਆਂ ਵਿਚ ਇਸ ਤਰ੍ਹਾਂ ਅਲਾਪਣ ਲਗ ਗਏ ਹਨ ਕਿ ਬਾਣੀ ਦੇ ਪਦ ਬੀ ਠੀਕ ਉਚਾਰ ਵਿਚ ਨਹੀਂ ਆਉਂਦੇ, ਖਾਲੀ ਕਲਾਉਤਬਾਜ਼ੀ ਹੀ ਹੁੰਦੀ ਹੈ। ਫੇਰ ਕਿਸੇ ਰਾਗ ਦਾ ਸ਼ਬਦ ਕਿਸੇ ਰਾਗ ਵਿਚ ਅਤੇ ਕਿਸੇ ਵਾਰ ਨੂੰ ਕਿਸੇ ਰਾਗ ਦੀ ਵਾਰ ਵਿਚ ਗਾਉਣ ਲਗ ਪਏ ਹਨ। ਜੇ ਐਥੋਂ ਤੱਕ ਹੀ ਬੱਸ ਹੁੰਦੀ ਤਾਂ ਖੈਰ ਘਾਟਾ ਬਹੁਤ ਨਹੀਂ ਸੀ, ਪਰ ਹੁਣ ਢਾਡੀਆਂ ਦਾ ਕੰਮ ਬੀ ਰਾਗੀਆਂ ਰਬਾਬੀਆਂ ਨੇ ਲੈ ਲਿਆ ਹੈ, ਅਰਥਾਤ ਕੀਰਤਨ ਦੀ ਥਾਂ ਸਾਖੀਆਂ ਸੁਨਾਉਣ ਲਗ ਪਏ ਹਨ। ਭਾਵੇਂ ਇਨ੍ਹਾਂ ਸਾਖੀਆਂ ਨਾਲ ਦੀਵਾਨ ਦੀ ਰੌਣਕ ਵਧ ਜਾਂਦੀ ਹੈ, ਪਰ ਪੁਰਾਣਾ ਤਰੀਕਾ ਜੋ ਅਖੰਡ ਕੀਰਤਨ ਦੁਆਰਾ ਮਨ ਨੂੰ ਇਕ੍ਰਾਗ ਕਰਨ ਦਾ ਸੀ ਸੋ ਦੂਰ ਹੁੰਦਾ ਜਾਂਦਾ ਹੈ। ਪੁਰਾਣੇ ਸਮੇਂ ਵਿਚ ਸਾਖੀਆਂ ਸੁਨਾਉਣ ਦਾ ਕੰਮ ਢਾਡੀਆਂ ਦਾ ਹੁੰਦਾ ਸੀ, ਰਾਗੀਆਂ ਦਾ ਨਹੀਂ ਸੀ ਹੁੰਦਾ। ਬਲਕਿ ਸਾਰੇ ਰਾਗੀ ਹੁਣ ਕੁਝ ਕੁਝ ਕੰਮ ਉਪਦੇਸ਼ਕਾਂ ਦਾ ਬੀ ਕਰਨ ਲਗ ਪਏ ਹਨ; ਅਰਥਾਤ ਅਨਮਤਾਂ ਦੇ ਆਪਣੇ ਮਤ ਨਾਲ ਮੁਕਾਬਲੇ ਕਰਕੇ ਕੀਰਤਨ ਵਿਚ ਹੀ ਦੱਸਣ ਲਗ ਪਏ ਹਨ। ਏਸ ਕਰਕੇ ਅਨਮਤਾਂ ਦੇ ਆਦਮੀ ਗੁਰਬਾਣੀ ਦੇ ਸੁਣਨ ਤੋਂ ਪਿਛੇ ਹਟ ਜਾਂਦੇ ਹਨ ਅਤੇ ਕਦੀ ਕਦੀ ਗਿਆਨੀਆਂ ਦਾ ਕੰਮ ਬੀ ਸ਼ਬਦ ਕੀਰਤਨ ਵਿਚ ਹੀ ਕਰਨ ਲਗ ਪਏ ਹਨ ਅਰਥਾਤ ਗੁਰਬਾਣੀ ਦੇ ਅਰਥ ਕਰਨ ਲਗ ਪਏ ਹਨ। ਇਨ੍ਹਾਂ ਬਾਤਾਂ ਦਾ ਤਅੱਲਕ ਅਖੰਡ ਸ਼ਬਦ ਕੀਰਤਨ ਨਾਲ ਕੁਝ ਨਹੀਂ ਸੀ।

ਸੋ ਜੇ ਸਾਡੇ ਰਾਗੀ ਢਾਡੀਆਂ, ਉਪਦੇਸ਼ਕਾਂ ਅਤੇ ਗਿਆਨੀਆਂ ਦਾ ਕੰਮ ਤਾਂ ਕਰਨ ਲਗ ਪੈਣ, ਪਰ ਆਪਣਾ ਅਸਲੀ ਕੰਮ, ਅਰਥਾਤ ਅਖੰਡ ਕੀਰਤਨ, ਤਿਆਗ ਦੇਣ ਤਾਂ ਘਾਟਾ ਇਹ ਹੈ ਕਿ ਇਕ ਬੰਨਿਓ ਤਾਂ ਅਖੰਡ ਕੀਰਤਨ ਦੀ ਰਸਮ ਦੂਰ ਹੋ ਜਾਵੇਗੀ ਅਤੇ ਦੂਜੇ ਪਾਸਿਓਂ ਜੋ ਢਾਡੀਆਂ ਨੂੰ, ਗਿਆਨੀਆਂ ਨੂੰ, ਉਪਦੇਸ਼ਕਾਂ ਨੂੰ ਆਪਣੇ ਕੰਮ ਵਿਚ ਮਿਹਨਤ ਕਰਨੀ ਪਵੇਗੀ ਸੋ ਰਾਗੀਆਂ ਨੂੰ ਰਾਗ ਸਿੱਖਣ ਦੇ ਨਾਲ ਹੀ ਕਰਨੀ ਪਉ, ਜਿਸ ਕਰਕੇ ਉਹਨਾਂ ਨੂੰ ਚਾਰ ਗੁਣਾਂ ਮਿਹਨਤ ਆਪਣੇ ਅਸਲੀ ਕੰਮ (ਸ਼ਬਦ


www.sikhbookclub.com

ਕੀਰਤਨ ਤੋਂ ਵੱਖਰੀ) ਕਰਨੀ ਜਦ ਪਈ ਤਾਂ ਕੋਈ ਕੋਈ ਹੀ ਬਹਾਦਰ ਇਸ ਕੰਮ ਨੂੰ ਪੂਰਾ ਕਰ ਸਕੇਗਾ, ਨਹੀਂ ਤਾਂ ਰਾਗੀ ਐਸੇ ਪੈਦਾ ਹੋ ਜਾਣਗੇ ਜੋ ਚਾਰਾਂ ਕੰਮਾਂ ਨੂੰ ਕਰਦੇ ਹੋਏ ਬੀ ਕਿਸੇ ਕਾਰ ਦੇ ਕਾਰਨ ਦੇ ਲਾਇਕ ਨਹੀਂ ਰਹਿਣਗੇ, ਇਸ ਕਰਕੇ ਅੰਜਾਮ ਇਸ ਕੰਮ ਦਾ ਚੰਗਾ ਨਹੀਂ ਹੈ। ਪਰ ਇਹ ਕੁਚਾਲ ਕਿਉਂ ਤੁਰ ਪਈ? (ਸ਼ੁਧ ਅਤੇ ਅਖੰਡ) ਕੀਰਤਨ ਸੁਣਨ ਦਾ ਰਾਗ ਦੁਆਰਾ ਸ਼ੌਕ ਪਹਿਲੇ ਵਾਲਾ ਨਹੀਂ ਰਿਹਾ। ਹੁਣ ਸੰਗਤਾਂ ਕਿੱਸੇ ਕਹਾਣੀਆਂ ਸੁਣਦੇ ਸੁਣਦੇ ਗੁਰੂ ਘਰ ਦੀਆਂ ਸਾਖੀਆਂ ਹੀ ਸੁਣਨ ਵਿਚ ਮਸਤ ਹੋ ਜਾਂਦੀਆਂ ਹਨ। ਸਾਖੀਆਂ ਸੁਣਨੀਆਂ ਗੁਰੂ ਘਰ ਵਿਚ ਮਨ੍ਹੇ ਨਹੀਂ ਹਨ, ਪਰ ਹਰ ਇਕ ਕੰਮ ਲਈ ਵੇਲਾ ਵਿਚਾਰਨ ਦੀ ਲੋੜ ਹੈ। ਛੀਵੇਂ ਗੁਰੂ ਜੀ ਵੇਲੇ ਦੀਆਂ ਸੰਗਤਾਂ ਸਾਖੀਆਂ ਸੁਣਿਆਂ ਕਰਦੀਆਂ ਸਨ, ਪਰ ਗੁਰੂ ਜੀ ਨੇ ਇਸ ਵਾਸਤੇ ਰਹਿਰਾਸ ਅਤੇ ਕੀਰਤਨ ਦੇ ਪਿਛੇ ਸਮਾਂ ਰੱਖਿਆ ਹੋਇਆ ਸੀ। ਇਹ ਮਰਿਯਾਦਾ ਨਹੀਂ ਸੀ ਕਿ ਸਵੇਰੇ ਆਸਾ ਦੀ ਵਾਰ ਵੇਲੇ ਬੀ ਸਾਖੀ ਪ੍ਰਮਾਣ, ਆਨੰਦ ਦੇ ਪਹਿਰ ਦੀ ਚੌਕੀ ਵੇਲੇ ਬੀ ਸਾਖੀ ਪ੍ਰਮਾਣ, ਪਿਛੇ ਕਥਾ ਵੇਲੇ ਬੀ ਸਾਖੀ ਪ੍ਰਮਾਣ, ਰਹਿਰਾਸ ਦੇ ਸਮੇਂ ਬੀ ਸਾਖੀ ਪ੍ਰਮਾਣ, ਕੀਰਤਨ ਸੋਹਲੇ ਵੇਲੇ ਬੀ ਸਾਖੀ ਪ੍ਰਮਾਣ। ਨਹੀਂ ਮਿੱਤਰੋ! ਆਸਾ ਦੀ ਵਾਰ ਵੇਲੇ ਸਿਰਫ਼ ਆਸਾ ਦੀ ਵਾਰ ਹੀ ਹੁੰਦੀ ਸੀ।

ਭਾਵੇਂ ਆਸਾ ਦੀ ਵਾਰ ਵਿਚ ਅਕਾਲ ਪੁਰਖ ਦੇ ਭਜਨ ਸਮੇਂ ਦੀਆਂ ਕੁਚਾਲਾਂ ਦਾ ਨਕਸ਼ਾ ਬੀ ਬਾਣੀ ਵਿਚ ਖਿੱਚਿਆ ਗਿਆ ਹੈ, ਪਰ ਉਸ ਵੇਲੇ ਆਸਾ ਦੀ ਵਾਰ ਦੇ ਗਾਇਨ ਕਰਨ ਤੋਂ ਸਿਵਾਏ ਰਾਗੀ ਸਿੰਘ ਸ਼ਬਦਾਂ ਦੀ ਵਿਆਖਿਆ ਨੂੰ ਅੱਗੇ ਰੱਖਕੇ ਦੂਜੇ ਮਤਾਂ ਦੀਆਂ ਕੁਚਾਲਾਂ ਨੂੰ ਫਰੋਲਣ ਨਹੀਂ ਲਗ ਪੈਂਦੇ ਸਨ, ਕਿਉਂਕਿ ਅੰਮ੍ਰਿਤ ਵੇਲਾ ਕੇਵਲ ਪਰਮਾਤਮਾ ਵੱਲ ਮਨ ਨੂੰ ਇਕਾਗਰ ਕਰਕੇ ਲਗਾਉਣ ਦਾ ਹੀ ਹੁੰਦਾ ਹੈ, ਉਸ ਵੇਲੇ ਬਾਣੀ ਵਿਚ ਕੁਚਾਲਾਂ ਦਾ ਹਾਲ ਇਸ਼ਾਰੇ ਮਾਤ੍ਰ ਦੱਸਿਆ ਬੀ ਗਿਆ ਹੈ ਤਾਂ ਉਸ ਨੂੰ ਬਾਣੀ ਦੇ ਰਸੀਏ ਆਪ ਮਹਿਸੂਸ ਕਰ ਲੈਂਦੇ ਸਨ। ਉਪਰੰਤ ਸੂਰਜ ਚੜ੍ਹੇ ਤੇ ਪ੍ਰਸ਼ਾਦ ਵੇਲੇ ਤਕ ਖੁੱਲ੍ਹਾ ਸ਼ਬਦ ਕੀਰਤਨ ਅਖੰਡ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਹੀ ਹੁੰਦਾ ਸੀ। ਪ੍ਰਸ਼ਾਦ ਛਕਣ ਵੇਲੇ ਆਨੰਦ ਦੀ ਚੌਕੀ ਹੋਕੇ ਜਦ ਭੋਗ ਪੈਂਦਾ ਸੀ ਤਾਂ ਸੰਗਤਾਂ ਪ੍ਰਸ਼ਾਦ ਛਕਕੇ ਕੰਮ ਕਾਰ ਵਿਚ ਲਗਦੀਆਂ ਸਨ। ਉਪਰੰਤ ਦੋਪਹਿਰ ਤੋਂ ਪਿਛੋਂ ਕਥਾ ਦੁਆਰਾ ਸਿਖ ਧਰਮ

 www.sikhbookclub.com

ਦੇ ਭਾਵ ਦੱਸੇ ਜਾਂਦੇ ਸਨ। ਇਹ ਕੰਮ ਗਿਆਨੀਆਂ ਦਾ ਸੀ। ਉਪਰੰਤ ਚਰਨ ਕਵਲ ਦੀ ਚੌਂਕੀ ਹੋਕੇ ਫੇਰ ਦੀਵਾਨ ਬਰਖਾਸਤ ਹੁੰਦਾ ਸੀ। ਸੰਧਿਆ ਨੂੰ ਸੋਦਰ ਦੀ ਚੌਂਕੀ ਦੇ ਪਿੱਛੋਂ ਜਦ ਰਹਿਰਾਸ ਦਾ ਪਾਠ ਹੋ ਚੁਕਦਾ ਸੀ ਤਦ ਢਾਡੀਆਂ ਪਾਸੋਂ ਵਾਰਾਂ ਅਤੇ ਸਾਖੀਆਂ ਸੁਣਾਈਆਂ ਜਾਂਦੀਆਂ ਸਨ। ਪਸਚਾਤ ਪ੍ਰਸ਼ਾਦ ਛਕਕੇ ਕੀਰਤਨ ਸੋਹਿਲੇ ਦੀ ਚੌਂਕੀ ਹੁੰਦੀ ਸੀ। ਇਸੀ ਤਰ੍ਹਾਂ ਦੇ ਨਾਲ ਰਾਗੀਆਂ, ਗਿਆਨੀਆਂ, ਢਾਡੀਆਂ ਨੂੰ ਅਡ ਅਡ ਆਪਣਾ ਆਪਣਾ ਕੰਮ ਕਰਨਾ ਪੈਂਦਾ ਸੀ। ਉਪਦੇਸ਼ ਦਾ ਕੰਮ ਖ਼ੁਦ ਗੁਰੂ ਸਾਹਿਬਾਨ ਆਪ ਕਰਦੇ ਸਨ, ਪਰ ਕਿਸ ਵੇਲੇ? ਜਦ ਸਿਖ ਕਿਸੇ ਬਾਤ ਦੀ ਬਾਬਤ ਉਹਨਾਂ ਪਾਸੋਂ ਅਰਜ਼ ਕਰਕੇ ਪੁੱਛਦੇ ਹੁੰਦੇ ਸਨ; ਅਥਵਾ ਗੁਰੂ ਸਾਹਿਬਾਨ ਸਮਝਦੇ ਸਨ ਕਿ ਇਸ ਵੇਲੇ ਇਸ ਉਪਦੇਸ਼ ਦੀ ਲੋੜ ਹੈ। ਜਿਸ ਕਰਕੇ ਸਾਰੇ ਕੰਮ ਆਪ ਤੋਂ ਵੰਡ ਅਨੁਸਾਰ ਪਏ ਹੁੰਦੇ ਸਨ ਤੇ ਉਹਨਾਂ ਦੇ ਕਰਨ ਵਾਲੇ ਆਪਣਾ ਆਪਣਾ ਕੰਮ ਸਰਗਰਮੀ ਨਾਲ ਕਰਦੇ ਸਨ।

ਹੁਣ ਗੁਰੂ ਜੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੋਈ ਹੈ, ਅਤੇ ਸਿਖੀ ਦੀ ਹਿਫ਼ਾਜ਼ਤ ਅਤੇ ਪ੍ਰਚਾਰ ਦੀ ਜ਼ਿੰਮੇਵਾਰੀ ਗੁਰੂ ਖਾਲਸੇ ਜੀ ਨੂੰ, ਜਿਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਵਿਆਖਿਆ ਦੁਆਰੇ ਸਿਖੀ ਵਿਚ ਉਪਦੇਸ਼ ਕਰਨ ਦਾ ਕੰਮ ਖਾਲਸਾ ਉਪਦੇਸ਼ਕਾਂ ਦਾ ਹੈ, ਜਿਨ੍ਹਾਂ ਨੂੰ ਖਾਲਸਾ ਪੰਥ ਦੇ ਜੱਥੇ ਗੁਣੀ ਗਿਆਨੀ ਸਮਝਕੇ ਇਸ ਕੰਮ ਵਾਸਤੇ ਮੁਕਰਰ ਕਰਨ। ਪਰ ਜਿਸ ਤਰ੍ਹਾਂ ਕਈ ਸਜਣ ਬਿਨਾਂ ਕੁਝ ਜਾਣੇ ਵਿਚਾਰੇ ਦੇ ਆਪਣਾ ਨਾਮ ਆਪ ਹੀ ਉਪਦੇਸ਼ਕ ਰੱਖ ਲੈਂਦੇ ਹਨ, ਇਸੇ ਤਰ੍ਹਾਂ ਕਈ ਰਾਗੀ ਸਿੰਘ ਆਪਣੇ ਅਖੰਡ ਕੀਰਤਨ ਕਰਨ ਦਾ ਕੰਮ ਛੱਡਕੇ ਉਪਦੇਸ਼ਕਾਂ, ਗਿਆਨੀਆਂ, ਢਾਡੀਆਂ ਦਾ ਕੰਮ ਕਰਨ ਲਗ ਪਏ ਹਨ, ਜਿਸ ਕਾਰਨ ਅਖੰਡ ਕੀਰਤਨ ਨੂੰ ਨੁਕਸਾਨ ਪਹੁੰਚ ਰਿਹਾ ਹੈ। ਪਰ ਕਾਰਨ ਕੀ ਹੈ? ਵਜਾ ਇਹ ਹੈ ਕਿ ਸੰਗਤਾਂ ਵਿਚ ਰਾਗ ਦੁਆਰੇ ਸ਼ੁੱਧ ਸ਼ਬਦ ਸੁਣਨ ਦਾ ਭਾਵ ਘਟ ਰਿਹਾ ਹੈ, ਕਿਉਂਕਿ ਉਹਨਾਂ ਨੂੰ ਸ਼ਬਦਾਂ ਦੇ ਯਥਾਰਥ ਅਰਥ ਆਉਂਦੇ ਹੀ ਨਹੀਂ। ਜਿਸ ਕਰਕੇ ਸਿਰਫ਼ ਸਾਖੀ ਪ੍ਰਮਾਣਾਂ ਦੇ ਉਪਰ ਹੀ ਖੁਸ਼ ਹੋ ਜਾਂਦੇ ਹਨ। ਉਪਦੇਸ਼ਕ ਇਨ੍ਹਾਂ ਸਾਖੀ ਪ੍ਰਮਾਣਾਂ ਨੂੰ ਚੂੰਕਿ ਰਾਗ ਦੁਆਰਾ ਦੱਸਕੇ ਸੰਗਤਾਂ ਨੂੰ ਰਿਝਾ ਨਹੀਂ ਸਕਦੇ, ਪਰ ਰਾਗੀ ਇਸ ਤਰ੍ਹਾਂ ਕਰ ਸਕਦੇ ਹਨ, ਇਸ ਵਾਸਤੇ ਰਸ ਦੀਆਂ ਮਸਤ ਸੰਗਤਾਂ

 www.sikhbookclub.com

ਰਾਗੀਆਂ ਪਾਸੋਂ ਸਾਖੀ ਪ੍ਰਮਾਣ ਸੁਣਨਾ ਪਸੰਦ ਕਰਦੀਆਂ ਹਨ। ਪਰ ਕਦੀ ਗ੍ਰੰਥੀ ਚੰਗੇ ਹੁੰਦੇ ਤਾਂ ਆਪਣੀਆਂ ਆਪਣੀਆਂ ਧਰਮਸਾਲਾਂ ਦੀਆਂ ਸੰਗਤਾਂ ਨੂੰ ਰਾਗੀਆਂ, ਰਬਾਬੀਆਂ, ਢਾਡੀਆਂ, ਉਪਦੇਸ਼ਕਾਂ, ਗਿਆਨੀਆਂ ਦਾ ਅਡ ਅਡ ਕੰਮ ਸਮਝਾਉਂਦੇ ਰਹਿੰਦੇ, ਜਿਸ ਕਰਕੇ ਸੰਗਤਾਂ ਨੂੰ ਹਰ ਤਰ੍ਹਾਂ ਦੀ ਬਾਤ ਦਾ ਇਕੋ ਜਿਹਾ ਸ਼ੋਕ ਬਣਿਆ ਰਹਿੰਦਾ, ਜਿਸ ਕਰਕੇ ਰਾਗੀ ਸਿੰਘ ਕੀਰਤਨ ਨੂੰ ਚੰਗੀ ਤਰ੍ਹਾਂ ਕੀਤਾ ਕਰਦੇ। ਢਾਡੀ ਸਿੰਘ ਵਾਰਾਂ ਤੇ ਸਾਖੀਆਂ ਸੁਨਾਉਣ ਵਿਚ ਨਿਪੁੰਨ ਹੁੰਦੇ, ਗਿਆਨੀ ਕਥਾ ਸੁੰਦਰ ਕਰਕੇ ਸਿਖ ਧਰਮ ਦੇ ਅਸੂਲਾਂ ਨੂੰ ਚੰਗੀ ਤਰ੍ਹਾਂ ਦੱਸਦੇ ਅਤੇ ਉਦੇਸ਼ਕ ਸਿਖ ਧਰਮ ਦੇ ਅਸੂਲਾਂ ਨਾਲ ਅਨਮਤਾਂ ਦੇ ਅਸੂਲਾਂ ਨੂੰ ਮੁਕਾਬਲਾ ਕਰਕੇ ਸਿਖ ਅਸੂਲਾਂ ਦੀ ਸ੍ਰੇਸ਼ਟਤਾ ਦਸ ਸਕਦੇ ਅਥਵਾ ਕੇਵਲ ਆਪਣੇ ਹੀ ਧਰਮ (ਸਿਖ ਧਰਮ) ਦੀ ਪ੍ਰੋੜਤਾ ਸਿਖਾਕੇ ਮਨਾਂ ਵਿਚ ਚੰਗੀ ਤਰ੍ਹਾਂ ਦ੍ਰਿੜਤਾ ਕਾਇਮ ਕਰ ਸਕਦੇ। ਜਿਸ ਕਰਕੇ ਪੰਥ ਦਾ (ਟੇਸਟ) ਰਸ ਅਰਥਾਤ ਸੁਭਾਵ ਤਬਦੀਲੀ ਖਾਣ ਵਲੋਂ ਰੁਕ ਜਾਂਦਾ। ਪਰ ਜਿਸ ਤਰ੍ਹਾਂ ਹੁਣ ਤਬਦੀਲੀ ਖਾ ਰਿਹਾ ਹੈ, ਜੇ ਇਸੇ ਤਰ੍ਹਾਂ ਦੀਆਂ ਤਬਦੀਲੀਆਂ ਖਾਣ ਲਗੇ ਤਾਂ ਅਜਬ ਨਹੀਂ ਕਿ ਇਸ ਹਾਲਤ ਨੂੰ ਬੀ ਕਦੀ ਛੱਡ ਜਾਵੇ ਅਤੇ ਹੋਰਨਾਂ ਸੁਭਾਵਾਂ ਨੂੰ, ਜੋ ਅਨਮਤਾਂ ਨੂੰ ਬੁਰਾ ਆਖਣ ਅਤੇ ਆਪਣੇ ਘਰ ਦੀ ਕੁਝ ਸਮਝ ਨਾ ਹੋਣ ਦਾ ਹੋਵੇ ਗ੍ਰਹਿਣ ਕਰ ਲਵੇ। ਸੋ ਮਿਤ੍ਰੋ! ਜਦ ਤਕ ਪੰਥ ਵਿਚ ਚੰਗੇ ਗ੍ਰੰਥੀ ਨਹੀਂ ਹੁੰਦੇ, ਜਗ੍ਹਾ ਜਗ੍ਹਾ ਦੀਆਂ ਧਰਮਸਾਲਾਂ ਦੀਆਂ ਸੰਗਤਾਂ ਪ੍ਰਾਚੀਨ ਮਰਿਯਾਦਾ, ਜੋ ਗੁਰੂ ਸਾਹਿਬਾਨ ਅਤੇ ਪੰਥ ਖਾਲਸਾ ਜੀ ਨੇ ਮੁਕਰਰ ਕੀਤੀਆਂ ਹੋਈਆਂ ਹਨ, ਉਹਨਾਂ ਪਰ ਕਾਇਮ ਨਹੀਂ ਰਹਿ ਸਕਦੀਆਂ। ਚੰਗੇ ਗ੍ਰੰਥੀਆਂ ਬਿਨਾਂ ਸੰਗਤਾਂ ਨੂੰ ਬਾਣੀ ਦਾ ਕੋਈ ਅਰਥ ਬੋਧ ਨਹੀਂ ਹੋ ਸਕਦਾ, ਜਿਸ ਕਰਕੇ ਪੰਥ ਦੀਆਂ ਅਡ ਅਡ ਜਗ੍ਹਾ ਦੀਆਂ ਸੰਗਤਾਂ ਦਾ ਅਡ ਅਡ ਸੁਭਾਵ ਹੁੰਦਾ ਜਾਵੇਗਾ ਅਤੇ ਧਾਰਮਕ ਏਕਤਾ ਨਹੀਂ ਰਹੇਗੀ। (ਖਾਲਸਾ ਸਮਾਚਾਰ, 16 ਮਈ 1906 ਈ:)

## 8 ਕੀਰਤਨ

ਅਸੀਂ ਦੱਸ ਆਏ ਹਾਂ ਕਿ ਸਮਝਦਾਰ ਗ੍ਰੰਥੀਆਂ ਦੇ ਨਾ ਹੋਣ ਕਾਰਨ ਕਿਸ ਤਰ੍ਹਾਂ ਪੁਰਾਣੀਆਂ ਮਰਿਯਾਦਾਂ ਸ਼ਬਦ ਕੀਰਤਨ, ਸਾਖੀ ਪ੍ਰਮਾਣ ਆਦਿਕ ਲਈ

ਰਾਗੀਆਂ, ਰਬਾਬੀਆਂ, ਢਾਡੀਆਂ, ਉਪਦੇਸ਼ਕਾਂ ਅਤੇ ਗਿਆਨੀਆਂ ਦੀਆਂ ਜ਼ਿੰਮੇਵਾਰੀਆਂ ਦੀ ਗੜਬੜ ਹੋਣ ਕਰਕੇ ਬਦਲ ਰਹੀਆਂ ਹਨ। ਹੁਣ ਅਸੀਂ ਇਕ ਅੰਗ ਕੀਰਤਨ ਦਾ ਹੋਰ ਦੱਸਦੇ ਹਾਂ ਅਤੇ ਉਸ ਵਿਚ ਬੀ ਵੀਚਾਰ ਕਰਦੇ ਹਾਂ ਕਿ ਉਸ ਦੇ ਨਾਲ ਬੀ ਪੁਰਾਣੀ ਮਰਿਯਾਦਾ ਨੂੰ ਟਪਲਾ ਮਿਲ ਰਿਹਾ ਹੈ ਕਿ ਨਹੀਂ।

ਪੁਰਾਣੇ ਸਮੇਂ ਵਿਚ ਗੁਰੂ ਸਾਹਿਬਾਨ ਸੰਗਤ ਨਾਲ ਰਲਕੇ ਖੁਦ ਬੀ ਸ਼ਬਦ ਕੀਰਤਨ ਦਾ ਪ੍ਰਚਾਰ ਕਰਦੇ ਹੁੰਦੇ ਸਨ, ਜਿਸ ਕਰਕੇ ਰਾਗੀਆਂ ਰਬਾਬੀਆਂ ਤੋਂ ਸਿਵਾਏ ਬੀ ਸੰਗਤਾਂ ਰਲਕੇ ਸ਼ਬਦ ਕੀਰਤਨ ਕਰਦੀਆਂ ਹੁੰਦੀਆਂ ਸਨ। ਇਸ ਤਰ੍ਹਾਂ ਦੇ ਕੀਰਤਨ ਦੇ ਕਈ ਤਰੀਕੇ ਸਨ। ਜਦ ਕਿਸੇ ਸਿਖ ਦੇ ਘਰ ਪ੍ਰਸ਼ਾਦਿ ਹੁੰਦਾ ਸੀ ਤਾਂ ਸੰਗਤਾਂ ਪ੍ਰਸ਼ਾਦਿ ਛਕਣ ਸ਼ਬਦ ਗਾਉਂਦੀਆਂ ਹੋਈਆਂ ਜਾਂਦੀਆਂ ਸਨ। ਜਦ ਸਤਿਗੁਰੂ ਜੀ ਦੇ ਦੀਦਾਰ ਵਾਸਤੇ ਸੰਗਤਾਂ ਦੀਵਾਨ ਵਿਚ ਹਾਜ਼ਰ ਹੁੰਦੀਆਂ ਸਨ ਤਾਂ ਸ਼ਬਦ ਕੀਰਤਨ ਕਰਦੀਆਂ ਆਉਂਦੀਆਂ ਸਨ। ਰਾਤ ਨੂੰ ਮੰਦਰ ਦੇ ਪਹਿਰੇ ਵਾਸਤੇ ਚੌਕੀਆਂ ਸ਼ਬਦ ਕੀਰਤਨ ਕਰਦੀਆਂ ਚੜ੍ਹਦੀਆਂ ਸਨ, ਮੇਲੇ ਮੁਸਾਹਿਬੇ ਅਤੇ ਹੋਲੇ ਮਹੱਲੇ ਦੇ ਦੀਵਾਨਾਂ ਪਰ ਜਦ ਸੰਗਤਾਂ ਹਾਜ਼ਰ ਹੁੰਦੀਆਂ ਸਨ, ਅਥਵਾ ਦੀਪਮਾਲਾ ਅਤੇ ਵੈਸਾਖੀ ਦੇ ਮੇਲਿਆਂ ਪਰ ਜਦ ਸੰਗਤਾਂ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਦਰਸ਼ਨਾਂ ਨੂੰ ਆਉਂਦੀਆਂ ਸਨ ਤਦ ਬੀ ਸ਼ਬਦ ਕੀਰਤਨ ਕਰਦੀਆਂ ਹੀ ਆਉਂਦੀਆਂ ਸਨ। ਮਤਲਬ ਇਹ ਕਿ ਜਿਸ ਤਰ੍ਹਾਂ ਪਰ ਰਾਜਪੂਤਾਨੇ ਵਿਚ ਜਵਾਨ ਇਸਤ੍ਰੀਆਂ ਜਦ ਕਦੀ ਇਕੱਠੀਆਂ ਹੋਕੇ ਤੁਰਦੀਆਂ ਹਨ ਤਾਂ ਆਪਣੇ ਗੀਤ ਗਾਉਂਦੀਆਂ ਹੀ ਜਾਂਦੀਆਂ ਹਨ, ਇਸੇ ਤਰ੍ਹਾਂ ਸ਼ਬਦ ਵਿਚ ਮੱਤੀਆਂ ਹੋਈਆਂ ਸੰਗਤਾਂ ਜਦ ਇਕੱਠੇ ਹੋਕੇ ਕਿਸੇ ਧਰਮ ਭਾਵਨਾ ਵਾਸਤੇ ਨਿਕਲਦੀਆਂ ਸਨ ਤਾਂ ਸੱਚੇ ਪ੍ਰੇਮ ਨਾਲ ਸ਼ਬਦ ਪੜ੍ਹਦੀਆਂ ਸਨ। ਇਹ ਰਸ ਐਥੋਂ ਤੱਕ ਵਧਿਆ ਸੀ ਕਿ ਯੁਧ ਜੰਗ ਦੇ ਵੇਲੇ ਬੀ ਸਿਖ ਘੋੜਿਆਂ ਦੀਆਂ ਪਿੱਠਾਂ ਪਰ ਬੈਠੇ ਸ਼ਬਦ ਬਾਣੀ ਨੂੰ ਪੜ੍ਹਨੋਂ ਗਾਉਣੋਂ ਰੁਕਦੇ ਨਹੀਂ ਸਨ; ਢਾਡੀ ਤਾਂ ਖਾਸ ਯੁੱਧਾਂ ਵਿਚ ਸਿਖਾਂ ਦੇ ਦਲਾਂ ਦੇ ਨਾਲ ਹੀ ਰਿਹਾ ਕਰਦੇ ਸਨ। ਐਸੀ ਸੂਰਤ ਵਿਚ ਬਾਣੀ ਦਾ ਰਸ ਸਿਖਾਂ ਵਿਚ ਸਿਰਫ਼ ਰਾਗੀਆਂ ਰਬਾਬੀਆਂ ਦੀ ਹੀ ਮਾਰਫਤ ਨਹੀਂ ਸੀ ਹੁੰਦਾ, ਸਗੋਂ ਖਾਸ ਸਿਖਾਂ ਦੇ ਆਪਣੇ ਯਤਨਾਂ ਨਾਲ ਬੀ ਹੋਇਆ ਕਰਦਾ ਸੀ। ਸਤਾ ਬਲਵੰਡ ਆਦਿਕ ਰਬਾਬੀਆਂ ਨੇ ਜਦ ਅਯੋਗ ਤਰੀਕੇ ਨਾਲ ਹੰਕਾਰ ਕਰਕੇ ਗੁਰੂ ਜੀ


www.sikhbookclub.com

ਦੀ ਸੇਵਾ ਛੱਡੀ ਸੀ ਤਾਂ ਸਿਖਾਂ ਨੇ ਝਟ ਪਟ ਹੀ ਉਹਨਾਂ ਦੀ ਜਗ੍ਹਾ ਮੱਲ ਲਈ ਸੀ। ਇਹੀ ਕਾਰਨ ਸੀ ਕਿ ਇਹ ਲੋਕ ਆਪਣੀ ਭੁੱਲ ਨੂੰ ਮੰਨਕੇ ਫੇਰ ਗੁਰੂ ਜੀ ਦੀ ਚਰਨੀ ਆ ਲਗੇ ਸਨ। ਇਸ ਤਰ੍ਹਾਂ ਬਾਣੀ ਦਾ ਰਸ ਬਰਾਬਰ ਸਿਖਾਂ ਵਿਚ ਕਾਇਮ ਰਿਹਾ ਹੈ। ਖਾਸ ਮਿਸਲਾਂ ਦੇ ਸਮੇਂ ਘਟਿਆ ਨਹੀਂ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਤਾਂ ਇਤਨਾ ਵਧਿਆ ਸੀ ਕਿ ਸਿਖ ਉਲਟੇ ਰਾਗੀਆਂ ਤੇ ਰਬਾਬੀਆਂ ਨੂੰ ਤਿਆਰ ਕਰਦੇ ਹੁੰਦੇ ਸਨ।

ਸ੍ਰੀ ਦਰਬਾਰ ਸਾਹਿਬ ਜੀ ਦੇ ਧੂਪੀਏ ਭਾਈ ਮੇਲਾ ਸਿੰਘ ਜੀ ਦਾ, ਸਰਕਾਰ ਦੇ ਪਹਿਲੇ ਸਮੇਂ ਵੇਲੇ, ਬਹੁਤਾ ਸਮਾਂ ਇਸ ਬਾਤ ਵੱਲ ਹੀ ਲਗਦਾ ਸੀ ਕਿ ਗੁਰੂ ਕੇ ਬਾਗ ਵਿਚ ਚੰਗੇ ਰਬਾਬੀਆਂ ਨੂੰ ਸ਼ਬਦਾਂ ਦੀਆਂ ਧਾਰਨਾ ਵੱਲ ਪ੍ਰੇਰਨ ਦੇ ਨਮਿਤ ਸ਼ਬਦ ਸੁਣਕੇ ਗੁਰੂ ਘਰ ਵਲੋਂ ਗੱਫੇ ਦੇਂਦੇ ਰਹਿੰਦੇ ਸਨ ਅਤੇ ਗਿਆਨੀ ਆਪਣੇ ਬੁਰਜ ਵਿਚ ਪੋਹ ਸੁਦੀ ਸੱਤਮੀ ਦੀ ਰਾਤ ਨੂੰ ਜੋੜ ਮੇਲ ਕਰਕੇ ਚੰਗੇ ਰਬਾਬੀਆਂ ਨੂੰ ਪਰਖਦੇ ਹੁੰਦੇ ਸਨ। ਜਿਹੜੇ ਰਬਾਬੀ ਚੰਗੀ ਪ੍ਰਾਚੀਨ ਧਾਰਨਾ ਸੁਣਾਉਂਦੇ ਸਨ ਉਹਨਾਂ ਨੂੰ ਗਿਆਨੀਆਂ ਦੀ ਵਾਹ ਵਾਹ ਅਨੁਸਾਰ ਬਹੁਤ ਸਾਰੇ ਗੱਫੇ ਸੰਗਤਾਂ ਵਲੋਂ ਮਿਲਿਆ ਕਰਦੇ ਸਨ। ਮਤਲਬ ਇਹ ਹੈ ਕਿ ਸਿਖਾਂ ਵਿਚ ਸ਼ਬਦ ਬਾਣੀ ਦਾ ਸ਼ੌਕ ਕਦੀ ਘਟਿਆ ਨਹੀਂ ਸੀ, ਪਰ ਕਦੀ ਕਦੀ ਕਿਤੇ ਕਿਤੇ ਮੱਧਮ ਪੈ ਗਿਆ ਸੀ। ਇਸੇ ਸ਼ੌਕ ਦੀ ਲਹਿਰ ਨੇ ਪੋਠੋਹਾਰ ਵਿਚ ਬਾਬਾ ਖੇਮ ਸਿੰਘ ਜੀ ਬੇਦੀ ਦੀਆਂ ਸੰਗਤਾਂ ਵਿਚ ਐਸਾ ਜ਼ੋਰ ਪਾਇਆ ਸੀ ਕਿ ਹੋਰਨਾਂ ਸੰਗਤਾਂ ਦੇ ਮੁਕਾਬਲੇ ਪਰ ਬਾਬਾ ਜੀ ਦੀਆਂ ਸੰਗਤਾਂ ਜੋਟੀਆਂ ਦੇ ਸ਼ਬਦਾਂ ਵਿਚ ਵਧ ਨਿਕਲੀਆਂ ਸਨ, ਜਿਸ ਕਰਕੇ ਜੋ ਜੋ ਧਾਰਨਾ ਇਨ੍ਹਾਂ ਸ਼ਬਦ-ਮੰਡਲੀਆਂ ਨੇ ਜਾਰੀ ਕੀਤੀਆਂ ਉਹ ਉਹ ਧਾਰਨਾ ਹੋਰਨਾਂ ਜਗਾਂ ਪਰ ਬੀ ਪ੍ਰਚਲਤ ਹੋ ਗਈਆਂ। ਇਨ੍ਹਾਂ ਸ਼ਬਦਾਂ ਦੇ ਕਥਨ ਦਾ ਪਹਿਲਾ ਨਾਮ ਚੌਕੀ ਹੀ ਸੀ, ਪਰ ਰਾਗੀਆਂ ਰਬਾਬੀਆਂ ਦੀਆਂ ਚੌਕੀਆਂ ਤੋਂ ਇਸ ਨੂੰ ਜੁਦਾ ਰਖਣ ਵਾਸਤੇ ਬਾਬਾ ਜੀ ਨੇ ਇਨ੍ਹਾਂ ਦਾ ਨਾਮ ਜੋਟੀਆਂ ਦੇ ਸ਼ਬਦ ਧਰ ਦਿਤਾ। ਸੋ ਹੁਣ ਜਦ ਸੰਗਤਾਂ ਆਪਸ ਵਿਚ ਮਿਲਕੇ ਸ਼ਬਦ ਗਾਉਂਦੀਆਂ ਹਨ ਉਹਨਾਂ ਨੂੰ ਲੋਕ ਜੋਟੀਆਂ ਦੇ ਸ਼ਬਦ ਆਖਦੇ ਹਨ। ਇਹ ਰਸਮ ਹੈ ਤਾਂ ਬਹੁਤ ਉੱਤਮ, ਹੁਣ ਇਸ ਵਿਚ ਇਤਨੀ ਗ਼ਲਤੀ ਹੋਣ ਲਗ ਪਈ ਹੈ ਕਿ ਪੜ੍ਹਨ ਵਾਲੇ ਟੇਕ ਦੀ ਤੁਕ ਆਪਣੇ ਵਲੋਂ ਬਣਾਕੇ ਲਾ ਲੈਂਦੇ ਹਨ। ਗੁਰੂ ਜੀ ਨੇ ਸ਼ਬਦਾਂ


www.sikhbookclub.com

ਦੇ ਵਿਚ ਹੀ ਸ਼ਬਦਾਂ ਦੀਆਂ ਟੇਕਾਂ ਲਿਖ ਦਿਤੀਆਂ ਸਨ ਤੇ ਉਹਨਾਂ ਟੇਕਾਂ ਦੇ ਅਗੇ 'ਰਹਾਉ' ਪਦ ਲਿਖ ਦਿਤਾ ਸੀ; ਪਰ ਸਾਡੀਆਂ ਸ਼ਬਦ ਮੰਡਲੀਆਂ ਇਸ ਭੇਦ ਤੋਂ ਚੰਗੀ ਤਰ੍ਹਾਂ ਵਾਕਫ਼ ਨਹੀਂ ਹਨ, ਇਸ ਕਰਕੇ ਸ਼ਬਦ ਦੀ ਟੇਕ ਨੂੰ ਗੁਰੂ ਆਸ਼ੇ ਅਨੁਸਾਰ ਉਹ ਟੇਕ ਨਹੀਂ ਬਣਾਉਂਦੀਆਂ, ਜਿਸ ਕਰਕੇ ਇਨ੍ਹਾਂ ਦੀਆਂ ਮਨਘੜਤ ਟੇਕਾਂ ਸ਼ਬਦ ਦੇ ਅਸਲ ਆਸ਼ੇ ਨੂੰ ਕਦੀ ਕਦੀ ਵਿਗਾੜ ਦੇਂਦੀਆਂ ਹਨ। ਇਸ ਬਾਤ ਨੂੰ ਰੋਕਣ ਵਾਸਤੇ ਸ੍ਰੀ ਅੰਮ੍ਰਿਤਸਰ ਜੀ ਦੀ ਪ੍ਰਸਿਧ ਸਤਿਸੰਗਤ ਸਭਾ ਨੇ ਗੁਰਮਤਾ ਕਰਕੇ ਸਾਰੀ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਕੀਤੀ ਸੀ ਕਿ ਸਾਧ ਸੰਗਤ ਜੀ, ਇਹ ਤਰੀਕਾ ਠੀਕ ਨਹੀਂ,ਗੁਰਬਾਣੀ ਵਿਚ ਆਪਣੇ ਮਨਘੜਤ ਪਦ ਨਹੀਂ ਲਗਾਉਂਣੇ ਚਾਹੀਦੇ। ਇਹ ਬਾਤ ਏਥੋਂ ਤਕ ਮਨ੍ਹੇ ਹੈ ਕਿ ਖਾਸ ਸ੍ਰੀ ਹਰਿਮੰਦਰ ਜੀ ਵਿਚ ਗੁਰ ਉਪਕਾਰਾਂ ਨੂੰ ਬੀ ਜਦ ਕਦੀ ਸੁਨਾਉਣਾ ਪੈਂਦਾ ਹੈ ਤਾਂ ਕਵੀਸ਼ਰ ਲੋਕ ਖੜੇ ਹੋਕੇ ਸੁਣਾਉਂਦੇ ਹਨ* ਪਰ ਬਾਣੀ ਵਿਚ ਰਲਾਕੇ ਰਾਗੀ ਯਾ ਸਿਖ ਨਹੀਂ ਸੁਣਾਉਂਦੇ। ਪਰ ਕਿਸੇ ਸ਼ਬਦ ਮੰਡਲੀ ਨੇ ਇਸ ਉਤਮ ਅਤੇ ਨਿਹਾਇਤ ਜ਼ਰੂਰੀ ਬੇਨਤੀ ਵੱਲ ਕੁਝ ਧਿਆਨ ਨਹੀਂ ਦਿਤਾ। ਇਸ ਦਾ ਕਾਰਨ ਕੀ ਹੈ? ਉਹਨਾਂ ਨੂੰ ਇਤਨਾ ਗਿਆਨ ਨਹੀਂ ਹੈ ਕਿ ਸਾਡੀਆਂ ਮਨਘੜਤ ਟੇਕਾਂ, ਜੋ ਅਸੀਂ ਗੁਰੂ ਜੀ ਦੇ ਸ਼ਬਦਾਂ ਨਾਲ ਰਲਾਕੇ ਗਾਉਣ ਲਗੇ ਹਾਂ ਉਹਨਾਂ ਦੇ ਕਾਰਨ ਸ਼ਬਦਾਂ ਦੇ ਅਸਲ ਭਾਵਾਂ ਵਿਚ ਅਤੇ ਸਾਡੇ ਗਾਂਵੇਂ ਹੋਏ ਸ਼ਬਦਾਂ ਦੇ ਭਾਵ ਵਿਚ ਕੀ ਕੁਝ ਫਰਕ ਪੈ ਜਾਊ? ਜੇ ਕਦੀ ਉਹਨਾਂ ਨੂੰ ਕੋਈ ਇਹ ਗੱਲ ਦੱਸਣ ਵਾਲਾ ਹੁੰਦਾ ਤਾਂ ਉਹ ਐਸਾ ਨਾ ਕਰਦੇ। ਗੁਰੂ ਹਰਿ ਰਾਇ ਜੀ ਨੇ ਰਾਮਰਾਇ ਆਪਣੇ ਪਿਆਰੇ ਪੁਤਰ ਨੂੰ, ਜੋ ਬਾਣੀ ਦਾ ਰਸੀਆ ਬੀ ਸੀ, ਇਕ ਪਦ ਦੇ ਬਦਲਣ ਪਿਛੇ ਗੱਦੀ ਤੋਂ ਵਾਂਜਿਆ ਰਖਿਆ ਸੀ, ਸਗੋਂ ਘਰੋਂ ਨਿਕਾਲ ਦਿਤਾ ਸੀ ਤੇ ਖ਼ੁਦ ਉਸ ਦਾ ਮੁਖ ਉਹਨਾਂ ਨੇ ਨਹੀਂ ਸੀ ਦੇਖਿਆ, ਪਰ ਅਸੀਂ ਲੋਕ ਜੋ ਮਨਘੜਤ ਟੇਕਾਂ ਨਾਲ ਸ਼ਬਦ ਦੇ ਆਸ਼ੇ ਨੂੰ ਬਦਲ ਸੁਟਦੇ ਹਾਂ ਸੋ ਸਾਡਾ ਹਾਲ ਅਕਾਲ ਪੁਰਖ ਦੀ ਦਰਗਾਹ ਵਿਚ ਕਿਸ ਤਰ੍ਹਾਂ ਦਾ ਹੋਵੇਗਾ?

---

* ਇਹ ਉਸ ਸਮੇਂ ਰਿਵਾਜ ਹੋਵੇ ਤਾਂ ਹੋਵੇ, ਪਰ ਹੁਣ ਨਹੀਂ। ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਐਸੀਆਂ ਕਵਿਤਾਵਾਂ ਖੜੇ ਹੋਕੇ ਗਾਈਆਂ ਜਾਂਦੀਆਂ ਹਨ, ਪਰ ਸ੍ਰੀ ਹਰਿਮੰਦਰ ਸਾਹਿਬ ਵਿਚ ਨਹੀਂ। (ਸੰਪਾਦਕ)

 www.sikhbookclub.com

ਪਰ ਖਾਲਸਾ ਜੀ! ਸ਼ਬਦ ਮੰਡਲੀਆਂ ਦਾ ਇਸ ਵਿਚ ਕੀ ਦੋਸ਼ ਹੈ? ਜਦ ਤਕ ਸਿਖਾਂ ਦੀਆਂ ਮਰਿਯਾਦਾਂ ਚੰਗੇ ਗ੍ਰੰਥੀ ਸਿਖਾਂ ਨੂੰ ਨਾ ਦੱਸਦੇ ਰਹਿਣਗੇ ਤਦ ਤਕ ਸਿਖ ਗ਼ਲਤੀਆਂ ਕਰਨੋਂ ਕਿਸ ਤਰ੍ਹਾਂ ਬਚ ਸਕਦੇ ਹਨ? ਸੋ ਮਿੱਤਰੋ, ਜੇ ਆਪ ਚਾਹੁੰਦੇ ਹੋ ਕਿ ਅਸੀਂ ਸ਼ਬਦ ਪੜ੍ਹਦੇ ਹੋਏ ਗੁਰੂ ਆਸ਼ੇ ਨੂੰ ਹੀ ਸ਼ਬਦ ਦੁਆਰਾ ਦੱਸ ਸਕੀਏ ਤਾਂ ਚੰਗੇ ਗ੍ਰੰਥੀ ਪੈਦਾ ਕਰੋ, ਜੋ ਸਾਨੂੰ ਸਿਖ ਮਰਿਯਾਦਾ ਦਾ ਗਿਆਨ ਕਰਾਉਣ, ਪਰ ਚੰਗੇ ਗ੍ਰੰਥੀ ਬਿਨਾਂ ਵਿਦਜਾ ਦੇ ਪੈਦਾ ਹੋ ਨਹੀਂ ਸਕਦੇ।

ਜਦ ਚੰਗੇ ਗ੍ਰੰਥੀ ਪੈਦਾ ਹੋ ਜਾਣਗੇ ਤਾਂ ਉਹ ਸਗੋਂ ਆਪਣੀ ਆਪਣੀ ਧਰਮਸ਼ਾਲਾ ਦੀ ਰੌਣਕ ਵਧਾਉਣ ਵਾਸਤੇ ਹੋਰ ਬੀ ਸ਼ਬਦ ਮੰਡਲੀਆਂ ਨੂੰ ਪੈਦਾ ਕਰਨਗੇ, ਕਿਉਂਕਿ ਸ਼ਬਦੀ ਜਥਿਆਂ ਦੀ ਹਰ ਸਮੇਂ ਨਾ ਸਿਰਫ਼ ਧਰਮਸ਼ਾਲਾ ਵਿਚ ਹੀ ਲੋੜ ਪੈਂਦੀ ਹੈ, ਸਗੋਂ ਵਿਵਾਹ ਸ਼ਾਦੀ ਆਦਿਕ ਸਭ ਕਾਰਜਾਂ ਵਿਚ ਲੋੜ ਪੈਂਦੀ ਹੈ। ਕਈ ਸਿਖ ਸ਼ਬਦ ਕੀਰਤਨ ਕਰਨ ਦਾ ਸ਼ੌਕ ਰਖਦੇ ਹਨ, ਸਗੋਂ ਇਸ ਕਾਰਜ ਨਾਲ ਨੇਤ੍ਰਹੀਨ, ਪੈਰ ਹੀਨ, ਹਥ ਹੀਨ ਆਦਿਕ ਪੁਰਸ਼ਾਂ ਦਾ ਨਿਰਬਾਹ ਹੋ ਸਕਦਾ ਹੈ। ਗੋਯਾ ਸ਼ਬਦੀ ਜਥਿਆਂ ਨਾਲ ਅਸੀਂ ਕਈ ਕਿਰਤੀਆਂ ਤੋਂ ਬੀ ਕੰਮ ਲੈ ਸਕਦੇ ਹਾਂ ਅਤੇ ਕਈ ਇਕ ਪੰਥ ਦੇ ਅਨਾਥਾਂ ਨੂੰ ਇਸ ਕੰਮ ਤੇ ਉਨ੍ਹਾਂ ਦੇ ਨਿਰਬਾਹ ਕਰਾ ਸਕਦੇ ਹਾਂ, ਜਿਸ ਕਰਕੇ ਸ਼ਬਦੀ ਜਥਿਆਂ ਨੂੰ ਪੁਰਾਣੀਆਂ ਮਰਿਯਾਦਾਂ ਵਿਚ ਰਖਕੇ ਅਸੀਂ ਸਿਖੀ ਵਿਚ ਸਭਨਾਂ ਦੇ ਰਸ ਨੂੰ ਕਾਇਮ ਰਖ ਸਕਦੇ ਹਾਂ। ਪਰ ਇਹ ਕੰਮ, ਜੈਸਾ ਉਪਰ ਕਥਨ ਕੀਤਾ ਗਿਆ ਹੈ, ਬਿਨਾ ਲਾਇਕ ਗ੍ਰੰਥੀਆਂ ਦੇ ਵਾਧੇ ਦੇ ਸਿਰੇ ਨਹੀਂ ਚੜ੍ਹ ਸਕਦਾ। (ਖਾਲਸਾ ਸਮਾਚਾਰ, 23 ਮਈ 1906 ਈ:)

## 9 ਗੁਰਪੁਰਬ

ਸਿਖਾਂ ਨੂੰ ਅਨਮਤੀਆਂ ਦੀ ਕੈਦ ਤੋਂ ਜੁਦਾ ਕਰਨ ਵਾਸਤੇ ਅੱਜ ਕਲ ਇਹ ਗੱਲ ਸੋਚੀ ਗਈ ਹੈ ਕਿ ਪੁਰਾਣੇ ਰਿਵਾਜ ਗੁਰਪੁਰਬਾਂ ਦੇ ਚੰਗੀ ਤਰ੍ਹਾਂ ਪ੍ਰਚਲਤ ਕੀਤੇ ਜਾਣ, ਤਾਂਕਿ ਹਰ ਮਹੀਨੇ ਦੋ ਤਿੰਨ ਗੁਰਪੁਰਬ ਜਦ ਸਿਖ ਮਨਾਉਣਗੇ ਤਾਂ ਸਿਖ ਇਨ੍ਹਾਂ ਨੂੰ ਮਨਾਕੇ ਅਨਮਤਾਂ ਦੇ ਤਿਉਹਾਰਾਂ ਤੋਂ ਬਚੇ ਰਹਿਣਗੇ। ਕਈ ਸੱਜਣ ਇਹ ਇਤਰਾਜ਼ ਕਰਦੇ ਹਨ ਕਿ ਸਿੰਘ ਸਭਾ ਵਾਲਿਆਂ ਨੇ ਇਹ ਗੁਰਪੁਰਬ ਨਵੇਂ ਕੱਢ ਲਏ ਹਨ। ਉਨ੍ਹਾਂ ਦਾ ਜਵਾਬ ਤਾਂ ਇਹੀ ਕਾਫ਼ੀ


www.sikhbookclub.com

ਹੈ ਕਿ ਜੇ ਗੁਰਪੁਰਬ ਨਵੇਂ ਹੁੰਦੇ ਤਾਂ ਜਿਥੇ ਸਿੰਘ ਸਭਾਵਾਂ ਅਜੇ ਨਹੀਂ ਬਣੀਆਂ, ਉਨ੍ਹਾਂ ਜਗ੍ਹਾਂ ਵਿਚ ਇਨ੍ਹਾਂ ਦਾ ਰਿਵਾਜ ਨਾ ਹੁੰਦਾ। ਪਰ ਅਸੀਂ ਦੇਖਦੇ ਹਾਂ ਕਿ ਉਹ ਪੁਰਾਣੇ ਸਿੰਘਾਂ ਦੇ ਘਰਾਣੇ, ਜੋ ਅਜੇ ਤਕ ਸਭਾ ਵਿਚ ਸ਼ਾਮਲ ਨਹੀਂ ਹੋਏ, ਪੁਰਾਣੇ ਸਮੇਂ ਤੋਂ ਹੀ ਗੁਰਪੁਰਬ ਮਨਾਉਂਦੇ ਚਲੇ ਆ ਰਹੇ ਹਨ। ਇਸੇ ਤਰ੍ਹਾਂ ਨਾਲ ਗੁਰਮਤਿ ਸੰਸਕਾਰਾਂ ਦਾ ਹਾਲ ਹੈ। ਜੇ ਕਦੀ ਗੁਰਮਤਿ ਸੰਸਕਾਰ ਸਿੰਘ ਸਭਾ ਨੇ ਚਲਾਏ ਹੁੰਦੇ ਤਾਂ ਬੰਦਈ ਖਾਲਸੇ ਵਿਚ, ਜੋ ਬਾਬੇ ਬੰਦੇ ਦੇ ਸਮੇਂ ਤੋਂ ਪਿਛੇ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਛੱਡਕੇ ਅਲੱਗ ਹੋ ਗਏ ਸਨ, ਗੁਰਮਤਿ ਦਾ ਰਿਵਾਜ ਨਾ ਰਹਿੰਦਾ। ਪਰ ਅੱਜ ਤੱਕੋ ਉਨ੍ਹਾਂ ਵਿਚ ਗੁਰਮਤਿ ਦਾ ਰਿਵਾਜ ਚਲਿਆ ਆਉਂਦਾ ਹੈ, ਜਿਸ ਕਰਕੇ ਗੁਰਪੁਰਬ ਅਤੇ ਗੁਰਮਤਿ ਸੰਸਕਾਰ ਨਵੀਨ ਨਹੀਂ ਹਨ, ਏਹ ਪੁਰਾਣੇ ਸਿੰਘਾਂ ਵਿਚ ਹੋਇਆ ਕਰਦੇ ਸਨ। ਤੁਰਕ ਰਾਜ ਦਿਆਂ ਕਹਿਰਾਂ ਤੇ ਮਗਰੋਂ ਪਏ ਅਨਮਤੀ ਪ੍ਰਭਾਵ ਨੇ ਕੁਝ ਵਿਸਾਰੇ ਵਿਚ ਪਾ ਦਿੱਤੇ ਸਨ। ਸਿੰਘ ਸਭਾ ਨੇ ਤਾਂ ਚੇਤੇ ਕਰਾਏ ਹਨ ਤੇ ਸਿਖਾਂ ਦੀਆਂ ਸਭਾ ਸੁਸਾਇਟੀਆਂ ਨੇ ਉਨ੍ਹਾਂ ਨੂੰ ਕੁਝ ਹੁਣ ਚਮਕਾ ਜ਼ਰੂਰ ਦਿੱਤਾ ਹੈ। ਪੁਰਾਣੇ ਸਮੇਂ ਵਿਚ ਜਦ ਸਿਖ ਆਪਣੇ ਮਤ ਵਿਚ ਪੱਕੇ ਸਨ ਇਨ੍ਹਾਂ ਗੁਰਪੁਰਬਾਂ ਨੂੰ ਮਨਾਉਂਦੇ ਹੋਏ ਸਿਖੀ ਦੇ ਅਸਲ ਭਾਵ ਨੂੰ ਭੁੱਲਦੇ ਨਹੀਂ ਸਨ। ਪਰ ਹੁਣ ਜੋ ਸਿਖਾਂ ਵਿਚ ਧਾਰਮਕ ਵਿਚਾਰ ਸ਼ਕਤੀ ਮੱਧਮ ਪੈ ਗਈ ਹੈ ਅਤੇ ਗੁਰੂ ਆਸ਼ੇ ਵਲੋਂ ਅਗਿਆਨਤਾ ਵਧ ਗਈ ਹੈ, ਐਸੇ ਨਾਜ਼ਕ ਸਮੇਂ ਵਿਚ ਖਤਰਾ ਹੈ ਕਿ ਜੇ ਸਮਝਦਾਰ ਗ੍ਰੰਥੀ ਨਾ ਹੋਏ ਤਾਂ ਇਹ ਗੁਰਪੁਰਬ ਬੀ ਸਿਖੀ ਨੂੰ ਕਿਤੇ ਨੁਕਸਾਨ ਪੁਚਾਉਣ ਵਾਲੇ ਨਾ ਹੋ ਜਾਣ।

ਸਿਖੀ ਦਾ ਅਸੂਲ ਹੈ ਕਿ ਅਕਾਲ ਪੁਰਖ ਕਦੀ ਜਨਮ ਨਹੀਂ ਲੈਂਦਾ ਤੇ ਉਸ ਦਾ ਕਦੀ ਅੰਤ ਨਹੀਂ ਹੁੰਦਾ, ਤਾਂ ਤੇ ਅਕਾਲ ਪੁਰਖ 'ਅਜੂਨੀ' ਹੈ। ਅਸੀਂ ਇਹ ਬਾਤ ਬੀ ਮੰਨਦੇ ਹਾਂ ਕਿ ਗੁਰੂ ਸਾਹਿਬਾਨ ਭਾਵੇਂ ਦਸਾਂ ਦੇਹਾਂ ਵਿਚ ਆਏ ਸਨ, ਪਰ ਓਹ ਇਕ ਹੀ ਜੋਤਿ ਪਰਮਾਤਮਾ ਦੇ ਕ੍ਰਿਪਾ ਮੰਡਲ ਵਿਚੋਂ ਪਰਮਾਤਮਾ ਦੇ ਗਿਆਨ ਅਤੇ ਭਗਤੀ ਦਾ ਤਰੀਕਾ ਦੱਸਣ ਵਾਸਤੇ ਸਾਡੇ ਲਈ ਚਮਤਕਾਰ ਸੇ, ਜਿਸ ਕਰਕੇ ਨਾ ਤਾਂ ਅਸੀਂ ਅਕਾਲ ਪੁਰਖ ਪਰਮਾਤਮਾ ਨੂੰ ਦੇਹਧਾਰੀ ਮੰਨਦੇ ਹਾਂ ਤੇ ਨਾ ਗੁਰੂ ਸਾਹਿਬਾਨ ਨੂੰ ਜੂਨੀ ਵਿਚ ਆਯਾ ਪਰਮੇਸ਼ੁਰ ਮੰਨਦੇ ਹਾਂ, ਕਿਉਂਕਿ ਉਹਨਾਂ ਦਾ ਖਾਸ ਹੁਕਮ ਬੀ ਐਸਾ ਹੀ ਹੈ, ਪਰ ਗੁਰੂ ਸਾਹਿਬਾਨ ਦੇ ਆਤਮਾ ਨੂੰ ਪਰਮਾਤਮਾਂ ਦੀ

 www.sikhbookclub.com

ਜੋਤਿ ਦਾ ਹਿੱਸਾ (ਪਰ ਹਿੱਸਾ ਬੀ ਉਹ ਜੋ ਪਰਮਾਤਮਾ ਪਾਸੋਂ ਜੁਦਾ ਨਹੀਂ ਹੋ ਸਕਦਾ) ਮੰਨਦੇ ਹਾਂ, ਕਿਉਂਕਿ ਇਹ ਗੁਰੂ ਮਤਿ ਵਿਚ ਲਿਖਿਆ ਹੈ। ਅਸੀਂ ਜੀਵ ਬ੍ਰਹਮ ਅਤੇ ਮਾਯਾ ਨੂੰ ਅਨਾਦੀ ਅਤੇ ਅਨੰਤ ਮੰਨਣ ਵਾਲੇ ਬੀ ਨਹੀਂ ਹਾਂ, ਸਗੋਂ ਇਸ ਬਾਤ ਦੇ ਮੰਨਣ ਵਾਲੇ ਹਾਂ ਕਿ ਪਰਮਾਤਮਾਂ ਨੇ ਆਪਣੇ ਵਿਚੋਂ ਆਪਣੇ ਹੁਕਮ ਨਾਲ ਹੀ ਜੀਵ ਅਤੇ ਪ੍ਰਕਿਰਤੀ ਨੂੰ ਪੈਦਾ ਕੀਤਾ ਹੈ ਅਤੇ ਉਸੇ ਦੇ ਹੁਕਮ ਵਿਚ ਕਾਇਮ ਹੈ ਤੇ ਉਸੇ ਦੇ ਹੁਕਮ ਵਿਚ ਅਦ੍ਰਿਸ਼ਜ ਹੋ ਸਕਦਾ ਹੈ। ਸਭ ਦਾ ਆਧਾਰ ਉਹ ਹੈ, ਸਭ ਕੁਛ ਉਸ ਤੋਂ ਹੈ। ਉਹ ਨਿਰਾ (ਘੜਨਹਾਰ) ਘੁਮਜਾਰ ਨਹੀਂ ਹੈ।

ਇਸੇ ਤਰ੍ਹਾਂ ਉਸ ਅਕਾਲ ਪੁਰਖ ਨੇ ਆਪਣੀ ਜੋਤਿ ਵਿਚੋਂ ਹੀ ਆਪਣੀ ਇੱਛਾ ਅਨੁਸਾਰ ਗੁਰੂ ਸਾਹਿਬਾਂ ਨੂੰ ਜੀਵਾਂ ਲਈ ਆਪਣੇ ਗਿਆਨ ਅਤੇ ਭਗਤੀ ਦੁਆਰਾ ਆਪਣੇ ਨਾਲ ਮਿਲਨ ਦਾ ਰਸਤਾ ਦੱਸਣ ਲਈ ਭੇਜਿਆ ਅਤੇ ਉਹ ਗੁਰੂ ਸਾਹਿਬਾਨ ਆਪਣਾ ਕੰਮ ਕਰਕੇ ਉਸੇ ਅਕਾਲ ਪੁਰਖ ਦੇ ਚਰਨ ਕਮਲਾਂ ਵਿਚ ਜਾ ਸਮਾਏ। ਸਾਡਾ ਤਅੱਲਕ ਗੁਰੂ ਸਾਹਿਬਾਨ ਦੀ ਦੇਹ ਨਾਲ ਇਤਨਾ ਨਹੀਂ ਹੈ ਜਿਤਨਾ ਕੁਝ ਕਿ ਉਹਨਾਂ ਦੀ ਉਸ ਜੋਤਿ ਨਾਲ ਹੈ ਜੋ ਅਕਾਲ ਪੁਰਖ ਵਲੋਂ ਉਹਨਾਂ ਦੇ ਅੰਦਰ ਸੀ। ਉਸ ਜੋਤਿ ਦੀ ਸਿੱਖਿਆ ਦਿਤੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸ਼ਬਦ ਰੂਪ ਵਿਚ ਮੌਜੂਦ ਹੈ, ਜੋ ਹੁਣ ਤਕ ਸਾਡੇ ਗੁਰੂ ਪਣੇ ਨੂੰ ਸੰਭਾਲੀ ਬੈਠੀ ਹੈ ਜਿਸ ਕਰਕੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਜਾਗਤ ਜੋਤਿ ਅਟੱਲ ਸਤਿਗੁਰੂ ਮੰਨ ਰਹੇ ਹਾਂ। ਜੇ ਤਾਂ ਇਸ ਅਸੂਲ ਨੂੰ ਅੱਗੇ ਰੱਖਕੇ ਅਸੀਂ ਗੁਰਪੁਰਬਾਂ ਪਰ, ਭਾਵੇਂ ਉਹ ਜਨਮ ਦੇ ਹੋਣ ਤੇ ਭਾਵੇਂ ਜੋਤੀ ਜੋਤਿ ਸਮਾਉਣ ਦੇ ਤੇ ਭਾਵੇਂ ਗੁਰੂ ਗਦੀ ਪਰ ਬੈਠਣ ਦੇ, ਮਨਾਉਣ ਲਗੇ ਅਕਾਲ ਪੁਰਖ ਦੇ ਧੰਨਵਾਦ ਵਿਚ ਹੀ ਰੁੱਝੇ ਰਹੀਏ ਕਿ ਉਸ ਨੇ ਆਪਣੀ ਦਿਆਲਤਾ ਨਾਲ ਸਾਡੇ ਲਈ ਐਸੇ ਚਮਤਕਾਰੇ ਆਪਣੀ ਜੋਤਿ ਵਿਚੋਂ ਭੇਜੇ ਕਿ ਜਿਨ੍ਹਾਂ ਨੇ ਪੰਜ ਤਤਾਂ ਦੇ ਜਾਮੇ ਵਿਚ ਆਕੇ ਸਾਡੀ ਬੋਲੀ ਵਿਚ ਸਾਨੂੰ ਸਿਖ ਮਤਿ ਦਿਤੀ; ਤਾਂ ਤਾਂ ਕੰਮ ਠੀਕ ਹੋਇਆ, ਪਰ ਜੇ ਅਸੀਂ ਅੱਡ ਅੱਡ ਗੁਰਪੁਰਬਾਂ ਪਰ ਗੁਰੂ ਸਾਹਿਬਾਨ ਦੀ ਦੇਹ ਦੇ ਬਿਵਹਾਰਾਂ ਨੂੰ ਵਰਣਨ ਕਰਦੇ ਉਹਨਾਂ ਨੂੰ ਅੱਡ ਅੱਡ ਅਵਤਾਰ ਮੰਨਣ ਲਗ ਜਾਈਏ ਤੇ ਇਸੇ ਤਰ੍ਹਾਂ ਸਿਖਾਂ ਅਤੇ ਮਹਾਤਮਾਂ ਦੇ ਅਵਤਾਰ ਮੰਨ ਮੰਨਕੇ ਉਹਨਾਂ ਦੇ ਪੁਰਬ ਮੰਨਣ ਲਗ ਪਈਏ,

 www.sikhbookclub.com

ਉਹ ਦਿਨ ਉਹਨਾਂ ਦੇ ਜੂਨ ਵਿਚ ਆਉਣ ਦੇ ਮੰਨਕੇ ਅਗਜਾਨ ਦੇ ਕਰਤਬਾਂ ਵਿਚ ਪੈ ਜਾਈਏ, ਤਾਂ ਜਿਸ ਤਰ੍ਹਾਂ ਹਿੰਦੂਆਂ ਵਿਚ ਤੇਤੀ ਕਰੋੜ ਦੇਵਤੇ ਬਣ ਗਏ ਹਨ ਸਾਡੇ ਵਿਚੋਂ ਬੀ ਬਣਨੋਂ ਨਹੀਂ ਹਟਣਗੇ।

ਇਸ ਵਾਸਤੇ ਗੁਰਪੁਰਬਾਂ ਪਰ ਉਤਨਾ ਗੁਰ ਬਿਲਾਸਾਂ ਦੀਆਂ ਸਾਖੀਆਂ ਪਰ ਜ਼ੋਰ ਮਿਲਨਾ ਜ਼ਰੂਰੀ ਨਹੀਂ ਜਿਤਨਾ ਕਿ ਉਹਨਾਂ ਸਿਖਿਆਂ ਪਰ ਮਿਲਣਾ ਜ਼ਰੂਰੀ ਹੈ, ਜੋ ਸਿਖਿਆਂ ਗੁਰੂ ਸਾਹਿਬਾਨ ਨੇ ਦੇਹ ਧਾਰਕੇ ਸਾਨੂੰ ਦਿਤੀਆਂ। ਇਸ ਕੰਮ ਵਿਚ ਸਾਨੂੰ ਅਨਮਤੀਆਂ ਦੀਆਂ ਨਕਲਾਂ ਕਰਨੀਆਂ ਵਾਜਬ ਨਹੀਂ ਹਨ, ਸਗੋਂ ਗੁਰੂ ਮਤਿ ਪਰ ਚੱਲਣਾ ਵਾਜਬ ਹੈ। ਮਸਲਨ ਜਦ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਿਨ ਪਰ ਨਨਕਾਣੇ ਸਾਹਿਬ ਜਾਕੇ ਭਜਨ ਸਿਮਰਨ ਕੀਰਤਨ ਕਰਦੇ ਹਾਂ ਤਾਂ ਸਿਮਰਨ ਕੇਵਲ ਅਕਾਲ ਪੁਰਖ ਦਾ ਹੀ ਹੋਣਾ ਚਾਹੀਏ, ਨਾ ਕਿ ਕਿਸੇ ਹੋਰਸ ਦਾ; ਕਿਉਂਕਿ ਗੁਰੂ ਨਾਨਕ ਜੀ ਨੇ ਸਾਨੂੰ ਅਕਾਲ ਪੁਰਖ ਦੇ ਭਜਨ ਦੇ ਸਿਵਾਏ ਹੋਰ ਕਿਸੇ ਦੇ ਭਜਨ ਦਾ ਹੁਕਮ ਹੀ ਨਹੀਂ ਦਿਤਾ। ਫੇਰ ਨਨਕਾਣੇ ਸਾਹਿਬ ਜੀ ਵਿਚ ਜਾਕੇ ਅਸੀਂ ਸਿਰਫ਼ ਜਨਮ ਦੀ ਕਥਾ ਹੀ ਸੁਣ ਛੱਡੀਏ ਅਤੇ ਅਕਾਲ ਪੁਰਖ ਦਾ ਧੰਨਵਾਦ ਨਾ ਕਰੀਏ ਕਿ ਉਸ ਨੇ ਅਪਾਰ ਮੇਹਰ ਕਰਕੇ ਸ੍ਰੀ ਗੁਰੂ ਨਾਨਕ ਜੀ ਨੂੰ ਕੇਵਲ ਅਕਾਲ ਪੁਰਖ ਦੇ ਗਿਆਨ ਅਤੇ ਭਗਤੀ ਸਿਖਾਉਣ ਲਈ ਹੀ ਇਸ ਮਾਤ ਲੋਕ ਵਿਚ ਸਾਡੇ ਪਾਸ ਭੇਜਿਆ ਸੀ ਤੇ ਉਹਨਾਂ ਨੇ ਆਕੇ ਸਾਡਾ ਨਿਸਤਾਰ ਕੀਤਾ ਤਾਂ ਸਾਡੇ ਗੁਰਪੁਰਬ ਮਨਾਉਣ ਦਾ ਵਡਾ ਅੰਗ ਰਹਿ ਜਾਵੇਗਾ। ਅਰਥਾਤ ਗੁਰਪੁਰਬਾਂ ਦੇ ਮਨਾਉਣ ਦਾ ਵਡਾ ਅੰਗ ਨਿਰਾਕਾਰ ਪਰਮਾਤਮਾ ਦੀ ਕ੍ਰਿਪਾ ਦਾ ਧੰਨਵਾਦ ਹੈ, ਸੋ ਰਹਿ ਜਾਵੇਗਾ। ਗੁਰੂ ਸਾਹਿਬਾਨ ਦੇ ਗੁਰਪੁਰਬ ਸਾਨੂੰ ਸਿਰਫ਼ ਯਾਦ ਕਰਾਉਣ ਵਾਸਤੇ ਹਨ ਕਿ ਇਹ ਉਪਕਾਰ ਨਿਰਾਕਾਰ ਪਰਮਾਤਮਾ ਨੇ ਤੁਹਾਡੇ ਉਪਰ ਕੀਤੇ ਹੋਏ ਹਨ, ਵਰਨਾ ਇਨ੍ਹਾਂ ਤੋਂ ਇਹ ਮੁਰਾਦ ਨਹੀਂ ਹੈ ਕਿ ਅਸੀਂ ਅਨਮਤਾਂ ਦੀ ਨਕਲ ਕਰਨ ਵਾਸਤੇ ਅੱਡ ਅੱਡ ਗੁਰੂ ਸਾਹਿਬਾਂ ਨੂੰ ਅੱਡ ਅੱਡ ਸਮਝਕੇ ਯਾ ਮੰਨ ਕੇ ਏਕਤਾ ਦੇ ਅਸੂਲ ਨੂੰ, ਜੋ ਸਿਖੀ ਦਾ ਹੈ, ਗੁਆ ਬੈਠੀਏ ਤੇ ਵਾਹਿਗੁਰੂ ਤੋਂ ਬੇ-ਮੁਖ ਹੋਕੇ ਬੁਤਪ੍ਰਸਤੀ ਤੇ ਬੇ-ਮੁਖਤਾਈ ਵਿਚ ਪੈ ਜਾਈਏ।

ਗੁਰੂ ਸਾਹਿਬਾਨ ਦੀਆਂ ਦੇਹਾਂ ਬੇਸ਼ਕ ਬਹੁਤ ਪੁਨੀਤ ਸਨ ਕਿ ਜਿਨ੍ਹਾਂ ਵਿਚ ਆਕੇ ਉਹਨਾਂ ਨੇ ਸਤਿ ਮਾਰਗ ਨੂੰ ਦੱਸਿਆ ਹੈ ਅਤੇ ਗੁਰੂ ਸਾਹਿਬਾਨ

ਦੇ ਉਪਕਾਰਾਂ ਨੂੰ ਭੁੱਲਣਾ ਆਪ ਨੂੰ ਕ੍ਰਿਤਘਨ ਕਰਨਾ ਤੇ ਪੰਥ ਨੂੰ ਗ਼ਾਰਤ ਕਰਨਾ ਹੈ। ਪਰ ਜੋ ਲੋਕ ਕੇਵਲ ਦੇਹਾਂ ਦੀ ਪਕੜ ਵਿਚ ਹੀ ਫਸਕੇ ਗੁਰੂ ਸਾਹਿਬਾਨ ਦੀ ਜੋਤਿ ਤੋਂ ਕੁਝ ਲਾਭ ਉਠਾਉਣਾ ਨਹੀਂ ਚਾਹੁੰਦੇ ਸੋ ਗੁਰੂ ਆਸ਼ੇ ਨੂੰ ਨਹੀਂ ਮੰਨ ਰਹੇ। ਗੁਰੂ ਘਰ ਦਾ ਇਹ ਆਸ਼ਾ ਹੈ ਕਿ ਦਾਤ ਨੂੰ ਪਾਕੇ ਦਾਤਾਰ ਨੂੰ ਨਾ ਭੁੱਲ ਜਾਓ, ਸਗੋਂ ਦਾਤ ਨੂੰ ਪਾਕੇ ਦਾਤਾਰ ਦਾ ਧੰਨਵਾਦ ਕਰੋ।

ਪਰ ਜੇ ਸਾਡੇ ਗ੍ਰੰਥੀ ਇਨ੍ਹਾਂ ਗੁਰਪੁਰਬਾਂ ਨੂੰ ਅੱਗੇ ਰਖਕੇ ਸਿਖਾਂ ਨੂੰ ਹਿੰਦੂ ਤਿਉਹਾਰਾਂ ਦੀ ਤਰ੍ਹਾਂ ਹੀ ਅੱਡ ਅੱਡ ਦੇਵਤਿਆਂ ਦੇ ਨਾਮ ਪਰ ਕੁਝ ਨਾ ਕੁਝ ਮੁੱਛਣ ਵਾਸਤੇ, ਕੁਝ ਨਾ ਕੁਝ ਵਸਤਾਂ ਲੈਣ ਦੇ ਬਹਾਨੇ ਬਣਾ ਲੈਣਗੇ ਤਾਂ ਗੁਰਮਤ ਦਾ ਕੰਮ ਨਹੀਂ ਸੌਰੇਗਾ, ਸਗੋਂ ਸਿਖੀ ਵਿਚ ਧੜੇ ਪੈਦਾ ਹੋ ਜਾਣਗੇ। ਕੋਈ ਫ਼ਿਰਕਾ ਗੁਰੂ ਅਰਜਨੀਆਂ ਸਦਾਉਣ ਲਗ ਪਵੇਗਾ ਤੇ ਕੋਈ ਗੁਰੂ ਹਰਿਕ੍ਰਿਸ਼ਨੀਆ ਸਦਾਉਣ ਲਗ ਪਵੇਗਾ। ਕਿਉਂਕਿ ਵਿਦਜਾਹੀਨ ਗ੍ਰੰਥੀ (ਹੁਣ ਤਾਂ ਨਹੀਂ, ਪਰ ਅਗੋਂ ਨੂੰ) ਕਿਸੇ ਗੁਰੂ ਨੂੰ ਵਡਾ ਤੇ ਕਿਸੇ ਨੂੰ ਛੋਟਾ ਦੱਸ ਦੱਸਕੇ ਉਨ੍ਹਾਂ ਦੇ ਗੁਰਪੁਰਬ ਬੀ ਵਡੇ ਛੋਟੇ ਕਰ ਦਿਖਾਉਣਗੇ ਅਤੇ ਗੁਰ ਉਪਮਾਂ ਵਿਚ ਐਸੀਆਂ ਐਸੀਆਂ ਕਵਿਤਾਂ ਘੜ ਕੱਢਣਗੇ ਕਿ ਜਿਨ੍ਹਾਂ ਨੂੰ ਸੁਣਕੇ ਸਿਖ ਇਹ ਆਖਣ ਲੱਗ ਪੈਣਗੇ ਕਿ ਮੈਨ ਦਵਾਬ ਵਾਸਤੇ ਤਾਂ ਗੁਰੂ ਹਰਿਗੋਬਿੰਦ ਜੀ ਗੁਰੂ ਹਰਿਰਾਇ ਜੀ ਵਡੇ ਸਨ, ਪਰ ਪੂਰਬ ਵਾਸਤੇ ਗੁਰੂ ਤੇਗ ਬਹਾਦਰ ਜੀ ਵਡੇ ਸਨ; ਇਤਜਾਦਿ ਢਕੌਂਸਲੇ ਘੜਨ ਲਗ ਪੈਣਗੇ, ਜਿਨ੍ਹਾਂ ਦਾ ਮੁੱਢ ਹੁਣੇ ਹੀ ਬੱਝਣਾ ਸ਼ੁਰੂ ਹੋ ਗਿਆ ਹੈ ਅਤੇ ਗੁਰੂ ਉਪਮਾ ਦੀਆਂ ਕਵਿਤਾਂ ਬੀ ਐਸੀਆਂ ਰਚ ਲੈਣਗੇ ਕਿ ਨਿਰਾਕਾਰ ਪਰਮਾਤਮਾ ਦੀ ਭਗਤੀ ਤੋਂ ਵਿਰਵੇ ਰਹਿਕੇ ਖਾਸ ਜਿਨ੍ਹਾਂ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦੀ ਭਗਤੀ ਦਾ ਸਬਕ ਸਿਖਾਇਆ ਹੈ ਅਤੇ ਸਗੋਂ ਉਹਨਾਂ ਦਾ ਮਿਸ਼ਨ ਹੀ ਇਹ ਸੀ ਕਿ ਸਾਨੂੰ ਨਿਰਾਕਾਰ ਪਰਮਾਤਮਾ ਦੇ ਚਰਨਾਂ ਵਿਚ ਜੋੜਨ, ਉਹਨਾਂ ਦੇ ਅਸਲ ਆਸ਼ੇ ਨੂੰ ਭੁੱਲਕੇ ਸਿਰਫ਼ ਉਹਨਾਂ ਦੀ ਆਪਣੀ ਹੀ ਭਗਤੀ ਵਿਚ ਸਿਰ ਰੁੱਝ ਜਾਣਗੇ। ਦਾਦੂ-ਪੰਥੀਆਂ ਦੀ ਤਰ੍ਹਾਂ ਕੋਈ ਤਾਂ, 'ਨਾਨਕ ਜੀ' 'ਨਾਨਕ ਜੀ' ਆਦਿਕ ਪਦਾਂ ਦਾ ਸਿਮਰਨ ਕਰਨ ਲਗ ਜਾਵੇਗਾ ਤੇ ਕੋਈ 'ਗੁਰੂ ਗੋਬਿੰਦ ਸਿੰਘ ਜੀ' 'ਗੁਰੂ ਗੋਬਿੰਦ ਸਿੰਘ ਜੀ' ਨਾਮ ਰਟਨ ਲਗ ਜਾਵੇਗਾ। ਫਿਰ ਜਿਸ ਤਰ੍ਹਾਂ ਕ੍ਰਿਸ਼ਨ ਦੇ ਉਪਾਸ਼ਕ

 www.sikhbookclub.com

ਰਾਮ ਦਾ ਨਾਮ ਲੈਣਾ ਛੋਟਾ ਸਮਝਦੇ ਹਨ ਅਤੇ ਜਿਸ ਤਰ੍ਹਾਂ ਰਾਮਚੰਦ੍ਰ ਜੀ ਦੇ ਉਪਾਸ਼ਕ ਕ੍ਰਿਸ਼ਨ ਜੀ ਨਾਮ ਲੈਣਾ ਛੋਟਾ ਸਮਝਦੇ ਹਨ, ਇਸੇ ਤਰ੍ਹਾਂ ਦੀ ਫ਼ਿਰਕਾਬੰਦੀ ਸਿਖਾਂ ਵਿਚ ਹੋ ਜਾਵੇਗੀ, ਜਿਸ ਦਾ ਮੁੱਢ ਹੁਣੇ ਹੀ ਕਿਤੇ ਕਿਤੇ ਬੱਝਣਾ ਸ਼ੁਰੂ ਹੋ ਗਿਆ ਹੈ।

ਸੋ ਗੁਰ ਉਪਮਾ ਦੇ ਲਿਖਣ ਵਾਲੇ ਸੱਜਣੋ! ਆਉਣ ਵਾਲੇ ਭਿਆਨਕ ਸਮੇਂ ਨੂੰ ਮਨ ਵਿਚ ਰੱਖਕੇ ਆਪਣੀ ਕਵਿਤਾ ਕਿਰਪਾ ਕਰਕੇ ਕੀਤਾ ਕਰੋ। ਸਾਨੂੰ ਗੁਰੂ ਸਾਹਿਬਾਨ ਦੀ ਉਪਮਾ ਦੀ ਬਹੁਤ ਲੋੜ ਹੈ, ਉਹਨਾਂ ਦੇ ਗੁਰਪੁਰਬਾਂ ਦੀ ਬਹੁਤ ਲੋੜ ਹੈ, ਉਹਨਾਂ ਦੇ ਚਰਨਾਂ ਵਿਚ ਸਿਖਾਂ ਦੇ ਪ੍ਰੇਮ ਵਧਾਉਣ ਦੀ ਬਹੁਤ ਲੋੜ ਹੈ, ਉਹਨਾਂ ਦੇ ਬਚਨ ਪਰ ਸਿਖੀ ਦੇ ਵਿਸ਼ਵਾਸ ਵਧਾਉਣ ਦੀ ਬਹੁਤ ਲੋੜ ਹੈ। ਪਰ ਉਹਨਾਂ ਦੇ ਹੁਕਮ ਦੇ ਉਲਟ ਜਾਣ ਦੀ ਲੋੜ ਨਹੀਂ, ਉਹਨਾਂ ਦੀ ਸਿਖਜਾ ਤੋਂ ਬਾਹਰ ਪੈਰ ਰੱਖਣ ਦੀ ਲੋੜ ਨਹੀਂ। ਉਹਨਾਂ ਦਾ ਮੁੱਖ ਮਿਸ਼ਨ ਸਿਖਾਂ ਵਿਚ ਨਿਰਾਕਾਰ ਪਰਮਾਤਮਾ ਦੇ ਗਿਆਨ ਅਤੇ ਉਸਦੀ ਭਗਤੀ ਪੈਦਾ ਕਰਨ ਦਾ ਸੀ। ਦਸੋਂ ਸਤਿਗੁਰੂ ਇਕੋ ਜੋਤਿ, ਇਕੋ ਸਰੂਪ ਹਨ। ਇਸ ਮੁੱਖ ਕਾਰਜ ਨੂੰ ਅੱਗੇ ਰੱਖਕੇ ਉਹਨਾਂ ਦੀ ਉਪਮਾ ਦੀ ਕਵਿਤਾ ਕਰਨ ਦੀ ਲੋੜ ਹੈ। ਪਰ ਜੇ ਉਹਨਾਂ ਦਾ ਅਸਲ ਮਿਸ਼ਨ ਦੂਰ ਹੋ ਜਾਵੇ ਤਾਂ ਕਵਿਤਾ ਸਾਨੂੰ ਉਹਨਾਂ ਦੇ ਹੁਕਮ ਤੋਂ ਬੇਮੁਖ ਕਰਨ ਵਾਲੀ ਹੈ। ਗੁਰਪੁਰਬਾਂ ਪਰ ਅਕਾਲ ਪੁਰਖ ਦੇ ਧੰਨਵਾਦ ਦੀ ਬਹੁਤ ਹੀ ਲੋੜ ਹੈ ਕਿ ਉਸਨੇ ਐਸੀਆਂ ਪਰਉਪਕਾਰੀ ਜੋਤਾਂ ਸਾਡੇ ਵਾਸਤੇ ਭੇਜੀਆਂ। ਪਰ ਜੇ ਆਪ ਈਸਾਈਆਂ ਦੀ ਤਰ੍ਹਾਂ ਹਜ਼ਰਤ ਈਸਾ ਦੀ ਤਾਰੀਫ਼ ਵਿਚ ਰਹਿ ਜਾਓਗੇ ਅਤੇ ਹਜ਼ਰਤ ਈਸਾ ਦੇ ਭੇਜਣ ਵਾਲੇ ਦਾ ਕੁਝ ਬੀ ਖਿਆਲ ਨਹੀਂ ਕਰੋਗੇ ਤਾਂ ਦੱਸੋ ਇਸ ਤਰ੍ਹਾਂ ਦੇ ਗੁਰਪੁਰਬ ਮਨਾਉਣ ਵਿਚ ਆਪ ਦਾ ਤੇ ਇਸਾਈਆਂ ਦਾ ਫ਼ਰਕ ਕੀ ਹੋਇਆ? ਨਹੀਂ, ਸੁਆਦ ਤਦ ਹੈ ਕਿ ਜਦ ਆਪ ਅਕਾਲ ਪੁਰਖ ਦੀ ਦਾਤ ਦੱਸੋ ਗੁਰੂ ਸਾਹਿਬਾਨ ਦਾ ਬੀ ਸ਼ੁਕਰੀਆ ਕਰੋ, ਉਹਨਾਂ ਦੇ ਉਪਕਾਰ ਮੰਨੋ, ਪਰ ਉਸ ਸ਼ੁਕਰੀਏ ਦੇ ਨਾਲ ਹੀ ਉਹਨਾਂ ਦੇ ਭੇਜਣ ਵਾਲੇ ਅਕਾਲ ਪੁਰਖ ਦਾ ਬੀ ਸ਼ੁਕਰੀਆ ਕਰੋ, ਅਰ ਉਸ ਗੁੱਝੇ ਭੇਤ ਨੂੰ ਸਮਝੋ ਕਿ ਜੋ ਉਹਨਾਂ ਦਸਾਂ ਨੂੰ ਇਕ ਰੂਪ ਅਰ ਵਾਹਿਗੁਰੂ ਦੇ ਚਰਨਾਂ ਨਾਲ ਅਭੇਦ ਦੱਸਕੇ ਉਹਨਾਂ ਦੀ ਪਰਮ ਉੱਚੀ ਅਵਸਥਾ ਦੱਸੋ; ਨਾ ਕਿ ਉਹਨਾਂ ਨੂੰ ਅੱਡ ਅੱਡ ਵਾਹਿਗੁਰੂ ਤੋਂ ਵਖਰੇ ਬਣਾਕੇ ਹੱਤਕ ਕਰੋ।

 www.sikhbookclub.com

ਹੁਣ ਵਿਚਾਰੋ ਕਿ ਜੇ ਸਾਰੇ ਗ੍ਰੰਥੀ ਲਾਇਕ ਨਾ ਹੋ ਗਏ ਤਾਂ ਇਨ੍ਹਾਂ ਬਾਤਾਂ ਦਾ ਕੌਣ ਖ਼ਿਆਲ ਕਰੇਗਾ, ਕੌਣ ਸਿਖਾਂ ਨੂੰ ਸਿੱਧੇ ਰਸਤੇ ਤੇ ਰਖੇਗਾ। ਜਿਸ ਤਰ੍ਹਾਂ ਅਗਲੇ ਨੇਕ ਕੰਮ ਬਦਲ ਗਏ ਹਨ, ਇਸੇ ਤਰ੍ਹਾਂ ਇਹ ਨੇਕ ਕੰਮ ਬੀ ਹੋਰ ਅਨਮਤੀ ਸ਼ਕਲਾਂ ਪਲਟ ਲੈਣਗੇ। ਇਸ ਲਈ ਜੇ ਪੰਥ ਉਨਤੀ ਚਾਹੁੰਦਾ ਹੈ ਤਾਂ ਭਲੇ ਗ੍ਰੰਥੀ ਪੈਦਾ ਕਰੇ ਤੇ ਜ਼ਰੂਰ ਕਰੇ ਤੇ ਛੇਤੀ ਕਰੇ। (ਖਾਲਸਾ ਸਮਾਚਾਰ, 30 ਮਈ 1906 ਈ:)

## 10 ਗੁਰਮਤ ਸੰਸਕਾਰ

ਅਸੀਂ ਦੱਸ ਆਏ ਹਾਂ ਕਿ ਗੁਰਪੁਰਬਾਂ ਦੇ ਸਮੇਂ ਨਿਰਾਕਾਰ ਪਾਰਮਾਤਮਾ ਦੇ ਧੰਨਵਾਦ ਵਾਸਤੇ ਸੰਗਤ ਨੂੰ ਲਗਾਉਣ ਲਈ ਅਤੇ ਗੁਰਪੁਰਬਾਂ ਦੇ ਬਹਾਨੇ ਜੋ ਸਿਖਾਂ ਵਿਚ ਖ਼ੁਦਗਰਜ਼ੀ ਅਤੇ ਅਵਿਦਜਾ ਨੇ ਫ਼ਿਰਕਾਬੰਦੀ ਪੈਦਾ ਕਰਨੀ ਹੈ ਉਸ ਨੂੰ ਰੋਕਣ ਲਈ ਚੰਗੇ ਚੰਗੇ ਪੜ੍ਹੇ ਲਿਖੇ ਗ੍ਰੰਥੀਆਂ ਦੀ ਡਾਢੀ ਲੋੜ ਹੈ। ਇਸ ਅੰਕ ਵਿਚ ਅਸੀਂ ਚਾਹੁੰਦੇ ਹਾਂ ਕਿ ਗੁਰਮਤਿ ਸੰਸਕਾਰਾਂ ਲਈ ਐਸੇ ਗ੍ਰੰਥੀਆਂ ਦੀ ਕਿੰਨੀ ਵੱਡੀ ਲੋੜ ਹੈ।

ਸਿਖਾਂ ਵਿਚ ਚਾਰ ਗੁਰਮਤਿ ਸੰਸਕਾਰ ਹਨ: ਪਹਿਲਾ ਜਨਮ ਸੰਸਕਾਰ, ਦੂਜਾ ਅੰਮ੍ਰਿਤ ਸੰਸਕਾਰ, ਤੀਜਾ ਆਨੰਦ ਸੰਸਕਾਰ, ਤੇ ਚੌਥਾ ਮ੍ਰਿਤਕ ਸੰਸਕਾਰ। ਹੁਣ ਜਿਤਨੀ ਸਿਖੀ ਹੈ ਉਸ ਦੇ ਚਾਰ ਗੁਣਾਂ ਸੰਸਕਾਰਾਂ ਦੇ ਦਿਨ ਔਸਤਨ ਚਾਲੀਸ ਬਰਸਾਂ ਵਿਚ ਪੈਣਗੇ। ਫਰਜ਼ ਕਰੋ ਬੀਸ ਲਖ ਸਿੰਘ ਹੋਣ (ਪਰ ਸਹਿਜਧਾਰੀ ਸਿਖ ਪਾਕੇ ਕਰੋੜ ਤੋਂ ਘੱਟ ਨਹੀਂ ਹਨ) ਤਾਂ ਅੱਸੀ ਲਖ ਸੰਸਕਾਰਾਂ ਦੇ ਦਿਨ ਚਾਲੀਸ ਬਰਸਾਂ (ਔਸਤ ਉਪਰ ਸਿਖਾਂ ਦੀ ਮਨ ਕਲਪਤ ਹੈ) ਵਿਚ ਹੋਏ, ਅਰਥਾਤ ਦੋ ਲਖ ਸੰਸਕਾਰਾਂ ਦੇ ਦਿਨ ਇਕ ਬਰਸ ਦੇ ਹੋਏ, ਅਰਥਾਤ 548 ਸੰਸਕਾਰ ਹਰ ਰੋਜ਼ ਹੋਏ। ਇਸ ਹਿਸਾਬ ਤੋਂ ਮਲੂਮ ਹੁੰਦਾ ਹੈ ਕਿ ਜੇ ਸਾਰੇ ਸਿੰਘ ਗੁਰਮਤ ਸੰਸਕਾਰ ਪੂਰੀ ਤਰ੍ਹਾਂ ਕੀਤਾ ਕਰਨ ਤਾਂ ਘੱਟ ਤੋਂ ਘੱਟ ਭੀ ਸੌ ਪੜ੍ਹੇ ਲਿਖੇ ਗ੍ਰੰਥੀਆਂ ਨੂੰ ਸੰਸਕਾਰਾਂ ਵਿਚ ਰੁਝੇ ਰਹਿਣਾ ਪਵੇਗਾ। ਕਈ ਸਜਣ ਆਖਣਗੇ ਕਿ ਅੰਮ੍ਰਿਤ ਸੰਸਕਾਰ ਤਾਂ ਇਕੱਠਾ ਹੀ ਕਈ ਸਿੰਘਾਂ ਦਾ ਹੋ ਸਕਦਾ ਹੈ, ਫੇਰ ਇਹ ਹਿਸਾਬ ਕਿਸ ਤਰ੍ਹਾਂ ਠੀਕ ਹੋਇਆ? ਸੋ ਬੇਨਤੀ ਹੈ ਕਿ ਸਹਿਜਧਾਰੀਆਂ ਨੂੰ ਤਾਂ ਅਸਾਂ ਇਸ ਹਿਸਾਬ ਵਿਚ ਗਿਣਿਆਂ ਹੀ ਨਹੀਂ; ਭਾਵੇਂ ਉਹ ਅੰਮ੍ਰਿਤ ਸੰਸਕਾਰ ਨਹੀਂ ਕਰਦੇ ਪਰ


www.sikhbookclub.com

ਬਾਕੀ ਦੇ ਤਿੰਨੇ ਸੰਸਕਾਰ ਤਾਂ ਬਰਾਬਰ ਕਰਦੇ ਹਨ ਤੇ ਉਹਨਾਂ ਵਿਚੋਂ ਅੰਮ੍ਰਿਤ ਛਕਕੇ ਸਿੰਘ ਸਜਦੇ ਹਨ। ਸੋ ਸਾਡਾ ਹਿਸਾਬ ਅਸਲ ਗਿਣਤੀ ਜੋ ਗ੍ਰੰਥੀਆਂ ਦੀ ਹੈ ਉਸ ਤੋਂ ਘੱਟ ਹੈ, ਵੱਧ ਨਹੀਂ।

ਹੁਣ ਜ਼ਰਾ ਸੋਚਣ ਦੀ ਲੋੜ ਹੈ ਕਿ ਗੁਰਮਤਿ ਸੰਸਕਾਰਾਂ ਦਾ ਅਸਲ ਭਾਵ ਕੀ ਹੈ? ਅੰਮ੍ਰਿਤ ਸੰਸਕਾਰ ਨੂੰ ਹਾਲਾਂ ਅੱਡ ਰਖ ਲਵੋ। ਬਾਕੀ ਦੇ ਤਿੰਨਾਂ ਸੰਸਕਾਰਾਂ ਦੇ ਵੇਲੇ ਦੋ ਤਰ੍ਹਾਂ ਦੀਆਂ ਰਸਮਾਂ ਕਰਨੀਆਂ ਪੈਂਦੀਆਂ ਹਨ, ਅਰਥਾਤ ਇਕ ਧਾਰਮਕ ਦੂਜੀ ਭਾਈਚਾਰਕ। ਗੁਰਮਤ ਸੰਸਕਾਰਾਂ ਦਾ ਵਡਾ ਤਅੱਲਕ ਧਾਰਮਕ ਰਸਮਾਂ ਨਾਲ ਹੈ ਅਤੇ ਭਾਈਚਾਰਕ ਰਸਮਾਂ ਦੀ ਸਿਰਫ਼ ਇਤਨੀ ਨਿਗਰਾਨੀ ਹੈ ਕਿ ਉਹਨਾਂ ਵਿਚ ਧਰਮ ਦੇ ਕਿਸੇ ਭਾਵ ਦੀ ਨਿਖੇਧੀ ਨਾ ਹੋਵੇ। ਜਿਵੇਂ ਕਿ ਜਨਮ ਸੰਸਕਾਰਾਂ ਦੇ ਵੇਲੇ ਹਿੰਦੂਆਂ ਵਿਚ ਗੋਮੂਤ੍ਰ ਪਿਲਾਉਣ ਆਦਿ ਦੀ ਰਸਮ ਅਜ ਕਲ ਭਾਵੇਂ ਭਾਈਚਾਰਕ ਬੀ ਦੱਸੀ ਜਾਂਦੀ ਹੈ, ਕਿਉਂਕਿ ਆਰਯਾ ਲੋਕ ਖੇਤੀ ਬਾੜੀ ਕਰਨ ਵਾਲੇ ਸਨ ਉਹਨਾਂ ਨੇ ਇਹ ਰਸਮ ਪਾ ਲਈ, ਪਰ ਇਹ ਰਸਮ ਗੁਰੂ ਆਸ਼ੇ ਤੋਂ ਵਿਰੁੱਧ ਹੈ, ਕਿਉਂਕਿ ਇਸ ਨਾਲ ਪਸ਼ੂ ਪੂਜਾ ਦੀ ਰੁਚੀ ਹੋ ਜਾਂਦੀ ਹੈ; ਪਰ ਰਿਸ਼ਤੇਦਾਰਾਂ ਨੂੰ ਮਠਿਆਈ ਆਦਿਕ ਵੰਡਣਾ ਕੋਰੀ ਭਾਈਚਾਰਕ ਰਸਮ ਹੀ ਹੈ, ਇਸ ਦਾ ਧਰਮ ਨਾਲ ਕੋਈ ਸੰਬੰਧ ਨਹੀਂ। ਇਸ ਵਾਸਤੇ ਗੁਰਮਤਿ ਇਸ ਨੂੰ ਨਹੀਂ ਰੋਕਦੀ, ਮਾਲੀ ਹਾਲਤ ਦੀ ਵਿਚਾਰ ਯਾ ਭਾਈਚਾਰਕ ਤਕਲੀਫ਼ਾਂ ਦੀ ਵਿਚਾਰ ਜ਼ਰੂਰ ਹੋਣੀ ਚਾਹੀਏ। ਪਰ ਨਵਾਂ ਗ੍ਰੈਹਾਂ ਦੀ ਪੂਜਾ ਇਹ ਧਾਰਮਕ ਰਸਮ ਪੁਰਾਣਕਾਂ ਦੀ ਹੈ ਤੇ ਗੁਰ ਆਸ਼ੇ ਦੇ ਵਿਰੁੱਧ ਹੋਣ ਕਰਕੇ (ਕਿਉਂਕਿ ਗੁਰ ਆਸ਼ਾ ਸਿਰਫ਼ ਅਕਾਲ ਪੁਰਖ ਦੀ ਪੂਜਾ ਦੱਸਦਾ ਹੈ, ਆਸਮਾਨ ਦੇ ਸਿਤਾਰਿਆਂ ਸਿਆਰਿਆਂ ਅਤੇ ਗ੍ਰੈਹਾਂ ਉਪਗ੍ਰੈਹਾਂ ਦੀ ਪੂਜਾ ਨਹੀਂ ਦੱਸਦਾ) ਗੁਰਮਤ ਇਸ ਨੂੰ ਨਹੀਂ ਕਰਨ ਦੇਂਦਾ। ਇਸੇ ਤਰ੍ਹਾਂ ਅਨੰਦ ਸੰਸਕਾਰ ਦੇ ਸਮੇਂ ਸਿਖਾਂ ਦੇ ਪੁਰਾਣੇ ਘਰਾਣਿਆਂ ਵਿਚ ਭਾਈਚਾਰਕ ਰਸਮ ਘੋੜੀ ਪਰ ਚੜ੍ਹਾਕੇ ਲਾੜੇ ਨੂੰ ਧੇਅਤੇ ਘਰ ਲੈ ਜਾਣ ਦੀ ਹੈ, ਗੁਰਮਤ ਇਸ ਭਾਈਚਾਰਕ ਰਸਮ ਨੂੰ ਕੁਛ ਨਹੀਂ ਆਖਦਾ, ਪਰ ਘੋੜੀ ਹੇਠੋਂ ਵਿਵਾਹੁਣ ਵਾਲੀ ਲੜਕੀ ਨੂੰ ਲੰਘਾਉਂਣਾ ਇਕ ਵੇਦਕ ਰਸਮ ਹੈ, ਜਿਸ ਨੂੰ ਸ੍ਰੇਸ਼ਟਾਚਾਰ ਦੇ ਵਿਰੁੱਧ ਸਮਝਕੇ, ਗੁਰਮਤ ਮਨਜ਼ੂਰ ਨਹੀਂ ਕਰ ਸਕਦਾ। ਏਸੇ ਤਰ੍ਹਾਂ ਨਵਾਂ ਗ੍ਰੈਹਾਂ ਦੀ ਪੂਜਾ ਆਦਿਕ ਬੀ ਮਨਜ਼ੂਰ ਨਹੀਂ ਕਰ ਸਕਦਾ, ਪਰ ਜਨੇਤ ਨੂੰ ਪ੍ਰਸ਼ਾਦ ਯਾ ਮਿਠਾਈ ਖੁਲਾਉਣਾ ਇਹ

 www.sikhbookclub.com

ਅੱਡ ਅੱਡ ਭਾਈਚਾਰਿਆਂ ਵਿਚ ਅੱਡ ਅੱਡ ਰਸਮ ਹੈ। ਇਨ੍ਹਾਂ ਨੂੰ ਇਕ ਕਰਨਾ ਬੀ ਕੌਮੀ ਬਲ ਹੈ, ਪਰ ਤਦ ਭੀ ਭਾਈਚਾਰਕ ਰਸਮਾਂ ਭਾਈਚਾਰਿਆਂ ਦੇ ਵੱਸ ਕੇਵਲ ਐਥੋਂ ਤੱਕ ਰਹਿ ਸਕਦੀਆਂ ਹਨ ਕਿ ਉਹ ਗੁਰੂ ਜੀ ਦੇ ਅਸੂਲਾਂ ਤੋਂ ਵਿਰੁੱਧ ਨਾ ਹੋਣ।

ਕਈ ਸੱਜਣ ਇਹ ਬੀ ਚਾਹੁੰਦੇ ਹਨ ਕਿ ਖਾਲਸਾ ਬਰਾਦਰੀਆਂ ਬਣਾਕੇ ਅਸੀਂ ਕੁੱਲ ਭਾਈਚਾਰਿਆਂ ਦੀਆਂ ਰਸਮਾਂ ਦੀ ਤਰਮੀਮ ਕਰ ਸੁੱਟੀਏ, ਤਾਕਿ ਸਿਖਾਂ ਵਿਚ ਭਾਈਚਾਰਕ ਰਸਮਾਂ ਬੀ ਇਕੋ ਹੀ ਹੋ ਜਾਣ। ਬੇਸ਼ਕ ਇਹ ਵਿਚਾਰ ਉਤਮ ਹੈ; ਪਰ ਇਸ ਗ਼ਲਤੀ ਤੋਂ ਬਚਣਾ ਲੋੜੀਏ ਕਿ ਨਿਰੋਲ ਭਾਈਚਾਰਕ ਰਸਮਾਂ ਦੇ ਪਿਛੇ ਪੈਕੇ ਅਸੀਂ ਗੁਰਮਤ ਦੇ ਅਸੂਲਾਂ ਨੂੰ ਨਾ ਖੋ ਬੈਠੀਏ। ਪਹਿਲੇ ਨਿਰੋਲ ਗੁਰਮਤ ਨੂੰ ਮੁੱਖ ਰਖੀਏ, ਨਾਲ ਨਾਲ ਭਾਈਚਾਰਕ ਨਿਰਦੋਸ਼ ਰਸਮਾਂ ਨੂੰ ਭੀ ਇਕ ਕਰੀ ਚੱਲੀਏ, ਪਰ ਕੁਰੀਤੀਆਂ ਦਾ ਤਿਆਗ ਇਕ ਦਮ ਕਰ ਦੇਈਏ। ਸੋ ਤਿੰਨਾਂ ਹੀ ਸੰਸਕਾਰਾਂ: ਜਨਮ ਸੰਸਕਾਰ, ਆਨੰਦ ਸੰਸਕਾਰ ਅਤੇ ਮ੍ਰਿਤਕ ਸੰਸਕਾਰ ਵਿਚ ਦੋ ਤਰ੍ਹਾਂ ਦੀਆਂ ਰਸਮਾਂ ਜਾਰੀ ਹਨ: ਅਰਥਾਤ ਧਾਰਮਕ ਰਸਮ (ਜਿਸ ਨੂੰ ਗੁਰਮਤਿ ਆਖਦੇ ਹਨ) ਅਤੇ ਭਾਈਚਾਰਕ ਰਸਮ। ਧਾਰਮਕ ਰਸਮਾਂ ਦੇ ਪੂਰਾ ਕਰਨ ਵਾਸਤੇ ਧਾਰਮਕ ਪੁਰਸ਼ਾਂ ਦੀ ਲੋੜ ਪੈਂਦੀ ਹੈ, ਭਾਵੇਂ ਉਹ ਕਿਰਤੀ ਹੋਣ ਤੇ ਭਾਵੇਂ ਗ੍ਰੰਥੀ, ਉਪਦੇਸ਼ਕ; ਗਿਆਨੀ ਆਦਿਕ। ਪਰ ਕਿਰਤੀ ਸਿਖ ਐਸੇ ਘੱਟ ਮਿਲਦੇ ਹਨ ਜੋ ਹਰ ਵੇਲੇ ਆਪਣੀ ਕਿਰਤ ਨੂੰ ਛਡਕੇ ਗੁਰਮਤਿ ਸੰਸਕਾਰਾਂ ਨੂੰ ਕਰਾਉਂਦੇ ਫਿਰਨ ਅਤੇ ਉਪਦੇਸ਼ਕ ਤੇ ਗਿਆਨੀ ਬਹੁਤ ਭਾਰੇ ਵਿਦਜਾਵਾਨ ਹੋਣ ਕਰਕੇ ਜੇ ਆਪਣਾ ਸਮਾਂ ਸਿਰਫ਼ ਗੁਰਮਤ ਸੰਸਕਾਰਾਂ ਪਰ ਹੀ ਲਗਾਉਣਗੇ ਤਾਂ ਆਪਣਾ ਕੰਮ ਸਿਰੇ ਨਹੀਂ ਚੜ੍ਹਾ ਸਕਣਗੇ। ਉਹਨਾਂ ਦਾ ਕੰਮ ਔਖਾ ਤੇ ਉੱਚਾ ਹੈ। ਸੋ ਉਹਨਾਂ ਦਾ ਸਮਾਂ ਇਨ੍ਹਾਂ ਕੰਮਾਂ ਪਰ ਲਗਣਾ ਠੀਕ ਨਹੀਂ ਹੈ, ਜਿਸ ਕਰਕੇ ਅਕਸਰ ਕਰਕੇ ਗੁਰਮਤ ਸੰਸਕਾਰ ਗ੍ਰੰਥੀਆਂ ਨੂੰ ਹੀ ਕਰਨੇ ਪੈਂਦੇ ਹਨ ਅਤੇ ਕਰਨੇ ਪੈਣਗੇ। ਜਿਉਂ ਜਿਉਂ ਸਿਖਾਂ ਨੂੰ ਗੁਰਮਤਿ ਦਾ ਸ਼ੌਕ ਵਧਦਾ ਜਾਵੇਗਾ ਤਿਉਂ ਤਿਉਂ ਗੁਰਮਤ ਸੰਸਕਾਰਾਂ ਦਾ ਵਾਧਾ ਹੁੰਦਾ ਜਾਊ। ਐਸੀ ਦਸ਼ਾ ਵਾਸਤੇ ਜੇ ਚੰਗੇ ਗ੍ਰੰਥੀ ਨਾ ਮਿਲਣਗੇ ਤਾਂ ਕੰਮ ਕਿਸ ਤਰ੍ਹਾਂ ਚੱਲੂ? ਜੇ ਵਿਦਿਆਹੀਨ ਗ੍ਰੰਥੀਆਂ ਦੇ ਹੱਥਾਂ ਵਿਚ ਇਹ ਕੰਮ ਰਿਹਾ ਤਾਂ ਪਹਿਲਾ ਘਾਟਾ ਤਾਂ ਉਹ ਇਹ ਕਰਨਗੇ ਕਿ ਭਾਈਚਾਰਕ ਅਤੇ ਧਾਰਮਕ ਰਸਮਾਂ

 www.sikhbookclub.com

ਨੂੰ ਅਡ ਅਡ ਨਾ ਸਮਝਕੇ ਭਾਈਚਾਰਕ ਰਸਮਾਂ ਵਿਚ ਦਖਲ ਦੇਣੋਂ ਟਲਣਗੇ ਨਹੀਂ, ਜਿਸ ਤਰ੍ਹਾਂ ਬ੍ਰਾਹਮਣਾਂ ਨੇ ਆਪਣੇ ਲਾਲਚ ਪਿਛੇ ਹਰ ਇਕ ਭਾਈਚਾਰਕ ਰਸਮ ਨਾਲ ਟਕੇ ਖੱਟਣ ਲਈ ਕੋਈ ਨਾ ਕੋਈ ਮੰਤ੍ਰ ਜੋੜ ਲਿਆ ਹੈ, ਇਸੇ ਤਰ੍ਹਾਂ ਧਰਮਸਾਲੀਏ ਬੀ ਹਰ ਇਕ ਰਸਮ ਨਾਲ ਅਰਦਾਸਾ ਕਰਨ ਲਗ ਪੈਣਗੇ ਤੇ ਅਰਦਾਸਾਂ ਦੇ ਟਕੇ ਉਗ੍ਰਾਹਣ ਲਗ ਜਾਣਗੇ। ਮਸਲਨ ਕਈ ਬਰਾਦਰੀਆਂ ਵਿਚ ਰਸਮ ਹੈ ਕਿ ਲਾੜੇ ਲਾੜੀ ਨੂੰ ਇਸ਼ਨਾਨ ਕਰਾਉਣ ਵਾਸਤੇ ਸਾਲੀਆਂ ਆਪ ਪਾਣੀ ਭਰਕੇ ਲਿਆਉਂਦੀਆਂ ਹਨ। ਹੁਣ ਹੈਸੀ ਤਾਂ ਇਹ ਇਕ ਹਿੰਦੂਆਂ ਦੇ ਖਾਸ ਇਲਾਕੇ ਦੀ ਭਾਈਚਾਰੇ ਦੀ ਰਸਮ, ਪਰ ਬ੍ਰਾਹਮਣਾਂ ਨੇ ਉਸ ਨਾਲ ਗਾਗਰ ਦੀ ਪੂਜਾ ਦੇ ਮੰਤ੍ਰ ਜੋੜਕੇ ਟਕੇ ਉਗਰਾਉਣੇ ਆਰੰਭ ਕੀਤੇ ਹੋਏ ਹਨ। ਇਸੇ ਤਰ੍ਹਾਂ ਗਾਗਰ ਚੁਕਣ ਵੇਲੇ ਅਰਦਾਸ, ਖੂਹ ਤੋਂ ਪਾਣੀ ਕੱਢਣ ਵੇਲੇ ਅਰਦਾਸ, ਲੜਕੇ ਲੜਕੀ ਦੇ ਇਸ਼ਨਾਨ ਵੇਲੇ ਅਰਦਾਸ ਸ਼ੁਰੂ ਹੋ ਜਾਊ। ਇਸੇ ਤਰ੍ਹਾਂ ਕਈ ਇਕ ਬਿਰਾਦਰੀਆਂ ਵਿਚ ਰਸਮ ਹੈ ਕਿ ਜਦ ਲਾੜਾ ਇਸ਼ਨਾਨ ਕਰ ਚੁਕਦਾ ਹੈ ਤਾਂ ਉਹ ਚੱਪਣੀਆਂ ਪਰ ਪੈਰ ਧਰਕੇ ਉਤਰਦਾ ਹੈ, ਕਿਉਂਕਿ ਪਿਛਲੇ ਸਮੇਂ ਜਦ ਲੜਕੇ ਇਸ਼ਨਾਨ ਕਰਕੇ ਉਤਰਦੇ ਸਨ ਤਾਂ ਕਈ ਗ਼ਰੀਬਾਂ ਦੇ ਘਰ ਲਕੜੀ ਦੀਆਂ ਚੌਕੀਆਂ ਯਾ ਦਰੀਆਂ ਆਦਿਕ ਨਹੀਂ ਹੁੰਦੀਆਂ ਸਨ, ਪਰ ਮਿੱਟੀ ਦੀਆਂ ਚੱਪਣੀਆਂ ਤਾਂ ਆਮ ਮਿਲਦੀਆਂ ਸਨ। ਸੋ ਮੁੰਡੇ ਦੇ ਪੈਰ ਚਿਕੜ ਤੋਂ ਬਚਾਉਣ ਵਾਸਤੇ ਬਰਾਦਰੀਆਂ ਨੇ ਫ਼ੈਸਲਾ ਕਰ ਦਿਤਾ ਹੋਵੇਗਾ ਕਿ ਚੱਪਣੀਆਂ ਪਰ ਖੜਾ ਹੋਕੇ ਮੁੰਡਾ ਕਪੜੇ ਬਦਲ ਲਵੇ। ਹੁਣ ਉਹਨਾਂ ਜਹਾਲਤ ਦੇ ਸਮੇਂ ਦੀਆਂ ਚੱਪਣੀਆਂ ਦੇ ਲਾਗ ਬੀ ਬਣ ਗਏ ਹਨ। ਸੋ ਐਸਾ ਨਾ ਹੋਵੇ ਕਿ ਭਾਈ ਹੁਰੀਂ ਚੱਪਣੀਆਂ ਚੂਰ ਕਰਨ ਦੀ ਥਾਂ ਚੱਪਣੀਆਂ ਦੀ ਅਰਦਾਸ ਬੀ ਕਰਨ ਲਗ ਜਾਣ। ਜਿਨ੍ਹਾਂ ਬਖੇੜਿਆਂ ਤੋਂ ਗੁਰਮਤ ਨੇ ਸਾਨੂੰ ਕੱਢਣਾ ਹੈ ਉਹੀ ਬਖੇੜੇ ਵਿਦਜਾਹੀਨ ਗ੍ਰੰਥੀ ਆਪਣੇ ਲਾਲਚ ਨਾਲ ਸਾਡੇ ਸਿਰ ਫੇਰ ਨਾ ਪਾ ਦੇਣ। ਖਾਲਸਾ ਬਰਾਦਰੀਆਂ ਦਾ ਸਮਾਂ ਤਾਂ ਖ਼ਬਰ ਨਹੀਂ ਕਦ ਆਵੇ ਗਾ, ਹਾਲਾਂ ਜਿਹੜੀਆਂ ਬਰਾਦਰੀਆਂ ਬਣੀਆਂ ਹੋਈਆਂ ਹਨ ਉਹਨਾਂ ਦੀਆਂ ਰਸਮਾਂ ਉਪਰ ਜਿਸ ਤਰ੍ਹਾਂ ਅਨਮਤਾਂ ਦੀ ਟੈਕਸ ਲਗੀ ਹੋਈ ਸੀ ਸੋ ਗੁਰਮਤ ਵੀ ਨਾ ਲਾਉਣ ਲਗ ਪਵੇ।

ਇਹ ਦੋ ਤਿੰਨ ਮਿਸਾਲਾਂ ਤਾਂ ਅਸਾਂ ਵੰਨਗੀ ਮਾਤ੍ਰ ਦਿਤੀਆਂ ਹਨ। ਪਾਠਕ ਜਨ ਖ਼ੁਦ ਵਿਚਾਰ ਲੈਣ ਕਿ ਜਿਨ੍ਹਾਂ ਭਾਈਚਾਰਕ ਰਸਮਾਂ ਦਾ ਜਨਮ ਸੰਸਕਾਰ, ਆਨੰਦ ਸੰਸਕਾਰ ਅਤੇ ਮ੍ਰਿਤਕ ਸੰਸਕਾਰ ਦੇ ਸਮੇਂ ਕੋਈ ਬੀ ਸੰਬੰਧ ਧਰਮ ਨਾਲ ਨਹੀਂ ਹੈ, ਉਹਨਾਂ ਉਪਰ ਗੁਰਮਤ ਦੇ ਸੰਸਕਾਰ ਕਰਨ ਵੇਲੇ ਜੋ ਅਨਮਤੀਆਂ ਦੀ ਟੈਕਸ ਤੋਂ ਸਿਖ ਛੁਟਦੇ ਹਨ, ਉਹਨਾਂ ਦੇ ਬਦਲੇ ਸਿਖਾਂ ਵਲੋਂ ਤਾਂ ਟੈਕਸ ਨਹੀਂ ਲਗ ਰਹੀ। ਜੇ ਲਗ ਰਹੀ ਹੈ ਤਾਂ ਇਹ ਗੁਰਮਤ ਨਹੀਂ ਹੈ। ਉਹਨਾਂ ਨੂੰ ਅਸਾਂ ਖਾਲਸੇ ਵਿਚੋਂ ਦੂਰ ਕਰਨ ਦਾ ਬੁੱਧੀ ਪੂਰਵਕ ਪ੍ਰਬੰਧ ਕਰਨਾ ਹੈ।

## 11 ਗੁਰਮਤਿ ਰਸਮਾਂ

ਭਾਈਚਾਰਕ ਰਸਮਾਂ ਦਾ ਹਾਲ ਤਾਂ ਅਸੀਂ ਦੱਸ ਚੁਕੇ ਹਾਂ। ਹੁਣ ਗੁਰਮਤਿ ਦੀਆਂ ਰਸਮਾਂ ਦਾ ਹਾਲ ਬੀ ਜ਼ਰਾ ਸੁਣਾਉਂਦੇ ਹਾਂ। ਇਨ੍ਹਾਂ ਰਸਮਾਂ ਦਾ ਮੁੱਖ ਅਸੂਲ ਤਾਂ ਸਿਰਫ਼ ਇਹ ਹੈ ਕਿ ਸਭ ਤੋਂ ਪਹਿਲੇ ਅਸੀਂ ਅਕਾਲ ਪੁਰਖ ਦਾ ਧੰਨਵਾਦ ਕਰੀਏ ਕਿ ਉਸ ਨੇ ਜਨਮ ਦਿਤਾ, ਅਥਵਾ ਆਨੰਦ ਸੰਸਕਾਰ ਦਾ ਸਮਾਂ ਲਿਆਂਦਾ, ਅਥਵਾ ਮ੍ਰਿਤੂ ਦੁਆਰਾ ਪ੍ਰਾਣੀ ਨੂੰ ਆਪਣੇ ਚਰਨਾਂ ਵਿਚ ਸੱਦ ਲੀਤਾ। ਉਪਰੰਤ ਅਸੀਂ ਆਪਣੇ ਗੁਰੂ ਸਾਹਿਬਾਨ ਦਾ ਧੰਨਵਾਦ ਕਰੀਏ ਕਿ ਉਹਨਾਂ ਨੇ ਸਿਖਾਂ ਨੂੰ ਪਰਮਾਤਮਾ ਦਾ ਗਿਆਨ ਅਤੇ ਉਸ ਦੀ ਭਗਤੀ ਦੱਸਕੇ ਸਾਨੂੰ ਸੱਚੇ ਅਤੇ ਸਿੱਧੇ ਰਸਤੇ ਪਾਇਆ, ਜਿਸ ਕਰਕੇ ਅਸੀਂ ਭੁਲੇਖੇ ਵਿਚ ਨਹੀਂ ਰਹੇ। ਇਹ ਦੋ ਵਡੇ ਅਸੂਲ ਹਨ ਜੋ ਗੁਰਬਾਣੀ ਦੁਆਰਾ ਪੂਰੇ ਕੀਤੇ ਜਾਂਦੇ ਹਨ। ਤੀਜਾ ਇਹ ਅਸੂਲ ਹੈ ਕਿ ਸੰਸਕਾਰ ਕਰਾਉਣ-ਵਾਲਿਆਂ ਨੂੰ ਐਸੇ ਮੌਕਿਆਂ ਪਰ ਅਸੀਂ ਉਹਨਾਂ ਦੀਆਂ ਜ਼ਿੰਮੇਵਾਰੀਆਂ ਦੱਸੀਏ, ਜਿਹਾ ਕੁ ਜਦ ਬਾਲਕ ਪੈਦਾ ਹੁੰਦਾ ਹੈ ਤਾਂ ਕੌਲੀ ਵਿਚ ਪਾਣੀ ਤੇ ਪਤਾਸੇ ਪਾਕੇ ਗੁਰ ਮੰਤ੍ਰ ਅਤੇ ਪੰਜ ਪਉੜੀਆਂ ਜਪੁਜੀ ਸਾਹਿਬ ਦੀਆਂ ਪੜ੍ਹਕੇ ਜਨਮ ਸੰਸਕਾਰ ਕੀਤਾ ਜਾਂਦਾ ਹੈ, ਸੋ ਬੱਚੇ ਨੂੰ ਥੋੜਾ ਛਕਾਕੇ ਬਾਕੀ ਦਾ ਉਸ ਦੀ ਮਾਤਾ ਨੂੰ ਛਕਾਕੇ ਇਹ ਨਸੀਹਤ ਦਿਤੀ ਜਾਂਦੀ ਹੈ ਕਿ ਗੁਰ ਮੰਤ੍ਰ ਅਤੇ ਜਪੁਜੀ ਸਾਹਿਬ ਦਾ ਅਭਿਆਸ ਬੱਚੇ ਨੂੰ, ਜਿਉਂ ਜਿਉਂ ਉਹ ਉਮਰ ਵਿਚ ਵੱਡਾ ਹੁੰਦਾ ਜਾਵੇ, ਕਰਾਉਣਾ ਉਹਨਾਂ ਦਾ ਧਰਮ ਹੈ। ਇਸੀ ਤਰ੍ਹਾਂ ਬਾਪ ਮਾਂ ਨੂੰ ਇਕੱਠਾ ਦੱਸਿਆ ਜਾਂਦਾ ਹੈ ਕਿ ਬੱਚੇ ਨੂੰ ਸਿਖੀ

 www.sikhbookclub.com

ਮਾਰਗ ਵਿਚ ਐਸਾ ਲਾਇਕ ਕਰਨ ਕਿ ਉਹ ਜਿਥੋਂ ਤਕ ਹੋ ਸਕੇ ਖਾਲਸਾ ਸਜਣ ਦੇ ਲਾਇਕ ਹੋ ਜਾਵੇ, ਜਿਸ ਕਰਕੇ ਜਨਮ ਤੋਂ ਹੀ ਖਾਲਸਾ ਭਾਈ ਵਾਲੀਆਂ ਆਦਤਾਂ ਉਸ ਵਿਚ ਪੈਣ ਲਗ ਜਾਣ।

ਜੋ ਸਜਣ ਅਨਮਤਾਂ ਵਿਚੋਂ ਨਿਕਲਕੇ, ਸਿਖ ਸੰਗਤਾਂ ਵਿਚ ਮਿਲਕੇ, ਸਾਧ ਸੰਗਤ ਦੀ ਸੇਵਾ ਕਰਦੇ ਕਰਦੇ ਸੇਵਕੀ ਦੇ ਦਰਜੇ ਨੂੰ ਟੱਪਕੇ ਹੁਣ ਸਿਖੀ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹਨਾਂ ਨੂੰ ਆਯੂ ਦੇ ਹਰ ਹਿੱਸੇ ਵਿਚ ਕਿ ਜਦ ਉਹ ਸਿਖ ਬਣਨਾ ਚਾਹੁਣ ਸਿਖੀ ਦਾ ਮੁੱਢ ਸੰਸਕਾਰ ਤਿਆਰ ਕੀਤਾ ਹੋਇਆ ਮਿਲਦਾ ਹੈ ਅਤੇ ਜੋ ਜੋ ਜ਼ਿੰਮੇਵਾਰੀਆਂ ਬਾਲਕ ਦੀਆਂ ਮਾਤਾ ਪਿਤਾ ਦੇ ਸਪੁਰਦ ਹੁੰਦੀਆਂ ਹਨ, ਸੋ ਇਸੇ ਸਜਣ ਨੂੰ, ਜੋ ਸਮਝ ਸੋਚ ਸਕਦਾ ਹੈ, ਦੱਸੀਆਂ ਜਾਂਦੀਆਂ ਹਨ ਅਤੇ ਨਸੀਹਤ ਮਿਲਦੀ ਹੈ ਕਿ ਪਰਸੁਆਰਥ ਵਾਸਤੇ ਆਪਣਾ ਮਨ ਤਨ ਅਤੇ ਧਨ ਲਗਾਉਣ ਲਈ ਸਿੱਖੀ ਵਿਚ ਉਚਾ ਦਰਜਾ ਖਾਲਸਾ ਸਜਣ ਦਾ ਹੈ, ਸਹਿਜਧਾਰੀ ਸਿਖ ਰਹਿਕੇ ਭਾਵੇਂ ਤੂੰ ਆਪਣਾ ਬਹੁਤ ਸੁਧਾਰ ਬੇਸ਼ਕ ਕਰ ਲਵੇਂਗਾ, ਪਰ ਪਰਸੁਆਰਥੀ ਹੋਣ ਵਾਸਤੇ ਅਤੇ ਗੁਰੂ ਸਾਹਿਬਾਨ ਦੀਆਂ ਉਹ ਜ਼ਿੰਮੇਵਾਰੀਆਂ ਜੋ ਗੁਰੂ ਗ੍ਰੰਥ ਅਤੇ ਪੰਥ ਦੇ ਬਚਾਉਣ ਤੇ ਸਿਖੀ ਦੇ ਪ੍ਰਚਾਰ ਵਾਸਤੇ ਹਨ, ਉਹਨਾਂ ਵਿਚ ਸ਼ਰੀਕ ਹੋਕੇ ਸੰਸਾਰ ਮਾਤ੍ਰ ਦੀ ਸੇਵਾ ਤਦੇ ਹੀ ਮਿਲ ਸਕਦੀ ਹੈ ਜਦ ਤੂੰ ਪੰਥ ਖਾਲਸੇ ਵਿਚ ਸ਼ਾਮਲ ਹੋਵੇਂਗਾ, ਖੰਡੇ ਦਾ ਅੰਮ੍ਰਿਤ ਛਕਕੇ ਖਾਲਸਾ ਸਜ ਜਾਵੇਂਗਾ।

ਜੋ ਸਜਣ ਬਾਲਕ ਨੂੰ ਹੀ ਖੰਡੇ ਦਾ ਅੰਮ੍ਰਿਤ ਛਕਾਉਣ ਦੇ ਫ਼ਿਕਰ ਵਿਚ ਹਨ ਸੋ ਗ਼ਲਤੀ ਕਰਦੇ ਹਨ, ਗੋਇਆ ਉਹ ਅੰਮ੍ਰਿਤ ਸੰਸਕਾਰ ਅਤੇ ਜਨਮ ਸੰਸਕਾਰ ਨੂੰ ਇਕ ਕਰਕੇ ਅੰਮ੍ਰਿਤ ਸੰਸਕਾਰ ਨੂੰ ਮੇਟਣਾ ਚਾਹੁੰਦੇ ਹਨ। ਸਾਥ ਹੀ ਜੋ ਪ੍ਰੀਖਿਆ ਗੁਰੂ ਸਾਹਿਬ ਅਤੇ ਪੁਰਾਣੇ ਸਿਖ ਕਰਕੇ ਅੰਮ੍ਰਿਤ ਦਾਨ ਦੇਂਦੇ ਸਨ ਉਹ ਉਸ ਪ੍ਰੀਖਿਆ ਨੂੰ ਹੀ ਰੱਦ ਕਰਨਾ ਚਾਹੁੰਦੇ ਹਨ, ਪਰ ਇਹ ਮਜ਼ਮੂਨ ਐਸੀਆਂ ਬਹਿਸਾਂ ਵਾਸਤੇ ਨਹੀਂ ਹੈ। ਇਸ ਲਈ ਅਸੀਂ ਅਸਲ ਆਸ਼ੇ ਵਲ ਆਉਂਦੇ ਹਾਂ ਕਿ ਆਨੰਦ ਸੰਸਕਾਰ ਵੇਲੇ ਲਾੜੇ ਲਾੜੀ ਨੂੰ ਉਹਨਾਂ ਦੀਆਂ ਸੰਸਾਰਕ ਜ਼ਿੰਮੇਵਾਰੀਆਂ ਅਤੇ ਦੋਨਾਂ ਨੇ ਰਲਕੇ ਜੋ ਧਾਰਮਕ ਜ਼ਿੰਮੇਵਾਰੀਆਂ ਉਠਾਈਆਂ ਹਨ ਉਹਨਾਂ ਨੂੰ ਖੋਲ੍ਹਕੇ ਦੱਸੀਆਂ ਜਾਂਦੀਆਂ ਹਨ ਅਤੇ ਉਹਨਾਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਾਉਣ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ

 www.sikhbookclub.com

ਅਤੇ ਖਾਲਸਾ ਦੀਵਾਨ ਦੇ ਹਜ਼ੂਰ ਪ੍ਰਣ ਲਏ ਜਾਂਦੇ ਹਨ। ਇਸ ਜਗਾ ਬੀ ਕਈ ਸਜਣ ਇਹ ਦੱਸਦੇ ਹਨ ਕਿ ਜਦ ਤਕ ਲਾੜਾ ਲਾੜੀ ਸਹਿਜਧਾਰੀ ਸਿਖ ਅੰਮ੍ਰਿਤ ਨਾ ਛਕ ਲੈਣ ਤਦ ਤਕ ਉਹਨਾਂ ਦਾ ਗੁਰਮਤ ਅਨੁਸਾਰ ਆਨੰਦ ਸੰਸਕਾਰ ਨਹੀਂ ਹੋ ਸਕਦਾ, ਇਹ ਉਹਨਾਂ ਦੀ ਸੀਨਾ ਜ਼ੋਰੀ ਹੈ। ਗੁਰੂ ਸਾਹਿਬ ਨੇ ਖੰਡੇ ਦਾ ਅੰਮ੍ਰਿਤ ਸਿਰਫ਼ ਪਰਖ ਕਰਕੇ ਉਹਨਾਂ ਸਿੱਖਾਂ ਨੂੰ ਛਕਾਇਆ ਸੀ ਕਿ ਜੋ ਖਾਲਸਾ ਪੰਥ ਵਿਚ ਦਾਖਲ ਹੋਣ ਦੇ ਲਾਇਕ ਸਨ, ਪਰ ਸੀਨਾ ਜ਼ੋਰੀ ਨਾਲ ਸਹਿਜਧਾਰੀਆਂ ਨੂੰ ਮੱਲੋਮੱਲੀ ਦਾ ਡੰਗਰਾਂ ਵਾਂਙੂ ਵਲ ਕੇ ਕੱਠਾ ਨਹੀਂ ਸੀ ਕੀਤਾ, ਨਾ ਸੰਘੀ ਨੌਂਹ ਦੇਕੇ ਅੰਮ੍ਰਿਤ ਛਕਾ ਦਿਤਾ ਸੀ। ਖਾਲਸਾ ਪਦਵੀ ਮਖ਼ੌਲ ਦੀ ਬਾਤ ਨਹੀਂ ਹੈ ਕਿ ਹਰ ਇਕ ਸਿਖ (ਸਹਿਜਧਾਰੀ) ਨੂੰ ਮਿਲ ਸਕੇ। ਇਹ ਮਨ ਦੀ ਇਕ ਦਸ਼ਾ ਹੈ ਜਿਥੇ ਸਿਖ ਤਰੱਕੀ ਕਰਦਾ ਕਰਦਾ ਅਕਾਲ ਪੁਰਖ ਦੀ ਕਿਰਪਾ ਨਾਲ ਪਹੁੰਚਦਾ ਹੈ, ਵਿਵਾਹ ਦੇ ਲਾਲਚ ਨਾਲ ਨਹੀਂ ਪਹੁੰਚ ਸਕਦਾ। ਖਾਲਸਾ ਪਦਵੀ ਕੱਚੇ ਬੇਰ ਯਾ ਕੱਚੇ ਕੇਲੇ ਨਹੀਂ ਹਨ ਕਿ ਦਰਖਤ ਨਾਲੋਂ ਕਟਕੇ ਜ਼ਮੀਨ ਵਿਚ ਦੱਬਕੇ ਪਕਾ ਲਏ, ਇਹ ਪ੍ਰੇਮ ਦੇ ਰਸ ਨਾਲ ਪੱਕਣ ਵਾਲੀ ਦਸ਼ਾ ਹੈ। ਇਸ ਤਰ੍ਹਾਂ ਦੀ ਸੀਨਾ ਜ਼ੋਰੀ ਮੰਨੀ ਬੀ ਜਾਵੇ ਤਾਂ ਜੋ ਸਹਿਜਧਾਰੀ ਅਜੇ ਤਕ ਆਪਣੇ ਆਪ ਨੂੰ ਖਾਲਸਾ ਸਜਣ ਦੇ ਯੋਗ ਨਹੀਂ ਸਮਝਦੇ ਸੋ ਆਨੰਦ ਸੰਸਕਾਰ (ਗੁਰਮਤ ਵਾਲੇ) ਪਾਸੋਂ ਵਿਰਵੇ ਰਹਿਣਗੇ। ਕੀ ਉਹ ਹੁਣ ਸਿਖ ਹੋਕੇ ਅਨਮਤੀਆਂ ਪਾਸ ਆਨੰਦ ਸੰਸਕਾਰ (ਵਿਵਾਹ) ਵਾਸਤੇ ਜਾਣ? ਸਹਿਜਧਾਰੀਆਂ ਨੂੰ ਅਨਮਤਾਂ ਨਾ ਕਰਨ ਦੇ ਹੁਕਮ ਦਸਮ ਪਾਤਸ਼ਾਹ ਜੀ ਦੇ ਸੁਣਦੇ ਹਾਂ ਕਿ ਮੌਜੂਦ ਹਨ। ਹਾਂ, ਅੰਮ੍ਰਿਤਧਾਰੀ ਸਿੰਘਾਂ ਦੇ ਬੱਚੇ ਬੱਚੀਆਂ ਦੇ ਅਨੰਦ ਕਾਰਜ ਤੋਂ ਪਹਿਲਾਂ ਉਹਨਾਂ ਨੂੰ ਅੰਮ੍ਰਿਤ ਛਕਾਉਣਾ ਬਿਲਕੁਲ ਵਾਜਬ ਹੈ।

ਇਸ ਤਰ੍ਹਾਂ ਮ੍ਰਿਤਕ ਸੰਸਕਾਰ ਦੇ ਪਿਛੇ ਮ੍ਰਿਤਕ ਪ੍ਰਾਣੀ ਦੇ ਪਿਛਲਿਆਂ ਨੂੰ ਉਹਨਾਂ ਦੀਆਂ ਜ਼ਿੰਮੇਵਾਰੀਆਂ ਦੱਸੀਆਂ ਜਾਂਦੀਆਂ ਹਨ। ਮਸਲਨ ਬੇਟਾ ਹੋਇਆ ਤਾਂ ਉਸ ਲਈ ਵਾਜਬ ਹੁੰਦਾ ਹੈ ਕਿ ਮੇਰਾ ਪਿਤਾ ਜਿਸ ਜਿਸ ਧਰਮ ਕਾਰਜ ਨੂੰ ਕਰਦਾ ਕਰਾਉਂਦਾ ਹੁੰਦਾ ਸੀ ਮੈਂ ਬੀ ਜਿਥੋਂ ਤਕ ਮੇਰਾ ਬਲ ਪਵੇ ਉਸੇ ਤਰ੍ਹਾਂ ਕਰਦਾ ਕਰਾਉਂਦਾ ਰਹਾਂ ਅਤੇ ਜਿਸ ਤਰ੍ਹਾਂ ਮੇਰਾ ਪਿਤਾ ਅਨਾਥਾਂ ਦੀ ਸੇਵਾ ਕਰਦਾ ਸੀ ਮੈਂ ਬੀ ਕਰਦਾ ਕਰਾਉਂਦਾ ਰਹਾਂ। ਇਸੇ

ਤਰ੍ਹਾਂ ਇਸਤ੍ਰੀ ਨੂੰ ਉਸ ਦੇ ਭਰਤਾ ਦੀਆਂ ਜ਼ਿੰਮੇਵਾਰੀਆਂ ਸਮਝਾਈਆਂ ਜਾਂਦੀਆਂ ਹਨ। ਮਤਲਬ ਇਹ ਹੈ ਕਿ ਇਹਨਾਂ ਤਿੰਨਾਂ ਹੀ ਅੰਗਾਂ ਨਾਲ ਇਹ ਤਿੰਨੇ ਸੰਸਕਾਰ ਹੁੰਦੇ ਹਨ, ਜਿਨ੍ਹਾਂ ਦੀਆਂ ਵਿਧੀਆਂ ਚੰਦ ਇਕ ਗੁਣੀਆਂ ਗਿਆਨੀਆਂ ਦੀਆਂ ਬਣਾਈਆਂ ਹੋਈਆਂ ਹੁਣ ਪਰਵਿਰਤ ਹੁੰਦੀਆਂ ਜਾਂਦੀਆਂ ਹਨ, ਹੌਲੀ ਹੌਲੀ ਖਾਲਸਾ ਪੰਥ ਫੈਸਲਾ ਦੇਵੇਗਾ ਕਿ ਕਿਹੜੀ ਕਿਹੜੀ ਵਿਧੀ ਬਿਲਕੁਲ ਠੀਕ ਹੈ।

ਚੌਥਾ ਸੰਸਕਾਰ ਅੰਮ੍ਰਿਤ ਸੰਸਕਾਰ ਹੈ ਜੋ ਕੇਵਲ ਖਾਲਸਾ ਸਜਾਉਣ ਵੇਲੇ ਹੀ ਸਿਖਾਂ ਵਾਸਤੇ ਹੁੰਦਾ ਹੈ। ਜੋ ਸੱਜਣ ਸਿੰਘ ਸਜਦੇ ਹਨ ਸੋ ਪਹਿਲੇ ਉਹ ਪ੍ਰੀਖਿਆ ਦੇ ਲੈਂਦੇ ਹਨ ਕਿ ਉਹ ਸਿਖ ਹਨ ਯਾ ਨਹੀਂ। ਜਦ ਤਕ ਇਹ ਪਤਾ ਨਾ ਲਗ ਜਾਵੇ ਕਿ ਉਹ ਸਜਣ ਸਿਖ ਹਨ ਅਤੇ ਜਦ ਦੀਵਾਨ ਪੰਜਾਂ ਪਿਆਰਿਆਂ ਨੂੰ ਗ੍ਰੰਥੀ ਦੁਆਰਾ ਇਜਾਜ਼ਤ ਨਾ ਦੇਵੇ ਤਦ ਤਕ ਪੰਜ ਪਿਆਰੇ ਆਪਣਾ ਕੰਮ ਸ਼ੁਰੂ ਨਹੀਂ ਕਰਦੇ, ਅਰਥਾਤ ਜੋ ਸਿਖ 'ਸਿੰਘ' ਸਜਣਾ ਚਾਹੁੰਦਾ ਹੈ ਪਹਿਲੇ ਉਹ ਦੀਵਾਨ ਵਿਚ ਬੇਨਤੀ ਕਰਦਾ ਹੈ ਕਿ ਖਾਲਸਾ ਜੀ ਮੈਨੂੰ ਸਿੰਘ ਸਜਾਓ। ਉਸ ਦੀ ਬੇਨਤੀ ਨੂੰ ਸੁਣਕੇ ਸੰਗਤ ਗ੍ਰੰਥੀ ਨੂੰ ਹੁਕਮ ਦੇਂਦੀ ਹੈ ਕਿ ਉਸ ਪਾਸੋਂ ਪੁੱਛੇ ਕਿ ਉਹ ਕਿਉਂ ਸਿੰਘ ਸਜਣਾ ਚਾਹੁੰਦਾ ਹੈ। ਜਦ ਉਹ ਆਪਣੇ ਬਿਆਨ ਤਸੱਲੀਬਖਸ਼ ਦੀਵਾਨ ਵਿਚ ਦੇ ਲੈਂਦਾ ਹੈ ਅਤੇ ਦੀਵਾਨ ਉਸ ਨੂੰ ਸਿੰਘ ਸਜਾਉਣਾ ਚਾਹੁੰਦਾ ਹੈ ਤਕ ਗ੍ਰੰਥੀ ਨੂੰ ਹੁਕਮ ਦੇਂਦਾ ਹੈ ਕਿ ਉਸ ਨੂੰ ਸਮਝਾ ਦਿਓ ਕਿ ਫਲਾਣੇ ਵੇਲੇ ਅੰਮ੍ਰਿਤ ਤਿਆਰ ਕੀਤਾ ਜਾਊ ਅਤੇ ਗ੍ਰੰਥੀ ਨੂੰ ਸਭ ਸਾਮਾਨ ਵਾਸਤੇ ਆਗਿਆ ਤਿਆਰੀ ਦੀ ਮਿਲਦੀ ਹੈ। ਦੀਵਾਨ ਪੰਜ ਪਿਆਰੇ ਚੁਣਦਾ ਹੈ ਅਤੇ ਇਹਨਾਂ ਪੰਜਾਂ ਪਿਆਰਿਆਂ ਵਿਚ ਇਕ ਜਥੇਦਾਰ ਹੁੰਦਾ ਹੈ। ਜੇ ਗ੍ਰੰਥੀ ਦੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਦੀ ਲੋੜ ਹੋਵੇ ਤਾਂ ਉਸ ਨੂੰ ਬੀ ਦੀਵਾਨ ਸ਼ਾਮਲ ਕਰ ਲੈਂਦਾ ਹੈ, ਪਰ ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਜਥੇਦਾਰ ਬਣ ਜਾਵੇ। ਜਥੇਦਾਰ ਬਨਾਉਣਾ ਪੰਜਾਂ ਪਿਆਰਿਆਂ ਦਾ ਆਪਣਾ ਕੰਮ ਹੁੰਦਾ ਹੈ। ਉਹ ਜਿਸ ਨੂੰ ਗੁਰਬਾਣੀ ਦਾ ਰਸੀਆ ਅਤੇ ਮਹਾਂ ਪਵਿਤ੍ਰ ਸਮਝਦੇ ਹਨ ਉਸ ਨੂੰ ਆਪਣੇ ਵਿਚੋਂ ਚੁਣਦੇ ਹਨ। ਇਹ ਪੰਜੇ ਪਿਆਰੇ ਆਪਣੇ ਜਥੇਦਾਰ ਦੀ ਮਾਰਫ਼ਤ ਪਹਿਲੇ ਅਰਦਾਸਾ ਸੋਧਕੇ ਪਿਛੋਂ ਫੇਰ ਦੀਵਾਨ ਪਾਸੋਂ ਅੰਮ੍ਰਿਤ ਸੰਸਕਾਰ ਦੀ ਆਗਿਆ ਮੰਗਦੇ ਹਨ। ਅੰਮ੍ਰਿਤ ਛਕਣ ਵਾਲਾ ਗੁਰੂ ਮਹਾਰਾਜ ਦੇ

 www.sikhbookclub.com

ਹਜ਼ੂਰ ਖੜੇ ਹੋਕੇ 'ਸ੍ਰੀ ਵਾਹਿਗੁਰੂ' ਨਾਮ ਨੂੰ ਜਪਦਾ ਰਹਿੰਦਾ ਹੈ। ਜਦ ਅੰਮ੍ਰਿਤ ਤਿਆਰ ਹੋ ਜਾਂਦਾ ਹੈ ਤਾਂ ਜਥੇਦਾਰ ਫੇਰ ਅਰਦਾਸਾ ਕਰਕੇ ਅੰਮ੍ਰਿਤ ਦੇ ਛਕਾਉਣ ਦੀ ਆਗਿਆ ਮੰਗਦਾ ਹੈ। ਜਦ ਦੀਵਾਨ ਵਲੋਂ ਆਗਿਆ ਹੋ ਜਾਂਦੀ ਹੈ ਤਾਂ ਅੰਮ੍ਰਿਤ ਛਕਾਉਂਦਾ ਹੈ, ਗੁਰਮੰਤ੍ਰ ਦਾ ਪ੍ਰਕਾਸ਼ ਕਰਦਾ ਹੈ, ਨਿਤਨੇਮ ਦੀ ਬਾਣੀ ਦੇ ਅਭਿਆਸੀ ਹੋਣ ਦਾ ਪ੍ਰਣ ਲੈਂਦਾ ਹੈ ਅਤੇ ਰਹਿਤਾਂ ਬਹਿਤਾਂ ਖਾਲਸੇ ਜੀ ਦੀਆਂ ਸਭ ਦੱਸਕੇ ਹੁਣ ਦੇ ਸਿੰਘ ਸਜੇ ਹੋਏ ਸੱਜਣ ਨੂੰ ਹਰ ਬਾਤ ਤੋਂ ਵਾਕਫ਼ ਕਰਦਾ ਹੈ। ਉਪਰੰਤ ਗ੍ਰੰਥੀ ਸਿੰਘ ਸਾਰੇ ਅੰਮ੍ਰਿਤ ਸੰਸਕਾਰ ਦੀ ਵਿਧੀ ਦਾ ਮਤਲਬ ਸਮਝਾਉਂਦਾ ਹੈ ਅਤੇ ਦੱਸਦਾ ਹੈ ਕਿ ਜਿਸ ਸਿੰਘ ਨੇ ਅੰਮ੍ਰਿਤ ਛਕਿਆ ਹੈ ਉਸ ਨੂੰ ਕਿਸ ਤਰ੍ਹਾਂ ਨਾਲ ਅਨਮਤਾਂ ਦੀਆਂ ਚਲਾਈਆਂ ਹੋਈਆਂ ਰਸਮਾਂ ਤਿਆਗਕੇ ਕੇਵਲ ਇਕ ਅਕਾਲ ਪੁਰਖ ਦਾ ਗਿਆਨ ਅਤੇ ਭਗਤੀ ਦਾ ਰਸਤਾ ਚੰਗੀ ਤਰ੍ਹਾਂ ਕਰਕੇ ਦੱਸਿਆ ਗਿਆ ਹੈ। (ਜੋ ਪਹਿਲੇ ਸਿਖ ਹੋਣ ਵੇਲੇ ਬੀ ਗੁਰਮੰਤ੍ਰ ਦੁਆਰਾ ਦੱਸਿਆ ਗਿਆ ਸੀ) ਅਤੇ ਹੁਣ ਵਿਸ਼ੇਸ਼ ਬਾਤ ਇਹ ਦੱਸੀ ਗਈ ਹੈ ਕਿ ਗੁਰੂ ਖਾਲਸੇ ਜੀ ਪਰ ਪ੍ਰਬੰਧਕ ਗੁਰਿਆਈ ਦੀ ਜ਼ਿੰਮੇਵਾਰੀ ਦਸਮ ਗੁਰੂ ਜੀ ਤੋਂ ਪਿਛੋਂ ਜੋ ਮਿਲੀ ਹੈ ਸੋ ਉਸ ਜ਼ਿੰਮੇਵਾਰੀ ਦਾ ਸ਼ਰੀਕ ਬੀ ਇਹ ਸਜਣ ਹੋ ਗਿਆ ਹੈ, ਜਿਸ ਕਰਕੇ ਇਸ ਨੇ ਸਿਖੀ ਸਿਦਕ ਨੂੰ ਬੀ ਨਿਬਾਹੁਣਾ ਹੈ, ਅਤੇ ਖਾਲਸਾ ਪੰਥ ਦੀ ਜ਼ਿੰਮੇਵਾਰੀ ਨੂੰ ਬੀ; ਤੇ ਇਸ ਕਰਕੇ ਸਿੰਘ ਸਜਣ ਉਪਰ ਹੁਣ ਉਸ ਦੀ ਦੂਣੀ ਜ਼ਿੰਮੇਵਾਰੀ ਹੈ। ਅਰਥਾਤ ਪਰਮਾਰਥ ਦੀ ਬੀ ਅਤੇ ਪਰਸੁਆਰਥ ਦੀ ਬੀ। ਇਸ ਤਕਰੀਰ ਦੇ ਪਿਛੋਂ ਜਥੇਦਾਰ ਅੰਮ੍ਰਿਤ ਸੰਸਕਾਰ ਦੀ ਸਮਾਪਤੀ ਦੀ ਮਰਿਯਾਦਾ ਨੂੰ ਪੂਰਨ ਕਰਨ ਦਾ ਅਰਦਾਸਾ ਸੋਧਦਾ ਹੈ। ਉਪ੍ਰੰਤ ਆਨੰਦ ਦਾ ਪਾਠ ਹੋਕੇ ਕੜਾਹ ਪ੍ਰਸ਼ਾਦ ਦੀ ਅਰਦਾਸ ਹੁੰਦੀ ਹੈ ਅਤੇ ਕੜਾਹ ਪ੍ਰਸ਼ਾਦ ਜਿਸ ਤਰ੍ਹਾਂ ਅਭੇਦ ਹੋਣ ਲਈ ਅੰਮ੍ਰਿਤ ਇਕੋ ਹੀ ਬਾਟੇ ਵਿਚ ਛਕਣ ਵਾਲਿਆਂ ਨੂੰ; ਜਦ ਉਹ ਇਕ ਸੱਜਣ ਤੋਂ ਵਧੀਕ ਹੋਣ ਤਾਂ ਛਕਾਇਆ ਗਿਆ ਸੀ, ਇਸੇ ਤਰ੍ਹਾਂ ਹੁਣ ਛਕਾਇਆ ਜਾਂਦਾ ਹੈ, ਜਿਸ ਕਰਕੇ ਜ਼ਾਤ ਪਾਤ ਦਾ ਅਭਿਮਾਨ ਮੂਲੋਂ ਹੀ ਦੂਰ ਹੋ ਜਾਂਦਾ ਹੈ।

ਇਹ ਜੋ ਕੁਝ ਅਸਾਂ ਲਿਖਿਆ ਹੈ ਸੋ ਬਹੁਤ ਮੁਖ਼ਤਸਿਰ ਹੈ। ਪਰ ਇਸ ਰਸਮ ਦੀਆਂ ਬਾਰੀਕੀਆਂ ਨੂੰ ਵਿਦਜਾਵਾਨ ਗ੍ਰੰਥੀਆਂ ਤੋਂ ਬਿਨਾਂ ਵਿਦਜਾ ਹੀਨ ਗ੍ਰੰਥੀ ਚੰਗੀ ਤਰ੍ਹਾਂ ਅੰਮ੍ਰਿਤ ਛਕਣ ਵਾਲੇ ਸਿੰਘਾਂ ਨੂੰ ਨਹੀਂ ਦੱਸ ਸਕਦੇ,

 www.sikhbookclub.com

ਜਿਸ ਕਰਕੇ ਪਿਛਲੀ ਤਕਰੀਰ ਤਾਂ ਕਿਤੇ ਕਿਤੇ ਹੀ ਸੁਣਾਈ ਜਾਂਦੀ ਹੈ ਅਤੇ ਅੰਮ੍ਰਿਤ ਸੰਸਕਾਰ ਬੀ ਸਿਰਫ਼ ਇਕ ਤਰ੍ਹਾਂ ਦੀ ਹੁਣ ਨਿਰੀ ਰਸਮ ਹੀ ਬਣਦੀ ਜਾਂਦੀ ਹੈ। ਉਸ ਦੇ ਹਰ ਇਕ ਅੰਗ ਨਾਲ ਜੋ ਜੋ ਅੰਤ੍ਰੀਵ ਭਾਵ ਸੰਬੰਧਤ ਹਨ, ਉਹਨਾਂ ਨੂੰ ਵਿਦਜਾਹੀਨ ਗ੍ਰੰਥੀ ਸਮਝਾ ਨਹੀਂ ਸਕਦੇ, ਜਿਸ ਕਰਕੇ ਕਈ ਪੜ੍ਹੇ ਲਿਖੇ ਸਿਖ ਹੁਣ ਅੰਮ੍ਰਿਤ ਛਕਣ ਤੋਂ ਕੰਨੀਂ ਕਤਰਾਉਣ ਲਗ ਪਏ ਹਨ; ਖਾਸ ਕਰਕੇ ਸਾਡੇ ਬੀ.ਏ. ਅਤੇ ਐਮ.ਏ.। ਪਰ ਜੇ ਚੰਗੇ ਪੜ੍ਹੇ ਲਿਖੇ ਗ੍ਰੰਥੀ ਅੰਮ੍ਰਿਤ ਸੰਸਕਾਰ ਦੇ ਭੇਦਾਂ ਨੂੰ ਖੋਲ੍ਹਕੇ ਦੱਸ ਸਕਣ ਤਾਂ ਕੋਈ ਵਜਾ ਨਹੀਂ ਹੈ ਕਿ ਸਾਡੇ ਪੜ੍ਹੇ ਲਿਖੇ ਸੱਜਣ, ਜੋ ਵਾਲ ਦੀ ਖੱਲ ਉਤਾਰੇ ਬਿਨਾਂ ਕਿਸੇ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹੁੰਦੇ, ਅੰਮ੍ਰਿਤ ਛਕਣਾ ਨਾ ਕਬੂਲ ਕਰਨ। ਕਿਉਂਕਿ ਅੰਮ੍ਰਿਤ ਸੰਸਕਾਰ ਵਿਚ ਅਕਾਲ ਪੁਰਖ ਦੀ ਏਕਤਾ ਦਾ, ਮਨੁੱਖ ਮਾਤ੍ਰ ਦੀ ਸਹੋਰਦਤਾ ਦਾ, ਪਰਸੁਆਰਥ ਦਾ ਅਤੇ ਹਲੀਮੀ ਦਾ ਇਸ ਤਰ੍ਹਾਂ ਦੇ ਕਈ ਅਸੂਲਾਂ ਦਾ ਗੁਣ ਧਰਿਆ ਪਿਆ ਹੈ ਅਤੇ ਇਸ ਦੀਆਂ ਰਹਿਤਾਂ ਬਹਿਤਾਂ ਵਿਚ ਸੂਰਬੀਰਤਾ, ਪਰਮਾਤਮਾ ਦੇ ਹੁਕਮਾਂ ਪਰ ਰਜ਼ਾ ਦਾ, ਦੁਬਾਜਰੇ ਪੰਨੇ (Hypocracy) ਤੋਂ ਦੂਰ ਰਹਿਣ ਦਾ, ਇਸੀ ਤਰ੍ਹਾਂ ਦੇ ਹੋਰ ਗੁਣਾਂ ਦੇ ਅਸੂਲ ਭਰੇ ਪਏ ਹਨ। ਸਿਰਫ਼ ਉਹਨਾਂ ਬਾਤਾਂ ਨੂੰ ਖੋਲ੍ਹਕੇ ਦੱਸਣ ਦੀ ਲੋੜ ਹੈ। ਪਰ ਬਿਨਾਂ ਪੜ੍ਹੇ ਲਿਖੇ ਗ੍ਰੰਥੀਆਂ ਦੇ ਦੱਸੇ ਕੋਣ ਤੇ ਪੜ੍ਹੇ ਲਿਖੇ ਗ੍ਰੰਥੀ ਆਉਣ ਕਿਥੋਂ? (ਖਾਲਸਾ ਸਮਾਚਾਰ, 6 ਜੂਨ 1906 ਈ:)

## 12 ਗੁਰ ਮਰਿਯਾਦਾ

ਪਿਛਲੇ ਲੇਖਾਂ ਵਿਚ ਗੁਰਮਤ ਸੰਸਕਾਰਾਂ ਦੇ ਫੈਲਣ ਦਾ ਸਾਧਨ ਚੰਗੇ ਪੜ੍ਹੇ ਲਿਖੇ ਗ੍ਰੰਥੀਆਂ ਦਾ ਹੋਣਾ ਪਾਠਕ ਪੜ੍ਹ ਚੁਕੇ ਹਨ, ਹੁਣ ਅਸਾਂ ਇਹ ਦੇਖਣਾ ਹੈ ਕਿ ਕੀ ਗੁਰੂ ਮਰਿਯਾਦਾ ਚੰਗੇ, ਸਿਆਣੇ ਗ੍ਰੰਥੀਆਂ ਬਿਨਾਂ ਕਾਇਮ ਰਹਿ ਸਕਦੀ ਹੈ ਯਾ ਨਹੀਂ? ਕਈ ਸੱਜਣ ਪੁੱਛਣਗੇ ਕਿ ਗੁਰ ਮਰਿਯਾਦਾ ਤੋਂ ਸਾਡੀ ਕੀ ਮੁਰਾਦ ਹੈ? ਉਹਨਾਂ ਦੇ ਉਤਰ ਵਿਚ ਇਹ ਦੱਸਣਾ ਜ਼ਰੂਰੀ ਹੈ ਕਿ ਹਰ ਇਕ ਮਤ ਵਿਚ ਕੋਈ ਨਾ ਕੋਈ ਖਾਸ ਮਰਿਯਾਦਾ ਕਾਇਮ ਹੁੰਦੀ ਹੈ, ਜਿਸ ਅਨੁਸਾਰ ਉਸ ਮਤ ਦੇ ਪ੍ਰਬੰਧਕ ਉਸ ਮਤ ਦੀਆਂ ਰੀਤਾਂ, ਰਸਮਾਂ, ਸੰਸਕਾਰਾਂ, ਪੁਰਬ ਆਦਿਕ ਇਕੋ ਹੀ ਢੰਗ ਨਾਲ ਸਦਾ ਲਈ


www.sikhbookclub.com

ਕਾਇਮ ਰਖਦੇ ਹਨ। ਜੇ ਕਦੀ ਕੁਝ ਫ਼ਰਕ ਆਉਣ ਲਗਦਾ ਹੈ ਤਾਂ ਉਸ ਮਤ ਦੇ ਵਡੇ ਪ੍ਰਬੰਧਕ ਪਹਿਲੋਂ ਸੋਚ ਲੈਂਦੇ ਹਨ ਕਿ ਇਸ ਤਰ੍ਹਾਂ ਚਲਣ ਦੇ ਕਾਰਨ ਮਤ ਦੇ ਅਸੂਲਾਂ ਪਰ ਕੁਝ ਬੁਰਾ ਅਸਰ ਤਾਂ ਨਹੀਂ ਪਵੇਗਾ?

ਹਰ ਮਤ ਦੇ ਤਿੰਨ ਅੰਗ ਹੁੰਦੇ ਹਨ: 1. ਅਸੂਲ (Principles), 2. ਜਥੇਬੰਦੀ (Organization) ਅਤੇ 3. ਪ੍ਰਬੰਧ (Regulations)। ਸੋ ਪ੍ਰਬੰਧ ਦਾ ਨਾਮ ਸਿਖਾਂ ਵਿਚ ਮਰਿਯਾਦਾ ਯਾ ਗੁਰ ਮਰਿਯਾਦਾ ਹੈ। ਅਰਥਾਤ ਉਹ ਮਰਿਯਾਦਾ ਜੋ ਗੁਰੂ ਸਾਹਿਬਾਨ ਨੇ ਯਾ ਪੰਥ ਗੁਰੂ ਨੇ ਧਰਮ ਦੇ ਅਸੂਲਾਂ ਦੇ ਮੁਤਾਬਕ ਜਥੇਬੰਦੀ ਦੇ ਅਨੁਕੂਲ ਕਾਇਮ ਕੀਤੀ ਹੋਈ ਹੈ। ਈਸਾਈਆਂ ਵਿਚ ਇਸ ਨੂੰ 'ਚਰਚ ਰੈਗੂਲੇਸ਼ਨਜ਼', ਹਿੰਦੂਆਂ ਵਿਚ ਇਸ ਨੂੰ 'ਧਰਮ ਸ਼ਾਸਤ੍ਰ' ਅਤੇ ਮੁਸਲਮਾਨਾਂ ਵਿਚ 'ਇਸਲਾਮੀ ਸ਼ਰਅ' ਆਖਦੇ ਹਨ। ਮੇਲੇ ਮੁਸਾਹਬੇ, ਜੋੜ ਜਾਗੇ, ਯਾਤ੍ਰਾ ਆਦਿਕ ਜਿਤਨੇ ਕੰਮ ਸਿਖ ਅਸੂਲਾਂ ਦੇ ਪ੍ਰਚਾਰ ਕਰਨ ਹਿਤ ਸਿਖਾਂ ਦੀ ਜਥੇਬੰਦੀ ਕੰਮ ਵਿਚ ਲਿਆਉਂਦੀ ਰਹੀ ਹੈ, ਉਹਨਾਂ ਦਾ ਸਮੁੱਚਾ ਨਾਮ 'ਗੁਰ ਮਰਿਯਾਦਾ' ਹੈ। ਭਾਵੇਂ ਗੁਰ ਮਰਿਯਾਦਾ (ਜਿਸ ਦਾ ਨਵਾਂ ਨਾਮ ਹੁਣ ਕਈ ਸਜਣ 'ਖਾਲਸਾ ਧਰਮ ਸ਼ਾਸਤ੍ਰ' ਅਨਜਮਤੀਆਂ ਦੀ ਨਕਲ ਵਿਚ, ਰਖਣਾ ਚਾਹੁੰਦੇ ਹਨ) ਦਾ ਪੁਸਤਕ ਸਿੱਖਾਂ ਵਿਚ ਸਮੁੱਚਾ ਲਿਖਿਆ ਹੋਇਆ ਨਹੀਂ ਹੈ, ਪਰ ਕੁਝ ਕੁਝ ਅੰਗ ਇਸ ਦੇ ਹੁਣ ਲੋਕ ਲਿਖਣ ਲਗ ਪਏ ਹਨ, ਜੈਸਾ ਕਿ ਅੰਮ੍ਰਿਤ ਸੰਸਕਾਰ ਵਿਧੀ, ਆਨੰਦ ਸੰਸਕਾਰ ਵਿਧੀ ਆਦਿਕ। ਪਰ ਅਸਲ ਗੱਲ ਇਹ ਹੈ ਕਿ ਅਜੇ ਤਕ ਬਹੁਤ ਕਰਕੇ ਗੁਰ ਮਰਿਯਾਦਾ ਸੀਨੇ ਬਸੀਨੇ ਸਿੱਖਾਂ ਵਿਚ ਸਮਝੀ ਜਾ ਰਹੀ ਹੈ, ਉਸ ਦੀ ਖਾਸ ਪੁਸਤਕ ਕੋਈ ਨਹੀਂ ਬਣੀ*।

ਸਾਡੇ ਨਜ਼ਦੀਕ ਗੁਰ ਮਰਿਯਾਦਾ ਦੇ ਪੰਜ ਵਡੇ ਅੰਗ ਹਨ : 1. ਗੁਰਪੁਰਬ, 2. ਸੰਸਕਾਰ, 3. ਰੀਤਾਂ, 4. ਰਸਮਾਂ, 5. ਯਾਤ੍ਰਾ ਅਤੇ ਕੁਝ ਕੁਝ ਛੋਟੇ ਛੋਟੇ ਹੋਰ ਅੰਗ ਬੀ ਹਨ, ਜਿਨ੍ਹਾਂ ਪਰ ਹਾਲਾਂ ਅਸੀਂ ਸੋਚ ਨਹੀਂ ਕਰਦੇ। ਇਨ੍ਹਾਂ ਵਿਚੋਂ ਗੁਰਪੁਰਬਾਂ ਅਤੇ ਸੰਸਕਾਰਾਂ ਦਾ ਹਾਲ, ਜੋ ਗ੍ਰੰਥੀਆਂ ਨਾਲ ਸੰਬੰਧ ਰਖਦਾ ਹੈ, ਉਸ ਨੂੰ ਸੰਖੇਪ ਤੌਰ ਤੇ ਅਸੀਂ ਪਿੱਛੇ ਦੱਸ ਚੁਕੇ ਹਾਂ

---

* ਚੀਫ਼ ਖ਼ਾਲਸਾ ਦੀਵਾਨ ਵਲੋਂ ਪੰਥਕ ਵਿਦਵਾਨਾਂ ਦੀ ਸੰਮਤੀ ਨਾਲ 'ਗੁਰਮਤ ਸੰਸਕਾਰ ਭਾਗ' ਇਨ੍ਹਾਂ ਲੇਖਾਂ ਦੇ ਛਪ ਜਾਣ ਪਿਛੋਂ ਤਿਆਰ ਹੋਇਆ। (ਸੰਪਾਦਕ)


www.sikhbookclub.com

ਅਤੇ ਰੀਤਾਂ, ਰਸਮਾਂ ਤੇ ਯਾਤ੍ਰਾ ਦਾ ਹਾਲ ਅਗਲੇ ਅੰਕਾਂ ਵਿਚ ਦੱਸਾਂਗੇ; ਅੱਜ ਅਸੀਂ ਸਮੁੱਚੀ ਗੁਰਮਰਿਯਾਦਾ ਦਾ ਹਾਲ, ਜੋ ਗ੍ਰੰਥੀਆਂ ਨਾਲ ਮੇਲ ਰਖਦਾ ਹੈ, ਉਸ ਨੂੰ ਦੱਸਦੇ ਹਾਂ। ਧਿਆਨ ਰਹੇ ਕਿ ਸਿਖਾਂ ਵਿਚ ਹਰ ਰਸਮ ਦੀ ਮਰਿਯਾਦਾ ਹੌਲੀ ਹੌਲੀ ਕਾਇਮ ਹੋ ਗਈ ਹੈ। ਜਿਵੇਂ ਕਿ ਪਹਿਲੇ ਗੁਰਦੁਆਰਿਆਂ ਦੀ ਇਮਾਰਤ ਵਲ ਵੇਖੋ, ਭਾਵੇਂ ਬਾਵਲੀਆਂ, ਧਰਮਸਾਲਾਂ, ਬੁੰਗੇ, ਸਮਾਧਾਂ ਆਦਿਕਾਂ ਦੀਆਂ ਇਮਾਰਤਾਂ ਨਿਰਾਲੇ ਢੰਗ ਦੀਆਂ ਹੁੰਦੀਆਂ ਹਨ, ਪਰ ਖਾਸ ਗੁਰੂ ਮੰਦਰਾਂ ਦੀਆਂ ਇਮਾਰਤਾਂ ਵਿਚ ਧਰਮਸਾਲਾ ਆਦਿਕਾਂ ਨਾਲੋਂ ਇਹ ਫਰਕ ਹੁੰਦਾ ਹੈ ਕਿ ਗੁਰੂ ਮੰਦਰਾਂ ਦੇ ਚਾਰ ਦਰਵਾਜ਼ੇ ਹੁੰਦੇ ਹਨ, ਮੁਸਲਮਾਨਾਂ ਦੀਆਂ ਮਸੀਤਾਂ ਦੀ ਤਰ੍ਹਾਂ ਇਕੋ ਪਾਸੇ ਹੀ ਦਰਵਾਜ਼ੇ ਨਹੀਂ ਹੁੰਦੇ, ਨਾ ਗਿਰਜਿਆਂ ਵਾਂਗ ਪਹਾੜੀ ਕੰਦਰਾਂ ਦੀਆਂ ਨਕਲਾਂ ਇਮਾਰਤ ਵਿਚ ਉਤਾਰੀਆਂ ਜਾਂਦੀਆਂ ਹਨ ਤੇ ਨਾ ਠਾਕਰ ਦੁਆਰੇ ਸ਼ਿਵਦੁਆਲੇ ਆਦਿਕ ਹਿੰਦੂ ਮੰਦਰਾਂ ਦੀ ਸ਼ਕਲ ਸਿਖਾਂ ਦੇ ਮੰਦਰ ਦੀ ਹੁੰਦੀ ਹੈ। ਗੁਰ ਮੰਦਰਾਂ ਦੇ ਉਪਰ ਗੁੰਬਜ਼ ਅਤੇ ਕਲਸ ਅਤੇ ਬਾਹਰ ਦੇ ਗੁੰਬਜ਼ ਦੇ ਵਿਚਕਾਰ ਛੋਟੇ ਛੋਟੇ ਗੁੰਬਜ਼ਾਂ ਦੀਆਂ ਪਾਲਾਂ ਹੁੰਦੀਆਂ ਹਨ। ਗੁਰ ਮੰਦਰਾਂ ਦੀਆਂ ਦੀਵਾਰਾਂ ਉਪਰ ਫੁਲ ਬੇਲ ਬੂਟਾ ਆਦਿਕਾਂ ਦੇ ਨਕਸ਼ੇ ਯਾ ਗੁਰਬਾਣੀ ਦੀਆਂ ਤੁਕਾਂ ਜ਼ਰੂਰ ਹੁੰਦੀਆਂ ਹਨ, ਪਰ ਮੂਰਤਾਂ ਨਹੀਂ ਹੁੰਦੀਆਂ। ਗੁੰਬਜ਼ਾਂ ਦੇ ਉਪਰ ਕਲਸ ਹੁੰਦੇ ਹਨ, ਪਰ ਗਿਰਜਿਆਂ ਦੀ ਤਰ੍ਹਾਂ ਸਲੀਬ ਦਾ ਨਕਸ਼ਾ ਨਹੀਂ ਹੁੰਦਾ ਤੇ ਨਾ ਹੀ ਸ਼ਿਵਾਲਿਆਂ ਦੀ ਤਰ੍ਹਾਂ ਤ੍ਰਿਸੂਲ ਹੁੰਦਾ ਹੈ ਤੇ ਨਾ ਦੇਵੀ ਮੰਦਰਾਂ ਦੀ ਤਰ੍ਹਾਂ ਛਤਰ ਹੁੰਦੇ ਹਨ ਅਤੇ ਨਾ ਜੈਨ ਮੰਦਰਾਂ ਦੀ ਤਰ੍ਹਾਂ ਗੁਲਾਈਦਾਰ ਮਟੀਆਂ ਜਿਹੀਆਂ ਲਗੀਆਂ ਹੁੰਦੀਆਂ ਹਨ। ਕਈ ਸਜਣ ਆਖਣਗੇ ਕਿ ਇਹ ਬਾਤ ਠੀਕ ਨਹੀਂ ਹੈ, ਦੇਖੋ ਖਾਸ ਸ੍ਰੀ ਹਰਿਮੰਦਰ ਜੀ ਪਰ ਐਨ ਕਲਸ ਦੇ ਉਪਰ ਛਤਰ ਲਗਾ ਹੋਇਆ ਹੈ, ਸੋ ਉਸ ਦਾ ਜਵਾਬ ਇਹ ਹੈ ਕਿ ਇਹ ਕਲਸ ਅਜ ਕਲ ਦੇ ਸਿਖਾਂ ਦੀ ਅਵਿਦਯਾ ਅਤੇ ਅਨਗਹਿਲੀ ਦੀ ਨਿਸ਼ਾਨੀ ਮਸ਼ਹੂਰ ਕਰਨ ਵਾਸਤੇ ਸਾਡੇ ਹਿੰਦੂ ਵੀਰਾਂ ਦੀ ਫਤਹਯਾਬੀ ਦਾ ਨਿਸ਼ਾਨ ਦੱਸਣ ਵਾਸਤੇ ਕਿਸੇ ਦੂਰ ਅੰਦੇਸ਼ ਭਾਈ ਨੇ ਕਰਨੈਲ ਜੁਆਲਾ ਸਿੰਘ ਜੀ ਦੀ ਸਰਬਰਾਹੀ ਦੇ ਵੇਲੇ ਲਗਵਾ ਦਿਤਾ ਸੀ। ਸੋਨੇ ਦੇ ਲਾਲਚ ਵਿਚ ਆਕੇ ਸਰਬਰਾਹ ਸਾਹਿਬ ਨੇ ਲਾਉਣ ਦੀ ਇਜ਼ਾਜ਼ਤ ਦੇ ਦਿਤੀ ਹੋਵੇਗੀ, ਨਹੀਂ ਤਾਂ ਇਹ ਮੰਦਰ ਦਾ ਪੁਰਾਣਾ ਨਕਸ਼ਾ ਬਦਲਣ ਵਾਲਾ ਛਤਰ ਹੈ

 www.sikhbookclub.com

(ਜੋ Pantheism ਵੇਦਾਂਤ ਦੀ ਨਿਸ਼ਾਨੀ Monotheism ਇਕ ਅਕਾਲ ਉਪਾਸ਼ਕਾਂ ਦੀ ਨਿਸ਼ਾਨੀ ਕਲਸ ਦੇ ਉਤੇ ਲਾਈ ਗਈ ਹੈ)। ਸੋ ਇਹ ਛਤਰ ਪੁਰਾਣਾ ਨਹੀਂ ਹੈ, ਇਹ ਸਿਖਾਂ ਦੇ ਅਜ ਕਲ ਦੇ ਸਮੇਂ ਦੀ ਬਨਾਵਟ ਹੈ, ਜਦਕਿ ਸਿਖ ਆਪਣੇ ਅਸੂਲਾਂ ਤੋਂ ਅਗਜਾਤ ਹੋ ਗਏ ਹਨ। ਨਹੀਂ ਤਾਂ ਕਿਸੇ ਹੋਰ ਗੁਰੂ ਮੰਦਰ ਪਰ ਬੀ ਸਿਖਾਂ ਦੇ ਵੇਲੇ ਦਾ ਲਗਾਇਆ ਹੋਇਆ ਛਤਰ ਦੱਸੋ ?.....

ਅਸਲ ਵਿਚ ਪੁਰਾਣੀ ਮਰਿਯਾਦਾ ਸਿਰਫ਼ ਕਲਸ ਦੀ ਹੀ ਹੈ ਜੋ ਨਾ ਤਾਂ ਤ੍ਰਿਸੂਲ ਦੀ ਤਰ੍ਹਾਂ ਤ੍ਰਿਕੁਟੀ ਦੇ ਅਸੂਲ ਨੂੰ ਦੱਸਣ ਵਾਲੀ ਹੈ ਅਤੇ ਨਾ ਸਲੀਬ ਦੀ ਸ਼ਕਲ ਬਣਾਕੇ ਹਜ਼ਰਤ ਈਸਾ ਨੂੰ ਸੰਸਾਰ ਦੇ ਪਾਪ ਧੋਣ ਦੇ ਅਸੂਲ ਨੂੰ ਸੂਲੀ ਪਰ ਚੜ੍ਹਕੇ ਦੂਰ ਕਰਨ ਦੀ ਨਿਸ਼ਾਨੀ ਹੈ, ਪਰ ਸਿਰਫ਼ ਇਕ ਅਕਾਲ ਨੂੰ ਗਿਆਤ ਕਰਾਉਣ ਵਾਲੀ ਇਹ ਕਲਸ ਦੀ ਸ਼ਕਲ ਹੈ। ਇਮਾਰਤਾਂ ਦੇ ਬਨਾਉਣ ਵਿਚ ਬੀ ਗੁਰ ਮਰਿਆਦਾ ਦਾ ਨਕਸ਼ਾ ਹੈ। ਇਸੇ ਤਰ੍ਹਾਂ ਸਮਾਧਾਂ ਦਾ ਹਾਲ ਹੈ। ਸਮਾਧਾਂ ਪੂਜਣ ਯਾ ਚੜ੍ਹਾਵੇ ਚੜ੍ਹਾਉਣ ਦੀ ਖਾਤਰ ਨਹੀਂ ਸਨ ਬਣੀਆਂ। ਕਬਰਾਂ, ਗੋਰਾਂ, ਮੜ੍ਹੀਆਂ, ਮਠਾਂ, ਦੇਹੁਰਿਆਂ, ਸਮਾਧਾਂ ਆਦਿਕਾਂ ਦਾ ਪੂਜਣਾਂ ਸਿਖਾਂ ਵਿਚ ਮਨ੍ਹੇ ਹੈ; ਪਰ ਸਮਾਧਾਂ ਵਿਚ ਜਾਕੇ ਇਹ ਵਿਚਾਰਨਾ ਕਿ ਐਸੇ ਐਸੇ ਪਰਤਾਪੀ ਅਤੇ ਮਹਾਂਪੁਰਖ ਬੀ ਜਦ ਸੰਸਾਰ ਤੋਂ ਚੱਲੇ ਗਏ ਹਨ ਤਾਂ ਅਸੀਂ ਕਦ ਬਚਣ ਲਗੇ ਹਾਂ; ਇਉਂ ਸਮਾਧਾਂ ਦੀ ਯਾਤ੍ਰਾ ਤੇ ਅਦਬ ਲਿਹਾਜ਼ ਮਨ੍ਹੇ ਨਹੀਂ ਹੈ। ਮਹਾਤਮਾਂ ਦਾਦੂ ਜੀ ਦੀ ਮੜ੍ਹੀ ਪਾਸ ਜਾਕੇ ਜਦ ਦਸਮ ਗੁਰੂ ਜੀ ਨੇ ਤੀਰ ਝੁਕਾਇਆ ਸੀ ਤਾਂ ਸਿੱਖਾਂ ਨੇ ਤੀਰ ਝੁਕਾਉਣ ਦਾ ਦੰਡ ਲਗਾਇਆ ਸੀ, ਪਰ ਮੜ੍ਹੀ ਪਾਸ ਜਾਣ ਦਾ ਦੰਡ ਨਹੀਂ ਸੀ ਲਗਾਇਆ। ਸੋ ਸਮਾਧਾਂ ਪਾਸ ਜਾਣਾ ਮੰਨ੍ਹੇ ਨਹੀਂ, ਪਰ ਉਹਨਾਂ ਨੂੰ ਪੂਜਣਾ ਮਨ੍ਹੇ ਹੈ। ਮੁਸਲਮਾਨਾਂ ਵਿਚ ਮਕਬਰਿਆਂ ਦੇ ਨਾਲ ਜਿਥੇ ਮਸਜਿਦ ਬਣੀ ਹੋਵੇ ਉਸ ਮਸਜਦ ਵਿਚ ਨਮਾਜ਼ ਪੜ੍ਹਨੀ ਚੰਗੀ ਨਹੀਂ ਸਮਝਦੇ, ਇਸੇ ਤਰ੍ਹਾਂ ਸਿਖਾਂ ਨੇ ਬੀ ਸਮਾਧਾਂ ਦੇ ਨਾਲ ਲਗਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦੀ ਰਸਮ ਨਹੀਂ ਪਾਈ ਸੀ। ਪਰ ਹੁਣ ਕਈ ਸਿਖ ਗੁਰ ਮਰਿਯਾਦਾ ਨੂੰ ਭੁੱਲਕੇ ਸਮਾਧਾਂ ਅਤੇ ਦੇਹੁਰਿਆਂ ਦੇ ਅਗੇ ਮੱਥੇ ਟੇਕਣ ਲਗ ਗਏ ਹਨ। ਸੂਫ਼ੀ ਫ਼ਕੀਰਾਂ ਦੀ ਨਕਲ ਕਰਕੇ ਸਮਾਧਾਂ ਦੀ ਚਰਨ ਧੂੜੀ ਮੱਥੇ ਪਰ ਲਾਉਂਦੇ ਹਨ। ਕਈ ਸਜਣ ਇਹ

ਦੇਖਕੇ ਕਿ ਇਹ ਰਸਮ ਕਿਸੇ ਤਰ੍ਹਾਂ ਹਟੇ, ਹੁਣ ਸੋਚਦੇ ਹਨ ਕਿ ਸਮਾਧਾਂ ਦੇ ਉਪਰ ਯਾ ਅਗੇ ਯਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਿਸੇ ਤਰ੍ਹਾਂ ਹੋ ਜਾਵੇ ਜਿਸ ਕਰਕੇ ਇਹ ਪਰਚਲਤ ਕੁਰੀਤੀ, ਜੋ ਮਹਾਰਾਜਾ ਰਣਜੀਤ ਸਿੰਘ ਵੇਲੇ ਅਨਮਤੀਏ ਅਹਿਲਕਾਰਾਂ ਨੇ ਜਗੀਰਾਂ ਦੁਆਕੇ ਚਲਾ ਦਿਤੀ ਹੈ, ਸੋ ਢੱਕੀ ਜਾਵੇ ਅਤੇ ਸਾਨੂੰ ਇਹ ਸੁਣਨ ਦਾ ਮੌਕਿਆ ਨਾ ਮਿਲੇ ਕਿ ਸਿਖ ਆਪਣੀ ਗੁਰ ਮਰਿਯਾਦਾ ਤੋਂ ਡਿਗ ਪਏ ਹਨ। ਪਰ ਇਸ ਤਰ੍ਹਾਂ ਜੋ ਮਰਿਯਾਦਾ ਭੰਗ ਹੋ ਰਹੀ ਹੈ ਉਹ ਦੂਰ ਹੋਣੀ ਕਠਨ ਹੈ। ਇਸ ਦਾ ਇੱਕੋ ਇਲਾਜ ਇਹੀ ਹੈ ਕਿ ਚੰਗੇ ਗ੍ਰੰਥੀ ਹੋਣ ਜੋ ਸੰਗਤਾਂ ਦੇ ਅੰਦਰ ਗੁਰ ਮਰਿਯਾਦਾ ਦੇ ਉਪਦੇਸ਼ ਦੇ ਦੇਕੇ ਸਿਖਾਂ ਨੂੰ ਸਮਾਧ ਪਰਸਤੀ ਤੋਂ ਬਚਾ ਲੈਣ। ਈਸਾਈ ਬੀ ਆਪਣੀਆਂ ਸਮਾਧਾਂ ਨਾਲ ਪਿਆਰ ਕਰਦੇ ਹਨ ਪਰ ਉਹਨਾਂ ਦੀ ਪੂਜਾ ਨਹੀਂ ਕਰਦੇ। ਏਸੇ ਤਰ੍ਹਾਂ ਵਡਿਆਂ ਦੀਆਂ ਸਮਾਧਾਂ ਸਾਨੂੰ ਸਾਡੀ ਆਪਣੀ ਮੌਤ ਦੀ ਯਾਦ ਦੁਆਉਣ ਕਰਕੇ ਸਾਥੋਂ ਪਿਆਰ ਦੀ ਨਜ਼ਰ ਨਾਲ ਦੇਖੀਆਂ ਜਾ ਸਕਦੀਆਂ ਹਨ, ਤੇ ਅਦਬ ਸਤਿਕਾਰ ਦੀਆਂ ਹੱਕਦਾਰ ਹਨ। ਓਥੇ ਪਵਿਤ੍ਰ ਭੈ ਨਾਲ ਦਾਖਲ ਹੋਵੋ ਪਰ ਜੋ ਪੂਜਾ ਕਿ ਅਕਾਲ ਪੁਰਖ ਦੀ ਹੋਣੀ ਸੀ ਉਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਪਰ ਇਹ ਗਲਾਂ ਤਦ ਤਕ ਸਮਝ ਵਿਚ ਨਹੀਂ ਆ ਸਕਦੀਆਂ ਜਦ ਤਕ ਸਿਖਾਂ ਵਿਚ ਵਿਚਾਰ ਸ਼ਕਤੀ ਨਾ ਵਧੇ ਤੇ ਵਿਚਾਰ ਸ਼ਕਤੀ ਚੰਗੇ ਗ੍ਰੰਥੀਆਂ ਬਿਨਾਂ ਵਧ ਨਹੀਂ ਸਕਦੀ।

ਇਸੇ ਤਰ੍ਹਾਂ ਕੜਾਹ ਪ੍ਰਸ਼ਾਦ ਦੇ ਬਨਾਉਣ ਦੀ ਅਤੇ ਦੀਵਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੇਸ਼ ਕਰਨ ਦੀ ਮਰਿਯਾਦਾ ਹੈ, ਦੀਵਾਨ ਵਿਚ ਅਰਦਾਸ ਕਰਾਉਣ ਦੀ ਮਰਿਆਦਾ ਹੈ, ਦੀਵਾਨ ਵਿਚ ਬੈਠਣ ਦੀ ਮਰਿਯਾਦਾ ਹੈ, ਨਿਤਨੇਮ ਕਰਨ ਦੀ ਮਰਿਯਾਦਾ ਹੈ, ਹੁਕਮ ਸੁਣਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਦੀ ਮਰਿਯਾਦਾ ਹੈ, ਰਹਿਰਾਸ ਦੇ ਦੀਵਾਨ ਵਿਚ ਸੰਗਤਾਂ ਦੇ ਇਕੱਤ੍ਰ ਹੋਣ ਦੀ ਮਰਿਯਾਦਾ ਹੈ, ਸਿਖਾਂ ਦੇ ਪ੍ਰਸਾਦਿ ਦੀ ਮਰਿਯਾਦਾ ਹੈ, ਮਹੱਲਿਆਂ ਦੇ ਸਮਿਆਂ ਪਰ ਤਖਤ ਸਾਹਿਬਾਂ ਪਰ ਹਾਜ਼ਰ ਹੋਣ ਦੀ ਮਰਿਯਾਦਾ ਹੈ, ਵੈਸਾਖੀ ਦੀਪਮਾਲਾ ਪਰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਯਾਤ੍ਰਾ ਦੀ ਮਰਿਯਾਦਾ ਹੈ, ਮੇਲੇ ਮੁਸਾਹਬਿਆਂ ਪਰ ਦੀਵਾਨ ਵਿਚ ਹਾਜ਼ਰ ਹੋਣ ਦੀ ਮਰਿਯਾਦਾ ਹੈ। ਮਤਲਬ ਇਹ ਕਿ ਸਿਖਾਂ ਦੇ ਤਰੀਕਿਆਂ ਪਰ ਚੱਲਣ ਦੀਆਂ ਕਈ ਮਰਿਯਾਦਾ ਹਨ, ਐਥੋਂ ਤਕ ਕਿ ਪੰਥ ਦੇ ਸਾਂਝੇ

 www.sikhbookclub.com

ਕੰਮਾਂ ਲਈ ਦਸਵੰਧ ਦੇਣ ਦੀ ਅਤੇ ਸੰਸਕਾਰਾਂ ਪਰ ਧਰਮ ਕਾਰਜਾਂ ਲਈ ਰੱਫੇ ਦੇਣ ਦੀ ਅਤੇ ਰੋਜ਼ ਧਰਮਸਾਲਾਂ ਵਿਖੇ ਪ੍ਰਸ਼ਾਦੇ ਪੁਚਾਉਣ ਦੀ ਅਤੇ ਦਿਨ ਦਿਹਾਰਾਂ ਪਰ ਧਰਮਸਾਲਾਂ ਦੇ ਖਰਚ ਤੋਰਣ ਵਾਸਤੇ ਅਰਦਾਸੇ ਅਤੇ ਹੋਰ ਵਸਤਾਂ ਦੇ ਦੇਣ ਦੀਆਂ ਮਰਿਯਾਦਾਂ ਬੀ ਹਨ। ਇਸੇ ਤਰ੍ਹਾਂ ਸ਼ਬਦ ਕੀਰਤਨ ਕਥਾ ਸਾਖੀ ਆਦਿ ਸੁਣਨੇ ਦੀ, ਅਨਾਥਾਂ ਦੀ ਸੇਵਾ, ਬੇਟਾ ਬੇਟੀ ਦੇ ਧਰਮਸ਼ਾਲਾ ਵਿਚ ਪੜ੍ਹਨੇ ਪਾਉਣ ਦੀਆਂ ਸਭ ਬਾਤਾਂ ਦੀਆਂ ਮਰਿਯਾਦਾਂ ਨਿਯਤ ਹਨ ਪਰ ਇਹ ਸਭ ਬਾਤਾਂ ਸੀਨੇ ਬਸੀਨੇ ਸਿਖਾਂ ਦੇ ਚਲੀਆਂ ਆਉਂਦੀਆਂ ਹਨ। ਇਨ੍ਹਾਂ ਦੇ ਅੱਡ ਅੱਡ ਪੁਸਤਕ ਬਣੇ ਹੋਏ ਨਹੀਂ ਹਨ, ਖਾਸ ਕਰਕੇ ਇਨ੍ਹਾਂ ਮਰਿਯਾਦਾਂ ਨੂੰ ਕਾਇਮ ਰਖਣਾ ਯਾ ਉਲਟ ਪਲਟ ਦੇਣਾ ਬਹੁਤ ਕੁਝ ਪਿੰਡਾਂ ਤੇ ਨਗਰਾਂ ਦੀਆਂ ਧਰਮਸਾਲੀਆਂ ਦੇ ਹੱਥ ਹੈ; ਜਿਸ ਤਰ੍ਹਾਂ ਦੀਆਂ ਮਰਿਯਾਦਾਂ ਉਹ ਸੰਗਤਾਂ ਨੂੰ ਸਿਖਾਉਣਗੇ ਯਾ ਪ੍ਰਚਲਤ ਮਰਿਯਾਦਾ ਨੂੰ ਕਾਇਮ ਰਖਣਗੇ ਯਾ ਭੰਗ ਨਾਂ ਕਰਨ ਦੇਣਗੇ ਸੋ ਹੋ ਸਕਣਗੀਆਂ ਪਰ ਜੇ ਇਹ ਮਰਿਯਾਦਾ ਜਗ੍ਹਾ ਜਗ੍ਹਾ ਪਰ ਟੁੱਟ ਟੁੱਟਕੇ ਅਡ ਅਡ ਹੁੰਦੀਆਂ ਗਈਆਂ ਤਾਂ ਗੁਰ ਮਰਿਯਾਦਾ ਵਿਚ ਭੰਗ ਪੈਂਦੇ ਪੈਂਦੇ ਕੋਈ ਤਰਤੀਬ (System) ਯਾ ਮੇਲ (Harmony) ਨਹੀਂ ਰਹੇਗੀ। ਅਤੇ ਸਿਖੀ ਦੇ ਵਡੇ ਅਸੂਲ ਅਰਥਾਤ ਪ੍ਰਬੰਧ ਨੂੰ ਵਡਾ ਹੀ ਘਾਟਾ ਪਹੁੰਚੇਗਾ। ਪਰ ਮਿਤ੍ਰੋ! ਸਾਡੀਆਂ ਗੁਰ ਮਰਿਯਾਦਾਂ ਨੂੰ ਕੌਣ ਬਚਾ ਸਕਦਾ ਹੈ? ਜਵਾਬ ਇਹ ਹੈ, ਕਿ ਬਹੁਤ ਕਰਕੇ ਪੜ੍ਹੇ ਲਿਖੇ ਸਮਝਦਾਰ ਗ੍ਰੰਥੀ ਹੀ ਐਸਾ ਕਰ ਸਕਦੇ ਹਨ, ਸੋ ਕ੍ਰਿਪਾ ਕਰਕੇ ਐਸੇ ਗ੍ਰੰਥੀਆਂ ਨੂੰ ਪੈਦਾ ਕਰੋ, ਨਹੀਂ ਤਾਂ ਸਿਖੀ ਦੀਆਂ ਮਰਿਯਾਦਾਂ ਜੋ ਬਹੁਤ ਕਰਕੇ ਅੱਗੇ ਹੀ ਵਿਗੜ ਚੁਕੀਆਂ ਹਨ, ਰਹਿੰਦੀਆਂ ਖੂੰਹਦੀਆਂ ਬੀ ਵਿਗੜ ਜਾਣਗੀਆਂ। (ਖਾਲਸਾ ਸਮਾਚਾਰ 13 ਜੂਨ 1906 ਈ:)

## 13 ਰੀਤਾਂ ਤੇ ਰਸਮਾਂ

ਅਸੀਂ ਗੁਰ ਮਰਿਯਾਦਾ ਦਾ ਸਰਸਰੀ ਭਾਵ ਦੱਸ ਆਏ ਹਾਂ ਕਿ ਚੰਗੇ ਗ੍ਰੰਥੀਆਂ ਬਿਨਾਂ ਗੁਰਮਰਿਯਾਦਾ ਦਾ ਕਾਇਮ ਰਹਿਣਾ ਕਠਨ ਹੈ ਅਤੇ ਇਹ ਬੀ ਦੱਸ ਆਏ ਹਾਂ ਕਿ ਗੁਰ ਮਰਿਯਾਦਾ ਦੇ (ਅਨਮਤੀਆਂ ਦੀ ਨਕਲ ਉਤਾਰਨ ਵਾਲੇ ਜਿਸ ਦਾ ਨਵਾਂ ਨਾਮ ਹੁਣ 'ਖਾਲਸਾ ਧਰਮ ਸ਼ਾਸਤ੍ਰ' ਰਖਣਾ ਚਾਹੁੰਦੇ ਹਨ) ਮੁੱਖ ਭਾਗ ਪੰਜ ਹਨ, ਅਰਥਾਤ ਗੁਰਪੁਰਬ, ਸੰਸਕਾਰ, ਗੁਰ ਰੀਤੀਆਂ,

 www.sikhbookclub.com

ਰਸਮਾਂ ਤੇ ਯਾਤ੍ਰਾ, ਅਤੇ ਕੁਝ ਛੋਟੇ ਛੋਟੇ ਹੋਰ ਭਾਗ ਵੀ ਹਨ। ਜਿਨ੍ਹਾਂ ਵਿਚੋਂ ਪਹਿਲੇ ਦੋਹਾਂ ਵਡੇ ਭਾਗਾਂ ਦਾ ਸੰਬੰਧ, ਜੋ ਗ੍ਰੰਥੀਆਂ ਨਾਲ ਹੈ, ਉਸ ਨੂੰ ਬੀ ਅਸੀਂ ਪਿਛੇ ਦੱਸ ਆਏ ਹਾਂ, ਹੁਣ ਗੁਰਰੀਤੀਆਂ ਦਾ ਹਾਲ ਦੱਸਦੇ ਹਾਂ, ਪਰ ਇਹਨਾਂ ਦੇ ਦੱਸਣ ਤੋਂ ਪਹਿਲੇ ਅਸੀਂ ਰੀਤੀ ਅਤੇ ਰਸਮ ਦਾ ਫ਼ਰਕ ਦੱਸਦੇ ਹਾਂ। ਗੁਰਰੀਤੀ ਅਥਵਾ ਰੀਤਾਂ ਤਾਂ ਓਹ ਹਨ ਜੋ ਸਿਖੀ ਦੇ ਅਸੂਲਾਂ ਦੇ ਕਾਇਮ ਰਖਣ ਵਾਸਤੇ ਅਤੇ ਸਿਖੀ ਦੇ ਪ੍ਰਚਾਰ ਵਾਸਤੇ ਜ਼ਰੂਰੀ ਹੈਨ ਅਤੇ ਰਸਮਾਂ ਓਹ ਹਨ ਜੋ ਸਿਖਾਂ ਦੇ ਪੁਰਾਣੇ ਇਤਕਾਦ ਨੂੰ ਸਿਖੀ ਦੇ ਇਤਕਾਦ ਵਿਚ ਬਦਲਣ ਵਾਸਤੇ ਪੈ ਗਈਆਂ ਹਨ, ਜਿਸ ਕਰਕੇ ਰੀਤਾਂ (Rituals) ਤਾਂ ਬਦਲਣੀਆਂ ਕਠਨ ਬਲਕਿ ਅਸੰਭਵ ਹਨ, ਪਰ ਰਸਮਾਂ (Ceremonies) ਬਦਲਣੀਆਂ ਪੰਥ ਦੇ ਇਖਤਿਆਰੀ ਹਨ। ਜੈਸਾ ਕਿ ਨਿਤਨੇਮ ਦੀ ਬਾਣੀ ਦਾ ਵਿਧੀ ਪੂਰਬਕ ਪੜ੍ਹਨਾ, ਅਰਦਾਸ, ਕੜਾਹ ਪ੍ਰਸਾਦਿ, ਆਰਤੀ ਉਚਾਰਨ ਆਦਿਕ, ਇਸ ਤਰ੍ਹਾਂ ਦੀਆਂ ਰੀਤਾਂ (Rituals) ਹਰ ਇਕ ਜਗ੍ਹਾ ਸਿਖੀ ਵਿਚ ਲਾਜ਼ਮੀ ਅਤੇ ਜ਼ਰੂਰੀ ਹਨ, ਪਰ ਜੋਤ ਜਗਾਕੇ ਆਰਤੀ ਦਾ ਕਰਨਾ, ਨਿਰਜਲਾ ਇਕਾਦਸ਼ੀ ਨੂੰ ਸ਼ਰਬਤ ਯਾ ਠੰਢੇ ਜਲ ਦੀਆਂ ਛਬੀਲਾਂ ਦਾ ਲਾਉਣਾ, ਬਿਆਸ ਪੂਜਾ ਵਾਲੇ ਦਿਨ ਗੁਰਦਵਾਰਿਆਂ ਧਰਮਸਾਲਾਂ ਪਰ ਅੰਬ ਆਦਿਕ ਫਲਾਂ ਦਾ ਚੜ੍ਹਾਉਣਾ, ਮਾਘੀ ਨੂੰ ਗੁਰਦਵਾਰਿਆਂ ਅਤੇ ਧਰਮਸਾਲਾਂ ਵਿਚ ਖਿਚੜੀ ਦਾ ਚੜ੍ਹਾਉਣਾ, ਤਿਉਹਾਰਾਂ ਨੂੰ ਜੋੜ ਮੇਲ ਕਰਕੇ ਗੁਰਦਵਾਰਿਆਂ ਅਤੇ ਧਰਮਸਾਲਾਂ ਪਰ ਚੜ੍ਹਾਵੇ ਚੜ੍ਹਾਉਣੇ ਇਖਤਿਆਰੀ ਬਾਤਾਂ ਹਨ; ਜੋ ਕਿਸੇ ਕਿਸੇ ਜਗ੍ਹਾ ਪਰ ਹੁੰਦੀਆਂ ਹਨ ਤੇ ਕਿਤੇ ਨਹੀਂ; ਤਿਵੇਂ ਪੂਰਨਮਾਸ਼ੀ ਦਾ ਵਰਤ ਕਿਸੇ ਜਗ੍ਹਾ ਰਖਿਆ ਜਾਂਦਾ ਹੈ ਅਤੇ ਕਿਸੇ ਜਗ੍ਹਾ ਨਹੀਂ ਰਖਿਆ ਜਾਂਦਾ, ਫੇਰ ਇਹਨਾਂ ਕੰਮਾਂ ਦੀ ਮਰਿਯਾਦਾ ਕਿਸੇ ਜਗ੍ਹਾ ਕਿਸੇ ਢੰਗ ਦੀ ਹੈ ਅਤੇ ਕਿਸੇ ਜਗ੍ਹਾ ਕਿਸੇ ਢੰਗ ਦੀ; ਇਹ ਰਮਸਾਂ (Ceremonies) ਹਨ। ਰੀਤਾਂ ਬਿਨਾਂ ਤਾਂ ਅਸੀਂ ਨਹੀਂ ਰਹਿ ਸਕਦੇ, ਪਰ ਰਸਮਾਂ ਬਿਨਾਂ ਰਹਿ ਸਕਦੇ ਹਾਂ, ਜਿਸ ਕਰਕੇ ਰੀਤਾਂ ਦੀ ਮਰਿਯਾਦਾ ਸਿਖੀ ਵਿਚ ਕਰੀਬਨ ਇਕੋ ਤਰ੍ਹਾਂ ਦੀ ਹੋਣੀ ਚਾਹੀਏ; ਪਰ ਰਸਮਾਂ ਦਾ ਜੋ ਕੁਝ ਕੁਝ ਯਾ ਬਹੁਤਾ ਫ਼ਰਕ ਰਹਿ ਜਾਵੇ ਤਾਂ ਕੋਈ ਵਡੀ ਬਾਤ ਨਹੀਂ ਹੈ; ਕਿਉਂਕਿ ਰੀਤਾਂ (ਗੁਰ ਰੀਤੀ) ਸਿਖੀ ਦੇ ਪ੍ਰਚਾਰ ਦਾ ਸਾਧਨ ਹਨ, ਪਰ ਰਸਮਾਂ ਸਿਰਫ਼ ਲੋਕ ਲਾਜ ਮਜਬੂਰੀ ਕਾਰਨ ਬਣੀਆਂ ਹਨ; ਜਿਵੇਂ ਕਿ ਜਦ ਕੋਈ ਅਨਮਤੀ


www.sikhbookclub.com

ਸਿਖ ਹੋ ਗਿਆ, ਅੱਗੇ ਉਹ ਬਿਆਸ ਪੂਜਾ ਵਾਲੇ ਦਿਨ ਅੰਬ ਬ੍ਰਾਹਮਣਾਂ ਦੇ ਘਰ ਦਿੰਦਾ ਸੀ, ਫੇਰ ਸਿਖ ਹੋਣ ਪਰ ਉਸ ਨੂੰ ਜਦ ਲੋਕ ਤਾਅਨੇ ਮਾਰਨ ਲਗੇ ਕਿ ਇਹ ਸਿਖ ਇਸ ਵਾਸਤੇ ਹੋਇਆ ਹੈ ਕਿ ਪੁਰਾਣੇ ਮਤ ਵਿਚ ਕਈ ਤਰ੍ਹਾਂ ਦੇ ਖਰਚ ਪੈਂਦੇ ਸਨ, ਜੈਸਾ ਕਿ ਬਿਆਸ ਪੂਜਾ ਵਾਲੇ ਦਿਨ ਅੰਬ ਦੇਣੇ ਪੈਂਦੇ ਸਨ, ਸੋ ਹੁਣ ਸਿਖ ਹੋਕੇ ਖਰਚ ਤੋਂ ਬਚ ਗਿਆ ਹੈ, ਤਾਂ ਉਲਾਂਭਿਆਂ ਤੋਂ ਬਚਣ ਵਾਸਤੇ ਉਸ ਨੇ ਅੰਬਾਂ ਦੇ ਦੇਣ ਦੀ ਰਸਮ ਗੁਰਦਵਾਰੇ ਯਾ ਧਰਮਸਾਲਾ ਵਿਚ ਸਾਧ ਸੰਗਤ ਨਮਿਤ ਪੂਰੀ ਕਰ ਦਿਤੀ। ਹੁਣ ਜਿਥੇ ਅੰਬ ਨਾ ਪੈਦਾ ਹੁੰਦੇ ਹੋਣ, ਨਾ ਦਿਤੇ ਜਾਂਦੇ ਹੋਣ, ਉਸ ਜਗ੍ਹਾ ਜ਼ਰੂਰੀ ਨਹੀਂ ਕਿ ਲੋਕ ਜ਼ਰੂਰ ਪ੍ਰਦੇਸ ਵਿਚੋਂ ਅੰਬ ਹੀ ਮੰਗਾਕੇ ਗੁਰਦੁਆਰੇ ਦੇਣ। ਇਸੇ ਤਰ੍ਹਾਂ ਜਦ ਉਸ ਦੇਸ਼ ਵਿਚ ਬੀ, ਜਿਥੇ ਅੰਬ ਹੁੰਦੇ ਹਨ, ਸਿਖਾਂ ਨੂੰ ਅੰਬ ਦੇ ਦੇਣ ਦੀ ਲੋੜ ਹੁਣ ਨਹੀਂ ਭਾਸਦੀ ਤਾਂ ਜ਼ਰੂਰੀ ਨਹੀਂ ਕਿ ਸਿਖ ਜ਼ਰੂਰ ਅੰਬ ਚੜ੍ਹਾਉਂਦੇ ਹੀ ਰਹਿਣ। ਇਸੇ ਤਰ੍ਹਾਂ ਪਰ ਜਦ ਕੋਈ ਸਿੰਘ ਚਲਾਣਾ ਕਰ ਜਾਵੇ ਤਾਂ ਕਈ ਵਾਰੀ ਉਹਨਾਂ ਦੇ ਘਰਾਣੇ ਆਪਣੇ ਪੁਰਾਣੇ ਮਤਾਂ ਦੀਆਂ ਰਸਮਾਂ ਅਜੇ ਤਕ ਦਾਨ ਦੇਣ ਦੀਆਂ ਕਰਦੇ ਰਹਿੰਦੇ ਹਨ, ਜੈਸਾ ਕਿ ਕਈਆ ਥਾਵਾਂ ਵਿਚ ਰਿਵਾਜ ਹੈ ਕਿ ਮ੍ਰਿਤਕ ਦੇ ਤੇਰਵੇਂ ਦਿਨ ਜੋ ਹਿੰਦੂ ਮ੍ਰਿਤਕ ਸੰਸਕਾਰ ਅਨੁਸਾਰ ਕਿਰਿਆ ਕਰਾਈ ਜਾਂਦੀ ਸੀ, ਉਸ ਦੇ ਨਮਿਤ ਕਪੜੇ ਬ੍ਰਾਹਮਣਾਂ ਨੂੰ ਦਿਤੇ ਜਾਂਦੇ ਸਨ, ਸਿਖ ਉਹ ਕਪੜੇ ਗੁਰਦੁਆਰੇ ਯਾ ਤਖਤ ਅਕਾਲ ਬੁੰਗਾ ਸਾਹਿਬ ਚੜ੍ਹਾਉਂਦੇ ਹਨ ਤੇ ਕਈ ਜਗ੍ਹਾ ਬਿਹੰਗਮਾਂ ਨੂੰ ਦੇ ਦੇਂਦੇ ਹਨ। ਜੇ ਇਸ ਰਮਸ ਦਾ ਪਿੱਛਾ ਖੋਜੋ ਤਾਂ ਪਤਾ ਲਗੇਗਾ ਕਿ ਇਨ੍ਹਾਂ ਸਿੰਘਾਂ ਦੇ ਵਡੇ ਜਦ ਸਿੰਘ ਸਜੇ ਸਨ ਤਾਂ ਬਰਾਦਰੀਆਂ ਤੋਂ ਡਰਦੇ ਉਹਨਾਂ ਨੇ ਕਿਰਿਆ ਦੇ ਕਪੜੇ ਦੇਣੋਂ ਬੰਦ ਨਹੀਂ ਸੀ ਕੀਤੇ, ਪਰ ਐਨਾ ਫ਼ਰਕ ਪਾ ਦਿਤਾ ਸੀ ਕਿ ਮ੍ਰਿਤਕ ਸੰਸਕਾਰ ਭਾਵੇਂ ਗੁਰ ਮਰਿਯਾਦਾ ਅਨੁਸਾਰ ਹੀ ਕਰਨ ਲਗ ਪਏ ਸਨ, ਪਰ ਕਿਰਿਆ ਦੇ ਕਪੜੇ ਉਹ ਗੁਰਦੁਆਰਿਆਂ ਵਿਚ ਬਰਾਬਰ ਪੁਰਾਣੇ ਤਰੀਕੇ ਨੂੰ ਪਾਲਣ ਵਾਸਤੇ ਅਰਪਣ ਲਗ ਪਏ ਸਨ, ਪਰ ਜੇ ਹੁਣ ਉਹ ਕਪੜਿਆਂ ਦੀ ਨਕਲ ਛੱਡਕੇ ਗੁਰਮਤ ਦੇ ਤਰੀਕੇ ਦਾ ਦਾਨ ਭੋਜਨ ਦੇਣ ਤਾਂ ਇਹ ਬਾਤ ਮਰਜ਼ੀ ਪਰ ਮੁਨਹਸਰ ਹੈ। ਗੁਰੂ ਆਗਜਾ ਵਿਚ ਇਹ ਬਾਤ ਮੰਨੀ ਨਹੀਂ ਗਈ ਕਿ ਮ੍ਰਿਤਕ ਦੇ ਪਿਛੋਂ ਜੋ ਕੁਝ ਉਸ ਦੇ ਵਾਸਤੇ ਕਪੜਾ, ਜੋੜਾ, ਘੋੜਾ ਦਿਤਾ ਜਾਏਗਾ ਸੋ

 www.sikhbookclub.com

ਉਸ ਨੂੰ ਪਹੁੰਚ ਜਾਏਗਾ। ਸੋ ਰਸਮਾਂ ਅਤੇ ਰੀਤਾਂ ਦਾ ਬਹੁਤ ਫ਼ਰਕ ਹੈ, ਅਗੋਂ ਅਸੀਂ ਵੀਚਾਰਦੇ ਹਾਂ ਸਾਡੀਆਂ ਰੀਤਾਂ (Rituals) ਵਿਚ ਚੰਗੇ ਗ੍ਰੰਥੀਆਂ ਦੇ ਨਾ ਹੋਣ ਕਾਰਨ ਕਿਤਨਾ ਫ਼ਰਕ ਆ ਰਿਹਾ ਹੈ। (ਖਾਲਸਾ ਸਮਾਚਾਰ ਮਿਤੀ 20 ਜੂਨ, 1906 ਈ:)

## 14 ਸ੍ਰੀ ਗੁਰੂ ਗ੍ਰੰਥ ਪਾਠ, ਤੇ ਅਰਦਾਸ

ਪਿਛਲੇ ਲੇਖ ਵਿਚ ਅਸੀਂ ਗੁਰ ਮਰਿਯਾਦਾ ਦੀਆਂ ਕੁਝ ਰੀਤਾਂ ਪਰ ਵੀਚਾਰ ਕਰਨ ਦਾ ਵਚਨ ਦੇ ਚੁਕੇ ਹਾਂ, ਸੋ ਹੁਣ ਸਭ ਤੋਂ ਪਹਿਲੇ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਨੂੰ ਲੈਂਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਤਰ੍ਹਾਂ ਦੇ ਪਾਠ ਕੀਤੇ ਜਾਂਦੇ ਹਨ:- ਇਕ ਖੁੱਲ੍ਹਾ (ਸਹਿਜ) ਪਾਠ, ਦੂਜਾ ਅਖੰਡਪਾਠ ਤੇ ਤੀਜਾ ਨੇਮਕ ਦਿਨਾਂ ਵਿਚ ਸਮਾਪਤ ਹੋਣ ਵਾਲਾ ਪਾਠ। ਮੁੱਖ ਪ੍ਰਯੋਜਨ ਤਾਂ ਪਾਠਾਂ ਦਾ ਇਹ ਹੈ ਕਿ ਸਿਖ ਯਾ ਤਾਂ ਆਪ ਪਾਠ ਕਰਕੇ ਸਮਝਣ ਤੇ ਗੁਰੂ ਬਖਸ਼ੀਆਂ ਸੁਮਤਾਂ ਅਨੁਸਾਰ ਜੀਵਨ ਢਾਲਣ ਤੇ ਜਦ ਪਾਠ ਦੀ ਸਮਾਪਤੀ ਕਰਨ ਤਾਂ ਪਰਮਾਤਮਾਂ ਦੇ ਧੰਨਵਾਦ ਕਰਨ ਵਾਸਤੇ ਕਿ ਉਹਨਾਂ ਨੇ ਸਾਰਾ ਪਾਠ ਨਿਰਵਿਘਨ ਸਿਰੇ ਚੜ੍ਹਾ ਦਿਤਾ ਹੈ ਜੋੜ ਮੇਲ ਸੰਗਤਾਂ ਦਾ ਕਰਕੇ ਸ਼ਬਦ ਕੀਰਤਨ ਕਰਾਉਣ, ਪ੍ਰਸ਼ਾਦ ਵੰਡਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਪੂਜਾ ਦੁਆਰੇ ਅਕਾਲ ਪੁਰਖ ਦੀ ਪੂਜਾ ਕਰਨ। ਜੋ ਆਪ ਚੰਗੀ ਪਾਠ ਨਾ ਕਰ ਸਕਦੇ ਹੋਣ ਤਾਂ ਕਿਸੇ ਪਾਠੀ ਪਾਸੋਂ ਪਾਠ ਸੁਣਨ ਤੇ ਪਾਠ ਦੀ ਸਮਾਪਤੀ ਪਰ ਉਸੇ ਤਰ੍ਹਾਂ ਉਤਸਵ ਕਰਨ। ਪਾਠ ਦਾ ਕਰਨਾ ਯਾ ਸੁਣਨਾ ਦੋਨੋਂ ਹੀ ਗੁਰੂ ਘਰ ਵਿਚ ਪ੍ਰਵਾਣ ਹਨ। ਜਦ ਸੰਗਤ ਪਾਠ ਕਰਨ ਵਾਲੀ ਬਹੁਤ ਹੋਵੇ ਯਾ ਸੁਣਨ ਵਾਲੀ ਬਹੁਤ ਹੋਵੇ ਯਾ ਕਿਸੇ ਖਾਸ ਕਾਰਨ ਵਸ ਸਮਾਂ ਪਾਠ ਲਈ ਥੋੜਾ ਤੇ ਸੀਮਿਤ ਹੋਵੇ ਤਾਂ ਚੰਗੇ ਚੰਗੇ ਪਾਠੀ ਕੁਝ ਦਿਨਾਂ ਵਿਚ ਪਾਠ ਪੂਰਾ ਕਰ ਲੈਣ ਯਾ ਪਾਠ ਸੁਣ ਲੈਣ। ਜੇ ਹੋਰ ਬੀ ਸੰਗਤ ਦਾ ਜੋੜ ਮੇਲ ਪਾਠ ਸੁਣਨ ਯਾ ਕਰਨ ਵਾਸਤੇ ਵਧੀਕ ਹੋਵੇ ਤਾਂ ਦਿਨ ਰਾਤ ਪਾਠ ਕਰੀ ਜਾਣ ਅਤੇ ਸੁਣੀ ਜਾਣ ਜਿਸ ਕਰਕੇ ਇਹਨਾਂ ਪਾਠਾਂ ਨੂੰ ਅਖੰਡ ਪਾਠ ਕਹਿ ਲਵੋ। ਅਸਲ ਭਾਵ ਪਾਠ ਸੁਣਨ ਅਤੇ ਕਰਨ ਦਾ ਹੈ, ਪਰ ਪਾਠ ਦੇ ਵੇਚਣ ਦਾ ਨਹੀਂ ਹੈ।


www.sikhbookclub.com

ਹੁਣ ਅਨਮਤਾਂ ਦੀ ਨਕਲ ਉਤਾਰਨ ਵਾਸਤੇ ਕਈ ਲੋਕ ਪਾਠ ਅਸਥਾਨ ਪਰ ਪਾਣੀ ਦਾ ਘੜਾ ਧਰ ਦੇਂਦੇ ਹਨ ਅਤੇ ਆਖਦੇ ਹਨ ਕਿ ਪਾਠ ਦੀ ਸਮਾਪਤੀ ਦੇ ਸਮੇਂ ਕਲਸ ਵਾਲਾ ਜਲ ਅੰਮ੍ਰਿਤ ਹੋ ਜਾਂਦਾ ਹੈ। ਇਹ ਕਲਸ ਵਾਲੀ ਕਾਰਵਾਈ ਗੁਰ ਮਰਿਯਾਦਾ ਦੀ ਹੁੰਦੀ ਤਾਂ ਸ੍ਰੀ ਦਰਬਾਰ ਸਾਹਿਬ ਮੁੱਖ ਅਸਥਾਨ ਸਿੱਖੀ ਦਾ ਹੈ, ਉਸ ਜਗ੍ਹਾ ਬੀ ਕਲਸ ਜਲ ਦਾ ਰਖਿਆ ਜਾਂਦਾ। ਜੇ ਕਹੋ ਕਿ ਹਰਿਮੰਦਰ ਜੀ ਦੇ ਗਿਰਦੇ ਸਰੋਵਰ ਹੀ ਜਲ ਨਾਲ ਭਰਿਆ ਪਿਆ ਹੈ ਤਦ ਸੋਚੋ ਧਰਮਸਾਲਾ ਦੇ ਪਾਸ ਪਾਣੀ ਨਾਲ ਭਰਿਆ ਖੂਹ ਜਿਥੇ ਹੁੰਦਾ ਹੈ, ਉਸ ਖੂਹੇ ਦਾ ਜਲ ਕਿਉਂ ਨਹੀਂ ਅੰਮ੍ਰਿਤ ਹੋ ਜਾਂਦਾ?

ਇਸੇ ਤਰ੍ਹਾਂ ਕਈ ਥਾਵੇਂ ਅਖੰਡਪਾਠ ਹੋਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅੱਗ ਬਾਲ ਦਿੰਦੇ ਹਨ ਤੇ ਇਸ ਵਿਚ ਬਹੁਤ ਸਾਰਾ ਘਿਉ ਦਿਨ ਰਾਤ ਫੂਕਦੇ ਰਹਿੰਦੇ ਹਨ ਅਰ ਆਖਦੇ ਹਨ ਕਿ ਇਹ ਹਵਨ ਹੋ ਰਿਹਾ ਹੈ, ਪਰ ਇਹ ਬਾਤ ਬੀ ਗੁਰ ਮਰਿਯਾਦਾ ਦੇ ਅਨੁਕੂਲ ਨਹੀਂ। ਗੁਰੂ ਘਰ ਵਿਚ ਇਸ ਤਰ੍ਹਾਂ ਦਾ ਹਵਨ ਕਿਤੇ ਨਹੀਂ ਮੰਨਿਆ ਗਿਆ। ਸਗੋਂ ਮੈਦਾ ਘਿਉ ਅਤੇ ਖੰਡ ਨੂੰ ਇਕੋ ਜਿਹਾ ਰਲਾਕੇ ਕੜਾਹ ਪ੍ਰਸ਼ਾਦ ਬਣਾਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮਰਪਨ ਕੀਤਾ ਜਾਂਦਾ ਹੈ, ਜਿਸ ਨਾਲ ਤ੍ਰਿਕੁਟੀ ਦੇ ਅਸੂਲ ਨੂੰ ਤੋੜਕੇ ਅਕਾਲ ਪੁਰਖ ਦੀ ਏਕਤਾ ਦਾ ਅਸੂਲ ਪ੍ਰਗਟ ਕੀਤਾ ਗਿਆ ਹੈ, ਉਸੇ ਨੂੰ ਹਵਨ ਕਹਿ ਲਵੋ ਅਤੇ ਸਾਧ ਸੰਗਤ ਦਾ ਅੰਦਰ ਹਵਨ ਕੁੰਡ ਸਮਝ ਲਵੋ, ਜਿਥੇ ਕੜਾਹ ਪ੍ਰਸਾਦਿ ਪਹੁੰਚਕੇ ਸਿਖੀ ਨੂੰ ਸੁਖ ਦੇਂਦਾ ਹੈ; ਤਾਂ ਭਾਵੇਂ ਇਹ ਉੱਤਮ ਹਵਨ ਹੋ ਜਾਵੇ, ਵਰਨਾ ਕਿਸੇ ਦੇਵਤਾ ਦੀ ਪੂਜਾ ਵਾਸਤੇ ਅੱਗ ਵਿਚ ਘਿਉ ਆਦਿਕ ਅਮੋਲਕ ਪਦਾਰਥ ਫੂਕਣੇ ਸਿਖਾਂ ਵਿਚ ਹਵਨ ਨਹੀਂ ਮੰਨਿਆ ਜਾਂਦਾ। ਸੋ ਗੁਰ ਮਰਿਯਾਦਾ ਨੂੰ ਲੋਕ ਭੁੱਲਕੇ ਅਨਮਤਾਂ ਵਿਚ ਦੀਆਂ ਰੀਤਾਂ ਦੀ ਨਕਲ ਸਿਖਾਂ ਵਿਚ ਵਾੜ ਰਹੇ ਹਨ।

ਹੁਣ ਜ਼ਰਾ ਅਰਦਾਸ ਵਲ ਵੇਖੋ ਕਿ ਕਈ ਜਗ੍ਹਾ ਅਰਦਾਸੇ ਐਸੇ ਸੋਧੇ ਜਾਂਦੇ ਹਨ ਕਿ ਬਹੁਤ ਹਿੱਸਾ ਅਰਦਾਸਿਆਂ ਵਿਚ ਅਵਤਾਰਾਂ, ਤੀਰਥਾਂ, ਦੇਵੀ ਦੇਉਤਿਆਂ ਆਦਿਕਾਂ ਦੇ ਵੱਲ ਧਿਆਨ ਦਿਵਾਉਣ ਦਾ ਹੁੰਦਾ ਹੈ, ਅਥਵਾ ਅਰਦਾਸੇ ਕਰਾਉਣ ਵਾਲੇ ਦੀ ਉਪਮਾਂ ਵਿਚ ਭੰਡਾਂ ਦੀ ਤਰਾਂ ਵਡਿਆਈਆਂ ਦੇ ਪੁਲ ਬੰਨੇ ਜਾਂਦੇ ਹਨ। ਸ੍ਰੀ ਦਰਬਾਰ ਸਾਹਿਬ ਵਿਚ ਜੋ ਅਰਦਾਸੇ ਹੁੰਦੇ

 www.sikhbookclub.com

ਹਨ ਬਹੁਤ ਛੋਟੇ ਹੁੰਦੇ ਹਨ ਅਤੇ ਅਰਦਾਸਾ ਕਰਾਉਣ ਵਾਲਾ ਭਾਵੇਂ ਰਾਜਾ ਮਹਾਰਾਜਾ ਬੀ ਕਿਉਂ ਨਾ ਹੋਵੇ, ਉਸ ਲਈ ਸਿਰਫ਼ ਇਤਨੇ ਪਦ ਹੀ ਕਹੇ ਜਾਂਦੇ ਹਨ ਕਿ 'ਤੇਰਾ ਸਿਖ ਹਾਜ਼ਰ ਹੋਇਆ ਹੈ, ਇਸ ਨੂੰ ਸਿਖੀ ਦਾਨ, ਨਾਮ ਦਾਨ, ਦੇਹ ਅਰੋਗਤਾ ਬਖਸ਼ਣੀ, ਜਿਸ ਕਰਕੇ ਸਿਖ ਨੂੰ ਤੇਰਾ ਨਾਮ ਚਿਤ ਆਵੇ ਤੇ ਤੇਰਿਆਂ ਚਰਨਾਂ ਨਾਲ ਬਣ ਆਵੇ', ਬੱਸ। ਪਰ ਜ਼ਰਾ ਖੁਸ਼ਾਮਦੀਆਂ ਪਾਸੋਂ ਅਰਦਾਸ ਕਰਾਕੇ ਵੇਖੋ ਕਿ ਸਿਖ ਦੇ ਸਾਰੇ ਓੜਮੇ ਕੋੜਮੇ ਦਾ ਇਤਿਹਾਸ ਫੋਲਣ ਲਗ ਜਾਂਦੇ ਹਨ ਅਤੇ ਇਤਨੀ ਵਡਿਆਈ ਕਰਨ ਲਗ ਜਾਂਦੇ ਹਨ ਕਿ ਸੰਗਤ ਸੁਣਦੀ ਸੁਣਦੀ ਅੱਕ ਜਾਂਦੀ ਹੈ। ਇਸ ਤਰ੍ਹਾਂ ਦੇ ਅਰਦਾਸੇ ਅੱਜ ਕਲ ਸਿਖਾਂ ਨੂੰ ਚੰਗੇ ਲਗਦੇ ਹਨ, ਪਰ ਇਹ ਗੁਰ ਮਰਿਯਾਦਾ ਨਹੀਂ ਹੈ। ਸਾਰੀਆਂ ਗੁਰ ਰੀਤੀਆਂ ਵਿਚੋਂ ਜਿਤਨੀ ਰੀਤੀ ਅਰਦਾਸਾ ਸੋਧਣ ਦੀ ਸਿਖਾਂ ਵਿਚ ਅੱਜ ਕਲ ਬਦਲ ਗਈ ਹੈ ਉਤਨੀ ਕੋਈ ਹੋਰ ਰੀਤੀ ਸ਼ਾਇਦ ਨਹੀਂ ਬਦਲੀ। ਇਸ ਬਦਲੀ ਨੇ ਸਾਡੇ ਅਰਦਾਸੀਆਂ ਨੂੰ ਮਰਾਸੀਆਂ ਵਾਲੀ ਕਲਿਆਣ ਕਰਨੀ ਸਿਖਾ ਦਿਤੀ ਹੈ ਜੋ ਗੁਰ ਮਰਿਯਾਦਾ ਦੇ ਬਿਲਕੁਲ ਵਿਰੁੱਧ ਹੈ। ਅਰਦਾਸੇ ਦਾ ਅਸੂਲ ਓਹੀ ਹੈ ਜੋ ਰਾਜ ਦਰਬਾਰਾਂ ਵਿਚ ਨਕੀਬਾਂ ਵਲੋਂ ਪ੍ਰਾਰਥਨਾ ਦਾ ਹੁੰਦਾ ਹੈ। ਕਦੀ ਕਿਸੇ ਨਕੀਬ ਨੂੰ ਇੰਨਾ ਹੌਸਲਾ ਨਹੀਂ ਹੋ ਸਕਦਾ ਕਿ ਦਰਬਾਰ ਵਿਚ ਹਾਜ਼ਰ ਹੋਣ ਵਾਲੇ ਦੀ ਤਾਰੀਫ਼ ਕਰਦੇ ਕਰਦੇ ਪੌਣਾ ਘੰਟਾ ਲਗਾ ਦੇਵੇ। ਅਰਦਾਸ ਕੋਈ ਲੈਕਚਰ ਨਹੀਂ, ਕੋਈ ਕਥਾ ਨਹੀਂ, ਕਿਸੇ ਦੇ ਕੋੜਮੇ ਦੀ ਗਾਥਾ ਦੇ ਸੁਨਾਉਣ ਦਾ ਸਮਾ ਨਹੀਂ। ਉਹ ਸਿਰਫ਼ ਸਿਖ ਨੂੰ ਬਹੁਤ ਅਧੀਨਗੀ ਨਾਲ ਸੰਗਤ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਪੇਸ਼ ਕਰਨ ਦੀ ਪ੍ਰਾਰਥਨਾ ਹੈ ਯਾ ਪਾਤਸ਼ਾਹਾਂ ਦੇ ਪਾਤਸ਼ਾਹ ਦੇ ਹਜ਼ੂਰ ਕਿਸੇ ਲੋੜ ਦੀ ਅਰਜ਼ੋਈ ਹੈ, ਜਿਸ ਕਰਕੇ ਇਹ ਜਿੰਨਾ ਛੋਟਾ ਹੋਵੇ ਉਤਨਾ ਹੀ ਠੀਕ ਹੈ ਅਤੇ ਅਨੰਦ ਸਾਹਿਬ, ਕੜਾਹ ਪ੍ਰਸ਼ਾਦ, ਰਹਿਰਾਸ ਆਦਿਕ ਅਥਵਾ ਜੋੜ ਮੇਲ ਦੀ ਸਮਾਪਤੀ ਵੇਲੇ ਜੋ ਅਰਦਾਸੇ ਸੋਧੇ ਜਾਂਦੇ ਹਨ ਸੋ ਕੇਵਲ ਸੰਗਤ ਦਾ ਮਨ ਗੁਰੂ ਅਕਾਲ ਪੁਰਖ ਜੀ ਦੇ ਚਰਨਾਂ ਕਵਲਾਂ ਵਿਚ ਜੋੜਨ ਨਮਿਤ ਸੋਧੇ ਜਾਂਦੇ ਹਨ; ਨਾ ਕਿ ਚੌਬੀਸ ਅਵਤਾਰਾਂ ਦੀ ਕਥਾ ਕਰਨ ਵਾਸਤੇ ਯਾ ਗੰਗਾ, ਜਮਨਾ, ਗੁਦਾਵਰੀ ਆਦਿਕ ਤੀਰਥਾਂ ਦੇ ਮਹਾਤਮ ਦੱਸਣ ਵਾਸਤੇ। ਪੁਰਾਣੇ ਸਮਿਆਂ ਵਿਚ ਜਿਸ ਜਿਸ ਤਰ੍ਹਾਂ ਸਿਖਾਂ ਨੇ ਕਮਾਈਆਂ ਕਰ ਕਰਕੇ ਆਪਣੇ ਸਿਖੀ ਸਿਦਕ ਨੂੰ

 www.sikhbookclub.com

ਨਿਭਾਇਆ ਹੈ, ਜਿਸ ਤਰ੍ਹਾਂ ਸਿਖਾਂ ਦੀਆਂ ਸੰਗਤਾਂ ਨੇ ਆਪਣੇ ਸਿਖੀ ਸਿਦਕ ਨੂੰ, ਗੁਰਸਿਖੀ ਤੇ ਗੁਰਦੁਆਰਿਆਂ ਆਦਿ ਦੀ ਪਵਿਤ੍ਰਤਾ ਨੂੰ ਜਾਨਾਂ ਕੁਰਬਾਨ ਕਰ ਕਰਕੇ ਕਾਇਮ ਰਖਿਆ ਹੈ, ਉਹਨਾਂ ਦੀਆਂ ਮਿਸਾਲਾਂ ਸਿਖਾਂ ਦੀਆਂ ਅੱਖਾਂ ਅੱਗੇ ਰੱਖਕੇ ਅਤੇ ਉਹਨਾਂ ਸਿਦਕੀ ਸਿਖਾਂ ਦੇ ਨਮੂਨੇ ਦੱਸਕੇ ਸੰਗਤਾਂ ਦਾ ਮਨ ਅਕਾਲ ਪੁਰਖ ਵਲ ਜੋੜਿਆ ਜਾਂਦਾ ਹੈ। ਸਾਡੇ ਕਈ ਇਕ ਧਰਮਸਾਲੀਏ ਭਾਈ ਜੋ ਚੰਗੇ ਵਿਦਵਾਨ ਸਨ ਸੋ ਤਾਂ ਇਸ ਗਲ ਨੂੰ ਚੰਗੀ ਤਰਾਂ ਨਿਬਾਹ ਲੈਂਦੇ ਹਨ, ਪਰ ਜੋ ਅਗਜਾਤ ਅਤੇ ਅੰਞਾਣ ਧਰਮਸਾਲੀਏ ਹਨ ਸੋ ਕਿਤੇ ਦੇ ਕਿਤੇ ਚਲੇ ਜਾਂਦੇ ਹਨ। ਇਕ ਦਫ਼ਾ ਅਸਾਂ ਪੁਣਛ ਦੇ ਰਹਿਣ ਵਾਲੇ ਇਕ ਸਿਖ ਪਾਸੋਂ ਜ਼ਿਲਾ ਹਜ਼ਾਰਾ ਦੀਆਂ ਗਲੀਆਂ ਵਿਚ ਇਕ ਧਰਮਸਾਲਾ ਵਿਖੇ ਅਰਦਾਸ ਸੁਣੀ, ਜਿਸ ਪਰ ਉਸ ਨੇ ਕਿਸੇ ਪੁਰਾਣ ਦਾ ਭਾਵ ਅਰਦਾਸ ਵੇਲੇ ਦੱਸਣੋਂ ਬਾਕੀ ਨਹੀਂ ਸੀ ਛਡਿਆ। ਅਸੀਂ ਨਹੀਂ ਜਾਣਦੇ ਕਿ ਇਸ ਤਰ੍ਹਾਂ ਦੀਆਂ ਅਰਦਾਸਾਂ ਕੀ ਗੁਣ ਸਿਖੀ ਸਿਦਕ ਵਿਚ ਪੈਦਾ ਕਰ ਸਕਦੀਆਂ ਹਨ। ਸੋ ਮਿਤਰੋ! ਅਰਦਾਸ ਦੀ ਗੁਰ ਰੀਤੀ ਬੀ ਚੰਗੇ ਗ੍ਰੰਥੀਆਂ ਬਿਨਾਂ ਨਹੀਂ ਕਾਇਮ ਰਹਿ ਸਕਦੀ। ਇਸ ਰੀਤੀ ਦਾ ਬਚਾ ਕੇ ਰਖਣਾ ਬੜਾ ਜ਼ਰੂਰੀ ਹੈ।

## 15 ਕੜਾਹ ਪ੍ਰਸਾਦਿ

ਇਸੇ ਤਰ੍ਹਾਂ ਕੜਾਹ ਪ੍ਰਸਾਦਿ ਦੀ ਤਿਆਰੀ ਤੇ ਭੇਟਾ ਬੀ ਇਕ ਗੁਰ ਰੀਤੀ ਹੈ। ਅੱਜ ਕੱਲ ਕੜਾਹ ਪ੍ਰਸਾਦ ਬਨਾਉਣ ਦੀ ਰੀਤੀ ਤਾਂ ਉੱਕੀ ਗੁੰਮ ਹੋ ਗਈ ਹੈ; ਅਕਸਰ ਲੋਕ ਹਲਵਾਈ ਪਾਸੋਂ ਬਨਿਆ ਬਣਾਇਆ ਹਲਵਾ ਖਰੀਦ ਲੈਂਦੇ ਹਨ। ਤ੍ਰਿਹਾਵਲ ਦਾ ਕੜਾਹ ਪ੍ਰਸਾਦਿ ਬਣਦਾ ਹੀ ਨਹੀਂ। ਜੋ ਮਤਲਬ ਇਸ ਤ੍ਰਿਹਾਵਲ ਦੇ ਕੜਾਹ ਪ੍ਰਸਾਦ ਦੇ ਬਣਨ ਦਾ ਮਹਿਸੂਸ ਹੁੰਦਾ ਹੈ ਸੋ ਪੂਰਾ ਨਹੀਂ ਹੁੰਦਾ। ਅਸੂਲ ਤਾਂ ਇਹ ਸੀ ਕਿ ਕਈ ਅਨਮਤਾਂ ਵਿਚ ਤ੍ਰਿਕੁਟੀ ਦੇ ਅਸੂਲ ਨੂੰ ਗਿਆ ਹੈ। ਜੈਸਾ ਕਿ ਪੁਰਾਣਕਾਂ ਵਿਚ ਬ੍ਰਹਮਾ, ਵਿਸ਼ਨੂੰ, ਮਹੇਸ਼; ਈਸਾਈਆਂ ਵਿਚ: ਬਾਪ, ਬੇਟਾ ਤੇ ਰੂਹੁਲਕੁਦਸ; ਮੁਸਲਮਾਨਾਂ ਵਿਚ; ਖੁਦਾ, ਸ਼ੈਤਾਨ ਤੇ, ਰਸੂਲ। ਏਸੇ ਤਰ੍ਹਾਂ ਵੇਦਾਂ ਵਿਚ ਬੀ ਤਿੰਨ ਵਡੇ ਦੇਵਤਾ ਮੰਨੇ ਗਏ ਹਨ; ਪਰ ਗੁਰੂ ਘਰ ਵਿਚ ਇਸ ਤ੍ਰਿਕੁਟੀ ਦੇ ਅਸੂਲ ਨੂੰ ਨਹੀਂ ਮੰਨਿਆ ਗਿਆ। ਇਸ ਵਿਚ ਏਕਤਾ ਦੇ ਅਸੂਲ

ਨੂੰ ਹੀ ਮੁੱਖ ਰਖਿਆ ਗਿਆ ਹੈ। ਜੀਵ ਅਤੇ ਮਾਇਆ ਦੀ ਉਤਪਤੀ ਪਰਮਾਤਮਾ ਦੇ ਹੁਕਮ ਵਿਚੋਂ ਮੰਨਕੇ ਉਸੇ ਦੇ ਹੁਕਮ ਵਿਚ ਉਨ੍ਹਾਂ ਦੀ ਸਮਾਪਤੀ ਮੰਨੀ ਗਈ ਹੈ। ਇਸ ਵਿਚ ਤਰੱਕੀ ਕਰਨ ਦਾ ਅਸਲ ਵਸੀਲਾ ਸ਼ੁਭ ਕਰਮ, ਭਗਤੀ ਤੇ ਗਿਆਨ ਹਨ, ਤੇ ਮੋਖ ਅਰਥਾਤ ਨਜਾਤ ਪਰਮਾਤਮਾ ਦੀ ਕ੍ਰਿਪਾ ਪਰ ਹੀ ਹੈ। ਗੁਰੂ ਸਾਹਿਬਾਨ ਦਾ ਪ੍ਰਯੋਜਨ ਸਤਜ ਮਾਰਗ ਦੱਸਣ ਦਾ ਹੈ। ਉਸ ਪਰ ਚੱਲਣਾ ਯਾ ਨਾਂ ਚੱਲਣਾ ਸਿਖ ਦੀ ਇੱਛਾ ਪਰ ਹੈ। ਸ਼ੈਤਾਨ ਸਿਰਫ਼ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਹੀ ਪੰਜੇ ਵਿਕਾਰ ਹਨ। ਹਰ ਇਕ ਸਿਖ ਅਕਾਲ ਪੁਰਖ ਦੀ ਕ੍ਰਿਪਾ ਅਤੇ ਗੁਰੂ ਸਾਹਿਬਾਨ ਦੇ ਸ਼ਬਦਾਂ ਦੇ ਅਭਜਾਸ ਨਾਲ ਇਨ੍ਹਾਂ ਪੰਜਾਂ ਸ਼ਤਰੂਆਂ ਨੂੰ ਫੜਕੇ ਜਕੜ ਸਕਦਾ ਹੈ ਅਤੇ ਸ਼ਬਦ ਦੁਆਰਾ ਹੀ ਸ੍ਰੇਸ਼ਟਾਚਾਰੀ ਹੋ ਸਕਦਾ ਹੈ। ਸ਼ਬਦ ਦੁਆਰਾ ਹੀ ਸੁਕਰਮੀ ਹੋਕੇ ਅਕਾਲ ਪੁਰਖ ਦੀ ਕਿਰਪਾ (ਪ੍ਰਸਾਦਿ) ਦਾ ਭਾਗੀ ਹੋ ਸਕਦਾ ਹੈ, ਪਰ ਤਦ ਜਦ ਗੁਰੂ ਜੀ ਦੇ ਬਖਸ਼ੇ ਹੋਏ ਗਿਆਨ ਨੂੰ ਪ੍ਰੇਮ ਅਤੇ ਸ਼ਾਂਤਿ ਨਾਲ ਕਮਾਵੇ। ਇਸ ਭੇਦ ਨੂੰ, ਅਰਥਾਤ ਤ੍ਰਿਕੁਟੀ ਦੇ ਜਾਲ ਵਿਚੋਂ ਸ਼ਬਦ ਦੁਆਰਾ ਗਿਆਨ, ਭਗਤੀ ਅਤੇ ਪ੍ਰੇਮ ਨਾਲ ਅਕਾਲ ਪੁਰਖ ਦੀ ਕ੍ਰਿਪਾ ਦੇ ਪਾਉਣ ਦਾ ਤਰੀਕਾ ਅਤੇ ਤ੍ਰਿਕੁਟੀ ਵਿਚੋਂ ਕੱਢਕੇ ਏਕਤਾ ਵਲ ਲਿਜਾਣ ਦਾ ਤਰੀਕਾ ਕੜਾਹ ਪ੍ਰਸ਼ਾਦ ਦੇ ਬਨਾਉਣ ਤੋਂ ਸਿਖ ਨੂੰ ਸਪਸ਼ਟ ਨਜ਼ਰ ਆ ਜਾਂਦਾ ਹੈ ਕਿ ਜਿਸ ਤਰ੍ਹਾਂ ਮੈਦਾ, ਖੰਡ, ਅਤੇ ਘਿਉ ਤਿੰਨ ਅੱਡ ਅੱਡ ਪਦਾਰਥਾਂ ਨੂੰ ਅਗਨੀ, ਜਲ ਤੇ ਮਸੱਦ ਇਕ ਕਰ ਦਿੰਦਾ ਹੈ ਅਤੇ ਸਿਖ ਕੜਾਹ ਪ੍ਰਸਾਦ ਬਣਾਉਂਦਾ ਹੋਇਆ ਜਪੁਜੀ ਸਾਹਿਬ ਦਾ ਪਾਠ ਕਰਦਾ ਰਹਿੰਦਾ ਹੈ, ਇਸੇ ਤਰ੍ਹਾਂ ਸ਼ਬਦ ਦੇ ਅਭਜਾਸ ਨਾਲ ਅਨਮਤਾਂ ਦੀ ਤ੍ਰਿਕੁਟੀ ਦੀ ਅਗਜਾਨਤਾ ਟੁਟਕੇ ਗਜਾਨ ਭਗਤੀ ਅਤੇ ਸ਼ਬਦ ਦੇ ਅਭਜਾਸ ਨਾਲ ਏਕਤਾ ਦਾ ਭਾਵ ਪ੍ਰਾਪਤ ਹੋ ਜਾਂਦਾ ਹੈ। ਇਹ ਵਸਤੂ ਅਰਥਾਤ ਏਕਤਾ ਦਾ ਭਾਵ ਹੁਣ ਪ੍ਰਸਾਦਿ (ਕ੍ਰਿਪਾ) ਸਦਾਉਂਦਾ ਹੈ। ਜਿਸ ਦੀ ਪ੍ਰਾਪਤੀ ਨਾਲ ਗੁਰੂ ਅਕਾਲ ਪੁਰਖ ਅੱਗੇ ਜਾਣ ਵਾਸਤੇ ਸਿਖ ਅਧਿਕਾਰੀ ਹੋ ਜਾਂਦਾ ਹੈ, ਸੋ ਇਸ ਤਰ੍ਹਾਂ ਦਾ ਭੇਦ ਜੋ ਕੜਾਹ ਪ੍ਰਸਾਦਿ ਤੋਂ ਸਿਖਿਆ ਜਾ ਸਕਦਾ ਹੈ ਓਹ ਤਦੇ ਹੀ ਹਾਸਲ ਹੋ ਸਕਦਾ ਹੈ ਜੇ ਕੜਾਹ ਪ੍ਰਸਾਦਿ ਗੁਰ ਮਰਿਯਾਦਾ ਅਨੁਸਾਰ ਤਿਹਾਵਲ ਦਾ, ਬਾਣੀ ਪੜ੍ਹਕੇ ਸਿਖ ਆਪ ਤਿਆਰ ਕਰਨ ਅਤੇ ਲਾਇਕ ਗੰਭੀਰ ਸਮਝਦਾਰ ਸਿਖਾਂ ਨੂੰ ਇਸ ਦਾ ਅਸਲ ਭਾਵ ਤ੍ਰਿਕੁਟੀ ਦੇ

ਦੂਰ ਹੋਣ ਦਾ ਅਤੇ ਏਕਤਾ ਦੇ ਗਿਆਨ ਦਾ ਖੋਲ੍ਹਕੇ ਦੱਸ ਸਕਣ। ਕਰਦ ਭੇਟ ਵੇਲੇ ਸਾਰੀ ਸੰਗਤ ਨੂੰ ਦੱਸਿਆ ਜਾਂਦਾ ਹੈ ਕਿ ਜੋ ਤਿੰਨ ਪਦਾਰਥ ਅੱਡ ਅੱਡ ਮੰਨੇ ਗਏ ਸਨ ਸੋ ਹੁਣ ਅੱਡ ਅੱਡ ਨਹੀਂ ਰਹੇ, ਉਹਨਾਂ ਨੂੰ ਅਗਨੀ ਜਲ ਤੇ ਮਸੱਦ ਨੇ ਇਕ ਰੂਪ ਵਿਚ ਲੈ ਆਂਦਾ ਹੈ। ਇਸੇ ਤਰ੍ਹਾਂ ਜਿਸ ਤ੍ਰਿਕੁਟੀ ਦੇ ਜਾਲ ਵਿਚ ਤੁਸੀਂ ਪਹਿਲੇ ਫਸੇ ਪਏ ਸੇ ਹੁਣ ਦੇਖ ਲਵੋ ਕਿ ਗਿਆਨ ਭਗਤੀ ਅਤੇ ਸ਼ਬਦ ਦੇ ਅਭਜਾਸ ਨੇ ਤੁਹਾਨੂੰ ਉਸ ਪੁਰਾਣੇ ਭਰਮ ਵਿੱਚੋਂ ਕੱਢ ਲਿਆ ਹੈ, ਉਹ ਪੁਰਾਣੇ ਭਰਮ ਦੂਰ ਹੋ ਗਏ ਹਨ, ਹੁਣ ਕੇਵਲ ਇਕੋ ਹੀ ਅਕਾਲ ਪੁਰਖ ਦਾ ਗਿਆਨ ਤੁਹਾਨੂੰ ਹੋ ਗਿਆ ਹੈ। ਇਹ ਭਾਵ ਤੁਹਾਡੇ ਮੰਨਣ ਲਈ ਉਸੇ ਤਰ੍ਹਾਂ ਨਾਲ ਪ੍ਰਸਾਦਿ ਹੈ ਜੈਸਾ ਕਿ ਕੜਾਹ ਪ੍ਰਸਾਦਿ ਤੁਹਾਡੇ ਮੇਅਦੇ ਲਈ ਪ੍ਰਸਾਦਿ ਹੈ, ਜਿਸ ਕਰਕੇ ਸ਼ੁਕਰ ਹੈ ਕਿ ਅਕਾਲ ਪੁਰਖ ਦੀ ਕ੍ਰਿਪਾ ਦੇ ਹੁਣ ਭਾਗੀ ਬਣੇ ਹੋ। ਇਸ ਤਰ੍ਹਾਂ ਦੇ ਅੰਤ੍ਰੀਵ ਭਾਵ ਜੋ ਸਿਖਾਂ ਦੀਆਂ ਰੀਤਾਂ ਵਿਚ ਧਰੇ ਪਏ ਹਨ, ਉਹਨਾਂ ਨੂੰ ਚੰਗੇ ਪੜ੍ਹੇ ਲਿਖੇ ਗ੍ਰੰਥੀਆਂ ਦੇ ਸਿਵਾਏ ਹੋਰ ਕੌਣ ਦੱਸ ਸਕਦਾ ਹੈ। (ਖਾਲਸਾ ਸਮਾਚਾਰ ਮਿਤੀ 4 ਜੁਲਾਈ, 1906 ਈ:)

## 16 ਆਰਤੀ

ਤਿੰਨ ਵਡੀਆਂ ਗੁਰ ਰੀਤੀਆਂ: ਪਾਠ, ਅਰਦਾਸਾ ਤੇ ਕੜਾਹ ਪ੍ਰਸਾਦਿ ਦਾ ਕੁਝ ਕੁਝ ਹਾਲ ਅਸੀਂ ਦੱਸ ਆਏ ਹਾਂ ਕਿ ਇਨ੍ਹਾਂ ਦੀ ਮਰਿਯਾਦਾ ਚੰਗੇ ਗ੍ਰੰਥੀਆਂ ਬਿਨਾਂ ਰਹਿ ਨਹੀਂ ਸਕਦੀ। ਹੁਣ ਇਕ ਹੋਰ ਗੁਰ ਰੀਤੀ 'ਆਰਤੀ' ਬਾਬਤ ਵੀਚਾਰ ਕਰਦੇ ਹਾਂ। ਆਰਤੀ ਜਦ ਸ਼ਬਦ ਦੁਆਰਾ ਮਨ ਨੂੰ ਇਕਾਗ੍ਰ ਕਰਕੇ ਅਰਥਾਤ ਆਰਤੀ ਦੇ ਸ਼ਬਦਾਂ ਨੂੰ ਮਨ ਵਿਚ ਵੀਚਾਰਕੇ, ਉਹਨਾਂ ਦੇ ਭਾਵ ਨੂੰ ਮਨ ਦੀਆਂ ਅੱਖਾਂ ਅੱਗੇ ਧਰਕੇ ਕੀਤੀ ਜਾਂਦੀ ਹੈ ਤਾਂ ਇਹ ਗੁਰ ਰੀਤੀ ਹੈ; ਪਰ ਸਾਰੇ ਹੀ ਲੋਕ ਵੀਚਾਰਵਾਨ ਨਹੀਂ ਹੁੰਦੇ, ਸਗੋਂ ਗੁਰਦੁਆਰਿਆਂ ਅਤੇ ਧਰਮਸਾਲਾਂ ਵਿਚ ਕਈ ਸੇਵਕ, ਮਾਈਆਂ, ਬੀਬੀਆਂ, ਬਾਲ, ਬੱਚੇ ਬੀ ਆਰਤੀ ਵੇਲੇ ਆ ਇਕੱਠੇ ਹੁੰਦੇ ਹਨ ਜੋ ਆਰਤੀ ਦੇ ਅਸਲ ਭਾਵ ਨੂੰ ਸਮਝਦੇ ਨਹੀਂ, ਜਿਸ ਕਰਕੇ ਅਕਸਰ ਖਾਲਸਾ ਭਾਈ ਆਰਤੀ ਦੀ ਰੀਤੀ ਨਾਲ ਆਰਤੀ ਦੀ ਰਸਮ ਸ਼ਾਮਲ ਕਰ ਲੈਂਦੇ ਹਨ। ਅਰਥਾਤ ਸ਼ਬਦ ਤਾਂ ਆਰਤੀ ਦੀ ਰੀਤੀ ਦੇ ਪੜ੍ਹਦੇ ਹਨ ਤੇ ਰਸਮ ਜੋਤਿ

ਜਗਾਕੇ ਥਾਲੀ ਦੇ ਫੇਰਨ ਦੀ ਕਰ ਲੈਂਦੇ ਹਨ, ਜਿਸ ਕਰਕੇ ਜੋ ਸਜਣ ਤਾਂ ਆਰਤੀ ਦੇ ਭੇਦ ਤੋਂ ਵਾਕਫ਼ ਹੁੰਦੇ ਹਨ ਸੋ ਜੋਤ ਵਲ ਇਤਨਾ ਧਿਆਨ ਨਹੀਂ ਦੇਂਦੇ, ਸ਼ਬਦਾਂ ਦੇ ਭਾਵ ਵਲ ਹੀ ਧਿਆਨ ਦਿੰਦੇ ਹਨ, ਪਰ ਜੋ ਸਜਣ ਸ਼ਬਦਾਂ ਦੇ ਭਾਵ ਨੂੰ ਚੰਗੀ ਤਰ੍ਹਾਂ ਸਮਝਦੇ ਸੋ ਆਰਤੀ ਦੀ ਰਸਮ ਵਲ ਬਹੁਤ ਧਿਆਨ ਦੇਂਦੇ ਹਨ। ਜਿਸ ਤਰ੍ਹਾਂ ਉਸਤਾਦ ਮਦਰੱਸੇ ਦੀਆਂ ਕੰਧਾਂ ਉਪਰ ਦੇਸ਼ ਦਾ ਨਕਸ਼ਾ ਟੰਗ ਕੇ ਛੋਟੇ ਛੋਟੇ ਮੁੰਡਿਆਂ ਨੂੰ ਸਮਝਾਉਂਦਾ ਹੈ ਕਿ ਐਹ ਦੇਖੋ ਸਤਲੁਜ ਨਦੀ ਇਸ ਜਗਾ ਤੋਂ ਨਿਕਲੀ ਹੈ, ਇਸ ਇਸ ਸ਼ਹਿਰ ਹੇਠੋਂ ਲੰਘਕੇ ਐਥੇ ਜਾਕੇ ਬਿਆਸਾ ਨਦੀ ਨਾਲ ਮਿਲੀ ਜੇ। ਅਤੇ ਹੁਣ ਬਿਆਸਾ ਅਤੇ ਸਤਲੁਜ ਨਦੀਆਂ ਦੋਨੋਂ ਮਿਲਕੇ ਫਲਾਨੀ ਫਲਾਨੀ ਜਗ੍ਹਾ ਤੋਂ ਲੰਘਕੇ ਸਿੰਧ ਦਰਿਆ ਵਿਚ ਜਾ ਮਿਲੀਆਂ ਜੇ। ਇਸੇ ਤਰ੍ਹਾਂ ਉਹ ਹੋਰਨਾਂ ਦਰਿਆਵਾਂ ਦਾ ਹਾਲ, ਪਹਾੜਾਂ ਦਾ ਹਾਲ, ਸ਼ਹਿਰਾਂ ਦਾ ਹਾਲ ਆਦਿਕ ਦੱਸਦਾ ਹੋਇਆ ਕਾਗਜ਼ ਦੇ ਨਕਸ਼ੇ ਪਰ ਉਂਗਲ ਫੇਰਦਾ ਜਾਂਦਾ ਹੈ ਤੇ ਮੁੰਡੇ ਹੌਲੀ ਹੌਲੀ ਸਮਝਦੇ ਜਾਂਦੇ ਹਨ ਕਿ ਦੇਸ਼ ਵਿਚ ਇਸ ਤਰ੍ਹਾਂ ਦਰਿਆ ਚਲਦੇ ਹਨ; ਐਸ ਤਰ੍ਹਾਂ ਨਾਲ ਪਹਾੜ ਖੜੇ ਹਨ ਤੇ ਐਸ ਤਰ੍ਹਾਂ ਨਾਲ ਸ਼ਹਿਰ ਆਬਾਦ ਹਨ ਤੇ ਐਸ ਤਰ੍ਹਾਂ ਨਾਲ ਸੜਕਾਂ, ਰੇਲਾਂ ਆਦਿਕ ਰਸਤੇ ਹਨ, ਪਰ ਨਾ ਉਹਨਾਂ ਨੂੰ ਦਰਿਆ ਦਿੱਸਦੇ ਹਨ, ਨਾ ਰੇਲ ਨਾ ਤਾਰ, ਸੜਕਾਂ ਨਾ ਸ਼ਹਿਰ। ਤੇ ਨਾ ਕੋਈ ਸਮਝਾਂਦਾ ਹੀ ਹੈ, ਸੋ ਆਰਤੀ ਇਕ ਰਸਮ ਹੋ ਗਈ ਹੈ।

ਬੁਤ ਪ੍ਰਸਤ ਕੌਮਾਂ ਵਿਚ ਆਰਤੀ ਦੀ ਮਰਿਯਾਦਾ ਸੀ, ਜਿਸ ਤਰ੍ਹਾਂ ਉਹਨਾਂ ਦਾ ਸਾਰਾ ਹੋਰ ਸਿਲਸਿਲਾ ਹੈ ਉਸੇ ਤਰ੍ਹਾਂ ਇਹ ਬੀ ਸੀ। ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਨੂੰ ਉਸ ਅਗਜਾਨਤਾ ਵਿਚੋਂ ਕੱਢਕੇ ਸੱਚੀ ਆਰਤੀ ਵਿਚ ਲਿਆਂਦਾ ਅਰ ਬਜਾਏ ਨਕਲ ਦੇ ਪਰਤੱਖ ਚੀਜ਼ਾਂ ਦਿਖਾ ਦਿਤੀਆਂ। ਜੈਸਾ ਕਿ ਅਸੀਂ ਪਿਛੇ ਦੱਸ ਆਏ ਹਾਂ ਕਿ ਜਿਨ੍ਹਾਂ ਫ਼ਿਰਕਿਆਂ ਵਿਚੋਂ ਲੋਕੀ ਸਿਖ ਸਜੇ ਉਹਨਾਂ ਨੇ ਕਈ ਰਸਮਾਂ, ਜੋ ਉਹ ਆਪਣੇ ਮਤ ਵਿਚ ਕਰਦੇ ਹੁੰਦੇ ਸਨ, ਉਹਨਾਂ ਹੁਣ ਸਿਖੀ ਦੇ ਭਾਵਾਂ ਨਾਲ ਮਿਲਾਕੇ ਕਰਨੀਆਂ ਆਰੰਭ ਕਰ ਦਿਤੀਆਂ। ਜੈਸੇ ਬਿਆਸ ਪੂਜਾ ਤੇ ਅੰਬ ਕਿਸੇ ਬ੍ਰਾਹਮਣ ਨੂੰ ਦੇਣ ਦੀ ਥਾਂ ਸ੍ਰੀ ਗੁਰੂ ਜੀ ਦੀ ਭੇਟ ਕਰ ਦਿਤੇ। ਇਸੀ ਤਰ੍ਹਾਂ ਠਾਕਰਾਂ ਦੀ ਆਰਤੀ ਦੀ ਥਾਂ ਵਾਹਿਗੁਰੂ ਦੀ ਆਰਤੀ ਉਸੇ ਤਰ੍ਹਾਂ

 www.sikhbookclub.com

ਧੂਪ ਦੀਪ ਨਾਲ ਚੁੱਕ ਕੀਤੀ। ਇਹ ਬੀ ਪਤੇ ਮਿਲਦੇ ਹਨ ਕਿ ਇਹ ਰਸਮ ਪਹਿਲਾਂ ਗੁਰਦੁਆਰਿਆਂ ਵਿਚ ਨਹੀਂ ਸੀ ਹੁੰਦੀ। ਕਰੀਬ ਸੱਠ ਸਾਲ ਹੋਏ ਹਨ ਕਿ ਇਹ ਰਸਮ ਵਾੜੀ ਗਈ। ਅਸੀਂ ਸੁਣਦੇ ਹਾਂ ਕਿ ਦਮਦਮੇ ਸਾਹਿਬ ਅਜੇ ਬੀ ਆਰਤੀ ਹੁੰਦੀ ਹੈ। ਸੋ ਇਹ ਰਸਮ ਜੋ ਹੁਣ ਰੀਤੀ ਦੀ ਥਾਂ ਤੇ ਇਸਥਿਤ ਹੋ ਗਈ ਹੈ, ਇਸ ਦੀ ਸਮਝ ਚੰਗੇ ਗ੍ਰੰਥੀ ਨਾ ਹੋਣ ਕਾਰਨ ਲੋਪ ਹੋ ਗਈ, ਅਰ ਇਸ ਪਰ ਹਠ ਹੋ ਗਿਆ ਹੈ। ਜੇ ਚੰਗੇ ਗ੍ਰੰਥੀ ਹੁੰਦੇ ਤਾਂ ਦੱਸਦੇ ਕਿ ਰਸਮਾਂ ਰੀਤੀਆਂ ਨਹੀਂ ਹਨ ਅਰ ਰਸਮਾਂ ਜੋ ਗੁਰ ਆਸ਼ੇ ਵਿਰੁੱਧ ਹੋਣ ਰਖਣੀਆਂ ਯੋਗ ਨਹੀਂ, ਪਰ ਦੱਸੇ ਕੌਣ?

ਇਸੇ ਤਰ੍ਹਾਂ ਕਈ ਸਜਣ ਆਖਦੇ ਹਨ ਜੋਤ ਜਗਾਕੇ ਜੋ ਆਰਤੀ ਦੀ ਰਸਮ ਆਰਤੀ ਦੀ ਗੁਰ ਰੀਤ ਨਾਲ ਸ਼ਾਮਲ ਕੀਤੀ ਹੋਈ ਹੈ ਸੋ ਦੂਰ ਹੋ ਜਾਣੀ ਚਾਹੀਏ, ਸੋ ਠੀਕ ਹੈ, ਰਸਮਾਂ ਜਿਤਨੀਆਂ ਥੋੜੀਆਂ ਹੋਣ ਉਤਨਾਂ ਹੀ ਚੰਗਾ ਹੈ, ਕਿਉਂਕਿ ਤਵਾਲਤ (ਵਿਸਥਾਰ) ਅਤੇ ਜਹਾਲਤ (ਅਗਜਾਨਤਾ) ਜਿਤਨੀ ਘੱਟ ਹੋਵੇ ਉਤਨੀ ਚੰਗੀ ਹੈ। ਰਸਮਾਂ ਦੇ ਰੱਖਣ ਨਾ ਰੱਖਣ ਦਾ ਅਖਤਿਆਰ ਖਾਲਸਾ ਪੰਥ ਨੂੰ ਹੈ ਪਰ ਗੁਰ ਰੀਤੀਆਂ ਨੂੰ ਦੂਰ ਕਰਨ ਦਾ ਇਖਤਿਆਰ ਪੰਥ ਦਾ ਨਹੀਂ ਹੈ। ਸੋ ਆਰਤੀ ਦੀ ਬਾਣੀ ਤਾਂ ਜ਼ਰੂਰ ਹੀ ਪੜ੍ਹੀ ਜਾਵੇਗੀ, ਕਿਉਂਕਿ ਗੁਰ ਰੀਤੀ ਹੈ, ਗੁਰੂ ਨਾਨਕ ਨੇ ਆਪ ਅਕਾਲ ਪੁਰਖ ਦੀ ਇਹ ਆਰਤੀ ਬਿਨਾਂ ਜੋਤਾਂ ਦੇ ਖੁੱਲ੍ਹੇ ਆਕਾਸ਼ ਦੇ ਚੰਦੋਏ ਹੇਠ ਬੈਠਕੇ ਕੀਤੀ ਹੈ, ਬਾਕੀ ਜੋਤ ਵਾਲੀ ਆਰਤੀ ਰਸਮ ਹੈ, ਪਰ ਇਸ ਰਸਮ ਨੂੰ ਹਟਾਉਣ ਲਗਿਆਂ ਇਹ ਸੋਚ ਲਵੋ ਕਿ ਇਸ ਰਸਮ ਦੇ ਹਟਾਉਣ ਪਿਛੋਂ ਆਰਤੀ ਦੇ ਸ਼ਬਦ ਅਰਥ ਚੰਗੀ ਤਰ੍ਹਾਂ ਸਿਖਾਂ ਵਿਚ ਆ ਜਾਣਗੇ? ਜੇ ਕਹੋ ਕਿ ਬਿਨਾਂ ਦੱਸੇ ਯਾ ਸਿਖਾਏ ਦੇ ਨਹੀਂ ਆਉਣਗੇ ਤਾਂ ਮਲੂਮ ਹੋਇਆ ਕਿ ਜੋਤਾਂ ਵਾਲੀ ਆਰਤੀ ਨੇ ਸਿਖਾਂ ਨੂੰ ਅਗਜਾਨਤਾ ਵਲ ਐਤਨਾਂ ਨਹੀਂ ਖਿੱਚਣਾ ਜਿਤਨਾ ਕਿ ਵਿਚਾਰ ਸ਼ਕਤੀ ਦਾ ਘਾਟਾ ਉਹਨਾਂ ਨੂੰ ਮੂੜਤਾ ਵੱਲ ਖਿੱਚ ਰਿਹਾ ਹੈ, ਜਿਸ ਕਰਕੇ ਕਿਸੇ ਉਪਦੇਸ਼ ਦਾ ਅਸਰ ਨਹੀਂ ਹੁੰਦਾ। ਫੇਰ ਆਪ ਚੰਗੇ ਗ੍ਰੰਥੀ ਪੈਦਾ ਕਰਕੇ ਸਿਖਾਂ ਵਿਚ ਵਿਚਾਰ ਸ਼ਕਤੀ ਨੂੰ ਕਿਉਂ ਨਹੀਂ ਵਧਾਉਂਦੇ, ਜਿਸ ਕਰਕੇ ਸੰਗਤਾਂ ਆਰਤੀ ਦੇ ਸ਼ਬਦਾਂ ਨੂੰ ਖਗੋਲ ਵਿਦਜਾ ਅਨੁਸਾਰ ਸਮਝਣ ਲਗ ਜਾਣ, ਫੇਰ ਕੋਈ ਆਪ ਨੂੰ ਤਕਲੀਫ਼ ਨਾ ਹੋਵੇ। ਬਿਨਾਂ ਵਿਦਜਾ ਬਿਨਾਂ ਅਨੁਭਵ ਦੇ ਐਵੇਂ ਸ਼ਰਧਾਹੀਨ ਆਰਯਾ ਸਮਾਜੀਆਂ


www.sikhbookclub.com

ਪਾਸੋਂ ਡਰਕੇ ਯਾ ਈਸਾਈਆਂ ਪਾਸੋਂ ਡਰਕੇ ਆਰਤੀ ਦੀ ਰਸਮ ਨੂੰ ਧੜੇਬੰਦੀ ਤੇ ਹਠਧਰਮੀ ਦਾ ਮੁੱਢ ਨਾ ਬਣਾਓ, ਸਗੋਂ ਚੰਗੇ ਗ੍ਰੰਥੀਆਂ ਦੁਆਰਾ ਗੁਰ ਆਸ਼ੇ ਦਾ ਪ੍ਰਚਾਰ ਕਰੋ ਅਰ ਸਿਖਾਂ ਨੂੰ ਸਮਝ ਦੇਕੇ ਦੁਰੁਸਤ ਕਰੋ। ਖਗੋਲ ਵਿਦਯਾ ਸਿਖਕੇ ਸੰਗਤਾਂ ਨੂੰ ਪਤਾ ਲਗ ਜਾਵੇਗਾ ਕਿ ਜੋਤ ਜਗਾਕੇ ਆਰਤੀ ਦੇ ਸ਼ਬਦ ਪੜ੍ਹਨੇ ਠੀਕ ਨਹੀਂ ਹੈਨ, ਤਾਂ ਖ਼ੁਦ ਬਖ਼ੁਦ ਜੋਤਾਂ ਜਗਾਉਣੀਆਂ ਅਤੇ ਥਾਲੀਆਂ ਫੇਰਨੀਆਂ ਸਿਖ ਬੰਦ ਕਰ ਦੇਣਗੇ। ਬੜੇ ਦੁਖਦੀ ਬਾਤ ਇਹ ਹੈ ਜੋ ਹੁਣ ਤਜਰਬੇ ਤੋਂ ਇਹ ਪਤਾ ਲਗਾ ਹੈ ਕਿ ਜਿਥੇ ਜਿਥੇ ਆਰਤੀ ਦੀ ਰਸਮ ਦੂਰ ਹੋਈ ਹੈ, ਉਹਨਾਂ ਜਗ੍ਹਾਂ ਵਿਚ ਸਗੋਂ ਇਹ ਰਸਮ 'ਆਰਤੀ ਦੀ ਰੀਤੀ' ਨੂੰ ਬੀ ਲੈ ਡੁਬੀ ਹੈ, ਜੋ ਗੁਰ ਮਰਿਯਾਦਾ ਦਾ ਭੰਗ ਹੋ ਜਾਣਾ ਹੈ। ਕਿਉਂਕਿ ਸਿਖਾਂ ਵਿਚ ਵਿਚਾਰ ਸ਼ਕਤੀ ਦਾ ਵਾਧਾ ਨਹੀਂ ਤੇ ਰਸਮ ਅਗੇ ਹੀ ਬੰਦ ਹੋ ਗਈ ਹੈ। ਸੋ ਮਿਤਰੋ, ਆਰਤੀ ਦੇ ਅਸਲ ਭਾਵ ਨੂੰ ਸਮਝਣ ਸਮਝਾਣ ਲਈ, ਚੰਗੇ ਪੜ੍ਹੇ ਲਿਖੇ ਗ੍ਰੰਥੀ ਪੈਦਾ ਕਰੋ ਜੋ ਖਗੋਲ ਵਿਦਯਾ ਦਾ ਵਾਧਾ ਸਿਖਾਂ ਵਿਚ ਕਰਨ। ਖਾਲਸਾ ਟ੍ਰੈਕਟ ਸੁਸਾਇਟੀ ਨੇ ਤਿੰਨ ਟ੍ਰੈਕਟ ਖਗੋਲ ਵਿਦਯਾ ਪਰ ਕਹਾਣੀ ਦੇ ਤਰੀਕੇ ਪਰ ਰਚੇ ਹਨ, ਪਰ ਜਦ ਤਕ ਉਹਨਾਂ ਨੂੰ ਗ੍ਰੰਥੀ ਪਿੰਡਾਂ ਦੀਆਂ ਸੰਗਤਾਂ ਵਿਚ ਸਮਝਾਕੇ ਆਰਤੀ ਦੇ ਸ਼ਬਦਾਂ ਦਾ ਅੰਤ੍ਰੀਵ ਭਾਵ ਨਹੀਂ ਦੱਸ ਸਕਦੇ ਤਾਂ ਵਾਧਾ ਕਿਸ ਤਰ੍ਹਾਂ ਹੋਵੇ, ਜਿਸ ਕਰਕੇ ਹਾਲੇ ਆਰਤੀ ਦੀ ਰਸਮ ਅਨੇਕ ਥਾਈਂ ਆਪਣੇ ਥਾਂ ਬਿਰਾਜਮਾਨ ਹੈ ਤੇ ਯਤਨ ਕੀਤਿਆਂ ਬੀ ਨਹੀਂ ਹਿੱਲਦੀ। ਚੰਗੀ ਗ੍ਰੰਥੀ ਹੈ ਨਹੀਂ, ਜੋ 'ਰੀਤੀਆਂ' ਤੇ 'ਰਸਮਾਂ' ਦਾ ਫ਼ਰਕ ਦੱਸਣ ਤੇ ਗੁਰ ਰੀਤੀ ਨੂੰ ਫੜਨ ਤੇ ਰਸਮਾਂ ਵਿਚ ਫਸਕੇ ਔਖੇ ਨਾ ਹੋਣ। (ਖਾਲਸਾ ਸਮਾਚਾਰ 4 ਜੁਲਾਈ, 1906 ਈ:)

## 17 ਸਿਖਾਂ ਦਾ ਪ੍ਰਸਾਦ

ਖਾਲਸਾ ਸਮਾਚਾਰ ਦੇ ਪਾਠਕ ਜਾਣਦੇ ਹੀ ਹਨ ਕਿ ਗੁਰਮਰਿਯਾਦਾਂ ਦੀ ਇਕ ਵਡੀ ਰੀਤੀ 'ਸਿਖਾਂ ਦਾ ਪ੍ਰਸਾਦਿ' ਹੁੰਦਾ ਹੈ, ਪਰ ਇਹ ਰੀਤੀ ਹੁਣ ਬਹੁਤ ਮੱਧਮ ਪੈਂਦੀ ਜਾਂਦੀ ਹੈ। ਸਿਖਾਂ ਦੇ ਘਰਾਂ ਵਿਚ ਜਿੱਥੇ ਆਨੰਦ ਮੰਗਲਾਚਾਰ ਖੁਸ਼ੀਆਂ ਦੇ ਦਿਨਾਂ ਵਿਚ ਸਿਖਾਂ ਦਾ ਪ੍ਰਸਾਦਿ ਹੋਇਆ ਕਰਦਾ ਸੀ ਹੁਣ ਉਹ ਪ੍ਰਸਾਦਿ ਯਾ ਤਾਂ ਜ਼ਿਆਫ਼ਤਾਂ ਦੇ ਅਸੂਲ ਪੁਰ ਬਦਲਦਾ ਜਾਂਦਾ ਹੈ

 www.sikhbookclub.com

ਯਾ ਬ੍ਰਹਮ ਭੋਜਾਂ ਦੇ ਅਸੂਲ ਨੂੰ ਪਕੜ ਰਿਹਾ ਹੈ। ਜੇ ਕੋਈ ਸਿਖ ਦੂਜੇ ਸਿਖ ਪਾਸ ਬੇਨਤੀ ਕਰਦਾ ਹੈ ਕਿ 'ਭਾਈ ਸਾਹਿਬ ਜੀ ਮੇਰੇ ਘਰ ਅੱਜ ਸਿਖਾਂ ਦਾ ਪ੍ਰਸਾਦਿ ਹੈ, ਆਪ ਨੇ ਕ੍ਰਿਪਾ ਕਰਕੇ ਮੇਰੀ ਕੁਟੀਆ ਵਿਚ ਚਰਨ ਪਾਕੇ ਮੇਰੇ ਗ੍ਰਹਿ ਨੂੰ ਪਵਿਤ੍ਰ ਕਰਨਾ' ਤਾਂ ਅਗੋਂ ਜਵਾਬ ਮਿਲਦਾ ਹੈ: 'ਭਾਈ, ਸਾਡਾ ਆਉਣਾ ਨਹੀਂ ਬਣਦਾ ਕਿਉਂਕਿ ਅਸੀਂ ਬਿਹੰਗਮ ਨਹੀਂ ਹਾਂ।'

ਬਿਹੰਗਮ ਤਾਂ ਸਾਰੇ ਹੀ ਸਿਖ ਹਨ, ਕਿਉਂਕਿ ਹੰਗਤਾ ਦਾ ਅਸੂਲ ਸਿਖੀ ਦੇ ਅਸੂਲਾਂ ਦੇ ਵਿਰੁੱਧ ਹੈ। ਪਰ ਇਨ੍ਹਾਂ ਸਜਣਾਂ (ਬਿਹਗੀਮਾਂ) ਨੇ ਭੰਗਾੜ ਸੁਸਤ ਕਾਹਲ ਵਜੂਦ ਨਿਕੰਮੇ ਆਦਮੀਆਂ ਦੀ ਇਕ ਜਮਾਤ ਸਿਖਾਂ ਵਿਚ ਪੈਦਾ ਕਰ ਦਿਤੀ ਹੈ ਜੋ ਮੁਫ਼ਤਖੋਰੇ ਰਹਿਕੇ, ਸਾਰੀਆਂ ਰਕਮਾਂ ਦਿਆਂ ਕਾਰਾਂ ਕੰਮਾਂ ਨੂੰ ਛੱਡਕੇ, ਸਿਰਫ਼ ਲੋਕਾਂ ਦੇ ਘਰ ਰੋਟੀਆਂ ਖਾਣ ਦਾ ਹੀ ਵੱਲ ਸਿੱਖ ਗਈ ਹੈ। ਸਿਖਾਂ ਦਾ ਪ੍ਰਸਾਦ ਸਿਰਫ਼ ਸਹੋਰਦਤਾ ਦੇ ਅਸੂਲ ਨੂੰ ਵਧਾਉਣ ਦੀ ਖਾਤਰ ਗੁਰੂ ਸਾਹਿਬਾਨ ਨੇ ਜਾਰੀ ਕੀਤਾ ਸੀ, ਨਾ ਕਿ ਮੁਫ਼ਤਖੋਰੇ ਆਦਮੀਆਂ ਨੂੰ ਨਿਕੰਮਾ ਬਣਾਉਣ ਖ਼ਾਤਰ। ਜੇ ਮੁਫ਼ਤਖੋਰਿਆਂ ਦੇ ਟੋਲੇ ਪੈਦਾ ਕਰਨ ਦਾ ਸਾਧਨ ਸਿਖਾਂ ਦਾ ਪ੍ਰਸਾਦ ਸੀ ਤਾਂ ਫੇਰ ਬ੍ਰਹਮ ਭੋਜ ਵਿਚ ਕੀ ਨੁਕਸ ਸੀ? ਬ੍ਰਾਹਮਣ ਤਾਂ ਕੁਝ ਨਾ ਕੁਝ ਪੜ੍ਹਦੇ ਵਿਚਾਰਦੇ ਹਨ, ਪਰ ਸਿਖਾਂ ਵਿਚ ਅੱਜ ਕਲ ਬਹੁਤੇ ਲੋਕ, ਜੋ ਬਿਹੰਗਮੀ ਸਦਾਉਣ ਦਾ ਫ਼ਖਰ ਕਰਦੇ ਹਨ, ਸੋ ਤਾਂ ਖਾਲੀ ਛਕਣ ਤੇ ਸੌਣ ਵਿਚ ਸਮਾਂ ਲੰਘਾਉਂਦੇ ਹਨ। ਹਾਂ, ਜੇ ਉਸੇ ਪਿਛੇ ਕਹੇ ਮਿੱਤਰ ਨੂੰ ਕਹੀਏ ਕਿ 'ਭਾਈ ਸਾਹਿਬ ਆਜ ਹਮਾਰੇ ਘਰ ਮੇਂ ਆਪ ਕੀ ਜ਼ਿਆਫ਼ਤ ਹੈ, ਫਲਾਂ ਵਕਤ ਪਰ ਤਸ਼ਰੀਫ਼ ਲਾਈਏ' ਤਾਂ ਬੱਸ ਦਰਖ਼ਾਸਤ ਕਬੂਲ ਹੋਣ ਵਿਚ ਕੁਝ ਬੀ ਚਿਰ ਨਹੀਂ ਲਗਦਾ। ਉਸੇ ਵੇਲੇ ਖਿੜੇ ਮੱਥੇ ਜਵਾਬ ਮਿਲਦਾ ਹੈ: 'ਬਹੁਤ ਅੱਛਾ ਸਾਹਿਬ, ਐਨ ਵਕਤ ਪਰ ਯਿਹ ਬੰਦਾ ਹਾਜ਼ਰ ਹੋਗਾ।'

ਹੁਣ ਸੁਣੋ ਸਿਖਾਂ ਦੇ ਪ੍ਰਸਾਦ ਵੇਲੇ ਕੀ ਹੁੰਦਾ ਹੈ ਤੇ ਜ਼ਿਆਫ਼ਤ ਵੇਲੇ ਕੀ। ਸਿਖਾਂ ਦੇ ਪ੍ਰਸਾਦਿ ਵੇਲੇ ਘਰ ਆਏ ਹੋਏ ਸਿਖਾਂ ਦੇ, ਘਰ ਵਾਲੇ ਸਜਣ, ਭਾਵੇਂ ਮਰਦ ਹੋਣ ਭਾਵੇਂ ਇਸਤ੍ਰੀਆਂ, ਚਰਨ ਧੁਆਉਣ, ਹੱਥ ਧੁਆਉਣ ਲਗ ਜਾਂਦੇ ਹਨ। ਸਿਖ ਸ਼ਬਦ ਪੜ੍ਹਦੇ ਹਨ, ਘਰ ਵਾਲੇ ਲੰਗਰ ਵਿਚ ਆਨੰਦ ਸਾਹਿਬ ਦਾ ਪਾਠ ਕਰਕੇ ਅਰਦਾਸਾ ਸੋਧਕੇ ਪ੍ਰਸਾਦ ਪਰੋਸਦੇ ਹਨ ਜਦ ਪਰੋਸ ਚੁਕਦੇ ਹਨ ਸ਼ਬਦਾਂ ਦਾ ਭੋਗ ਪੈਂਦਾ ਹੈ, ਸਿਖ ਪ੍ਰਸਾਦਿ ਛਕਦੇ

 www.sikhbookclub.com

ਹਨ। ਜਦ ਛਕ ਚੁਕਦੇ ਹਨ ਤਾਂ ਘਰ ਵਾਲੇ ਚੁਲੇ ਕਰਾਉਣ ਤੇ ਹੱਥ ਧੁਆਉਣ ਦੀ ਸੇਵਾ ਕਰਦੇ ਹਨ। ਉਪਰੰਤ ਜਿਉਂ ਜਿਉਂ ਸਿਖ ਘਰੋਂ ਬਾਹਰ ਜਾਣ ਲਗਦੇ ਹਨ ਘਰ ਵਾਲੇ ਹਰ ਇਕ ਸਿਖ ਅਗੇ ਸੀਸ ਨਿਵਾਕੇ ਫ਼ਤਹ ਗਜਾਉਂਦੇ ਹਨ। ਪਰ ਜ਼ਿਆਫ਼ਤ ਵੇਲੇ ਨਾ ਤਾਂ ਲੰਗਰ ਵਿਚ ਅਨੰਦ ਸਾਹਿਬ ਦਾ ਪਾਠ ਹੁੰਦਾ ਹੈ, ਨਾ ਅਰਦਾਸਾ, ਮਹਿਮਾਨ ਆਏ, ਮੇਜ਼ ਦੇ ਗਿਰਦੇ ਕੁਰਸੀਆਂ ਪਰ ਬੈਠ ਗਏ ਯਾ ਦਰੀ ਪਰ ਸਜ ਗਏ, ਹਥ ਧੋਤੇ ਯਾ ਨਾ ਧੋਤੇ, ਨੌਕਰ ਪ੍ਰਸਾਦਿ ਪਰੋਸਕੇ ਲਿਆਏ, ਨਾ ਸ਼ਬਦ ਬਾਣੀ, ਨਾ ਕੋਈ ਧਰਮ ਕਾਰਜ, ਸਿਰਫ਼; ਖਾਣਾ ਖਾਇਆ, ਗੱਪਾਂ ਹਾਂਕੀਆਂ ਤੇ ਘਰਾਂ ਨੂੰ ਟੁਰ ਗਏ। ਜੇ ਖਾਣਾ ਚੰਗਾ ਹੋਇਆ ਤਾਂ ਬਨਾਉਣ ਵਾਲਿਆਂ ਦੀ ਤਾਰੀਫ਼ ਹੋ ਗਈ, ਨਹੀਂ ਤਾਂ ਵਿੰਗੇ ਮੂੰਹ ਘਰ ਵਿਚੋਂ ਨਿਕਲਦਿਆਂ ਹੀ ਜ਼ਿਆਫ਼ਤ ਦੇਣ ਵਾਲੇ ਉਪਰ 'ਰੀਮਾਰਕ' ਪਾਸ ਕਰਨੇ ਸ਼ੁਰੂ ਕਰ ਦਿਤੇ। ਅਰਥਾਤ ਖਾਣੇ ਦੇ ਨੁਕਸ ਤਾਰੀਫ਼ ਵਾਲੇ ਪਦਾਂ ਵਿਚ ਮਖ਼ੌਲ ਦੇ ਤੌਰ ਤੇ ਬੋਲਦੇ ਗਏ।

ਪਹਿਲੇ ਪ੍ਰਸਾਦਿ ਨੇ ਤਾਂ ਸਹੋਦਰਤਾ, ਨਿੰਮ੍ਰਤਾ, ਭਜਨ, ਧਰਮ ਭਾਵ ਸਿਖਾਇਆ ਸੀ, ਪਰ ਦੂਜੇ ਨੇ ਚਾਰਯਾਰੀ, ਹੰਕਾਰ, ਨੁਕਤਾਚੀਨੀ ਅਤੇ ਮਖ਼ੌਲ ਦਾ ਸਬਕ ਸਿਖਾਇਆ। ਜੇ ਜ਼ਿਆਫ਼ਤ ਨੂੰ ਧਰਮ ਭਾਵਨਾ ਵਿਚ ਉਲਟਣਾ ਹੋਇਆ ਤਾਂ ਇਸ ਦਾ ਨਾਮ ਪ੍ਰੀਤੀ ਭੋਜਨ ਰਖ ਦਿਤਾ, ਪਰ ਖੋਤੇ ਦਾ ਨਾਮ ਘੋੜਾ ਰੱਖਣ ਨਾਲ ਉਹ ਘੋੜਾ ਨਹੀਂ ਹੋ ਜਾਂਦਾ, ਤਿਵੇਂ ਪ੍ਰੀਤੀ ਭੋਜਨ ਰੱਖਣ ਨਾਲ ਜ਼ਿਆਫ਼ਤ ਸਿਖਾਂ ਦਾ ਪ੍ਰਸਾਦਿ ਨਹੀਂ ਬਣ ਸਕਦੀ। ਇਸ ਤਰ੍ਹਾਂ ਇਹ ਉਤਮ ਗੁਰ ਰੀਤੀ ਹੁਣ ਜ਼ਿਆਫ਼ਤ ਯਾ ਨਾਮ ਮਾਤ੍ਰ ਬਿਹੰਗਮ ਭੋਜਨ ਵਿਚ ਤਬਦੀਲੀ ਖਾਂਦੀ ਜਾਂਦੀ ਹੈ।

ਕਾਰਨ ਕੀਹ ਹੈ? ਇਹ ਕਿ ਚੰਗੇ ਗ੍ਰੰਥੀ ਸਿਖਾਂ ਦੇ ਪ੍ਰਸਾਦਿ ਦੇ ਅਸੂਲ ਦੱਸਣ ਵਾਲੇ ਨਹੀਂ ਹਨ। ਜੇ ਕਦੀ ਗ੍ਰੰਥੀ ਐਸੇ ਹੁੰਦੇ ਤਾਂ ਓਹ ਸੰਗਤਾਂ ਵਿਚੋਂ ਸਹੋਦਰਤਾ ਦੇ ਅਸੂਲ ਨੂੰ ਸਿਖਾਂ ਦੇ ਪ੍ਰਸਾਦਿ ਦੁਆਰਾ ਘਟਣ ਨਾ ਦਿੰਦੇ। ਨਤੀਜਾ ਇਹ ਹੁੰਦਾ ਕਿ ਸਿਖਾਂ ਦੇ ਪ੍ਰਸਾਦਿ ਵੇਲੇ ਕਿਰਤੀ ਅਥਵਾ ਪੜ੍ਹੇ ਲਿਖੇ ਸਜਣ ਨੱਕ ਨਾ ਵੱਟਦੇ, ਸਗੋਂ ਸਿਖਾਂ ਦੇ ਪ੍ਰਸਾਦਿ ਵਿਚ ਬੜੀ ਖੁਸ਼ੀ ਨਾਲ ਸ਼ਾਮਲ ਹੁੰਦੇ, ਭਜਨ ਬਾਣੀ ਦਾ ਹਿੱਸਾ ਲੈਂਦੇ ਅਤੇ ਪ੍ਰਸਾਦ ਦੇ ਮਗਰੋਂ ਇਕਾਂਤ ਬੈਠਕੇ ਪੰਥ ਉਨਤੀ ਅਤੇ ਸਿਖੀ ਦੇ ਵਾਧੇ ਦੇ ਗੁਰਮਤੇ ਇਕੱਤ੍ਰ ਹੋਕੇ ਵੀਚਾਰਦੇ, ਜਿਸ ਕਰਕੇ ਸਿਖੀ ਨੂੰ ਲਾਭ ਪਹੁੰਚਦਾ ਤੇ ਖਾਲਸਾ

 www.sikhbookclub.com

ਪੰਥ ਦੇ ਜ਼ਿੰਮੇ ਜੋ ਸੇਵਾ ਹੈ ਉਹ ਸਾਂਝੀ ਵੀਚਾਰ ਨਾਲ ਕਿਸੇ ਨਾ ਕਿਸੇ ਤਰੀਕੇ ਮਗਰੋਂ ਹੋ ਸਕਦੀ। ਵੱਡੀ ਬਾਤ ਇਹ ਹੈ ਕਿ ਮੁਫ਼ਤਖ਼ੋਰੇ ਲੋਕ ਬੀ ਪੰਥ ਵਿਚ ਨਾ ਵਧਦੇ। ਉਹ ਕਿਸੇ ਨਾ ਕਿਸੇ ਕਾਰ ਵਿਹਾਰ ਵਿਚ ਲਗਕੇ ਆਪਣਾ ਨਿਰਬਾਹ ਬੀ ਕਰਦੇ ਤੇ ਪੰਥ ਦੀ ਸੇਵਾ ਬੀ ਕਰਦੇ। ਅਸਾਂ ਨੇ ਇਕ ਵਾਰੀ ਪੰਥ ਦੇ ਹੀਰਿਆਂ ਵਿਦਜਾਵਾਨਾਂ ਦੀ ਸੇਵਾ ਵਿਚ ਸਿਖਾਂ ਦੇ ਪ੍ਰਸਾਦਿ ਵਿਚ ਸ਼ਾਮਲ ਹੋਣ ਵਾਸਤੇ ਬੇਨਤੀ ਕੀਤੀ, ਪਰ ਸਾਨੂੰ ਨਿਰਾਸ ਹੀ ਰਹਿਣਾ ਪਿਆ, ਓਹ ਸਜਣ ਸ਼ਰੀਕ ਨਾ ਹੋਏ। ਕਾਰਨ ਸਿਰਫ਼ ਇਹ ਕਿ 'ਸਿਖਾਂ ਦਾ ਪ੍ਰਸਾਦਿ' ਪਦ ਹੁਣ ਕਿਤੇ ਕਿਤੇ ਬਦਨਾਮ ਹੋ ਗਿਆ ਹੈ। ਖਾਲਸਾ ਭਾਈ ਜੋ ਵਿਦਜਾਵਾਨ ਯਾ ਸਹਿਬੇ ਰੁਤਬਾ ਹਨ, ਓਹ ਆਪਣੀ ਵਿਦਜਾ ਯਾ ਰੁਤਬੇ ਦੇ ਮਾਨ ਵਿਚ ਸਿਖਾਂ ਦੇ ਪ੍ਰਸਾਦ ਦੇ ਅਸਲ ਅਸੂਲ ਤੋਂ ਅਗਜਾਤ ਹੋਕੇ ਸ਼ਾਮਲ ਹੋਣਾ ਆਪਣੀ ਕਸਰੇ ਸ਼ਾਨ ਸਮਝਦੇ ਹਨ। ਸਮਝਣ ਬੀ ਕਿਉਂ ਨਾ? ਜਦ ਪ੍ਰਸਾਦਿ ਕਰਨ ਵਾਲੇ ਉਹਨਾਂ ਨੂੰ ਮੰਗਤਿਆਂ ਦੇ ਨਾਲ ਬਿਠਾਉਣਾ ਚਾਹੁਣ ਤਾਂ ਉਹ ਕਿਸ ਤਰ੍ਹਾਂ ਬੈਠਣ? ਪਰ ਅਸਾਂ ਐਸੇ ਮੰਗਤਿਆਂ ਨੂੰ ਨਹੀਂ ਸੀ ਸੱਦਿਆ ਪਰ ਫੇਰ ਬੀ 'ਸਿਖਾਂ ਦਾ ਪ੍ਰਸਾਦਿ' ਲਿਖਣ ਦੇ ਕਾਰਨ ਸਜਣਾਂ ਨੂੰ ਬੁਲਾਉਣ ਵਿਚ ਅਸੀਂ ਨਾ-ਕਾਮਯਾਬ ਹੀ ਰਹੇ ਸਾਂ। ਪਰ ਜੇ ਚੰਗੇ ਗ੍ਰੰਥੀ ਦੂਰ ਅੰਦੇਸ਼ ਅਤੇ ਪੜ੍ਹੇ ਲਿਖੇ ਪੰਥ ਵਿਚ ਬਹੁਤ ਹੁੰਦੇ ਤਾਂ ਮੰਗਤ ਵਾਧੇ ਨੂੰ ਕਦੀ ਸਿਖਾਂ ਦੇ ਪ੍ਰਸਾਦਿ ਵਿਚ ਸੱਦਣ ਦਾ ਉਪਦੇਸ਼ ਨਾ ਦੇਂਦੇ, ਕਿਉਂਕਿ ਮੰਗਕੇ ਖਾਣਾ ਸਿਖਾਂ ਦਾ ਕੰਮ ਨਹੀਂ ਹੈ, ਸਿਖਾਂ ਦਾ ਕੰਮ ਕਿਰਤ ਕਰਕੇ ਖਾਣ ਦਾ ਹੈ। ਪਰ ਜੋ ਅਸਲ ਅਨਾਥ ਅਪਾਹਜ ਹੋਵੇ ਸੋ ਬੇਸ਼ਕ ਸਿਖਾਂ ਦੀ ਕਮਾਈ ਪਰ ਨਿਬਾਹ ਕਰੇ। ਹਾਂ, ਜੋ ਭਜਨ ਬਾਣੀ ਦੇ ਪਿਆਰੇ ਹਨ ਸੋ ਸੱਚੇ ਬਿਹੰਗਮ ਹਨ ਤੇ ਸਤਿਕਾਰ ਯੋਗ ਹਨ। ਪਰ ਚੰਗੇ ਰਿਸ਼ਟ ਪੁਸ਼ਟ ਹੱਟੇ ਕੱਟੇ ਮੁਸ਼ਟੰਡੇ ਜੋ ਹਰ ਵੇਲੇ ਦੁਰਬਚਨ ਬੋਲਦੇ, ਭੰਗਾਂ ਪੀਕੇ ਸਮਾਂ ਬਿਅਰਥ ਗੁਆਉਂਦੇ ਹਨ ਸੋ ਅਨਾਥ ਨਹੀਂ ਹਨ। ਗੁਰ ਵਾਕ ਹੈ:

**ਅਭਿਆਗਤ ਏਹ ਨ ਆਖੀਅਹਿ ਜਿਨਕੈ ਮਨ ਮਹਿ ਭਰਮੁ॥**
**ਤਿਨਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ॥੧॥**
**ਅਭੈ ਨਿਰੰਜਨ ਪਰਮ ਪਦੁ ਤਾਕਾ ਭੀਖਕੁ ਹੋਇ....ਆਦਿ।**

(ਸ:ਵਾ:ਤੇ:ਵ:ਮ:੩, ਪੰਨਾ ੧੪੧੩)


www.sikhbookclub.com

ਸੋ ਸਜਣੋ! ਜੇ ਇਸ ਤਰਫ਼ ਦਾ ਵਾਧਾ ਬੀ ਲੋਚਦੇ ਹੋ ਅਤੇ ਸਹੋਦਰਤਾ ਦੇ ਅਸੂਲ ਨੂੰ ਸਿਖੀ ਵਿਚ ਵਧਾਉਣਾ ਚਾਹੁੰਦੇ ਹੋ ਤਾਂ ਸਿਖਾਂ ਵਿਚ ਵਿਚਾਰ ਸ਼ਕਤੀ ਪੈਦਾ ਕਰੋ; ਪਰ ਧਾਰਮਕ ਵੀਚਾਰ ਸ਼ਕਤੀ ਚੰਗੇ ਗੰ੍ਥੀਆਂ ਦੇ ਬਿਨਾਂ ਹਾਸਲ ਨਹੀਂ ਹੋ ਸਕਦੀ। ਜਿਸ ਕਰਕੇ ਚੰਗੇ ਪੜ੍ਹੇ ਲਿਖੇ ਗੰ੍ਥੀ ਪੈਦਾ ਕਰੋ। (ਖਾ:ਸ: 18 ਜੁਲਾਈ, 1906 ਈ:)

## 18 ਰਸਮਾਂ

ਅਸੀਂ ਪਿਛਲੇ ਲੇਖ ਵਿਚ ਧਰਮ ਦੇ ਇਕ ਅੰਗ ਪ੍ਰਬੰਧ (Regulations) ਜਿਸ ਨੂੰ ਕਈ ਇਕ ਲੇਖਕ (Ceremonial Law) ਬੀ ਦੱਸਦੇ ਹਨ, ਬਾਰੇ ਲਿਖ ਚੁਕੇ ਹਾਂ। ਉਸ ਵਿਚ ਅਸੀਂ ਇਸ ਪ੍ਰਬੰਧ (Ceremonial Law ਅਥਵਾ Regulations) ਦੇ ਤਿੰਨਾਂ ਅੰਗਾਂ ਦਾ ਮੋਟਾ ਮੋਟਾ ਹਾਲ ਦੱਸ ਚੁਕੇ ਹਾਂ; ਅਰਥਾਤ ਗੁਰਪੁਰਬ, ਸੰਸਕਾਰ ਅਤੇ ਰੀਤਾਂ। ਗੁਰ ਰੀਤਾਂ ਦਾ ਬਾਕੀ ਦਾ, ਦੋ ਵਡਿਆਂ ਭਾਗਾਂ-ਰਸਮਾਂ ਅਤੇ ਯਾਤ੍ਰਾ ਦਾ ਅਤੇ ਕਈ ਇਕ ਛੋਟੇ ਛੋਟੇ ਭਾਗਾਂ ਦਾ ਮੋਟਾ ਮੋਟਾ ਹਾਲ ਦੱਸਣਾ ਅਜੇ ਬਾਕੀ ਹੈ। ਸੋ ਯਾਤ੍ਰਾ ਦਾ ਕੁਝ ਹਾਲ ਦੱਸ ਚੁਕੇ ਹਾਂ, ਤੇ ਜਦ ਅਸੀਂ ਰਸਮਾਂ ਦਾ ਹਾਲ ਲਿਖ ਚੁਕਾਂਗੇ ਤਾਂ ਸਿਰਫ਼ ਪ੍ਰਬੰਧ ਮੁੱਕੇਗਾ। ਅੱਗੇ ਜੋ ਗੰ੍ਥੀਆ ਦਾ ਸਨਬੰਧ ਸਿਖ ਧਰਮ ਦੀ ਜਥੇਬੰਦੀ (Organisation) ਨਾਲ ਅਤੇ ਉਸ ਦੇ ਸਿਧਾਂਤਾਂ ਅਥਵਾ ਗੁਰ ਸਿਖਯਾ (Fixed Doctrines) ਨਾਲ ਹੈ, ਅਜੇ ਉਸ ਦਾ ਹਾਲ ਮੋਟਾ ਮੋਟਾ ਅਸਾਂ ਛੇੜਿਆ ਨਹੀਂ ਹੈ। ਸੋ ਹੁਣ ਅਸੀਂ ਰਸਮਾਂ ਦਾ ਹਾਲ ਕੁਝ ਲਿਖਦੇ ਹਾਂ।

ਅਸੀਂ ਪਹਿਲੇ ਦੱਸ ਆਏ ਹਾਂ ਕਿ ਕਈ ਫ਼ਜ਼ੂਲ ਰਸਮਾਂ ਉਹਨਾਂ ਪੁਰਾਣੇ ਮਤਾਂ ਦੀਆਂ, ਕਿ ਜਿਨ੍ਹਾਂ ਵਿਚੋਂ ਸਿਖ ਨਿਕਲਕੇ ਆਏ ਹਨ, ਸਿਖੀ ਵਿਚ ਰਿਵਾਜ ਪਾ ਗਈਆਂ ਹਨ। ਜੋ ਗੰ੍ਥੀ ਚੰਗੇ ਵਿਦਜਾਵਾਨ ਨਾ ਹੋਣਗੇ ਤਾਂ ਇਨ੍ਹਾਂ ਰਸਮਾਂ ਨੂੰ ਲਾਲਚ ਵਿਚ ਆਕੇ ਸਿਖ ਧਰਮ ਦਾ ਇਕ ਅੰਗ ਬਣਾ ਲੈਣਗੇ। ਸੋ ਅਸੀਂ ਹੁਣ ਦੱਸਣਾ ਚਾਹੁੰਦੇ ਹਾਂ ਕਿ 'ਰਸਮ' ਕੀ ਵਸਤੂ ਹੈ ਅਤੇ ਉਸ ਦਾ ਸਿਖੀ ਵਿਚ ਰਹਿਣਾ ਠੀਕ ਹੈ ਯਾ ਨਹੀਂ?

ਜਦ ਅਸੀਂ ਦੁਨੀਆਂ ਭਰ ਦੇ ਮਤ ਮਤਾਂਤਰਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਕੋਈ ਮਤ ਐਸਾ ਨਜ਼ਰ ਨਹੀਂ ਪੈਂਦਾ ਕਿ ਜਿਸ ਵਿਚ ਕੋਈ ਨ ਕੋਈ ਰਸਮ ਨਾ ਹੋਵੇ। ਸਾਰੇ ਮਤ ਰਸਮਾਂ ਨਾਲ ਭਰੇ ਪਏ ਹਨ, ਸਗੋਂ

 www.sikhbookclub.com

ਰਸਮਾਂ ਐਸੀਆਂ ਮਜ਼ਬੂਤ ਹੁੰਦੀਆਂ ਹਨ ਕਿ ਇਨਸਾਨ ਭਾਵੇਂ ਕਿਸੇ ਹੀ ਮਤ ਵਿਚ ਆਪਣਾ ਪੁਰਾਣਾ ਮਤ ਤਿਆਗ ਕੇ ਚਲਾ ਜਾਵੇ, ਏਹ ਕੁਝ ਨਾ ਕੁਝ ਉਸ ਦੇ ਨਾਲ ਜ਼ਰੂਰ ਜਾਂਦੀਆਂ ਹਨ। ਇਸੇ ਤਰ੍ਹਾਂ ਆਦਮੀ ਭਾਵੇ ਆਪਣੇ ਦੇਸ਼ ਨੂੰ ਛੱਡਕੇ ਕਿਸੇ ਦੂਜੇ ਦੇਸ਼ ਵਿਚ ਚਲਾ ਜਾਵੇ, ਇਹ ਕੁਝ ਨਾ ਕੁਝ ਉਸ ਨਾਲ ਉਸ ਜਗ੍ਹਾ ਵਿਚ ਬੀ ਜਾ ਪਹੁੰਚਦੀਆਂ ਹਨ। ਇਸੇ ਤਰ੍ਹਾਂ ਆਦਮੀ ਆਪਣੀ ਪੁਰਾਣੀ ਬਰਾਦਰੀ ਨੂੰ ਛੱਡਕੇ ਭਾਵੇਂ ਕਿਸੇ ਨਵੀਨ ਬਰਾਦਰੀ ਵਿਚ ਕਿਉਂ ਨਾ ਚਲਾ ਜਾਵੇ, ਰਸਮਾਂ ਉਸ ਨਵੀਂ ਬਰਾਦਰੀ ਵਿਚ ਬੀ ਕੁਝ ਨਾ ਕੁਝ ਚਲੀਆਂ ਜਾਂਦੀਆਂ ਹਨ। ਸਗੋਂ ਕਈ ਰਸਮਾਂ ਅਨਜ ਮਤਾਂ ਯਾ ਅਨਜ ਦੇਸ਼ਾਂ ਯਾ ਅਨਜ ਦੇਸ਼ਾਂ ਦੀ ਵਿਦਜਾ ਪਾਉਣ ਕਰਕੇ ਆਪਣੇ ਵਿਚ ਆ ਵੜਦੀਆਂ ਹਨ। ਮਤਲਬ ਇਹ ਕਿ ਰਸਮਾਂ ਇਨਸਾਨ ਦੀ ਆਦਤ ਦਾ ਇਕ ਬੇਮਲੂਮ ਹਿੱਸਾ ਬਣ ਜਾਂਦੀਆਂ ਹਨ, ਜਿਨ੍ਹਾਂ ਦਾ ਤੋੜਨਾ ਅਤਿ ਕਠਨ ਹੁੰਦਾ ਹੈ। ਏਹ ਇਨਸਾਨ ਪਰ ਇਤਨਾ ਗ਼ਲਬਾ ਰਖਦੀਆਂ ਹਨ ਕਿ ਕਾਨੂੰਨਦਾਨਾਂ ਨੇ ਰਸਮਾਂ ਨੂੰ ਰਿਵਾਜ ਦੇ ਨਾਮ ਹੇਠਾਂ ਧਰਮ ਸ਼ਾਸਤ੍ਰ ਦੀ ਤਰ੍ਹਾਂ ਅਦਾਲਤਾਂ ਲਈ ਸਰਕਾਰੀ ਕਾਨੂੰਨ ਦੀ ਪਦਵੀ ਦੇ ਦਿਤੀ ਹੈ। ਹਰ ਇਕ ਬਾਦਸ਼ਾਹ ਰਸਮ ਨੂੰ ਕੁਝ ਨਾ ਕੁਝ ਕਾਨੂੰਨ ਮੰਨਦਾ ਹੈ, ਸਗੋਂ ਜਿਨ੍ਹਾਂ ਰਸਮਾਂ ਨੂੰ ਬਾਦਸ਼ਾਹ ਆਪਣੇ ਜ਼ੋਰ ਨਾਲ ਬੰਦ ਕਰਨਾ ਚਾਹੁੰਦੇ ਹਨ, ਉਨ੍ਹਾਂ ਦੇ ਬੰਦ ਕਰਨ ਵਾਸਤੇ ਖਾਸ ਕਾਨੂੰਨ ਉਹ ਜਾਰੀ ਕਰਦੇ ਹਨ ਅਤੇ ਉਹਨਾਂ ਕਾਨੂੰਨਾਂ ਦੁਆਰਾ ਮਤਰੂਕ (ਤਿਆਗਣੇ ਯੋਗ) ਰਸਮਾਂ ਦੇ ਹਟਾਉਣ ਵਾਸਤੇ ਬੜੇ ਬੜੇ ਜ਼ੋਰ ਲਗਾਉਂਦੇ ਹਨ। ਮਤਲਬ ਇਹ ਹੈ ਕਿ ਭਾਵੇਂ ਆਦਮੀ ਆਪਣਾ ਧਰਮ ਤਿਆਗਕੇ ਦੂਸਰਾ ਧਰਮ ਥੋੜੇ ਸਮੇਂ ਵਿਚ ਹੀ ਇਖਤਜਾਰ ਕਿਉਂ ਨਾ ਕਰ ਲਵੇ, ਪਰ ਉਸ ਨੂੰ ਆਪਣੀ ਪੁਰਾਣੀ ਰਸਮ ਛੱਡਣੀ ਬਹੁਤ ਮੁਸ਼ਕਿਲ ਹੋ ਜਾਂਦੀ ਹੈ। ਰਸਮ ਨੂੰ ਕਈ ਨਾਮਾਂ ਨਾਲ ਲੋਕ ਬੋਲਦੇ ਹਨ: Custom, Ceremony, Practice, Usage ਆਦਿ ਜੋ ਪਦ ਅਜ ਕਲ ਅੰਗ੍ਰੇਜ਼ੀ ਵਿਚ ਵਰਤੇ ਜਾਂਦੇ ਹਨ ਸੋ ਰਸਮ ਨਾਲ ਹੀ ਸੰਬੰਧਤ ਹਨ। ਸਗੋਂ ਰਸਮਾਂ ਨੇ ਹੀ ਧਰਮ ਦੇ ਪ੍ਰਬੰਧ ਵਿਚ (Ceremonial Law) ਅਰਥਾਤ ਧਰਮ ਸ਼ਾਸਤ੍ਰ ਸ਼ਰਅ਼ ਅਥਵਾ ਗੁਰ ਮਰਿਯਾਦਾ ਆਦਿਕਾਂ ਨੂੰ ਪੈਦਾ ਕੀਤਾ ਹੈ। ਸਗੋਂ Ecclesiastical Law ਅਰਥਾਤ ਧਾਰਮਕ ਸੇਵਕਾਂ ਦੀ ਜਥੇਬੰਦੀ ਨੂੰ ਬੀ ਪੈਦਾ ਕੀਤਾ ਹੈ। ਜਦ

 www.sikhbookclub.com

ਆਪ ਹਰ ਇਕ ਮਤ ਦੀ ਉਸ ਮਰਿਯਾਦਾ ਦੀ ਖੋਜ ਨੂੰ, ਕਿ ਜਿਸ ਨੂੰ ਉਸ ਮਤ ਨੇ ਆਪਣਾ ਅੰਗ ਆਪਣੇ ਧਾਰਮਕ ਅਸੂਲਾਂ ਨਾਲ ਕਬੂਲ ਕਰ ਲਿਆ ਹੋਵੇ, ਲੱਭੋਗੇ ਤਾਂ ਆਪ ਨੂੰ ਪਤਾ ਲਗੇਗਾ ਕਿ ਉਹ ਮਰਿਯਾਦਾ ਕੇਵਲ ਉਹਨਾਂ ਰਸਮਾਂ ਦਾ ਸਮੁਦਾਇ ਹੀ ਹੈ, ਜਿਨ੍ਹਾਂ ਨੂੰ ਉਸ ਮਤ ਦੇ ਕਾਰਕ ਨੇ ਪੁਰਾਣੇ ਮਤਾਂ ਵਿਚੋਂ ਲੈਕੇ ਕਬੂਲ ਕਰ ਲਿਆ ਹੈ। ਮਿਸਾਲ ਦੇ ਤੌਰ ਤੇ ਅਸੀਂ ਦੱਸਦੇ ਹਾਂ ਕਿ ਮੁਸਲਮਾਨਾਂ ਵਿਚ ਜੋ ਰਿਵਾਜ ਖ਼ੁਤਨੇ ਦਾ ਧਰਮ ਅੰਗ ਬਣੀ ਬੈਠਾ ਹੈ, ਉਸ ਨੂੰ ਹਜ਼ਰਤ ਮੁਹੰਮਦ ਸਾਹਿਬ ਨੇ ਨਹੀਂ ਚਲਾਇਆ, ਸਗੋਂ ਇਹ ਰਿਵਾਜ ਯਹੂਦੀਆਂ ਵਿਚ ਪਹਿਲੇ ਤੋਂ ਚਲਿਆ ਆ ਰਿਹਾ ਸੀ ਤੇ ਹੁਣ ਤਕ ਹੈ। ਸਗੋਂ ਇਸ ਨੂੰ ਮਿਸਰੀ, ਫ਼ੁਨੀਸ਼ੀਅਨ, ਬੈਬਲੋਨੀਅਨ, ਆਈਸੀਰੀਅਨ ਕੌਮਾਂ ਬੀ ਕੀਤਾ ਕਰਦੀਆਂ ਸਨ। ਇਸੇ ਤਰ੍ਹਾਂ ਜੋ ਰਿਵਾਜ ਮੁਸਲਮਾਨਾਂ ਵਿਚ ਕਾਅਬੇ ਵੱਲ ਮੂੰਹ ਕਰਕੇ ਨਮਾਜ਼ ਪੜ੍ਹਨ ਦਾ ਹੈ ਸੋ ਭੀ ਯਹੂਦੀਆਂ ਦੀ ਨਕਲ ਹੈ। ਏਹ ਲੋਕ ਵੀ 'ਯੇਰੋਸ਼ਲਮ' ਦੇ ਮੰਦਰ ਵਲ ਮੂੰਹ ਕਰਕੇ ਆਪਣੀ ਦੁਆ ਮੰਗਿਆ ਕਰਦੇ ਸਨ। ਇਸੇ ਤਰ੍ਹਾਂ ਜਦ ਅਸੀਂ ਖੋਜ ਕਰਦੇ ਹਾਂ ਤਦ ਪਤਾ ਲਗਦਾ ਹੈ ਕਿ ਪੁਰਾਣੀਆਂ ਰਸਮਾਂ ਨਵੀਂ ਨਵੀਂ ਸ਼ਕਲ ਵਿਚ ਪੈਕੇ, ਪੁਰਾਣੇ ਮਤਾਂ ਵਿਚੋਂ ਨਿਕਲਕੇ ਨਵੀਨ ਮਤਾਂ ਵਿਚ ਆ ਜਾਂਦੀਆਂ ਹਨ ਅਤੇ ਕਈ ਤਾਂ ਖਾਸ ਮਤਾਂ ਦੇ ਕਾਰਕਾਂ ਦੇ ਵੇਲੇ ਹੀ ਨਵੀਨ ਮਤਾਂ ਦੇ ਧਰਮ ਦਾ ਅੰਗ ਬਣ ਜਾਂਦੀਆਂ ਹਨ ਤੇ ਕੁਝ ਪਿਛੋਂ ਬੀ ਹੌਲੀ ਹੌਲੀ ਬਣ ਜਾਂਦੀਆਂ ਹਨ। ਜੇ ਨਵੀਨ ਮਤਾਂ ਦੇ ਆਦਮੀ ਆਪਣੇ ਨਿਸ਼ਚੇ ਦੇ ਪੱਕੇ ਹੁੰਦੇ ਹਨ ਤਾਂ ਪੁਰਾਣੀਆਂ ਰਸਮਾਂ ਵਿਚੋਂ ਭੈੜੀਆਂ ਭੈੜੀਆਂ ਕੱਢ ਦੇਂਦੇ ਹਨ, ਅਥਵਾ ਜੋ ਰਸਮਾਂ ਉਹਨਾਂ ਦੇ ਧਾਰਮਿਕ ਅਸੂਲਾਂ ਦੇ ਬਰਖ਼ਿਲਾਫ਼ ਹੁੰਦੀਆਂ ਹਨ, ਉਹਨਾਂ ਨੂੰ ਤਿਆਗ ਦੇਂਦੇ ਹਨ, ਪਰ ਜੋ ਕਮਜ਼ੋਰ ਹੁੰਦੇ ਹਨ ਉਹਨਾਂ ਪਰ ਪੁਰਾਣੀਆਂ ਭੈੜੀਆਂ ਰਸਮਾਂ ਐਤਨਾ ਜ਼ੋਰ ਪਾ ਜਾਂਦੀਆਂ ਹਨ ਕਿ ਨਵੀਨ ਮਤਾਂ ਦੇ ਅਸੂਲਾਂ ਨੂੰ ਹੀ ਹੌਲੀ ਹੌਲੀ ਲੁਕਾਕੇ ਉਹਨਾਂ ਮਤਾਂ ਦਾ ਨਸ਼ਟ ਕਰ ਦੇਂਦੀਆਂ ਹਨ।

ਸੋ ਮਿਤਰੋ! ਪੁਰਾਣੇ ਮਤਾਂ ਦੀਆਂ ਰਸਮਾਂ ਨੂੰ ਵਿਚਾਰਨਾਂ ਅਤੇ ਭੈੜੀਆਂ ਨੂੰ ਛੱਡਣਾ ਅਤੇ ਜੋ ਧਰਮ ਅਨੁਕੂਲ ਹੋਣ ਉਹਨਾਂ ਨੂੰ ਮਨਜ਼ੂਰ ਕਰਨਾ ਵਡੀ ਭਾਰੀ ਵੀਚਾਰ ਸ਼ਕਤੀ ਦਾ ਕੰਮ ਹੈ ਜੋ ਅਵਿਦਯਾਵਾਨ ਗ੍ਰੰਥੀਆਂ ਪਾਸੋਂ ਹੋਣਾ ਕਠਨ ਹੈ। ਅਸੀਂ ਇਸ ਨੂੰ ਖੋਲ੍ਹਕੇ ਦੱਸਣ ਦੀ ਖਾਤਰ ਕੁਝ ਕੁਝ


www.sikhbookclub.com

ਦੂਜੇ ਮਤਾਂ ਦੀਆਂ ਮਿਸਾਲਾਂ ਦੱਸਾਂਗੇ, ਤਾਂਕਿ ਸਾਡੇ ਮਿਤਰਾਂ ਨੂੰ ਪਤਾ ਲਗ ਜਾਵੇ ਕਿ ਦੂਜੇ ਮਤਾਂ ਵਿਚ ਇਨ੍ਹਾਂ ਰਸਮਾਂ ਨੂੰ ਕਾਬੂ ਰੱਖਣ ਯਾ ਉਡਾਉਣ ਵਿਚ ਲੋਕ ਕੀ ਕੀ ਕੋਸ਼ਿਸ਼ਾਂ ਕਰਦੇ ਰਹੇ ਹਨ। ਜਦ ਉਹਨਾਂ ਗਲਾਂ ਨੂੰ ਸਾਡੇ ਮਿਤ੍ਰ ਪੜ੍ਹ ਲੈਣਗੇ ਤਾਂ ਓਹ ਖ਼ੁਦ ਹੀ ਸਮਝ ਲੈਣਗੇ ਕਿ ਸਿਖਾਂ ਵਿਚ ਜੋ ਰਸਮਾਂ ਸਿਖ ਧਰਮ ਦੇ ਉਲਟ ਹਨ ਉਹਨਾਂ ਨੂੰ ਦੂਰ ਕਰਨਾ ਜ਼ਰੂਰੀ ਹੈ ਯਾ ਨਹੀਂ। ਇਸੇ ਤਰ੍ਹਾਂ ਜੋ ਰਸਮਾਂ ਧਰਮ ਦੇ ਅਨੁਕੂਲ ਹਨ ਉਹਨਾਂ ਦੇ ਉਡਾਉਣ ਲਈ ਜੋ ਅਸੀਂ ਜ਼ੋਰ ਲਾਉਂਦੇ ਹਾਂ ਕੀ ਉਹ ਸਾਡੀ ਸੀਨਾ ਜ਼ੋਰੀ ਬੇਫ਼ਾਇਦਾ ਹੈ ਯਾ ਨਹੀਂ। ਇਸੇ ਤਰ੍ਹਾਂ ਉਹਨਾਂ ਨੂੰ ਪਤਾ ਲਗ ਜਾਵੇਗਾ ਕਿ ਜਦ ਵਡੀਆਂ ਵਡੀਆਂ ਬਲਵਾਨ ਕੌਮਾਂ ਪੁਰਾਣੀਆਂ ਰਸਮਾਂ ਨੂੰ ਇਕ ਦਮ ਨਹੀਂ ਛੱਡ ਸਕੀਆਂ ਤਾਂ ਕੀ ਅਸੀਂ, ਜੋ ਅਜੇ ਤਕ ਇਤਨੀ ਹਿੰਮਤ ਨਹੀਂ ਰਖਦੇ, ਇਕ ਦਮ ਉਡਾ ਸਕਦੇ ਹਾਂ ਯਾ ਨਹੀਂ? ਜੇ ਨਹੀਂ ਉਡਾ ਸਕਦੇ ਤਾਂ ਜਿਸ ਤਰ੍ਹਾਂ ਨਾਲ ਹੋਰਨਾਂ ਬਲਵਾਨ ਕੌਮਾਂ ਦੇ ਧਾਰਮਕ ਸੇਵਕਾਂ ਨੇ ਹੌਲੀ ਹੌਲੀ ਉਹਨਾਂ ਰਸਮਾਂ ਵਿਚੋਂ ਚੰਗੀਆਂ ਰੱਖਕੇ ਭੈੜੀਆਂ ਉਡਾਈਆਂ ਹਨ ਸੋ ਹੀ ਤਰੀਕਾ ਸਾਨੂੰ ਇਖ਼ਤਿਆਰ ਕਰਨਾ ਚਾਹੀਏ ਯਾ ਨਹੀਂ? ਜੇ ਓਹੀ ਤਰੀਕਾ ਅਸਾਂ ਇਖ਼ਤਿਆਰ ਕਰਨਾ ਹੈ ਤਾਂ ਯਾਦ ਰਖਣਾ ਚਾਹੀਏ ਕਿ ਉਹਨਾਂ ਬਲਵਾਨ ਕੌਮਾਂ ਦੇ ਧਾਰਮਕ ਸੇਵਕ, ਵਡੇ ਵਡੇ ਵਿਦਵਾਨ ਅਤੇ ਨਿਸਚੇ ਦੇ ਐਸੇ ਪੱਕੇ ਸਨ ਕਿ ਓਹ ਆਪਣੇ ਮਨਤੱਵਜ ਨੂੰ ਪੂਰਨ ਕਰਨ ਦੀ ਖ਼ਾਤਰ ਆਪਣਾ ਸਰਬੰਸ ਕੁਰਬਾਨ ਕਰਨੋਂ ਬੀ ਪਿਛੇ ਨਹੀਂ ਸਨ ਹਟਦੇ। ਕੀ ਸਾਡੇ ਬੀ ਐਸੇ ਹੀ ਗ੍ਰੰਥੀ ਹਨ, ਜੋ ਧਰਮ ਦੇ ਅਸੂਲਾਂ ਵਾਸਤੇ ਆਪਣਾ ਨੁਕਸਾਨ ਪਸੰਦ ਕਰਦੇ ਹਨ ਯਾ ਨਹੀਂ? ਜੇ ਨਹੀਂ ਕਰਦੇ ਤਾਂ ਕੀ ਐਸੇ ਅਵਿਦਜਵਾਨ ਗ੍ਰੰਥੀਆਂ ਪਾਸੋਂ ਸਾਡਾ ਕੰਮ ਸੌਰ ਸਕੇਗਾ? ਜੇ ਨਹੀਂ ਸੌਰ ਸਕੇਗਾ ਤਾਂ ਕੀ ਇਹ ਸਾਡਾ ਫਰਜ਼ ਨਹੀਂ ਹੈ ਕਿ ਅਸੀਂ ਵਿਦਵਾਨ ਤੇ ਨਿਸਚੇ ਦੇ ਪੱਕੇ ਗ੍ਰੰਥੀ ਪੈਦਾ ਕਰੀਏ? ਜੋ ਵਿਦਵਾਨ ਅਤੇ ਨਿਸਚੇ ਦੇ ਪੱਕੇ ਗ੍ਰੰਥੀ ਹਨ ਉਹਨਾਂ ਦੀ ਪੂਰੀ ਪੂਰੀ ਕਦਰ ਕਰੀਏ ਅਤੇ ਜੋ ਅਵਿਦਜਵਾਨ ਤੇ ਨਿਸਚੇ ਦੇ ਐਸੇ ਕੱਚੇ ਹਨ ਕਿ ਪੈਸਿਆਂ ਦੀ ਖ਼ਾਤਰ ਧਰਮ ਦੇ ਅਸੂਲਾਂ ਨੂੰ ਪਿਛੇ ਸੁੱਟ ਦੇਂਦੇ ਹਨ ਅਤੇ ਭੈੜੀਆਂ ਰਸਮਾਂ ਦੇ ਗ਼ੁਲਾਮ ਹੋਕੇ ਗੁਰਮਤ ਦੇ ਦੁਸ਼ਮਨ ਬਣ ਜਾਂਦੇ ਹਨ, ਉਹਨਾਂ ਦੇ ਸੁਧਾਰ ਦਾ ਜਤਨ ਕਰੀਏ। ਜਤਨ ਇਸ ਬਾਤ ਦਾ ਨਾਮ ਨਹੀਂ ਕਿ ਅਸੀਂ ਉਹਨਾਂ ਨਾਲ ਲੜਦੇ ਫਿਰੀਏ;

 www.sikhbookclub.com

ਸਗੋਂ ਜਤਨ ਇਹ ਹੈ ਕਿ ਅਗੋਂ ਵਾਸਤੇ ਚੰਗੇ ਗ੍ਰੰਥੀ ਪੈਦਾ ਕਰੀਏ ਤੇ ਅਵਿਦਜਵਾਨਾਂ ਨੂੰ ਵਿਦਜਵਾਨ ਬਣਾਈਏ। (ਖਾਲਸਾ ਸਮਾਚਾਰ ਮਿਤੀ 2 ਜਨਵਰੀ 1907 ਈ:)

## 19 ਯਹੂਦੀਆਂ ਦਾ ਤੇ ਸਿੱਖਾਂ ਦਾ ਖ਼ੁਦਾ

ਅਸੀਂ ਪਿਛਲੇ ਅੰਕ ਵਿਚ ਜ਼ਿਕਰ ਕਰ ਆਏ ਹਾਂ ਕਿ ਅਸੀਂ ਕੁਝ ਕੁਝ ਹਾਲ ਅਨਮਤਾਂ ਦਾ ਦੱਸਾਂਗੇ ਕਿ ਉਹਨਾਂ ਵਿਚ ਉਹਨਾਂ ਦੇ ਧਾਰਮਕ ਸੇਵਕਾਂ ਨੇ ਅਨਜਮਤਾਂ ਵਲੋਂ ਆਈਆਂ ਹੋਈਆਂ ਰਸਮਾਂ ਨੂੰ ਕਾਬੂ ਕਰਨ ਵਿੱਚ ਯਾ ਉਡਾਉਣ ਵਿਚ ਕੀ ਕੀ ਕੰਮ ਕੀਤੇ ਸਨ। ਸਭ ਤੋਂ ਪਹਿਲੇ ਅਸੀਂ ਯਹੂਦੀਆਂ ਦੇ ਮਤ ਵਲ ਨਜ਼ਰ ਮਾਰਦੇ ਹਾਂ। ਜਿਨ੍ਹਾਂ ਸਜਣਾਂ ਨੇ ਤੌਰੇਤ Old Testament ਪੜ੍ਹੀ ਹੈ, ਉਹਨਾਂ ਨੂੰ ਯਹੂਦੀਆਂ ਦੇ ਮਤ ਅਤੇ ਉਹਨਾਂ ਦੇ ਇਤਿਹਾਸ ਦੀ ਖ਼ਬਰ ਹੈ, ਜਿਸ ਕਰਕੇ ਸਾਨੂੰ ਯਹੂਦੀਆਂ ਦਾ ਹਾਲ ਲਿਖਣ ਦੀ ਲੋੜ ਨਹੀਂ, ਅਸੀਂ ਸਿਰਫ਼ ਇਤਨਾ ਹੀ ਦੱਸਦੇ ਹਾਂ ਕਿ ਜਿਨ੍ਹਾਂ ਕਿਤਾਬਾਂ ਨੂੰ ਹਜ਼ਰਤ ਮੂਸਾ ਦੀਆਂ ਲਿਖੀਆਂ ਹੋਈਆਂ ਮੰਨਿਆ ਜਾਂਦਾ ਹੈ, ਅਜ ਕਲ ਦੇ ਦਨਾਵਾਂ ਨੇ ਸਾਬਤ ਕੀਤਾ ਹੈ ਕਿ ਉਹਨਾਂ ਨੂੰ ਹਜ਼ਰਤ ਮੂਸਾ ਨੇ ਨਹੀਂ ਲਿਖਿਆ, ਸਗੋਂ ਇਹ ਕਿਤਾਬਾਂ ਹਜ਼ਰਤ ਮੂਸਾ ਦੀ ਮੌਤ ਤੋਂ ਬਹੁਤ ਸਮਾਂ ਪਿਛੋਂ ਲਿਖੀਆਂ ਗਈਆਂ ਹਨ। ਪਰ ਨਾਲ ਹੀ ਇਹ ਬਾਤ ਬੀ ਹੈ ਕਿ ਇਨ੍ਹਾਂ ਕਿਤਾਬਾਂ ਦੇ ਮੁਸੰਨਫ ਯਾ ਮੁਨੰਸਫ਼ਾਂ ਨੂੰ ਪੁਰਾਣੇ ਦੋ ਮਤਾਂ ਦੀਆਂ ਕਿਤਾਬਾਂ ਮਿਲ ਗਈਆਂ ਸਨ, ਜਿਨ੍ਹਾਂ ਵਿਚੋਂ ਇਕ ਵਿਚ ਤਾਂ ਖ਼ੁਦਾ ਦਾ ਨਾਮ Elohim ਅਰਥਾਤ ਸ਼ਕਤੀਮਾਨ ਅਥਵਾ Mighty ਸੀ ਅਤੇ ਦੂਜੇ ਵਿਚ ਉਸ ਦਾ ਨਾਮ Jehova ਅਥਵਾ Yohoah ਅਰਥਾਤ Lord ਅਥਵਾ ਸੁਆਮੀ ਸੀ। ਇਨ੍ਹਾਂ ਦੋਹਾਂ ਮਤਾਂ ਅਰਥਾਤ Elohistic ਅਤੇ Jehovistic ਮਤਾਂ ਦੇ ਸਿਵਾਏ ਇਕ ਹੋਰ ਮਿਲਗੋਭਾ ਮਤ ਦੀਆਂ ਕਿਤਾਬਾਂ ਬੀ ਮਿਲ ਗਈਆਂ ਸਨ ਕਿ ਜਿਨ੍ਹਾਂ ਵਿਚ ਹਰ ਦੋ ਨਾਮ ਖ਼ੁਦਾ ਦੇ ਇਕੋ ਜਗਾ ਲਏ ਜਾਂਦੇ ਸਨ। ਸੋ ਇਨ੍ਹਾਂ ਕਿਤਾਬਾਂ ਨੂੰ ਅੱਗੇ ਰਖਕੇ ਹਜ਼ਰਤ ਮੂਸਾ ਦੇ ਨਾਮ ਪਰ ਮਸ਼ਹੂਰ ਹੋਈਆਂ ਕਿਤਾਬਾਂ ਦੇ ਮੁਸੰਨਫ਼ ਯਾ ਮੁਸੰਨਫ਼ਾਂ ਨੇ ਇਨ੍ਹਾਂ ਨੂੰ ਤਿਆਰ ਕੀਤਾ ਸੀ। ਇਸ ਤੋਂ ਪਾਠਕ ਜਾਣ ਸਕਦੇ ਹਨ ਕਿ ਯਹੂਦੀਆਂ ਨੇ ਪਰਮਾਤਮਾ ਦੀਆਂ ਸਿਫ਼ਤਾਂ ਵਿਚੋਂ ਮੁਕੱਦਸ ਸਿਫ਼ਤਾਂ ਦੋ ਮੰਨੀਆਂ ਹਨ।

 www.sikhbookclub.com

ਅਰਥਾਤ ਉਹਨਾਂ ਦਾ ਖ਼ੁਦਾ ਉਹਨਾਂ ਦਾ ਸੁਆਮੀ ਸੀ ਅਤੇ ਸ਼ਕਤੀਮਾਨ ਸੀ। ਯਾ ਐਉਂ ਕਹੋ ਕਿ ਯਹੂਦੀਆਂ ਦਾ ਖ਼ੁਦਾ 'ਸ਼ਕਤੀਮਾਨ ਸੁਆਮੀ' ਸੀ, ਪਰ ਇਸ ਤੋਂ ਇਹ ਨਹੀਂ ਮੰਨਣਾ ਚਾਹੀਏ ਕਿ ਯਹੂਦੀ ਅਕਾਲ ਪੁਰਖ ਦੀ ਏਕਤਾ ਦੇ ਕਾਇਲ ਸਨ, ਕਿਉਂਕਿ ਓਹ ਮੰਨਦੇ ਸਨ ਕਿ ਯਹੂਦੀਆਂ ਤੋਂ ਛੁਟ ਹੋਰ ਹੋਰ ਕੌਮਾਂ ਦੇ ਖੁਦਾ ਉਹਨਾਂ ਦੇ ਖ਼ੁਦਾ ਪਾਸੋਂ ਅੱਡ ਅੱਡ ਸਨ। ਪਰ ਓਹ ਆਪਣੇ ਖ਼ੁਦਾ ਪਰ ਐਸਾ ਪੱਕਾ ਭਰੋਸਾ ਰਖਦੇ ਸਨ ਕਿ ਦੂਜੀਆਂ ਕੌਮਾਂ ਦੇ ਅੱਡ ਅੱਡ ਖ਼ੁਦਾ ਮੰਨਦੇ ਹੋਏ ਬੀ ਓਹ ਆਪਣੇ ਖ਼ੁਦਾ ਨੂੰ ਹੋਰਨਾਂ ਕੌਮਾਂ ਦੇ ਖ਼ੁਦਾਵਾਂ ਨਾਲੋਂ ਬਲਵਾਨ ਸਮਝਣ ਲਗ ਗਏ ਸਨ। ਅਰਥਾਤ Mighty ਸ਼ਕਤੀਮਾਨ ਤੋਂ Almighty ਸਰਬ ਸ਼ਕਤੀਮਾਨ ਦੀ ਸਿਫ਼ਤ ਦੇ ਗਿਆਤਾ ਹੋ ਗਏ ਸਨ। ਜਿਸ ਕਰਕੇ ਕਈ ਲੋਕ ਹੁਣ ਇਹ ਆਖਣ ਲਗ ਪਏ ਹਨ ਕਿ ਯਹੂਦੀਆਂ, ਈਸਾਈਆਂ ਅਤੇ ਮੁਸਲਮਾਨਾਂ ਦੇ ਮਤਾਂ ਵਿਚ ਅਕਾਲ ਪੁਰਖ ਦੀ ਏਕਤਾ ਦਾ ਗਿਆਨ ਹਜ਼ਰਤ ਇਬ੍ਰਾਹੀਮ ਤੋਂ ਚਲਿਆ ਹੈ। ਇਸ ਲੇਖ ਵਿਚ ਸਾਡਾ ਇਹ ਮਤਲਬ ਨਹੀਂ ਕਿ ਅਸੀਂ ਇਸ ਬਾਤ ਦੀ ਖੋਜ ਕਰੀਏ ਕਿ ਇਹ ਦਾਵਾ ਕਿਥੋਂ ਤਕ ਠੀਕ ਹੈ, ਪਰ ਅਸੀਂ ਜਦ ਇਸ 'ਸ਼ਕਤੀਮਾਨ ਸੁਆਮੀ' ਦੀ ਸਿਫ਼ਤ ਨੂੰ "੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਗੁਰ ਮੰਤ੍ਰ ਦੀ ਇਕ 'ਪੁਰਖੁ' ਪਦ ਵਾਲੀ ਸਿਫ਼ਤ ਨਾਲ ਮੁਕਾਬਲਾ ਕਰਦੇ ਹਾਂ ਤਾਂ ਜੋ ਗਿਆਨ ਕਿ ਅਕਾਲ ਪੁਰਖ ਦਾ ਯਹੂਦੀਆਂ ਨੂੰ ਸੀ ਉਸ ਗਿਆਨ ਤੋਂ, ਜੋ ਗਿਆਨ ਅਕਾਲ ਪੁਰਖ ਦਾ ਸਿਖਾਂ ਨੂੰ ਹੈ, ਵਧੀਕ ਪਾਉਂਦੇ ਹਾਂ, ਕਿਉਂਕਿ ਪੁਰਖ ਦੇ ਅਰਥ ਬੀ Almighty Lord 'ਰਬ ਸ਼ਕਤੀਮਾਨ ਸੁਆਮੀ ਹੈ, ਪਰ ਇਸ 'ਪੁਰਖੁ' ਪਦ ਵਿਚ ਕਈ ਹੋਰ ਗੁਣ ਬੀ ਹਨ ਜੋ ਸਰਬ ਸ਼ਕਤੀਮਾਨ ਸੁਆਮੀ ਵਿਚ ਨਹੀਂ ਹੋ ਸਕਦੇ। ਅਰਥਾਤ 'ਪੁਰਖ' ਭਾਵੇਂ ਆਪਣੀ ਨਾਰ ਦਾ ਸੁਆਮੀ ਬੀ ਹੈ ਪਰ ਉਹ ਆਪਣੀ ਨਾਰ ਨਾਲ ਪਿਆਰ ਕਰਨ ਵਾਲਾ ਬੀ ਹੁੰਦਾ ਹੈ, ਜਿਸ ਕਰਕੇ, ਜਿਸ ਤਰ੍ਹਾਂ ਪਰ ਯਹੂਦੀ ਕੌਮ ਨੂੰ ਉਹਨਾਂ ਦਾ ਖ਼ੁਦਾ ਹਰ ਵੇਲੇ ਡਰਾਉਂਦਾ ਰਹਿੰਦਾ ਸੀ ਕਿ ਦੇਖੋ ਮੇਰੇ ਬੰਦਿਓ ਜੇ ਤੁਸਾਂ ਮੇਰਾ ਹੁਕਮ ਨਾ ਮੰਨਿਆ ਤਾਂ ਮੈਂ ਤੁਹਾਨੂੰ ਐਹ ਸਜ਼ਾ ਦੇਵਾਂਗਾ; ਔਹ ਦੰਡ ਦੇਵਾਂਗਾ, ਬਲਕਿ ਯਹੂਦੀਆਂ ਦਾ ਖ਼ੁਦਾ ਉਹਨਾਂ ਪਰ ਐਨਾ ਗੁੱਸੇ ਹੋ ਜਾਇਆ ਕਰਦਾ ਸੀ ਕਿ ਆਪਣੇ ਜਾਮੇ ਵਿਚ ਨਹੀਂ


www.sikhbookclub.com

ਸੀ ਸਮਾਉਂਦਾ। ਪਰ ਸਿਖਾਂ ਵਿਚ ਵਾਹਿਗੁਰੂ ਅਕਾਲ ਪੁਰਖ ਬਾਰੇ ਕਦੀ ਇਸ ਤਰ੍ਹਾਂ ਦਾ ਖ਼ਿਆਲ ਪੈਦਾ ਹੀ ਨਹੀਂ ਹੋ ਸਕਦਾ, ਕਿਉਂਕਿ 'ਪੁਰਖੁ' ਪਦ ਦੀ ਸਿਫ਼ਤ ਵਿਚ ਜੋ 'ਪਿਆਰ' ਦਾ ਹੋਣਾ ਜ਼ਰੂਰੀ ਹੈ, ਉਹ ਕਦੀ ਸਿਖਾਂ ਨੂੰ ਡਰਾਉਣ ਵਾਲਾ ਖ਼ੁਦਾ ਅਕਾਲ ਪੁਰਖ ਨੂੰ ਨਹੀਂ ਬਣਾ ਸਕਦਾ, ਸਗੋਂ ਜਿਸ ਤਰ੍ਹਾਂ ਪਿਆਰ ਕਰਨ ਵਾਲਾ ਖ਼ਾਂਵੰਦ ਆਪਣੀ ਭੁੱਲੀ ਹੋਈ ਨਾਰ ਨੂੰ ਇਹ ਕਿਹਾ ਕਰਦਾ ਹੈ ਕਿ ਮੈਂ ਤੇਰੇ ਵਾਸਤੇ ਸਭ ਤਰ੍ਹਾਂ ਦੇ ਸੁਖ ਦੇਣ ਨੂੰ ਤਿਆਰ ਹਾਂ ਪਰ ਤੇਰੀਆਂ ਭੁੱਲਾਂ (ਕੁਕਰਮ) ਤੈਨੂੰ ਦੁੱਖਾਂ ਵਲ ਲੈ ਜਾਣਗੀਆਂ। ਅਰਥਾਤ ਮੈਥੋਂ ਤੈਨੂੰ ਜਦ ਆਨੰਦ ਦੀ ਪ੍ਰਾਪਤੀ ਨਾ ਹੋਵੇਗੀ ਤਾਂ ਤੈਨੂੰ ਇਸ ਥੋੜ ਦਾ ਦੁਖ ਸੁਤੇ ਹੀ ਮਿਲੇਗਾ, ਇਸ ਵਾਸਤੇ ਹੇ ਪਤਨੀ ਤੂੰ ਸੁਪਤਨੀ ਹੋਕੇ ਰਹੁ ਆਪਣੀਆਂ ਭੁਲਾਂ ਨਾਲ ਕੁਪਤਨੀ ਨਾ ਬਣ। ਉਸੇ ਤਰ੍ਹਾਂ ਅਕਾਲ ਪੁਰਖ ਸਾਨੂੰ ਹਰ ਵੇਲੇ ਸੁਖ ਦੇਣ ਨੂੰ ਤਿਆਰ ਹੈ। ਯਹੂਦੀਆਂ ਵਿਚ ਤਾਂ ਖ਼ੁਦਾ ਦੀ ਮਰਜੀ ਪਰ ਨਾ ਚੱਲਣ ਦੇ ਕਾਰਨ ਖ਼ੁਦਾ ਨੂੰ ਯਹੂਦੀਆਂ ਨੂੰ ਸਜ਼ਾ ਦੇਣੀ ਪੈਂਦੀ ਸੀ, ਪਰ ਸਿਖਾਂ ਵਿਚ ਭੁੱਲਾਂ ਯਾ ਕਰਮਾਂ ਦੇ ਕਾਰਨ ਅਕਾਲ ਪੁਰਖ ਨੂੰ ਸਾਨੂੰ ਸਜ਼ਾ ਦੇਣੀ ਨਹੀਂ ਪੈਂਦੀ, ਸਗੋਂ ਅਕਾਲ ਪੁਰਖ ਦੇ ਪ੍ਰੇਮ ਅਥਵਾ ਆਨੰਦ ਦਾ ਵਿਛੋੜਾ ਹੀ ਖ਼ੁਦ ਬਖ਼ੁਦ ਮਿਲ ਜਾਂਦਾ ਹੈ, ਜਿਸ ਕਰਕੇ ਦੁੱਖ ਮਿਲਦੇ ਹਨ। ਐਸੀ ਹਾਲਤ ਵਿਚ ਸਿੱਖਾਂ ਵਿਚ ਖ਼ੁਦਾ ਨੂੰ ਆਪਣਾ ਕਹਿਰ ਦੱਸਣਾ ਨਹੀਂ ਪੈਂਦਾ। ਸਾਡੇ ਭੈੜੇ ਕਰਮ ਹੀ ਉਸ ਦੀ ਕਿਰਪਾ ਨੂੰ ਸਾਥੋਂ ਜੁਦਾ ਰਖਦੇ ਹਨ ਜਿਸ ਵਿਚ ਆਪਣੇ ਦੁੱਖਾਂ ਦਾ ਕਾਰਨ ਅਸੀਂ ਆਪ ਹੁੰਦੇ ਹਾਂ। ਇਨ੍ਹਾਂ ਬਰੀਕੀਆਂ ਨੂੰ ਜਦ ਵਿਚਾਰਿਆ ਜਾਵੇ ਤਾਂ ਯਹੂਦੀਆਂ ਨੂੰ ਤਾਂ ਆਪਣੇ ਖ਼ੁਦਾ ਤੋਂ ਡਰਦੇ ਹੋਏ ਕੁਰਬਾਨੀਆਂ ਦੇਣੀਆਂ ਪੈਂਦੀਆਂ ਸਨ ਪਰ ਸਾਨੂੰ ਐਸਾ ਨਹੀਂ ਕਰਨਾ ਪੈਂਦਾ, ਜਿਸ ਕਰਕੇ ਯਹੂਦੀਆਂ ਨੂੰ ਤਾਂ ਕੁਰਬਾਨੀ ਦੀ ਰਸਮ, ਜੋ ਪੁਰਾਣੇ ਸਮੇਂ ਵਿਚ ਸਾਰੀ ਦੁਨੀਆਂ ਵਿਚ ਮੁੱਰਵਜ ਸੀ ਅੱਜ ਤਕ ਬਹਾਲ ਰਖਣੀ ਪਈ ਹੈ, ਪਰ ਸਿਖ ਇਸ ਰਸਮ ਨੂੰ ਛੱਡ ਬੈਠੇ ਹਨ।

 www.sikhbookclub.com

## 20 ਰਸਮ ਕੁਰਬਾਨੀ

ਹੁਣ ਜੇ ਕੋਈ ਕਹੇ ਕਿ ਦੁਸਹਿਰੇ ਦੇ ਦਿਨ ਅਕਾਲ ਬੁੰਗੇ ਅੱਗੇ ਬਕਰੇ ਜੋ ਝਟਕਾਏ ਜਾਂਦੇ ਹਨ*, ਸੋ ਸਿਖਾਂ ਵਿਚ ਪੁਰਾਣੇ ਸਮੇਂ ਦੀ ਕੁਰਬਾਨੀ ਦੀ ਰਸਮ ਦੀ ਇੱਜ਼ਤ ਹੈ, ਜੋ ਸਿਖ ਧਰਮ ਦਾ ਇਕ ਅੰਗ ਹੈ, ਤਾਂ ਅਸੀਂ ਕਦੀ ਮੰਨਣ ਨੂੰ ਤਿਆਰ ਨਹੀਂ ਹਾਂ।

ਇਹ ਅਕਾਲ ਬੁੰਗੇ ਵਾਲੀ ਰਸਮ ਸਾਡੇ ਧਰਮਦਾ ਅੰਗ ਕਦੀ ਨਹੀਂ ਬਣ ਸਕਦੀ, ਕਿਉਂਕਿ ਸਾਡੇ ਮੂਲ ਮੰਤ੍ਰ ਵਿਚ 'ਪ੍ਰਸਾਦਿ' ਪਦ ਜੋ ਆ ਚੁਕਾ ਹੈ, ਸੋ ਇਸ ਰਸਮ ਨੂੰ ਕਦੀ ਕਾਇਮ ਨਹੀਂ ਰਖ ਸਕਦਾ। ਜਦ ਅਕਾਲ ਪੁਰਖ ਆਪ ਪ੍ਰਸਾਦਿ (ਕ੍ਰਿਪਾ) ਰੂਪ ਹੈ, ਅਥਵਾ ਇਹ ਕਹੋ ਕਿ ਓਹ ਕਿਰਪਾ (Grace) ਰੂਪ ਹੈ, ਤਾਂ ਕੀ ਓਹ ਸਾਡੇ ਪਾਪਾਂ ਦੇ ਬੱਦਲੇ ਬਕਰੇ ਲੈਕੇ ਪਾਪ ਬਖਸ਼ਣ ਵਾਲਾ ਹੋ ਸਕਦਾ ਹੈ? (ਸੈਮੇਟਿਕ ਕੁਰਬਾਨੀ ਦੇ ਇਹੀ ਅਰਥ ਹਨ ਕਿ ਆਪਣੇ ਪਾਪਾਂ ਵਾਸਤੇ ਆਪਣੇ ਮਾਲ ਪਸ਼ੂ ਆਦਿਕ ਨੂੰ ਖ਼ੁਦਾ ਦੀ ਭੇਟ ਕਰ ਦੇਣਾ ਅਥਵਾ ਆਪਣੀ ਜਾਨ ਬਚਾਉਣ ਦੀ ਖ਼ਾਤਰ ਆਪਣੇ ਜਾਨਵਰ ਦੀ ਜਾਨ ਦੇ ਦੇਣੀ)।

ਹੁਣ ਇਸ ਜਗਾ ਹੋਰ ਸਵਾਲ ਉਠੇਗਾ ਕਿ ਜੇ ਕੁਰਬਾਨੀ ਦੇਣੀ ਮਨ੍ਹਾ ਹੈ ਤਾਂ ਝਟਕਾ ਕਿਉਂ ਹੁੰਦਾ ਹੈ? ਇਸ ਦਾ ਅਸੀਂ ਸਿਰਫ਼ ਇਤਨਾ ਹੀ ਜਵਾਬ ਦਿਆਂਗੇ ਕਿ ਝਟਕਾ ਕੁਰਬਾਨੀ ਨਹੀਂ ਹੈ। ਇਹ 'ਜ਼ਿਬਹ ਕਰਨ' ਦੇ ਮੁਕਾਬਲੇ ਤੇ ਜਾਨਵਰ ਨੂੰ ਘੱਟ ਦੁਖ ਦੇਕੇ ਮਾਰਨ ਦਾ ਤਰੀਕਾ ਹੈ ਅਤੇ ਇਸ ਵਿਚ ਬੀ ਇਹ ਹੁਕਮ ਰਹਿਤ ਨਾਮਿਆਂ ਵਿਚ ਨਹੀਂ ਹੈ ਕਿ ਸਿਖ ਜ਼ਰੂਰ ਹੀ ਮਾਸ ਖਾਣ ਦੀ ਖਾਤਰ ਜਾਨਵਰਾਂ ਨੂੰ ਮਾਰਦੇ ਫਿਰਨ ਪਰ ਜੰਗਜੂ ਕੌਮਾਂ ਨੂੰ ਕਦੀ ਨਾ ਕਦੀ ਜਾਨਵਰਾਂ ਦੇ ਮਾਸ ਪਰ ਗੁਜ਼ਾਰਾ ਕਰਨਾ ਹੀ ਪੈਂਦਾ ਹੈ। ਜਿਸ ਕਰਕੇ ਰਹਿਤ ਨਾਮਿਆਂ ਵਿਚ ਇਸ ਦੇ ਖਾਣ ਨੂੰ (Tolerate) ਕੁਝ ਖੁੱਲ੍ਹਾ ਕਰਨਾ ਪਿਆ ਹੈ, ਤਾਂਕਿ ਸਿਖ 'ਸ਼ਮਸ਼ੇਰਜ਼ਨੀ' ਦੇ ਇਲਮ ਵਿਚ ਵਧੇ ਰਹਿਣ ਅਤੇ ਜੈਨੀਆਂ ਬੋਧੀਆਂ ਦੀ ਤਰ੍ਹਾਂ ਦੇਸ਼ਾਂ ਦੇ ਬਚਾਉ ਦੀ ਖਾਤਰ ਜੂੰ ਮਾਰਨ ਤੇ ਬੀ ਡਰਨ ਨਾਂ ਲਗ ਜਾਣ, ਵਰਨਾ

---

* ਜਿਨ੍ਹਾਂ ਦਿਨਾਂ ਦਾ ਇਹ ਲੇਖ ਲਿਖਤ ਹੈ, ਪਤਾ ਲਗਾ ਹੈ ਕਿ ਤਦੋਂ ਇਹੋ ਵਾਰਤਾ ਵਰਤਦੀ ਸੀ। ਹੁਣ ਨਹੀਂ ਹੈ। -ਸੰਪਾਦਕ

 www.sikhbookclub.com

ਝਟਕਾ ਕੋਈ ਕੁਰਬਾਨੀ ਨਹੀਂ ਹੈ ਤੇ ਸਿਖ ਆਪਣੇ ਪਾਪਾਂ ਦੀ ਖ਼ਾਤਰ ਪਸ਼ੂਆਂ ਦੇ ਮਾਰਨ ਦੇ ਸਿੱਧਾਂਤ ਨੂੰ ਮੰਨਣ ਲਈ ਤਿਆਰ ਨਹੀਂ ਹਨ।

ਜੇ ਇਹ ਕਹੋ ਕਿ ਕੁਰਬਾਨੀ ਦੀ ਥਾਂ ਸਿਖ ਕੜਾਹ ਪ੍ਰਸਾਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਤੇ ਸਾਧ ਸੰਗਤ ਵਿਚ ਪੇਸ਼ ਕਰਦੇ ਹਨ। ਸੋ ਕੜਾਹ ਪ੍ਰਸਾਦਿ ਬੀ ਕੁਰਬਾਨੀ ਨਹੀਂ ਹੈ। ਉਹ ਸਿਰਫ਼ ਆਪਣੀ ਨਿੰਮ੍ਰਤਾ ਦਿਖਾਉਣ ਵਾਸਤੇ, ਜ਼ਾਤ ਪਾਤ ਦਾ ਘੁਮੰਡ ਸੰਗਤ ਵਿਚੋਂ ਤੋੜਨ ਵਾਸਤੇ ਅਤੇ ਤਸਲੀਸ (ਤ੍ਰਿਕੁਟੀ) ਨੂੰ ਉਡਾਕੇ ਪਰਮਾਤਮਾ ਦੀ 'ਏਕਤਾ' ਦੇ ਦਿਖਾਉਣ ਦੀ ਗੁਰ ਰੀਤੀ ਹੈ, ਜਿਸ ਦਾ ਹਾਲ ਅਸੀਂ ਪਹਿਲੇ ਲਿਖ ਆਏ ਹਾਂ। ਇਸ ਵਿਚਾਰ ਤੋਂ ਸਜਣ ਜਨ ਸਮਝ ਸਕਦੇ ਹਨ ਕਿ ਯਹੂਦੀਆਂ ਦੀ ਰਸਮ 'ਕੁਰਬਾਨੀ' ਦੀ ਜੋ ਅਕਾਲ ਪੁਰਖ ਨੂੰ ਸਿਰਫ਼ ਸ਼ਕਤੀਮਾਨ ਯਾ ਸਰਵਸ਼ਕਤੀਮਾਨ ਸੁਆਮੀ ਦੱਸਕੇ ਅਤੇ ਖ਼ੁਦਾ ਨੂੰ ਡਰਾਉਣਾ ਹਊਆ ਬਣਾਕੇ ਭੇਟ ਲੈਣ ਦੀ ਪੈ ਗਈ ਹੈ, ਸੋ ਸਿਖਾਂ ਵਿਚ 'ਪੁਰਖੁ' ਪਦ ਮੂਲ ਮੰਤ੍ਰ ਵਾਲਾ ਕਦੀ ਇਸ ਰਸਮ ਨੂੰ ਵੜਨ ਨਹੀਂ ਦਿੰਦਾ ਅਤੇ ਨਾਂ ਕਦੀ ਉਹਨਾਂ ਕਹਾਣੀਆਂ ਪਰ, ਜੋ ਤੌਰੇਤ ਵਿਚ ਖ਼ੁਦਾ ਨੂੰ ਯਹੂਦੀਆਂ ਦੀ ਮਦਦ ਦੇਣ ਵਾਲਾ ਤੇ ਯਹੂਦੀਆਂ ਪਾਸੋਂ ਹਜ਼ਾਰਾਂ ਜਾਨਵਰਾਂ ਦੀਆਂ ਕੁਰਬਾਨੀਆਂ ਲੈਣ ਵਾਲਾ ਅਤੇ ਯਹੂਦੀਆਂ ਦੀ ਖ਼ਾਤਰ ਦੂਜੀਆਂ ਕੌਮਾਂ ਨੂੰ ਨਸ਼ਟ ਕਰਨ ਵਾਲਾ ਦੱਸਿਆ ਗਿਆ ਹੈ, ਸਿਖਾਂ ਨੂੰ ਵਿਸ਼ਵਾਸ਼ ਕਰਾ ਸਕਦਾ ਹੈ। ਹੁਣ ਫਰਜ਼ ਕਰੋ ਕਿ ਸਿਖ ਮਤ ਯਹੂਦੀਆਂ ਵਿਚ ਫੈਲੇ ਯਾ ਇਹ ਕਹੋ ਕਿ ਈਸਾਈਆਂ ਯਾ ਮੁਹੰਮਦੀਆਂ ਵਿਚ ਫੈਲੇ ਕਿ ਜਿਨ੍ਹਾਂ ਨੇ ਯਹੂਦੀ ਮਤ ਦੇ ਬਹੁਤ ਸਾਰੇ ਸਿੱਧਾਂਤ ਅਤੇ ਰਸਮਾਂ ਆਪਣੇ ਵਿਚ ਲਈਆਂ ਹੋਈਆਂ ਹਨ ਤਾਂ ਸਾਡੇ ਗ੍ਰੰਥੀ ਜੇ ਆਪਣੇ ਘਰ ਦੇ ਚੰਗੇ ਵਾਕਫ਼ ਅਤੇ ਆਪਣੇ ਧਰਮ ਦੇ ਪੱਕੇ ਨਿਸ਼ਚੇਵਾਨ ਨਾਂ ਹੋਣਗੇ ਤਾਂ ਕਿਸ ਤਰ੍ਹਾਂ ਨਾਲ ਉਹਨਾਂ ਮਤਾਂ ਵਿਚੋਂ ਆਏ ਸਿਖਾਂ ਦੇ ਮਨਾਂ ਵਿਚੋਂ ਹੌਲੀ ਹੌਲੀ ਕੁਰਬਾਨੀ ਦਾ ਖਿਆਲ ਉਡਾਉਣਗੇ?

ਭਲਾ ਆਪ ਯਹੂਦੀਆਂ, ਈਸਾਈਆਂ ਯਾ ਮੁਹੰਮਦੀਆਂ ਵਲ ਕਿਉਂ ਜਾਂਦੇ ਹੋ, ਕੀ ਵੇਦਾਂ ਦੇ ਸਮੇਂ ਹਿੰਦੂਆਂ ਵਿਚ ਘੱਟ ਕੁਰਬਾਨੀਆਂ ਹੁੰਦੀਆਂ ਸਨ? ਇਸ ਰਸਮ ਨੂੰ ਭਾਵੇਂ ਗੌਤਮ ਜੀ ਨੇ ਤੋੜਿਆ ਹੈ, ਪਰ ਅਜੇ ਬੀ ਸਾਡੇ ਹਿੰਦੂ ਭਾਈ ਨਰੇਲ ਆਦਿਕ ਦੇਵੀਆਂ ਅੱਗੇ ਭੰਨਣੋਂ ਤੇ ਕੁਰਬਾਨੀਆਂ ਦੇਣੋਂ ਨਹੀਂ ਟਲੇ। ਸਗੋਂ ਆਪਣੇ ਘਰ ਵਿਚ ਅਰਥਾਤ ਗ੍ਰੰਥੀ ਝਟਕੇ ਨੂੰ


www.sikhbookclub.com

ਬੀ ਕੁਰਬਾਨੀ ਸਮਝਕੇ ਅਨਮਤਾਂ ਦੀ ਕੁਰਬਾਨੀ ਦੀ ਰਸਮ ਨੂੰ ਸਿਖੀ ਦਾ ਅੰਗ ਬਣਾ ਕੇ ਅਕਾਲ ਪੁਰਖ ਨੂੰ ਪਸ਼ੂਆਂ ਦੇ ਖਾਣ ਵਾਲਾ ਤੇ ਜਾਨਵਰਾਂ ਦੇ ਲਹੂ ਪੀਣ ਵਾਲਾ, ਬਦਲੇ ਲੈਣ ਵਾਲਾ ਤੇ ਡਰਾਉਣਾ ਹਊਆ ਮੰਨਣ ਲਗ ਪੈਣਗੇ, ਜੋ ਸਿਖੀ ਦੇ ਅਸੂਲ ਤੋਂ ਬਿਲਕੁਲ ਉਲਟਾ ਕੰਮ ਹੈ। ਸਿਖੀ ਵਿਚ ਅਕਾਲ ਪੁਰਖ ਸਰਬ ਸ਼ਕਤੀਮਾਨ ਸੁਆਮੀ ਮੰਨਿਆ ਜਾਕੇ ਬੀ ਪ੍ਰਸ਼ਾਦਿ ਅਰਥਾਤ ਕਿਰਪਾ ਦਾ ਰੂਪ ਮੰਨਿਆ ਗਿਆ ਹੈ। ਉਹ ਕਦੀ ਕਿਸੇ ਨੂੰ ਦੁਖ ਨਹੀਂ ਦੇਂਦਾ, ਸਾਰਾ ਦੁਖ ਸਾਡੇ ਅਗਿਆਨ ਅਤੇ ਕੁਕਰਮਾਂ ਦਾ ਫਲ ਹੈ; ਨਹੀਂ ਤਾਂ ਅਕਾਲ ਪੁਰਖ ਸਾਡਾ ਹਰ ਵੇਲੇ ਮਿੱਤ੍ਰ ਹੈ। ਅਗੇ ਚੱਲਕੇ ਅਸੀਂ ਯਹੂਦੀਆਂ ਦੀਆਂ ਹੋਰ ਰਸਮਾਂ ਪਰ ਵੀਚਾਰ ਕਰਾਂਗੇ। ਸੋ ਸੱਜਣੋਂ ਜੇ ਚਾਹੁੰਦੇ ਹੋ ਕਿ ਸਿਖੀ ਧਰਮ ਦੇ ਅਸੂਲਾਂ ਨੂੰ ਪੂਰੀ ਪਵਿਤ੍ਰਤਾ ਵਿਚ ਰੱਖੋ ਅਨਮਤਾਂ ਦੀਆਂ ਰਸਮਾਂ ਦੇ ਹੇਠ ਲੁਕਣ ਨਾ ਦਿਓ ਤਾਂ ਚੰਗੇ ਵਿਦਵਾਨ ਤੇ ਨਿਸਚੇ ਦੇ ਪੱਕੇ ਗ੍ਰੰਥੀ ਪੈਦਾ ਕਰੋ; ਜੋ ਸਿਖ ਧਰਮ ਦੇ ਹਰ ਪਹਿਲੂ ਤੋਂ ਵਾਕਫ਼ ਹੋਕੇ ਧਰਮਸਾਲਾਂ ਅਤੇ ਗੁਰਦੁਆਰਿਆਂ ਦੀਆਂ ਸੰਗਤਾਂ ਵਿਚ ਅਨਮਤਾਂ ਅਤੇ ਅਨ ਦੇਸਾਂ ਦੀਆਂ ਪ੍ਰਚਲਤ ਰਸਮਾਂ ਨੂੰ ਸਿਖਾਂ ਵਿਚ ਵੜਨ ਨਾ ਦੇਣ। (ਖਾਲਸਾ ਸਮਾਚਾਰ, ਮਿਤੀ 5 ਦਸਬੰਰ 1906 ਈ:)

ਲੇਖ ਜਾਰੀ... ਅਸੀਂ ਦੱਸ ਆਏ ਹਾਂ ਕਿ ਯਹੂਦੀਆਂ (ਅਤੇ ਵੇਦਕਾਂ) ਦੀ ਚਲਾਈ ਹੋਈ ਰਸਮ ਕੁਰਬਾਨੀ ਸਿਖ ਸਿੱਧਾਂਤ ਦੇ ਅਨੁਕੂਲ ਨਹੀਂ ਹੈ। ਗ੍ਰੰਥੀ ਜੇ ਅਵਿਦਜਾਵਾਨ ਰਹਿਣਗੇ ਤਾਂ ਇਸ ਰਸਮ ਨੂੰ ਸਿਖੀ ਵਿਚ ਝਟਕੇ ਅਥਵਾ ਕੜਾਹ ਪ੍ਰਸ਼ਾਦ ਨੂੰ ਅਗੇ ਰੱਖਕੇ ਵਾੜ ਦੇਣਗੇ। ਸ਼ਾਇਦ ਇਸ ਪਰ ਕਈ ਸੱਜਣ ਕਹਿਣਗੇ ਕਿ ਇਹ ਸਾਡਾ ਵੀਚਾਰ ਠੀਕ ਨਹੀਂ ਹੈ। ਜਿਸ ਤਰ੍ਹਾਂ ਸਾਡੇ ਵਿਚ ਕੜਾਹ ਪ੍ਰਸ਼ਾਦ ਅਥਵਾ ਝਟਕਾ ਕੁਰਬਾਨੀ ਨਹੀਂ, ਇਸੇ ਤਰ੍ਹਾਂ ਯਹੂਦੀਆਂ ਵਿਚ ਬੀ ਪਸ਼ੂ ਕੁਰਬਾਨੀ ਦੀ ਖ਼ਾਤਰ ਨਹੀਂ ਮਾਰੇ ਜਾਂਦੇ ਸਨ, ਸਗੋਂ ਵੇਦਾਂ ਦੇ ਸਮੇਂ ਵਿਚ ਬੀ ਵੈਦਕ ਇਨ੍ਹਾਂ ਨੂੰ ਆਪਣੀ ਖੁਰਾਕ ਵਾਸਤੇ ਹੀ ਮਾਰਦੇ ਸਨ, ਕੁਰਬਾਨੀ ਵਾਸਤੇ ਨਹੀਂ ਮਾਰਦੇ ਸਨ। ਵੇਦਾਂ ਦਾ ਹਾਲ ਤਾਂ ਅਸੀਂ ਸਮੇਂ ਸਿਰ ਕਦੇ ਫੇਰ ਲਿਖਾਂਗੇ, ਹਾਲਾਂ ਯਹੂਦੀਆਂ ਦੀ ਕੁਰਬਾਨੀ ਦਾ ਜੋ ਅਸਲ ਮਤਲਬ ਸੀ, ਸੋ ਇਕ ਅੰਗ੍ਰੇਜ਼ ਦੀ ਕਲਮ ਦਾ ਲੇਖ ਇਥੇ ਹਵਾਲੇ ਦੇ ਤੌਰ ਤੇ ਦੇਕੇ ਲਿਖਦੇ ਹਾਂ:

 www.sikhbookclub.com

"The origion of sacrifice is given as a means by which, God was propitiated after the fall of man, and the symbol of the redemption, of mankind by the promised messiah. This was further symbolised by the eleborate system of ritual in the later mosaic period each detail of which was carried out with every circumstance of precise and ceremonial observance."

ਭਾਵ- ਕੁਰਬਾਨੀ ਦੀ ਅਸਲੀਅਤ ਇਹ ਹੈ ਕਿ ਇਸ ਨਾਲ ਪਰਮੇਸ਼ੁਰ ਮਨੁਖ ਦੇ ਗਿਰਾਉ ਦੇ ਮਗਰੋਂ ਮਨਾਇਆ ਗਿਆ ਹੈ। ਅਰ ਮਨੁਖ ਜਾਤੀ ਦੇ ਮਸੀਹ ਤੋਂ ਛੁਟਕਾਰੇ ਪਾਉਣ ਦੀ ਪੱਕੀ ਨਿਸ਼ਾਨੀ ਪ੍ਰਗਟ ਹੋਵੇ। ਜੋ ਤਰੀਕਾ ਖਾਸ ਰੀਤਾਂ ਤੇ ਰਸਮਾਂ ਨਾਲ ਮੂਸਾ ਦੇ ਮਗਰਲੇ ਸਮੇਂ ਵਿਚ ਪੱਕੀ ਮਰਿਯਾਦਾ ਮੂਜਬ ਹੁੰਦਾ ਸੀ ਓਹ ਇਸ ਭਾਵ ਨੂੰ ਹੋਰ ਬੀ ਪੱਕਾ ਕਰਦਾ ਹੈ, ਆਦਿ।

ਇਸ ਤੋਂ ਸਾਫ਼ ਸਾਬਤ ਹੈ ਕਿ ਯਹੂਦੀਆਂ ਦੀਆਂ ਕੁਰਬਾਨੀਆਂ ਪਸ਼ੂਆਂ ਦੇ ਮਾਰਨ ਦੀਆਂ ਕੇਵਲ ਪਾਪਾਂ ਦਾ ਕੁਫਾਰਾ ਅਰਥਾਤ ਬਦਲਾ ਹੁੰਦਾ ਸੀ, ਹੋਰ ਕਿਸੇ ਮਤਲਬ ਵਾਸਤੇ ਨਹੀਂ ਸੀ। ਇਸ ਇਬਾਰਤ ਵਿਚ ਜੋ ਪਦ 'ਮਸੀਹਾ' ਆਇਆ ਹੈ ਉਸ ਤੋਂ ਮੁਰਾਦ ਹਜ਼ਰਤ ਈਸਾ ਤੋਂ ਯਹੂਦੀਆਂ ਦੀ ਨਹੀਂ ਹੈ, ਕਿਉਂਕਿ ਯਹੂਦੀ ਈਸਾ ਨੂੰ 'ਮਸੀਹਾ' ਨਹੀਂ ਮੰਨਦੇ। ਉਹਨਾਂ ਦਾ ਵਿਸ਼ਵਾਸ਼ ਹੈ ਕਿ ਅਜੇ ਤਕ ਮਸੀਹਾ ਦੁਨੀਆਂ ਵਿਚ ਪੈਦਾ ਹੀ ਨਹੀਂ ਹੋਇਆ। ਈਸਾਈਆਂ ਨੇ ਲੋਕਾਂ ਦਾ, ਖਾਸ ਕਰਕੇ ਯਹੂਦੀਆਂ ਦਾ ਧਿਆਨ ਹਜ਼ਰਤ ਈਸਾ ਵਲ ਦੁਆਉਣ ਦੀ ਖ਼ਾਤਰ ਹਜ਼ਰਤ ਦਾ ਨਾਮ ਮਸੀਹ ਰੱਖ ਦਿਤਾ ਹੈ।

ਦੂਜੀ ਗਲ ਯਾਦ ਰਖਣ ਵਾਲੀ ਇਹ ਹੈ ਕਿ ਜੋ ਰਸਮ ਕੁਰਬਾਨੀ ਦੀ ਯਹੂਦੀਆਂ ਵਿਚ ਸੀ ਸੋ ਸਾਰੇ ਸੰਸਾਰ ਵਿਚ ਫੈਲੀ ਹੋਈ ਸੀ, ਕਈ ਵਿਦਵਾਨ ਸਜਣਾਂ ਨੂੰ ਪਤਾ ਹੋਵੇਗਾ ਕਿ ਪੀਰੂ, ਮੈਕਸੀਕੋ, ਟਿਊਟਨ, ਸਲੈਵ ਆਦਿਕ ਕਈ ਕੌਮਾਂ ਦੇ ਪ੍ਰਾਚੀਨ ਮਤ ਜੋ ਹੁਣ ਲੋਪ ਹੋ ਚੁਕੇ ਹਨ, ਉਹਨਾਂ ਵਿਚ ਬੀ ਕੁਰਬਾਨੀਆਂ ਹੁੰਦੀਆਂ ਸਨ। ਵੇਦਾਂ ਦੇ ਸਮੇਂ ਬੀ ਭਾਰਤ ਵਿਚ ਇਨ੍ਹਾਂ ਦਾ ਜ਼ੋਰ ਘੱਟ ਨਹੀਂ ਸੀ। ਸੋ ਇਹ ਰਿਵਾਜ ਬਹੁਤ ਪੁਰਾਣਾ ਹੈ। ਇਸ ਰਿਵਾਜ ਦੇ ਉਡਾਉਣ ਦੀ ਵਡੀ ਕੋਸ਼ਿਸ਼ ਬੁਧ ਮਤ ਵਲੋਂ ਹੁੰਦੀ ਰਹੀ ਹੈ, ਜੈਸਾ ਕਿ ਅਸ਼ੋਕ ਆਦਿਕ ਮਹਾਂਰਾਜਿਆਂ ਦੀਆਂ ਲਿਖਤਾਂ ਤੋਂ ਸਾਬਤ

 www.sikhbookclub.com

ਹੁੰਦਾ ਹੈ। ਪਰ ਮੁਹੰਮਦੀ ਮਤ ਨੇ ਅਜੇ ਬੀ ਇਸ ਰਸਮ ਨੂੰ ਦੂਰ ਨਹੀਂ ਹੋਣ ਦਿਤਾ, ਜਿਸ ਕਰਕੇ ਧਰਮ ਦੀ ਚਾਦਰ ਹੇਠ ਹਿੰਸਾ ਪਾਪਾਂ ਦਾ ਕੁਫਾਰਾ ਬਣਕੇ ਅਜੇ ਤਕ ਦੁਨੀਆਂ ਵਿਚ ਚੱਲ ਰਹੀ ਹੈ। ਮੁਹੰਮਦੀ ਮਤ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਕੁਝ ਨਾਂ ਕੁਝ ਪ੍ਰਚਲਤ ਹੋ ਰਿਹਾ ਹੈ। ਸੋ ਜੇ ਸਿਖੀ ਨੇ ਵਾਧਾ ਕਰਨਾ ਹੈ ਤਾਂ ਇਹ ਕੁਰਬਾਨੀ ਦਾ ਮਸਲਾ ਨਾ ਸਿਰਫ਼ ਮੁਹੰਮਦੀਆਂ ਵਲੋਂ ਹੀ ਸਿਖੀ ਦੀ ਮੁਖ਼ਾਲਫ਼ਤ ਉਤੇ ਉਠੇਗਾ, ਜੋ ਇਹ ਕਹਿੰਦੇ ਹਨ ਕਿ ਇਸੀ ਕੁਰਬਾਨੀ ਦੇ ਅਸੂਲ ਦੀ ਇੱਜ਼ਤ ਵਿਚ ਹਜ਼ਰਤ ਮਸੀਹ ਨੇ ਆਪਣੇ ਆਪ ਨੂੰ ਕੁਰਬਾਨ ਕਰ ਦਿਤਾ, ਇਸ ਤਰ੍ਹਾਂ ਹੋਰਨਾਂ ਮਤਾਂ ਵਲੋਂ ਬੀ ਇਹ ਸੁਆਲ ਉਠਿਆ ਕਰਨਗੇ। ਇਸ ਵੇਲੇ ਸਾਡੇ ਆਰੀਆ ਭਾਈ ਸੰਸਕ੍ਰਿਤ ਦੀ ਪੜ੍ਹਾਈ ਵਲ ਜ਼ੋਰ ਬਹੁਤ ਦੇ ਰਹੇ ਹਨ। ਜਦ ਸੰਸਕ੍ਰਿਤ ਜ਼ੋਰ ਫੜੇਗੀ ਤਾਂ ਵੇਦਾਂ ਵਿਚ ਜੋ ਨਰਮੇਧ ਗੋਮੇਧ ਆਦਿਕ ਕੁਰਬਾਨੀਆਂ ਦਾ ਜ਼ਿਕਰ ਹੈ ਸੋ ਜ਼ਰੂਰ ਕਿਸੇ ਨਾ ਕਿਸੇ ਦਿਨ ਪੈਦਾ ਹੋਵੇਗਾ, ਕਿਉਂਕਿ ਹਿੰਦੁਸਤਾਨ ਵਿਚ ਬ੍ਰਹਮੋ, ਸਨਾਤਨੀ, ਮੁਸਲਮਾਨ, ਈਸਾਈ, ਜੈਨੀ ਆਦਿਕ ਹੋਰ ਕਈ ਮਤਾਂ ਵਾਲੇ ਬੀ ਵੱਸਦੇ ਹਨ ਜੋ ਵੇਦਾਂ ਦੇ ਮੰਤ੍ਰਾਂ ਦਾ ਯਥਾਰਥ ਅਰਥ ਜ਼ਰੂਰ ਕਰਨਗੇ। ਹਰ ਮਤ ਦੇ ਆਦਮੀ ਸਾਧੂ ਦਯਾ ਨੰਦ ਜੀ ਦੇ ਅਰਥਾਂ ਨੂੰ, ਜੈਸਾ ਕਿ ਓਹ ਹੁਣੇ ਆਖ ਰਹੇ ਹਨ ਕਿ ਠੀਕ ਨਹੀਂ ਹਨ, ਅਗੋਂ ਬੀ ਅਸ਼ੁੱਧ ਕਹਿਣਗੇ, ਕਿਉਂਕਿ ਉਹਨਾਂ ਨੂੰ ਅਰਥਾਂ ਦੇ ਉਲਟ ਪੁਲਟ ਕਰਨ ਨਾਲ ਕੁਝ ਲਾਭ ਨਹੀਂ ਹੋਵੇਗਾ।

ਗੌਤਮ ਜੀ ਦੇ ਸਮੇਂ ਤੋਂ ਪਹਿਲੇ ਹਿੰਦ ਵਿਚ ਜੋ ਕੁਰਬਾਨੀਆਂ ਹੁੰਦੀਆਂ ਸਨ ਅਤੇ ਜਿਨ੍ਹਾਂ ਕੁਰਬਾਨੀਆਂ ਨੂੰ ਅੱਗੇ ਰੱਖਕੇ ਅਜੇ ਤਕ ਹਿੰਦੂਆਂ ਦੇ ਕਈ ਫ਼ਿਰਕੇ ਆਪਣੇ ਆਪਣੇ ਇਸ਼ਟ ਦੇਵਤਾ ਦੇ ਸਥਾਨਾਂ ਪਰ ਜਾਕੇ ਨਰੇਲ, ਤਰਬੂਜ਼ ਆਦਿਕ ਫਲ, ਅਤੇ ਬਕਰੇ, ਸੰਢੇ ਆਦਿਕ ਪਸ਼ੂ ਹੁਣ ਤਕ ਚੜ੍ਹਾਉਂਦੇ ਹਨ, ਸਗੋਂ ਨਰਮੇਧ ਆਦਿਕ ਰੀਤਾਂ ਦੀ ਜਗ੍ਹਾ ਆਪਣੇ ਸਿਰਾਂ ਦੇ ਵਾਲ ਮੁਨਾਉਂਦੇ ਹਨ, ਇਹ ਕੁਰੀਤੀ ਅਜੇ ਤਕ ਐਥੋਂ ਤਕ ਜਾਰੀ ਹੈ ਕਿ ਕਿਤੇ ਕਿਤੇ ਸਾਡੇ ਸਿੰਧੀ ਭਾਈ ਪੰਜ ਆਨੇ ਅਰਦਾਸ ਦੇਕੇ ਆਪਣੀ ਝੰਡ ਖਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਧਰਮਸਾਲਾ ਵਿਚ ਜਾਕੇ ਮੁੰਡਵਾਉਂਦੇ ਹਨ। ਸੋ ਜਦ ਸੰਸਕ੍ਰਿਤ ਤਰੱਕੀ ਪਾ ਜਾਵੇਗੀ ਤਾਂ ਇਸ ਕੁਰੀਤੀ ਨੂੰ ਕਾਇਮ ਰਖਣ ਵਾਸਤੇ ਏਹ ਲੋਕ ਵੇਦ ਮੰਤ੍ਰ ਪੇਸ਼ ਕੀਤਾ ਕਰਨਗੇ। ਸੋ ਕੁਰਬਾਨੀ

 www.sikhbookclub.com

ਦੀ ਰਸਮ ਸਿਖੀ ਦੇ ਮੁਕਾਬਲੇ ਉਪਰ ਬਹੁਤ ਜ਼ੋਰ ਸ਼ੋਰ ਨਾਲ ਖੜੀ ਹੋਵੇਗੀ, ਜਿਸ ਕਰਕੇ ਸਾਡੇ ਗਿਆਨੀਆਂ ਅਤੇ ਵਿਦਿਜਾਵਾਨਾਂ ਨੂੰ ਇਸ ਕੁਰੀਤੀ ਦੇ ਦੂਰ ਕਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਅਤੇ ਸਿਖ ਮਤ ਦੀਆਂ ਜ਼ਬਰਦਸਤ ਦਲੀਲਾਂ ਵੱਲ ਪੂਰਾ ਧਿਆਨ ਦੇਣ ਦੀ ਲੋੜ ਹੈ, ਤਾਕਿ ਸਾਡੇ ਗ੍ਰੰਥੀ ਇਸ ਸਿਧਾਂਤ ਤੋਂ ਚੰਗੀ ਤਰ੍ਹਾਂ ਵਾਕਫ਼ ਹੋਕੇ ਇਸ ਕੁਰੀਤੀ ਨੂੰ ਸਿੱਖਾਂ ਵਿਚ ਨਾ ਵੜਨ ਦੇਣ, ਪਰ ਇਹ ਸਾਰਾ ਕੰਮ ਛੋਟਾ ਜਿਹਾ ਨਹੀਂ ਹੈ। ਜਿਸ ਤਰ੍ਹਾਂ ਇਸ ਵਿਸ਼ੇ ਨੂੰ ਚੰਗੀ ਤਰ੍ਹਾਂ ਖੋਲ੍ਹਕੇ ਲਿਖਣ ਦਾ ਕੰਮ ਸਿਖ ਵਿਦਜਾਵਾਨਾਂ ਦਾ ਹੈ ਇਸੇ ਤਰ੍ਹਾਂ ਇਸ ਤੋਂ ਚੰਗੀ ਤਰ੍ਹਾਂ ਖ਼ਬਰਦਾਰ ਰਹਿਣ ਦਾ ਚੰਗੇ ਗ੍ਰੰਥੀਆਂ ਦਾ ਹੈ, ਨਹੀਂ ਤਾਂ ਕਈ ਕੁਰੀਤੀਆਂ ਸਿਖਾਂ ਵਿਚ 'ਕੁਰਬਾਨੀ' ਦੇ ਬਹਾਨੇ ਵੜ ਜਾਣਗੀਆਂ, ਜੈਸਾ ਕਿ ਹੁਣੇ ਹੀ ਕਈ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਘਿਉ ਸਾੜਨ ਦਾ ਕੰਮ ਜਾਰੀ ਹੋ ਗਿਆ ਹੈ, ਜਿਸ ਨੂੰ ਲੋਕ ਹਵਨ ਆਖਦੇ ਹਨ ਅਤੇ ਸਾਡੇ ਅਵਿਦਜਾਵਾਨ ਗ੍ਰੰਥੀ ਅਵਿਦਜਾ ਦੇ ਕਾਰਨ ਯਾ ਲਾਲਚ ਵਿਚ ਫਸਕੇ ਇਸ ਕੰਮ ਨੂੰ ਰੋਕਣ ਦੀ ਥਾਂ ਸਗੋਂ ਇਸ ਕੰਮ ਵਿਚ ਹਿੱਸਾ ਲੈਣ ਲਗ ਪਏ ਹਨ। ਜਿਸ ਕਰਕੇ, ਮਿਤ੍ਰੋ! ਇਸ ਕੁਰੀਤੀ ਨੂੰ ਦੁਨੀਆਂ ਭਰ ਵਿਚੋਂ ਦੂਰ ਕਰਨ ਦੀ ਖ਼ਾਤਰ ਚੰਗੇ ਗ੍ਰੰਥੀ ਪੈਦਾ ਕਰੋ। (ਖਾਲਸਾ ਸਮਾਚਾਰ ਮਿਤੀ 12-12-1906 ਈ:)

## 21 ਮੱਥਾ ਟੇਕਣਾ ਰਸਮ

ਕੁਰਬਾਨੀ ਦੀ ਰਸਮ ਦਾ ਜੋ ਅਸਰ ਯਹੂਦੀਆਂ ਵਲੋਂ ਸ਼ੁਰੂ ਹੋਕੇ ਈਸਾਈ ਮਤ ਤੇ ਮੁਹੰਮਦੀ ਮਤ ਤੋਂ ਦੁਨੀਆਂ ਪਰ ਪੈ ਰਿਹਾ ਹੈ ਅਤੇ ਜੋ ਅਸਰ ਵੇਦਾਂ ਵਲੋਂ ਹਿੰਦ ਆਦਿਕ ਦੇਸ਼ਾਂ ਪਰ ਗੌਤਮ ਜੀ ਦੇ ਸਮੇਂ ਤੋਂ ਪਹਿਲਾਂ ਪੈ ਰਿਹਾ ਸੀ, ਉਸ ਦਾ ਹਾਲ ਪਿਛਲੇ ਅੰਕਾਂ ਵਿਚ ਲਿਖ ਚੁਕੇ ਹਾਂ ਕਿ ਉਹ ਅਸਰ ਚੰਗੀ ਤਰ੍ਹਾਂ ਫੇਰ ਜਾਰੀ ਹੋਣ ਵਾਲਾ ਹੈ। ਹੁਣ ਅਸੀਂ ਯਹੂਦੀਆਂ ਦੀ ਇਕ ਹੋਰ ਰਸਮ ਦਾ ਹਾਲ ਦੱਸਦੇ ਹਾਂ। ਜਿਨ੍ਹਾਂ ਸਜਣਾਂ ਨੇ ਤੌਰੇਤ ਪੜ੍ਹੀ ਹੈ, ਉਹਨਾਂ ਨੂੰ ਪਤਾ ਹੈ ਕਿ ਜਿਸ ਤਰ੍ਹਾਂ ਨਾਲ ਸਿਖਾਂ ਵਿਚ ਕੋਈ ਬ੍ਰਾਹਮਣ ਕਲਾਸ ਇਸ ਵੇਲੇ ਨਹੀਂ ਹੈ, ਗ੍ਰੰਥੀ ਗਿਆਨੀ ਉਪਦੇਸਕ ਰਾਗੀ ਆਦਿਕ ਸਿਰਫ਼ ਸੇਵਕੀ ਦੇ ਕੰਮ ਹਨ, ਖਾਸ ਬ੍ਰਾਹਮਣਾਂ ਵਰਗੀ ਜਾਤ ਨਹੀਂ

 www.sikhbookclub.com

ਹੈ। ਉਸ ਤਰ੍ਹਾਂ ਪਹਿਲੇ ਯਹੂਦੀਆਂ ਵਿਚ ਬੀ ਇਸ ਤਰ੍ਹਾਂ ਦੀ ਕੋਈ ਕੌਮ ਨਹੀਂ ਸੀ, ਹਰ ਇਕ ਖਾਨਦਾਨ ਵਿਚ ਵਡੇ ਵਡੇਰੇ ਹੀ ਧਾਰਮਕ ਕੰਮ ਕੀਤਾ ਕਰਦੇ ਸਨ, ਪਰ ਜਿਸ ਵੇਲੇ ਹਜ਼ਰਤ ਮੂਸਾ ਨੇ ਦਸ ਹੁਕਮ ਪਹਾੜ ਸੀਨਾਂ ਉਪਰੋਂ ਲਿਆਕੇ ਯਹੂਦੀਆਂ ਵਿਚ ਪੇਸ਼ ਕੀਤੇ ਸਨ ਅਤੇ ਦੱਸਿਆ ਸੀ ਕਿ ਏਹ ਖ਼ੁਦਾ ਨੇ ਦਿਤੇ ਹਨ ਅਤੇ ਜੋ ਅੱਜ ਤੱਕ ਯਹੂਦੀਆਂ ਅਤੇ ਈਸਾਈਆਂ ਵਿਚ ਖ਼ੁਦਾ ਦਾ ਕਲਾਮ ਮੰਨੇ ਜਾਂਦੇ ਹਨ, ਉਸੇ ਸਮੇਂ ਤੋਂ ਅੱਜ ਤੱਕ ਲਾਇਕ ਯਹੂਦੀਆਂ ਨੇ ਇਨ੍ਹਾਂ ਹੁਕਮਾਂ ਦੇ ਅਨੁਸਾਰ ਆਪਣੇ ਧਾਰਮਕ ਸੇਵਕਾਂ ਦੇ ਪ੍ਰਬੰਧ ਦਾ ਕਾਨੂੰਨ ਅਤੇ ਆਪਣੀਆਂ ਰਸਮਾਂ ਅਤੇ ਸਦਾਚਾਰ ਦੀ ਸ਼ਰਾਅ਼ ਨੂੰ ਪੈਦਾ ਕਰ ਲਿਆ ਹੈ, ਸਗੋਂ ਆਪਣੇ ਦੁਨੀਆਂਦਾਰੀ ਦੇ ਕਾਨੂੰਨ, ਦੀਵਾਨੀ, ਫੌਜਦਾਰੀ, ਮੁਨਸਫ਼ੀ ਅਤੇ ਕੌਮੀ ਵਿਧਾਨ (Constitution) ਆਦਿਕ ਸਭ ਬਣਾ ਲਏ ਹਨ ਅਤੇ ਉਹਨਾਂ ਪਰ ਏਹ ਲੋਕ ਅਜ ਤਕ ਅਮਲ ਕਰਨ ਕਰਾਉਣ ਵਿਚ ਤਤਪਰ ਰਹਿੰਦੇ ਹਨ। ਐਥੋਂ ਤਕ ਕਿ ਭਾਵੇਂ ਇਸ ਕੌਮ ਦਾ ਕਿਤੇ ਬੀ ਰਾਜ ਨਹੀਂ ਹੈ, ਪਰ ਫੇਰ ਬੀ ਇਸ ਦਸ਼ਾ ਵਿਚ ਇਹ ਕੌਮ ਇਕ ਅੱਡਰੀ ਕੌਮ ਸਦਾਉਂਦੀ ਹੈ ਅਤੇ ਦੁਨੀਆਂ ਭਰ ਵਿਚ ਵਿਚਰਕੇ ਬੀ ਇਹ ਆਪਣੇ ਪ੍ਰਬੰਧਕ ਕਾਨੂੰਨਾਂ ਦੇ ਸਹਾਰੇ ਅਜੇ ਤਕ ਜੀਉਂਦੀ ਜਾਗਦੀ ਹੈ। ਭਾਵੇਂ ਇਸ ਦੇ ਮੁਕਾਬਲੇ ਕਈ ਵਾਰੀ ਹੋਏ ਹਨ, ਇਸ ਨੂੰ ਕਈ ਵਾਰੀ ਸਤਾਇਆ ਗਿਆ ਹੈ, ਸਗੋਂ ਇਸ ਕੌਮ ਵਿਚੋਂ ਇਕ ਪੁਤਰ 'ਹਜ਼ਰਤ ਮਸੀਹ' ਪੈਦਾ ਹੋਇਆ, ਪਰ ਉਸ ਦੇ ਚੇਲੇ ਚਾਟੜਿਆਂ ਨੇ ਬੀ ਯਹੂਦੀਆਂ ਨੂੰ ਦੂਰ ਕਰਨ ਵਿਚ ਕੁਝ ਘੱਟ ਨਹੀਂ ਗੁਜ਼ਾਰੀ। ਫੇਰ ਬੀ ਇਹ ਕੌਮ ਆਪਣੇ ਨਿਸਚੇ ਵਿਚ ਪੱਕੀ, ਆਪਣੇ ਪ੍ਰਬੰਧਕ ਕਾਨੂੰਨਾਂ ਦੇ ਸਹਾਰੇ ਰਹਿਣ ਵਾਲੀ ਐਸੀ ਹੈ ਕਿ ਦੁਨੀਆਂ ਦੀ ਕੋਈ ਕੌਮ ਇਸ ਨੂੰ ਦੂਰ ਨਹੀਂ ਕਰ ਸਕੀ। ਇਨ੍ਹਾਂ ਦੇ ਆਪਣੇ ਆਸ਼੍ਰਮ, ਮਦਰੱਸੇ, ਯਤੀਮਖਾਨੇ, ਰਬੀ ਅਤੇ ਚੀਫ ਰਬੀ (ਗ੍ਰੰਥੀ) ਆਦਿਕ ਮੌਜੂਦ ਹਨ, ਜਿਨ੍ਹਾਂ ਦਾ ਪ੍ਰਬੰਧ ਇਨ੍ਹਾਂ ਦੀਆਂ ਸੈਂਟਰਲ ਕਮੇਟੀਆਂ ਦੇ ਹੱਥ ਹੈ। ਸਗੋਂ ਇਨ੍ਹਾਂ ਦਾ ਪ੍ਰਬੰਧ ਐਸਾ ਤਕੜਾ ਹੈ ਕਿ ਇਨ੍ਹਾਂ ਦੇ ਖ਼ੁਦਾ ਦੀ ਕਲਾਮ ਦਸ ਹੁਕਮਾਂ ਦਾ ਅਸਰ ਈਸਾਈ ਮਤ ਦੇ ਆਦਮੀਆਂ ਵਲੋਂ ਉਹਨਾਂ ਜਗ੍ਹਾਂ ਵਿਚ, ਜਿਥੇ ਈਸਾਈਆਂ ਦਾ ਰਾਜ ਹੈ, ਖਾਸ ਕਰਕੇ ਅਤੇ ਜਿਥੇ ਈਸਾਈਆਂ ਦਾ ਰਾਜ ਨਹੀਂ ਹੈ ਉਹਨਾਂ ਜਗ੍ਹਾਂ ਪਰ ਆਮ ਕਰਕੇ ਐਤਨਾ ਪੈ ਰਿਹਾ ਹੈ ਕਿ ਇਨ੍ਹਾਂ ਮੁਲਕਾਂ ਦੇ ਫੌਜਦਾਰੀ ਅਤੇ ਸਦਾਚਾਰ

 www.sikhbookclub.com

ਦੇ ਕਾਨੂੰਨਾਂ ਦੀਆਂ ਜੜ੍ਹਾਂ ਵਿਚ ਏਹ ਦਸ ਹੁਕਮ ਬਹੁਤ ਕਰਕੇ ਜਗਾ ਮੱਲ ਰਹੇ ਹਨ।

ਖ਼ੈਰ ਇਸ ਗਲ ਨੂੰ ਬਹੁਤਾ ਖੋਲ੍ਹਕੇ ਇਸ ਲੇਖ ਵਿਚ ਦੱਸਣ ਦੀ ਲੋੜ ਨਹੀਂ ਹੈ, ਪਰ ਇਨ੍ਹਾਂ ਵਿਚ ਇਕ ਹੁਕਮ ਇਹ ਹੈ ਕਿ ਯਹੂਦੀਆਂ ਨੂੰ ਸਿਵਾਏ ਆਪਣੇ ਖ਼ੁਦਾ ਦੇ ਹੋਰ ਕਿਸੇ ਦੇ ਅੱਗੇ ਮੱਥਾ ਨਹੀਂ ਟੇਕਣਾ ਚਾਹੀਏ। ਇਸ ਹੁਕਮ ਦੇ ਪਾਬੰਦ ਯਹੂਦੀ ਐਸੇ ਰਹੇ ਹਨ ਕਿ ਇਨ੍ਹਾਂ ਪਾਸੋਂ ਈਸਾਈਆਂ ਨੇ ਬੀ ਤੇ ਮੁਸਲਮਾਨਾਂ ਨੇ ਬੀ ਇਹੀ ਸਬਕ ਸਿੱਖ ਲਿਆ ਹੈ। ਭਾਵੇਂ ਅਕਬਰ ਜੈਸੇ ਬਾਦਸ਼ਾਹ ਹਿੰਦ ਵਿਚ ਦੇਵੀ ਦੀ ਯਾਤ੍ਰਾ ਕਰਨ ਲਗ ਪਏ ਸਨ ਪਰ ਛੋਟੇ ਤੋਂ ਛੋਟਾ ਈਸਾਈ, ਸ਼ਰਈ ਮੁਸਲਮਾਨ ਬੀ ਆਪਣੇ ਖ਼ੁਦਾ ਤੋਂ ਛੁਟ ਕਿਸੇ ਅਨਜਮਤਿ ਅਨੁਸਾਰ ਇਬਾਦਤ ਦਾ ਤਰੀਕਾ ਇਖ਼ਤਿਆਰ ਨਹੀਂ ਕਰਦਾ। ਹਿੰਦੂ ਭਰਾਵਾਂ ਦੀ ਤਾਂ ਕੁਛ ਪੁੱਛੋ ਹੀ ਨਾਂ, ਇਨ੍ਹਾਂ ਨੇ ਤਾਂ ਹਰ ਮਤ ਦੇ ਤਰੀਕੇ ਨੂੰ ਇਖ਼ਤਿਆਰ ਕਰਨ ਵਿਚ ਕੋਈ ਬਾਤ ਪਿੱਛੇ ਨਹੀਂ ਛੱਡੀ ਹੋਈ ਤੇ ਸਿਖ ਬੀ ਇਨ੍ਹਾਂ ਦੀ ਸੰਗਤ ਵਿਚ ਪੈਕੇ ਇਨ੍ਹਾਂ ਜਿਹੇ ਹੀ ਰਕਾਬੀ ਮਜ਼ਹਬ ਬਣਦੇ ਜਾਂਦੇ ਹਨ। ਜਿਸ ਕਰਕੇ ਕਈ ਅਸ਼ਰਧਕ ਹਿੰਦੂ ਅਤੇ ਕੁਝ ਕੁਝ ਵਿਗੜੇ ਤਿਗੜੇ ਸਿਖ ਸੇਵਕ ਮਿਸ਼ਨ ਸਕੂਲਾਂ ਦੀ ਤਾਲੀਮ ਪਾਕੇ ਅਥਵਾ ਆਰਯਾ ਬ੍ਰਹਮੂ ਆਦਿਕਾਂ ਦੀ ਸੋਹਬਤ ਕਰਕੇ (ਕਿ ਜਿਨ੍ਹਾਂ ਨੇ ਈਸਾਈ ਲਿਟਰੇਚਰ ਨੂੰ ਹੀ ਚੰਗੀ ਤਰ੍ਹਾਂ ਦੇਖਿਆ ਹੈ ਅਤੇ ਈਸਾਈਆਂ ਦੀਆਂ ਕਈ ਇਕ ਰਸਮਾਂ ਦੀਆਂ ਨਕਲਾਂ ਕਰਨੀਆਂ ਆਪਣੇ ਬਜ਼ੁਰਗਾਂ ਦੇ ਤਰੀਕਿਆਂ ਨਾਲੋਂ Indirectly ਚੰਗੀਆਂ ਸਮਝੀਆਂ ਹੋਈਆਂ ਹਨ, ਭਾਵੇਂ ਉਪਰੋਂ ਆਪਣੇ ਬਜ਼ੁਰਗਾਂ ਦੇ ਤ੍ਰੀਕਿਆਂ ਦੀ ਕਦਰ ਕਰਨ ਦੇ ਵਡੇ ਵਡੇ ਮੂੰਹ ਪਾੜ ਲੈਕਚਰ ਦੇਂਦੇ ਹਨ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥੇ ਟੇਕਣਾ ਯਾ ਆਪਣੇ ਬਜ਼ੁਰਗਾਂ ਅਗੇ ਸਿਰ ਨਿਵਾਉਣਾ, ਅਥਵਾ ਇਕ ਦੂਜੇ ਨੂੰ ਨਿੰਮ੍ਰਤਾ ਨਾਲ ਆਪੋ ਵਿਚ ਮਿਲਣਾ ਬੁਰਾ ਸਮਝਦੇ ਹਨ। ਭਾਵੇਂ ਕਈ ਤਰ੍ਹਾਂ ਦੀਆਂ ਦਲੀਲਾਂ ਏਹ ਲੋਕ ਦਿਆ ਕਰਦੇ ਹਨ ਕਿ ਮੱਥਾ ਟੇਕਣਾ ਠੀਕ ਨਹੀਂ, ਪਰ ਮੱਥਾ ਟੇਕਣ ਯਾ ਸਿਰ ਨਿਵਾਉਣ ਦੀ ਰਸਮ ਜੋ ਹਿੰਦ ਵਿਚ ਬਹੁਤ ਪ੍ਰਾਚੀਨ ਸਮੇਂ ਤੋਂ ਚਲੀ ਆਉਂਦੀ ਹੈ, ਉਸ ਨੂੰ ਉਡਾਉਣ ਦੀ ਕੋਈ ਬੀ ਪੱਕੀ ਦਲੀਲ ਪੇਸ਼ ਨਹੀਂ ਕਰਦੇ। ਅਸੂਲ ਤਾਂ ਇਹ ਹੈ ਕਿ ਹੰਕਾਰ ਇਨਸਾਨ ਵਿਚ ਸਾਰਿਆਂ ਵਿਸ਼ਿਆਂ ਤੋਂ ਬੁਰਾ ਵਿਸ਼ਾ ਹੈ। ਸਾਰੀਆਂ

 www.sikhbookclub.com

ਕੁਰੀਤੀਆਂ ਦੀ ਜੜ੍ਹ ਹੰਕਾਰ ਹੈ, ਇਸ ਹੰਕਾਰ ਨੂੰ ਦੂਰ ਕਰਨ ਦੀ ਖ਼ਾਤਰ ਹੀ ਸਿਰ ਨਿਵਾਉਣ ਅਥਵਾ ਮੱਥਾ ਟੇਕਣ ਦੀ ਰਸਮ ਜਾਰੀ ਹੋਈ ਜਾਪਦੀ ਹੈ। ਸਿਖਾਂ ਵਿਚ ਇਹ ਰਸਮ ਕਿਸੇ ਦੂਸਰੇ ਖ਼ੁਦਾ ਦੇ ਮੰਨਣ ਦੀ ਨਹੀਂ ਹੈ ਪਰ ਕੇਵਲ ਨਿੰਮ੍ਰਤਾ ਸਿੱਖਣ ਤੇ ਆਪਣੇ ਤੋਂ ਵੱਡੇ ਨੂੰ ਯਥਾ ਸ਼ਕਤ ਅਦਬ ਦੱਸਣ ਦੀ ਨਿਸ਼ਾਨੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਕਿ ਜਿਸ ਨੂੰ ਗੁਰੂ ਸਾਹਿਬਾਨ ਬੀ ਅਦਬ ਦੇਂਦੇ ਰਹੇ ਹਨ ਅਤੇ ਦਸਮ ਗੁਰੂ ਜੀ ਤਾਂ ਹੁਕਮ ਹੀ ਦੇ ਗਏ ਹਨ ਕਿ ਸਿਖਾਂ ਦਾ ਗੁਰੂ ਉਹਨਾਂ ਦੇ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹੈ, ਮੱਥਾ ਟੇਕਣਾ ਕਿਸੇ ਦੂਸਰੇ ਖ਼ੁਦਾ ਦੇ ਮੰਨਣ ਦੀ ਨਿਸ਼ਾਨੀ ਨਹੀਂ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਹੇਠ ਸਾਧ ਸੰਗਤ ਦਾ ਮਰਤਬਾ ਹੈ ਅਤੇ ਫੇਰ ਆਪਣੇ ਸਿਖ ਭਰਾਵਾਂ ਯਾ ਵਡੇ ਵਡੇਰਿਆਂ ਦਾ ਮਰਤਬਾ ਹੈ, ਫੇਰ ਉਹਨਾਂ ਨੂੰ ਕਿਉਂ ਅਦਬ ਨਾ ਦਿਤਾ ਜਾਵੇ? ਕੀ ਅਸੀਂ ਯਹੂਦੀ ਹਾਂ? ਕਿ ਈਸਾਈ ਹਾਂ? ਕਿ ਉਹਨਾਂ ਦੇ ਧਾਰਮਕ ਅਸੂਲਾਂ ਪਿਛੇ, ਜੋ ਰਸਮ ਸਾਡੇ ਧਰਮ ਦੇ ਵਿਰੁੱਧ ਨਹੀਂ ਹੈ, ਸਗੋਂ ਸਾਡੇ ਧਰਮ ਅਨੁਸਾਰੀ ਹੈ, ਉਸ ਨੂੰ ਬੁਰਾ ਸਮਝਣ ਲਗ ਪਈਏ।

ਈਸਾਈਆਂ ਵਿਚ ਤਾਂ ਬੋਸਾ ਦੇਣਾ ਯਾ ਲੈਣਾ ਕਿਸੇ ਕਿਸੇ ਸੂਰਤ ਵਿਚ ਚੰਗਾ ਸਮਝਿਆ ਜਾਂਦਾ ਹੈ। ਕੀ ਉਹਨਾਂ ਸ਼ਰਤਾਂ ਵਿਚ ਅਸੀਂ ਬੀ ਇਸ ਰਸਮ ਨੂੰ ਜਾਰੀ ਕਰਨ ਲਈ ਤਿਆਰ ਹਾਂ? ਈਸਾਈਆਂ ਵਿਚ ਜਵਾਨ ਬੇਟੀ ਦਾ ਬੋਸਾ ਪਿਤਾ ਪਿਆਰ ਦੀ ਖ਼ਾਤਰ ਲੈ ਸਕਦਾ ਹੈ; ਕੀ ਇਸ ਰਸਮ ਨੂੰ ਅਸੀਂ ਪਸੰਦ ਕਰਦੇ ਹਾਂ? ਯਾ ਸਾਡੇ ਆਰਯਾ ਭਾਈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਲਈ ਯਾ ਸਤਿਸੰਗਤ ਵਿਚ ਸਿਰ ਨਿਵਾਕੇ ਫਤਹ ਗਜਾਉਣ ਲਈ ਸਾਨੂੰ ਅਕਸਰ ਕਰਕੇ ਗੁਮਰਾਹ ਕਰਨ ਹਿਤ ਤਿਆਰ ਰਹਿੰਦੇ ਹਨ, ਇਸ ਬੋਸੇਗੀਰੀ ਲਈ ਤਿਆਰ ਹਨ? ਜੇ ਓਹ ਇਸ ਰਸਮ ਲਈ ਤਿਆਰ ਨਹੀਂ ਹਨ, ਤਾਂ ਉਸ ਰਸਮ ਨੂੰ, ਕਿ ਜਿਸ ਨਾਲ ਇਨਸਾਨ ਦੇ ਮਨ ਵਿਚ ਨਿੰਮ੍ਰਤਾ ਦਾ ਸੁਭਾਵ ਪੈਦਾ ਹੁੰਦਾ ਹੈ, ਕਿਉਂ ਛੁਡਾਉਣ ਲਈ ਕੋਸ਼ਿਸ਼ ਕਰ ਰਹੇ ਹਨ? ਜੇ ਯਹੂਦੀਆਂ ਦੇ ਮਤ ਨਾਲ ਉਹਨਾਂ ਨੂੰ ਪਿਆਰ ਹੈ ਤਾਂ ਯਹੂਦੀ ਸੁੰਨਤ ਬੀ ਕਰਦੇ ਹਨ, ਕੀ ਓਹ ਬੀ ਸੁੰਨਤ ਦੀ ਰਸਮ ਹਿੰਦੂਆਂ ਅਤੇ ਸਿਖਾਂ ਵਿਚ ਪ੍ਰਚਲਤ ਕਰਨ ਨੂੰ ਤਿਆਰ ਹਨ?

ਇਸ ਤਰ੍ਹਾਂ ਯਹੂਦੀਆਂ ਦੀ ਰਸਮ ਜੋ ਈਸਾਈਆਂ ਦੀ ਮਾਰਫ਼ਤ ਆਕੇ ਹੁਣ ਆਰੀਆਂ ਆਦਿਕਾਂ ਵਲੋਂ ਸਿਖਾਂ ਵਿਚ ਘੁਸਣਾ ਚਾਹੁੰਦੀ ਹੈ, ਉਸ ਦੀ ਰੋਕ ਦਾ ਯਤਨ ਸਿਵਾਏ ਚੰਗੇ ਗ੍ਰੰਥੀਆਂ ਦੇ ਆਪਣੀ ਆਪਣੀ ਧਰਮਸ਼ਾਲਾ ਵਿਚ ਹੋਰ ਕੌਣ ਕਰ ਸਕਦਾ ਹੈ। ਸੋ ਮਿੱਤਰੋ! ਚੰਗੇ ਗ੍ਰੰਥੀ ਪੈਦਾ ਕਰੋ।
(ਖਾਲਸਾ ਸਮਾਚਾਰ, ਮਿਤੀ 16-1-1907 ਈ:)

 www.sikhbookclub.com

# 3. ਕਥੌਨੀ ਕੀਰਤਨ

ਇਕ ਪੁਰਾਣਾ ਮੁਸਲਮਾਨ ਮੁਅੱਰਖ਼ ਸਿਖਾਂ ਦੇ ਹਾਲਾਤ ਲਿਖਦਾ ਹੋਇਆ ਕਹਿੰਦਾ ਹੈ ਕਿ ਸਿਖ ਲੋਕ ਵਾਹਿਗੁਰੂ ਦੇ ਭਜਨ ਐਸੇ ਦਿਲਕਸ਼ ਰਾਗ ਵਿੱਚ ਗਾਉਂਦੇ ਹਨ ਕਿ ਚਲਦਾ ਪਾਣੀ ਖੜੋ ਜਾਂਦਾ ਹੈ, ਉਡਦੇ ਪੰਛੀ ਰੁਕ ਜਾਂਦੇ ਹਨ। ਜਿਸ ਕੌਮ ਦੇ ਕੀਰਤਨ ਦੀ ਇਹ ਤਾਰੀਫ਼ ਹੋਵੇ, ਅਜ ਉਸ ਕੌਮ ਦੇ ਕੀਰਤਨ ਦਾ ਕੀ ਹਾਲ ਹੋ ਰਿਹਾ ਹੈ? ਸੱਚ ਪੁੱਛੋ ਤਾਂ ਕੀਰਤਨ ਹੁਣ ਬਹੁਤ ਘੱਟ ਰਹਿ ਗਿਆ ਹੈ।

ਸਾਡੇ ਹੋਰ ਆਸ਼ਰਮ ਜਿਥੇ ਵੈਰਾਨ ਹੋਏ ਸਨ ਉਥੇ ਸਾਡੇ ਵਿਚੋਂ ਢਾਡੀਆਂ ਦਾ ਹਿੱਸਾ ਮੂਲੋਂ ਉਡ ਗਿਆ ਹੈ। ਇਨ੍ਹਾਂ ਦੇ ਉਡ ਜਾਣ ਨੇ ਸਾਡੇ ਕੀਰਤਨ ਨੂੰ ਤਰਸੇਵੇਂ ਨਾਲ ਮਿਲਣ ਵਾਲੀ ਸ਼ੈ ਕਰ ਦਿਤਾ ਹੈ। ਹੁਣ ਕੀਰਤਨ ਤੇ ਢਾਡੀਆਂ ਦੇ ਵਿਚਕਾਰ ਇਕ ਤੀਸਰੀ ਚੀਜ਼ ਪੈਦਾ ਹੋਈ ਹੈ, ਜਿਸ ਨੂੰ ਨਾ ਕੀਰਤਨ ਕਹਿ ਸਕਦੇ ਹਾਂ ਨਾ ਢਾਡੀਆਂ ਦੀ ਢਾਡ ਕਹਿ ਸਕਦੇ ਹਾਂ। ਇਸ ਨੂੰ ਕੁਝ ਹੁਣ ਨਵਾਂ ਨਾਮ ਦੇਣਾ ਚਾਹੀਦਾ ਹੈ, ਅਤੇ ਕੀਰਤਨ ਦੇ ਆਸ੍ਰਮ ਨੂੰ ਆਪਣੀ ਨਿਰੋਲਤਾ ਵਿਚ ਕਾਇਮ ਰਖਣਾ ਚਾਹੀਦਾ ਹੈ। ਇਸ ਨਵੇਂ ਪੈਦਾ ਹੋਏ ਸਿਲਸਿਲੇ ਨੂੰ 'ਕਥੌਨੀ ਕੀਰਤਨ' ਕਿਹਾ ਜਾਵੇ, ਤਦ ਸ਼ਾਇਦ ਕੁਝ ਡਰ ਨਾ ਹੋਵੇ। ਇਸ ਵਿਚ ਰਾਗੀ ਸਿੰਘ ਕੁਝ ਸ਼ਬਦ ਗਾਉਂਦੇ ਹਨ ਤੇ ਫੇਰ ਕੁਝ ਕਥਾ ਵਖਯਾਨ ਕਰਦੇ ਹਨ। ਨਾਲ ਨਾਲ ਸਾਜ਼ ਛਿੜੇ ਰਹਿੰਦੇ ਹਨ ਤੇ ਨਾਲ ਕਥਨ ਹੁੰਦੇ ਰਹਿੰਦੇ ਹਨ। ਇਸ ਸਿਲਸਿਲੇ ਦਾ ਮੁੱਢ ਭਾਈ ਗੁਰਦਿੱਤੇ ਰਬਾਬੀ ਤੋਂ ਹੋਇਆ ਸੀ, ਜੋ ਪਿਛੋਂ ਕੂਕੇ ਹੋਕੇ ਗੁਰਦਿਤ ਸਿੰਘ ਬਣ ਗਏ ਸੇ।

 www.sikhbookclub.com

ਅਸੀਂ ਨਹੀਂ ਕਹਿੰਦੇ ਕਿ ਕਥਾ ਕੀਰਤਨ ਦਾ ਇਹ ਨਵਾਂ ਤਰੀਕਾ ਨਿਕੰਮਾ ਹੈ, ਕਿਉਂਕਿ ਜੋ ਰਾਗੀ ਗਵੱਯਾ ਅਰ ਕਥੱਯਾ ਦੋਹਾਂ ਗਲਾਂ ਵਿਚ ਸਿਆਣਾ ਹੋਵੇ ਤਦ ਸ੍ਰੋਤਾ ਗਣਾਂ ਤੇ ਅਸਰ ਬੀ ਬੜਾ ਪੈਂਦਾ ਹੈ, ਅਰ ਨੇਕ ਨਿਯਤ ਪ੍ਰਚਾਰ ਕਰਨ ਵਾਲੇ ਰਾਗੀ ਇਸ ਜ਼ਰੀਏ ਨਾਲ ਪ੍ਰਚਾਰ ਦਾ ਕੰਮ ਬਹੁਤ ਚੰਗਾ ਕਰ ਸਕਦੇ ਹਨ। ਪਰ ਇਸ ਨਵੇਂ 'ਕਥੌਨੀ ਕੀਰਤਨ' ਦੇ ਸਿਲਸਿਲੇ ਨੇ ਨਿਰੋਲ ਕੀਰਤਨ ਦੀ ਸਨਾਤਨ ਮਰਿਯਾਦਾ ਨੂੰ ਨੁਕਸਾਨ ਪਹੁੰਚਾਇਆ ਹੈ। ਹੁਣ ਕੀਰਤਨ ਕਰਨ ਵਾਲੇ ਰਾਗੀ ਘੱਟ ਲੱਭਦੇ ਹਨ, ਕੀਹ ਸਿਆਣੇ ਤੇ ਕੀਹ ਨਵੇਂ ਸਭ ਇਸੇ ਢੰਗ ਵਿਚ ਪਈ ਜਾਂਦੇ ਹਨ, ਸਗੋਂ ਕਈ ਇਕ ਵਿਗੜੇ ਤਿਗੜੇ ਰਬਾਬੀ ਅਰ ਕਈ ਲੁਟੇਰ ਮੁੰਡੇ ਇਸ ਤਰੀਕੇ ਨਾਲ ਖ਼ੂਬ ਗੱਫੇ ਖੱਟਦੇ ਹਨ। ਇਹ ਕੀਹ ਕਹਿੰਦੇ ਹਨ? ਕੋਈ ਦੇਖਕੇ ਪੜਤਾਲ ਕਰਨ ਵਾਲਾ ਨਹੀਂ, ਗੁਰਮਤਿ ਦੇ ਉਲਟ ਚਲਦੇ ਹਨ ਕਿ ਨਾਲ, ਕੋਈ ਪਰਖਕੇ ਹੋੜਨ ਵਾਲਾ ਨਹੀਂ, ਇਸ ਲਈ ਇਹ ਐਸਾ ਵਤੀਰਾ ਹੋ ਗਿਆ ਹੈ ਕਿ ਜਿਸ ਨਾਲ ਭਾਰੀ ਹਾਨੀ ਦਾ ਭੈ ਹੈ। ਉਧਰ ਇਸ ਵਤੀਰੇ ਨੇ ਇਕ ਹੋਰ ਖ਼ੌਫਨਾਕ ਨਤੀਜਾ ਕਢਿਆ ਹੈ, ਕਿ ਜਿਸ ਤੋਂ ਮਾਲੂਮ ਹੁੰਦਾ ਹੈ ਕਿ ਹੁਣ ਸਿਖ ਕੌਮ ਦਾ ਰਸ (Taste) ਕਿਥੇ ਟਿਕ ਰਿਹਾ ਹੈ, ਅਰ ਕੌਮ ਦੀ ਆਤਮਕ ਜ਼ਿੰਦਗੀ ਕਿਥੇ ਹੈ। ਨਿਰੇ ਕੀਰਤਨੀਏ ਦੀ ਹੁਣ ਕਦਰ ਨਹੀਂ ਹੁੰਦੀ। ਜਿਸ ਦੇ ਅਰਥ ਇਹ ਹਨ ਕਿ ਕੇਵਲ ਕੀਰਤਨ ਤੋਂ ਜੋ ਆਤਮਕ ਅਸਰ ਪੈਦਾ ਹੁੰਦਾ ਹੈ ਉਸ ਸੂਖਮ ਪਰ ਉਚੇ ਭਾਵ ਨਾਲ ਮੁਅੱਸਰ ਹੋਕੇ ਲਿਵਲੀਨ ਹੋਣ ਦੀ ਅਵਸਥਾ ਵਿਚੋਂ ਸਿਖਾਂ ਦਾ ਢੇਰ ਸਾਰਾ ਹਿਸਾ ਹੇਠਾਂ ਲਹਿ ਗਿਆ ਹੈ, ਕਿਉਂਕਿ ਬਿਨਾਂ ਕਥਨ ਦੇ ਉਹਨਾਂ ਨੂੰ ਕੀਰਤਨ ਦਾ ਰਸ ਨਹੀਂ ਆਉਂਦਾ। ਭਾਵ ਇਹ ਕਿ ਕੌਮ ਦੀ ਪਰਮਾਰਥਕ ਸਮਝ ਅਰ ਰੂਹਾਨੀ ਅਹਿਸਾਸ ਬਹੁਤ ਮੋਟੇ ਹੋ ਗਏ ਹਨ। ਇਸ 'ਕਥੌਨੀ ਕੀਰਤਨ' ਨੇ ਘੜੀ ਵਾਂਙੂ ਸਾਨੂੰ ਸਿਖਾਂ ਦੀ ਗੁਰਬਾਣੀ ਨਾਲ ਵਾਕਫ਼ੀਅਤ ਦੇ ਡੂੰਘੇ ਪਿਆਰ ਦਾ ਦਰਜਾ ਦੱਸ ਦਿਤਾ ਕਿ ਅਗੇ ਕਿੱਥੇ ਸੀ ਤੇ ਹੁਣ ਕਿੱਥੇ ਹੈ। ਇਹ ਸਾਡਾ ਅਸਲ ਵਿਚ ਗਿਰਾਉ ਹੈ। ਅਸੀਂ ਜੋ ਕੀਰਤਨ ਨਾਲ ਵਗਦੇ ਪਾਣੀ ਤੇ ਉਡਦੇ ਪੰਛੀ ਰੋਕਦੇ ਸਾਂ, ਅਰਥਾਤ ਜਿਨ੍ਹਾਂ ਦੇ ਰਾਗ ਦੀ ਤਾਸੀਰ ਆਦਮੀਆਂ ਪਰ ਤਾਂ ਕਿਆ ਪੰਛੀਆਂ ਤੇ ਜੜ੍ਹ ਵਸਤਾਂ ਪਰ ਬੀ ਹੁੰਦੀ ਸੀ, ਅਰ ਮੁਸਲਮਾਨਾਂ ਤਕ ਗੁਆਹੀ

 www.sikhbookclub.com

ਦੇਂਦੇ ਹਨ, ਉਹ ਲੋਪ ਹੋ ਰਹੀ ਹੈ। ਅੱਜ ਸਾਡੀ ਆਪਣੀ ਆਤਮਕ ਜ਼ਿੰਦਗੀ ਇਤਨੀ ਸਥੂਲ ਅਰ ਮੋਟੀ ਹੋ ਗਈ ਹੈ ਕਿ ਸਾਨੂੰ ਬਾਝ ਕਥਨ ਦੇ ਕੀਰਤਨ ਦਾ ਰਸ ਹੀ ਨਹੀਂ ਆਉਂਦਾ। ਕੀ ਗਾਈ ਜਾਣ ਵਾਲੀ ਬਾਣੀ ਵਿਚ ਕਾਫ਼ੀ ਕਥਨ ਮਹਾਰਾਜ ਜੀ ਨੇ ਨਹੀਂ ਕੀਤਾ ਹੋਇਆ? ਯਾ ਕੀ ਰਾਗ ਵਿਚ ਵਾਹਿਗੁਰੂ ਦੇ ਯਸ਼ ਨਾਲ ਮਿਲਕੇ ਵੈਰਾਗ ਤੇ ਇਕਾਗ੍ਰਤਾ ਪੈਦਾ ਕਰਨ ਦੀ ਸ਼ਕਤੀ ਨਹੀਂ ਰਹੀ? ਨਹੀਂ, ਨਹੀਂ, ਅਸੀਂ ਹੀ ਠੁੱਲੀ ਸਮਝ ਵਾਲੇ ਹੋ ਗਏ ਹਾਂ।

ਕੀ ਇਹ 'ਕਥੌਨੀ ਕੀਰਤਨ' ਦਾ ਪੈਦਾ ਹੋਣਾ ਕੁਦਰਤੀ ਬਾਤ ਨਹੀਂ ਸੀ? ਯਾ ਕਿਆ ਇਹ ਰੁਕ ਸਕਦਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਸਾਨੂੰ ਕਹਿਣਾ ਪਏਗਾ ਕਿ ਇਸ ਢਬ ਦਾ ਪੈਦਾ ਹੋ ਜਾਣਾ ਕੁਦਰਤੀ ਬਾਤ ਸੀ ਅਰ ਇਸ ਦਾ ਰੁਕਣਾ ਕਠਨ ਹੈ, ਕਿਉਂਕਿ ਮਨੁੱਖ ਦਾ ਮਨ ਕੁਦਰਤੀ ਤੌਰ ਤੇ ਕਥਨ ਅਰ ਕੀਰਤਨ ਵੱਲ ਖਿੱਚਿਆ ਜਾਂਦਾ ਹੈ। ਇਸ ਕਰਕੇ ਪਿਛਲੇ ਦਾਨਾਵਾਂ ਨੇ ਤਿੰਨ ਵੱਖੋ ਵੱਖਰੇ ਕੰਮ ਵਖੋ ਵਖਰੇ ਸੇਵਕਾਂ ਦੇ ਸਪੁਰਦ ਕਰ ਦਿਤੇ ਸਨ। ਪਹਿਲੇ ਕੀਰਤਨ ਜੋ ਰਾਗੀਆਂ ਦੇ ਸੁਪਰਦ ਸੀ, ਦੂਜੇ ਕਥਾ ਜੋ ਗਿਆਨੀਆਂ ਦੇ ਤੇ ਤੀਜੇ ਢਾਡ ਜੋ ਢਾਡੀਆਂ ਦੇ ਸਪੁਰਦ ਸੀ, ਜਿਸ ਵਿਚ ਗਾਇਨ ਅਰ ਕਥਨ ਦੋਵੇਂ ਮਿਲੇ ਹੋਏ ਸਨ। ਪੰਜਾਬ ਜੈਸੇ ਬਹਾਦਰ ਦੇਸ਼ ਤੇ ਖਾਸ ਕਰ ਸੂਰਬੀਰ ਖਾਲਸਾ ਕੌਮ ਵਿਚੋਂ ਢਾਡੀਆਂ ਦਾ ਇਕ ਦਮ ਗੁੰਮ ਹੋ ਜਾਣਾ ਬੜੇ ਭਾਰੀ ਨੁਕਸਾਨ ਦੀ ਬਾਤ ਸੀ। ਢਾਡੀਆਂ ਦਾ ਗੁੰਮ ਹੋਣਾ ਐਸਾ ਅਜੀਬ ਹੋਇਆ ਕਿ ਅਜ ਕਲ ਸਿਖ ਭਰਾਵਾਂ ਵਾਸਤੇ ਢਾਡੀਆਂ ਦਾ ਨਾਮ ਕੁਝ ਬੁਝਾਰਤ ਪ੍ਰਤੀਤ ਦੇਂਦਾ ਹੈ। ਇਸ ਕੌਮ ਦਾ ਗਿਰਾਉ ਦੇਖੋ ਕਿ ਇਸ ਦੇ ਆਸ਼੍ਰਮ ਇਸ ਤਰ੍ਹਾਂ ਗੁੰਮ ਹੁੰਦੇ ਜਾਣ ਕਿ ਇਨ੍ਹਾਂ ਨੂੰ ਉਹਨਾਂ ਦੇ ਨਾਮ ਬੀ ਪਏ ਓਪਰੇ ਲੱਗਣ। ਢਾਡੀਆਂ ਦੇ ਗੁੰਮ ਹੋ ਜਾਣ ਕਰਕੇ ਇਕ ਭਾਰੀ ਲੋੜ ਪੈਦਾ ਹੋ ਗਈ, ਜਿਸ ਨੂੰ ਨਾ ਰਾਗੀ, ਨਾ ਗਿਆਨੀ ਪੂਰਾ ਕਰ ਸਕਦੇ ਸੇ। ਇਸ ਦੇਸ਼ ਅਰ ਖਸੂਸਨ ਸਿਖਾਂ ਦੀ ਫਿਤਰਤ, ਜੋ ਤਿੰਨਾਂ ਸ਼ੈਆਂ ਦੀ ਆਦਤਗੀਰ ਸੀ, ਇਸ ਲੋੜ ਨੂੰ ਕਿੱਕੁਰ ਟਿਕਿਆਂ ਰਹਿਣ ਦੇ ਸਕਦੀ ਸੀ। ਸਮੇਂ ਬਦਲ ਗਏ ਹਨ, ਖਿਆਲ ਹੋਰਵੇਂ ਹੋ ਗਏ ਹਨ, ਇਸ ਕਰਕੇ ਢਾਡੀਆਂ ਦੀ ਸੰਪ੍ਰਦਾ ਤਾਂ ਸੁਰਜੀਤ ਨਾ ਹੋ ਸਕੀ, ਪਰ ਉਸ ਪ੍ਰਕਾਰ ਦੀ ਇਕ ਹੋਰ ਸ਼ੈ, ਜਿਸ ਵਿਚ ਰਾਗ ਤੇ ਕਥਾ ਮਿਲੇ ਹੋਣ,


www.sikhbookclub.com

ਸਮੇਂ ਦੀ ਲੋੜ ਨੇ ਪੈਦਾ ਕਰ ਲਈ ਅਰ ਇਸ 'ਕਥੌਨੀ ਕੀਰਤਨ' ਦਾ ਨਵਾਂ ਰੰਗ ਢਾਲ ਦਿਤਾ।*

ਹੁਣ ਵੀਚਾਰ ਦੀ ਬਾਤ ਇਹ ਹੈ ਕਿ ਇਸ ਨਵੇਂ ਰੰਗ ਨੇ ਕੇਵਲ ਢਾਡੀਆਂ ਦੀ ਥਾਂ ਮੱਲੀ ਹੈ, ਭਾਵੇਂ ਕੰਮ ਠੀਕ ਉਹ ਨਹੀਂ ਹੈ, ਪਰ ਉਸ ਦੇ ਵਾਂਙੂ ਹੈ। ਕਈ ਲੋਕ ਅਨਜਾਣਪੁਣੇ ਕਰਕੇ ਸ਼ਾਇਦ ਢਾਡੀ ਲਫ਼ਜ਼ ਨੂੰ ਕੁਝ ਨੀਵਾਂ ਸਮਝਦੇ ਹੋਣ, ਪਰ ਇਤਿਹਾਸ ਵੇਤਾ ਜਾਣਦੇ ਹਨ ਕਿ ਸਿਖੀ ਦੇ ਵੇਲੇ ਢਾਡੀ ਬੜੀ ਇੱਜ਼ਤ ਰਖਦੇ ਸਨ, ਅਰ ਉਨ੍ਹਾਂ ਦੀ ਬੜੀ ਪਤ ਕੀਤੀ ਜਾਂਦੀ ਸੀ। ਕਈ ਬਿਰਧ ਅਜੇ ਜੀਉਂਦੇ ਹੋਣਗੇ, ਜੋ 'ਜਸ' ਢਾਡੀ ਦੇ ਅਲੌਕਕ ਕਥਨਾਂ ਦੀ ਸਾਖੀ ਭਰ ਸਕਦੇ ਹਨ। ਖਾਸ ਤਖਤ ਸਾਹਿਬ ਦੇ ਅਗੇ ਦੀਵਾਨ ਵਿਚ ਇਨ੍ਹਾਂ ਨੂੰ ਆਪਣੇ ਕਥਨ ਕਰਨ ਦੇ ਅਖਤਿਆਰ ਸਨ। ਇਨ੍ਹਾਂ ਦੇ ਗੁੰਮ ਹੋਣ ਨਾਲ ਸਾਡੇ ਇਤਿਹਾਸ ਦਾ ਅਰ ਪੰਜਾਬੀ ਸਾਹਿਤਜ ਦਾ ਬੀਰ ਰਸ ਵਾਲਾ ਬਹੁਤ ਸਾਰਾ ਹਿੱਸਾ ਤਬਾਹ ਹੋ ਗਿਆ ਹੈ। ਖ਼ੈਰ ਇਸ ਨਵੇਂ ਰੰਗ ਨੇ ਕੀਰਤਨ ਤੇ ਰਾਗੀ ਦੇ ਮਿਲਾਪ ਨੇ ਢਾਡੀਆਂ ਵਾਲੀ ਥਾਂ ਭਾਵੇਂ ਪੂਰੀ ਨਹੀਂ ਕੀਤੀ, ਪਰ ਮੱਲ ਤਾਂ ਲੀਤੀ ਹੈ। ਪਰ ਜਿੱਕੁਰ ਢਾਡੀਆਂ ਪਾਸੋਂ ਕਥਾ ਤੇ ਕੀਰਤਨ ਦੁਹਾਂ ਨੂੰ ਹਾਨੀ ਨਹੀਂ ਸੀ ਪਹੁੰਚਦੀ ਉਸ ਤਰ੍ਹਾਂ ਇਸ 'ਕਥੌਨੀ ਕੀਰਤਨ' ਪਾਸੋਂ ਦੁਹਾਂ ਦਾ ਬਚਾਉ ਨਹੀਂ ਹੋ ਰਿਹਾ, ਬਲਕਿ ਕੀਰਤਨ ਤੇ ਕਥਾ ਦੁਹਾਂ ਵਿਚ ਕਮੀ ਹੋਣ ਲਗ ਗਈ ਹੈ। ਜੇਕਰ ਇਹ ਨਵਾਂ ਤਰੀਕਾ ਸਾਡੇ ਵਿਚੋਂ ਰਾਗੀ (ਨਿਰੋਲ ਕੀਰਤਨੀਏ) ਮਿਤ੍ਰ ਗੁੰਮ ਕਰ ਦੇਣ ਅਰ ਗਿਆਨੀ ਕਥਾ ਕਰਨ ਵਾਲਿਆਂ ਦੀ ਪਰਵਿਰਤੀ ਘਟਾ ਦੇਣ, ਤਦ ਇਸ ਨਵੇਂ ਤਰੀਕੇ ਦਾ ਪੈਦਾ ਹੋਣਾ ਸਾਡੇ ਲਈ ਅਮਰ ਵੇਲ ਤੋਂ ਘੱਟ ਨਹੀਂ ਹੋਵੇਗਾ ਅਰ ਸਾਡੀ ਉਸ ਆਤਮਕ ਬਜ਼ੁਰਗੀ ਨੂੰ, ਕਿ ਸਾਡੇ ਕੀਰਤਨ ਨਾਲ ਵਗਦੇ ਰੌਂਅ ਖੜੇ ਹੋ ਜਾਂਦੇ ਸਨ, ਸਖਤ ਵੱਟਾ ਲਗਦਾ ਹੈ, ਤੇ ਜੇ ਇਹ ਨਵਾਂ ਸਿਲਸਿਲਾ ਢਾਡੀਆਂ ਦੀ ਤਰ੍ਹਾਂ ਆਪਣਾ

---

* ਜਿਸ ਵੇਲੇ ਇਹ ਲੇਖ ਲਿਖਿਆ ਗਿਆ ਸੀ ਉਸ ਵੇਲੇ ਢਾਡੀ ਇਕ ਤਰ੍ਹਾਂ ਨਾਲ ਗੁੰਮ ਹੀ ਹੋ ਗਏ ਸਨ, ਪਰ ਸ਼ੁਕਰ ਹੈ ਕਿ ਹੁਣ ਇਸ ਵੇਲੇ ਪੰਥ ਵਿਚ ਅਨੇਕਾਂ ਢਾਡੀ ਜਥੇ ਪ੍ਰਚਾਰ ਕਰ ਰਹੇ ਹਨ ਤੇ ਸ਼ਾਇਦ ਇਸੇ ਲੇਖ ਦੀ ਪ੍ਰੇਰਨਾ ਇਸਦਾ ਕਾਰਨ ਬਣੀ ਹੈ, ਜੋ ਇਹ ਪ੍ਰਚਾਰ ਪੱਖ ਸੁਰਜੀਤ ਹੋ ਚੁਕਾ ਹੈ। (ਸੰਪਾਦਕ)

 www.sikhbookclub.com

ਨਵਾਂ ਨਾਮ ਤੇ ਨਵਾਂ ਕੰਮ ਲੈਕੇ ਵੱਖਰਾ ਟੁਰੀ ਚਲੇ ਤੇ ਦੂਸਰੇ ਦੋਵੇਂ ਆਸ਼੍ਰਮ ਬਚੇ ਰਹਿਣ, ਤਦ ਸਾਨੂੰ ਇਸ ਦੀ ਹਾਨੀ ਨਹੀਂ, ਲਾਭ ਹੈ। ਪਰ ਇੰਨੀ ਜ਼ਰੂਰਤ ਫੇਰ ਬੀ ਹੈ ਕਿ ਜੋ ਹਮਾਂ ਤੁਮਾਂ ਇਸ ਕੰਮ ਨੂੰ ਉਠ ਪਈ ਹੈ, ਉਸ ਦਾ ਕੁਝ ਪ੍ਰਬੰਧ ਕੀਤਾ ਜਾਣਾ ਚਾਹੀਏ। ਕੇਵਲ ਉਹਨਾਂ ਦਾ ਹੀ ਕਦਰ ਵਧਾਇਆ ਜਾਏ ਜੋ ਲਾਇਕ ਹਨ ਅਰ ਗੁਰਮਤਿ ਅਨੁਕੂਲ ਵਜਾਖਜਾਨ ਦੇ ਸਕਦੇ ਹਨ।

ਸ੍ਰੀ ਦਰਬਾਰ ਸਾਹਿਬ ਵਿਚ ਕੇਵਲ ਕੀਰਤਨ ਦੀ ਆਗਿਆ ਹੈ, ਕੋਈ ਰਾਗੀ ਕਥਨ ਨਹੀਂ ਕਰ ਸਕਦਾ ਅਰ ਕਥਨ ਲਈ ਗਿਆਨੀਆਂ ਦਾ ਵੱਖਰਾ ਪ੍ਰਬੰਧ ਸੀ ਜੋ ਕਦੇ ਅੰਦਰ ਕੇਵਲ ਕਥਾ ਕਰਦੇ ਹੁੰਦੇ ਸਨ। ਭਾਵੇਂ ਹੁਣ ਉਹ ਕਥਾ ਨਹੀਂ ਹੁੰਦੀ, ਪਰ ਤਾਂ ਭੀ ਰਾਗੀਆਂ ਨੂੰ ਕਥਨ ਦੇ ਇਖ਼ਤਿਆਰ ਨਹੀਂ ਦਿਤੇ ਗਏ ਤੇ ਢਾਡੀਆਂ ਪਆਰੇ ਗੁਣੀ ਗਿਆਨੀ, ਰਾਗੀ, ਰਬਾਬੀ ਇਸ ਮਾਮਲੇ ਪਰ ਦੀਰਘ ਵੀਚਾਰ ਕਰਕੇ ਕੋਈ ਲਾਭਦਾਇਕ ਰਸਤਾ ਤਿੰਨਾਂ ਆਸ਼੍ਰਮਾਂ ਦੇ ਕਾਇਮ ਰੱਖਣ ਦਾ ਕੱਢਣਗੇ? (ਖਾਲਸਾ ਸਮਾਚਾਰ, 9 ਅਗਸਤ 1905 ਈ:)

 www.sikhbookclub.com

# ਉਮਰ ਖ਼ਿਆਮ ਦੀ ਨਸੀਹਤ

ਦਿਆਂ ਨਸੀਹਤ ਇੱਕ ਮੈਂ ਸੁਣੇਂ ਜਿ ਮਨ ਚਿਤ ਲਾਇ,
ਰਬ ਲਈ ਤੂੰ ਕਪਟ ਦਾ ਜਾਮਾਂ ਗਲ ਨਾਂ ਪਾਇ।

'ਸਦਾ' ਲਈ ਪਰਲੋਕ ਹੈ, ਇਹ ਦੁਨੀਆਂ 'ਇਕ ਦੰਮ',
'ਦਮ' ਲਈ ਤੂੰ 'ਸਦਾ ਦਾ ਦੇਸ਼' ਨ ਵੇਚ ਗੁਆਇ।

ਰਸਤੇ ਵਿਚ ਐਦਾਂ ਤੁਰੀ ਕਰੇ ਨ ਕੋ ਪਰਣਾਮ,
ਲੋਕਾਂ ਵਿਚ ਐਦਾਂ ਰਹੀਂ ਊਧਮ ਨਾਂਹਿ ਮਚਾਣ।

ਜੇ ਮੰਦਰ ਨੂੰ ਜਾਹਿ ਤੂੰ ਐਦਾਂ ਜਾਵੀਂ ਨੀਊਂ
ਅੱਗੇ ਸੱਦ ਬਿਠਾਣ ਨਾ, ਚੌਧਰ ਗਲੇ ਨ ਪਾਣ।

(16-1-1907)

 www.sikhbookclub.com

# ਰਾਗੀਆਂ ਨੂੰ

(ਸਿੱਖਿਆ ਤੇ ਅਸੀਸ)

ਜੋੜੀ ਸਿਰੰਦੇ ਵਾਲਿਓ! ਖ਼ੁਸ਼ ਗਲੇ ਵਾਲੇ ਸੁਹਣਿਓਂ!
ਅਰਸ਼ੀਆਂ ਦੇ ਗੀਤ ਗਾ ਗਾ ਦਿਲ ਅਸਾਡੇ ਮੋਹਣਿਓਂ!

ਲੱਗੇ ਸੁਹਾਵੇ ਖੰਭ ਹਨ ਤੁਹਾਡੀ ਸੁਰੀਲੀ 'ਵਾਜ ਨੂੰ
ਲੈ ਉੱਡਦੇ ਆਕਾਸ਼ ਨੂੰ, ਅਰਸ਼ੀ ਅਲਾਪਾਂ ਛੁਹਣਿਓਂ!

ਪੈਦਾ ਜੁ ਕਰਦਾ ਹਾਲਤਾਂ- ਗਾਇਨ ਤੁਸਾਡਾ ਮਰਮੀਆਂ,
ਭਿਜ ਜਾਓ ਮਰਮਾਂ ਵਿੱਚ ਖ਼ੁਦ ਸਾਡੇ ਦਿਲਾਂ ਨੂੰ ਕੁਹਣਿਓਂ!

ਪੋਹ ਪੋਹ ਅਸਾਨੂੰ ਸੁਰ ਤੁਸਾਡੀ ਦ੍ਰਵਣਤਾ ਲਾ ਦੇਂਵਦੀ,
ਦ੍ਰਵ ਜਾਓ ਆਪੂੰ ਸੁਹਣਿਓਂ! ਸਾਡੇ ਦਿਲਾਂ ਨੂੰ ਪੁਹਣਿਓਂ!

ਰੰਗ ਚੜ੍ਹੇ ਦੂਣਾ ਚੌਣ ਹੋ, ਮਜਲਸ ਸਰੂਰੀਂ ਝੂੰਮ ਪੈ,
ਲਗ ਜਜੇ ਸਮਾਧੀ ਫਿਰ ਸਰੂਰੋਂ ਸੁਰਤਾਂ ਦੀ ਸੁਰਹੀ ਦੁਹਣਿਓਂ!

(ਪੁਸਤਕ 'ਆਵਾਜ਼ ਆਈ')

 www.sikhbookclub.com

# 4. ਜਥੇਬੰਦੀ

## 1 ਸਾਡੀ ਅਵਿਦਜਾ ਤੇ ਭੁੱਲ

ਛਾਬੇ ਵਿਚ ਪਏ ਫੁੱਲ ਕਈ ਵੇਰ ਵੇਖੇ ਹੋਣਗੇ। ਉਹਨਾਂ ਫੁੱਲਾਂ ਨੂੰ ਕਿਸੇ ਵੇਲੇ ਲੋਕੀ ਮਾਲਾ ਤੇ ਸਿਹਰੇ ਕਹਿਣ ਲਗ ਜਾਂਦੇ ਹਨ। ਫੁੱਲ ਉਹੋ ਹੁੰਦੇ ਹਨ, ਪਰ ਨਾਮ ਬਦਲ ਜਾਂਦਾ ਹੈ, ਸਮਰਥਾ ਪਲਟ ਜਾਂਦੀ ਹੈ। ਫੁੱਲ ਛਾਬੇ ਵਿਚ ਵਿਕੋਲਿੱਤਰੇ ਪਏ ਰਹਿੰਦੇ ਹਨ, ਪਰ ਸਿਹਰੇ ਤੇ ਮਾਲਾ ਪੂਜਨੀਕ ਵਜਕਤੀਆਂ ਨੂੰ ਅਰਪਨ ਹੁੰਦੇ, ਮਾਨੁਖ ਜੈਸੇ ਸ੍ਰਿਸ਼ਟੀ ਦੇ ਸਰਦਾਰ ਦੇ ਗਲੇ ਵਿਚ ਪੈਕੇ ਤੇ ਮੱਥੇ ਤੇ ਲਟਕਕੇ ਕ੍ਰਿਤਾਰਥ ਹੁੰਦੇ ਹਨ। ਫਰਕ ਕੀ ਪੈਂਦਾ ਹੈ ? ਕਿ ਓਹੋ ਫੁੱਲ ਇਕ ਸੂਤ ਵਿਚ ਪਰੋਏ ਜਾਂਦੇ ਹਨ। ਇਸੇ ਤਰ੍ਹਾਂ ਮਨੁਖਾਂ ਦੇ ਝੁੰਡ ਤੇ ਭੀੜਾਂ ਦੇਸਾਂ ਵਿਚ ਵਸਦੇ ਹਨ, ਅਰ ਚੰਗੇਰ ਦੇ ਫੁੱਲਾਂ ਦੀ ਤਰ੍ਹਾਂ ਵਿਕੋਲਿੱਤਰੇ ਪਏ ਜੀਵਨ ਕੱਟਦੇ ਤੇ ਮਰ ਜਾਂਦੇ ਹਨ। ਜਦ ਇਨ੍ਹਾਂ ਵਿਚ ਇਕ ਖਾਸ ਢੰਗ ਦੇ ਮਿਲਾਪ ਦਾ ਰੰਗ ਬੱਝ ਜਾਏ ਤਦ ਕਹਿੰਦੇ ਹਨ ਕਿ ਇਹ ਕੌਮ ਹੈ, ਅਰ ਜਦ ਖਾਸ ਪ੍ਰਬੰਧ ਨਾਲ ਉਸ ਵਿਚ ਜੁਗਤ ਦੇ ਬਾਨ੍ਹਣੂ ਬੱਝਕੇ ਇਕ ਇਰਾਦਾ ਹੋਕੇ 'ਏਕੈ ਸੂਤਿ ਪਰੋਏ ਮਣੀਏ' ਵਾਲੀ ਸੂਰਤ ਹੋ ਜਾਏ, ਤਦ ਉਸ ਨੂੰ ਜਥੇਬੰਦੀ ਵਾਲੀ ਕੌਮ ਕਹਿੰਦੇ ਹਨ। ਜਥੇਬੰਦੀ ਕੇਵਲ, ਫੌਜੀ ਪਦ ਨਹੀਂ, ਨਾ ਇਸ ਦਾ ਅਰਥ ਅੱਡ ਅਡ ਟੋਲੇ ਬੰਨ੍ਹਣੇ ਹਨ, ਪਰ ਇਸ ਦਾ ਭਾਵ ਇਹ ਹੈ ਕਿ ਕਿਸੇ ਕੌਮ ਦੇ ਕੰਮ ਕਿਸੇ ਖਾਸ ਪ੍ਰਬੰਧ ਨਾਲ ਹੋਣ ਅਰ ਕੌਮ ਆਪ ਆਪਣੇ ਅਸੂਲਾਂ ਦੇ ਪ੍ਰਬੰਧ ਵਿਚ ਚੱਲੇ, ਉਸ ਦਾ ਹਰੇਕ ਮੈਂਬਰ (ਸਹਾਇਕ) ਆਪਣੇ ਧਰਮ ਅਰ ਫਰਜ਼ ਪਰ ਦ੍ਰਿੜ੍ਹ ਹੋਵੇ। ਜਿਸ ਤਰ੍ਹਾਂ ਇਕ ਮਸ਼ੀਨ ਹੁੰਦੀ ਹੈ, ਉਸ ਦੇ ਅੱਡ ਅੱਡ ਪੁਰਜ਼ੇ

 www.sikhbookclub.com

ਆਪਣੇ ਥਾਂ ਸਿਰ ਆਪਣੇ ਆਪਣੇ ਕੰਮ ਨੂੰ ਕਰਦੇ ਹਨ ਤੇ ਮਸ਼ੀਨ ਆਪਣੇ ਕਾਰਜ ਨੂੰ ਕਰ ਦੇਂਦੀ ਹੈ। ਪਰ ਮਨੁਖਾਂ ਦੀ ਜਥੇਬੰਦੀ ਫੁੱਲਾਂ ਵਾਂਙ ਸੁਰਜੀਤਾਂ ਦੇ ਹਥ ਯਾ ਪੁਰਜ਼ਿਆਂ ਵਾਂਙ ਹੱਥੀ ਫੇਰਨ ਵਾਲਿਆਂ ਸੁਰਜੀਤ ਆਦਮੀਆਂ ਦੇ ਵੱਸ ਨਹੀਂ, ਕਿਉਂਕਿ ਆਦਮੀ ਜੜ ਨਹੀਂ, ਚੇਤਨ ਹੈ। ਚੇਤਨ ਆਪਣੇ ਸਾਰੇ ਕਾਰਜ ਆਪ ਕਰਨ ਨੂੰ ਸਮਰੱਥ ਹੈ, ਪਰ ਇਸ ਦੀ ਚੇਤਨਤਾ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਐਵੇਂ ਆਦਮੀ ਕਰ ਲੈਂਦੇ ਹਨ, ਕਿਉਂਕਿ ਐਵੇਂ ਹੀ ਜੇ ਇਹ ਹੋ ਸਕੇ ਤਦ ਵਹਿਸ਼ੀ ਕੌਮਾਂ ਵਿਚ ਜਥੇਬੰਦੀ ਕਿਉਂ ਨਾ ਹੋਵੇ? ਇਹ ਬੀ ਨਹੀਂ ਕਿਹਾ ਜਾ ਸਕਦਾ ਕਿ ਵਹਿਸ਼ੀ ਕੌਮਾਂ ਜਥੇਬੰਦੀ ਤੋਂ ਸੁੰਞੀਆਂ ਹਨ। ਉਹਨਾਂ ਵਿਚ ਬੀ ਜਥੇਬੰਦੀ ਦੀ ਲਾਗ ਹੁੰਦੀ ਹੈ, ਪਰ ਨਾ ਹੋਈ ਵਰਗੀ। ਇਸ ਦਾ ਭੇਤ ਇਹ ਹੈ ਕਿ ਜਥੇਬੰਦੀ ਵਿਦਿਆ ਪਰ ਨਿਰਭਰ ਰਖਦੀ ਹੈ। ਜਿਤਨੀ ਜਿੱਥੇ ਅਵਿਦਿਆ ਹੈ ਉਤਨੀ ਉਥੇ ਜੜ੍ਹਤਾ ਵੱਧ ਹੈ। ਜੜ੍ਹਤਾ ਜਥੇਬੰਦੀ ਲਈ ਅਸਮ੍ਰੱਥ ਹੋਣ ਕਰਕੇ ਉੱਨੀ ਹੀ ਉਥੇ ਜਥੇਬੰਦੀ ਦੀ ਊਣ ਹੈ। ਵਿਦਿਆ ਬੁੱਧੀ ਨੂੰ ਉੱਜਲ ਕਰਦੀ ਤੇ ਜੜ੍ਹਤਾ ਨੂੰ ਦਬਾ ਕੇ ਬੁੱਧੀ ਦੀ ਚੇਸ਼ਟਾ ਨੂੰ ਐਸਾ ਪ੍ਰਬਲ ਕਰ ਦੇਂਦੀ ਹੈ ਕਿ ਮਾਨੁਖ ਮਹਾਨ ਕਾਰਜਾਂ ਦੇ ਕਰਨ ਜੋਗਾ ਹੋ ਜਾਵੇ। ਵਿਦਿਆ ਤੋਂ ਭਾਵ ਕੋਈ ਬੋਲੀ ਸਿੱਖਣੀ ਜਾਂ ਕਿਸੇ ਭਾਸ਼ਾ ਦਾ ਜਾਣਨਾ ਨਹੀਂ ਹੈ। ਵਿਦਿਆ ਦਾ ਭਾਵ ਹੈ ਕਿ ਮਾਨੁਖ ਦਾ ਮਨ ਮੰਞ ਜਾਵੇ। ਜਿਸ ਤਰ੍ਹਾਂ ਖਾਣ ਤੋਂ ਨਿਕਲਿਆ ਹੀਰਾ ਵਿੰਗਾ ਚਿੱਬਾ ਮਾਮੂਲੀ ਮੁੱਲ ਪਾਉਂਦਾ ਹੈ, ਪਰ ਜਦ ਪੱਥਰ ਖਰਾਦੀਆ ਉਸ ਦੀ ਖਾਸ ਸ਼ਕਲ ਕੱਢਕੇ ਉਸ ਪਰ ਅਨੇਕਾਂ ਪਹਿਲ ਪਾ ਦੇਂਦਾ ਹੈ, ਤਦ ਉਸ ਦੀ ਚਮਕ ਭੜਕ ਉਠਦੀ ਹੈ, ਅਰ ਉਸ ਦਾ ਮੁੱਲ ਵਧ ਜਾਂਦਾ ਹੈ। ਇਸੀ ਤਰ੍ਹਾਂ ਜਿਨ੍ਹਾਂ ਮਨੁੱਖਾਂ ਦੇ ਦਿਮਾਗ ਮੰਞ ਗਏ ਹਨ, ਚਾਹੇ ਪੁਸਤਕਾਂ ਪੜ੍ਹਕੇ, ਚਾਹੇ ਸੁਹਬਤ ਕਰਕੇ, ਚਾਹੇ ਕਥਾ ਵਾਰਤਾ ਸੁਣਕੇ, ਚਾਹੇ ਦੇਖਣ ਤੇ ਵਿਚਾਰ ਕਰਨ ਕਰਕੇ, ਉਹ ਵਿਦਵਾਨ ਕਹੇ ਜਾਂਦੇ ਹਨ। ਭਾਵੇਂ ਇਨ੍ਹਾਂ ਵਿਚ ਕੁਝ ਫ਼ਰਕ ਹੁੰਦੇ ਹਨ, ਪਰ ਸਮੁੱਚੇ ਤੌਰ ਤੇ ਇਨ੍ਹਾਂ ਨੂੰ ਵਿਦਵਾਨ ਕਹਿ ਸਕੀਦਾ ਹੈ। ਕੇਵਲ ਪੜ੍ਹਨਾ ਵਿਦਵਾਨ ਹੋਣਾ ਨਹੀਂ ਹੈ। ਤੋਤਾ ਤੇ ਮੈਨਾਂ, ਟੁਣੀਏ ਤੇ ਰਾਇ ਸਭ ਪੜ੍ਹਦੇ ਹਨ। ਅਨੇਕਾਂ ਪੜ੍ਹੇ ਹੋਏ ਆਦਮੀ ਬੀ ਵਹੂਸ਼ ਰਹਿੰਦੇ ਹਨ। ਉਹ ਵਿਦਵਾਨ ਨਹੀਂ ਕਹੀਦੇ।

ਤੋਤਾ ਪੰਛੀ ਹੀ ਰਿਹਾ, ਪੜ੍ਹ ਪੜ੍ਹ ਵਿਦਜਾ ਢੇਰ।
ਪੜ੍ਹਨ ਗੁੜ੍ਹਨ ਵਿਚ ਭੇਦ ਹੈ, ਸਮਝੇ ਬਿਨਾਂ ਕੁਫੇਰ।

ਸਾਡੇ ਵਡਿਆਂ ਵਿਚ ਪੜ੍ਹਨਾ ਘੱਟ ਸੀ, ਪਰ ਉਹ ਮੰਝੇ ਦਿਮਾਗਾਂ ਵਾਲੇ ਬਹੁਤ ਹੁੰਦੇ ਸੇ। ਉਨ੍ਹਾਂ ਦੀ ਜਥੇਬੰਦੀ ਐਸੀ ਪੂਰੀ ਸੀ ਕਿ ਜਿਸ ਦਾ ਫਲ ਉਨ੍ਹਾਂ ਦੀ ਕਾਮਯਾਬੀ ਸੀ। ਗੁਰਮਤੇ ਦਾ ਆਸ਼੍ਰਮ, ਜੋ ਇਤਿਹਾਸਕਾਰਾਂ ਨੇ ਲਿਖਿਆ ਹੈ, ਐਸਾ ਮੁਕੰਮਲ ਸੀ ਕਿ ਜਿਸ ਦੇ ਕਾਰਣ ਸਖਤ ਕਲੇਸ਼ਾਂ ਵੇਲੇ ਬੀ ਕੌਮ ਕਾਇਮ ਰਹੀ। ਹੁਣ ਅਸੀਂ ਪੜ੍ਹ ਗਏ ਹਾਂ, ਪਰ ਫੀ ਸਦੀ ਇਕ ਸਿਖ ਨੂੰ ਬੀ ਪਤਾ ਨਹੀਂ ਹੋਣਾ ਕਿ ਸਾਡੇ ਵਡੇ 'ਗੁਰਮਤਾ' ਕਿਸ ਨੂੰ ਆਖਦੇ ਹੁੰਦੇ ਸਨ। ਇਹ ਉਨ੍ਹਾਂ ਸਮਿਆਂ ਵਿਚ ਸੀ ਕਿ ਜਦ ਅੱਸੀ ਰੁਪਏ ਨੂੰ ਸਿਖ ਦਾ ਸਿਰ ਵਿਕਦਾ ਸੀ, ਜਦ ਬੀਜ ਨਾਸ਼ ਕਰਨ ਦੇ ਪਾਤਸ਼ਾਹਾਂ ਵਲੋਂ ਬੀੜੇ ਚੁਕੇ ਜਾਂਦੇ ਸੇ, ਜਦੋਂ ਰਪੋਰਟਾਂ ਗੁਜ਼ਰ ਜਾਂਦੀਆਂ ਸਨ ਕਿ ਸਿਖ ਮੁੱਕ ਗਏ ਹਨ, ਤਦੋਂ ਇਹ ਜਥੇਬੰਦੀ ਦੀ ਬਰਕਤ ਕੌਮ ਨੂੰ ਕਾਇਮ ਰਖਦੀ ਸੀ। ਪਰ ਜਦੋਂ ਹੁਣ ਅਮਨ ਦਾ ਰਾਜ ਹੈ, ਰਾਜਸੀ ਕੋਈ ਖਟਕਾ ਨਹੀਂ, ਧਾਰਮਕ ਤੇ ਭਾਈਚਾਰਕ ਉਨਤੀ ਦੇ ਮੈਦਾਨ ਖੁੱਲ੍ਹੇ ਤੇ ਪਿੜ ਮੋਕਲੇ ਪਏ ਹਨ੍ਹ, ਜਦੋਂ ਪ੍ਰਤਾਪਸ਼ੀਲ ਤੇ ਧਰਮਸ਼ੀਲ ਹੋਣ ਲਈ ਸੁਤੰਤ੍ਰਤਾ ਹੈ, ਕੇਵਲ ਇਹ ਹੀ ਨਹੀਂ ਜਦੋਂ ਅਸੀਂ ਪੜ੍ਹ ਗਏ ਹਾਂ, ਜਦੋਂ ਅਸੀਂ ਦੇਸ਼ ਬਦੇਸ਼ ਦੇ ਸਮਾਚਾਰ ਪੜ੍ਹਦੇ ਹਾਂ, ਜਦੋਂ ਵਿਦਿਆ ਛਬੀਲਾਂ ਦੀ ਤਰ੍ਹਾਂ ਚੱਪੇ ਚੱਪੇ ਤੇ ਵੰਡੀਜ ਰਹੀ ਹੈ, ਤਦੋਂ ਅਸੀਂ ਘਟਦੇ ਜਾ ਰਹੇ ਹਾਂ, ਤਦੋਂ ਅਸੀਂ ਆਸ਼੍ਰਮ ਬੰਨ੍ਹਦੇ ਹੋਏ ਲੜਦੇ ਹਾਂ, ਤਦੋਂ ਅਸੀਂ ਕੌਮ ਕੌਮ ਕਰਕੇ ਤਿਲਕਦੇ ਹਾਂ, ਉਨੱਤੀ ਕਰਦੇ ਤੇ ਕਹਿੰਦੇ ਹਾਂ, ਪਰ ਲੇਟ ਲੇਟ ਜਾਂਦੇ ਹਾਂ; ਜਾਗਦੇ ਹਾਂ, ਪਰ ਨੀਂਦਰ ਨਹੀਂ ਖੁਲ੍ਹਦੀ; ਕਹਿੰਦੇ ਅਰ ਸੁਣਦੇ ਹਾਂ, ਪਰ ਸਮਝਦੇ ਕੁਝ ਨਹੀਂ, ਮਿਲ ਬੈਠਦੇ ਹਾਂ, ਪਰ ਅੰਦਰੋਂ ਮਿਲਦੇ ਨਹੀਂ; ਰਲ ਤੁਰਦੇ ਹਾਂ, ਪਰ ਰਲਦੇ ਨਹੀਂ; ਇਕ ਬਣਦੇ ਹਾਂ, ਪਰ ਇਕ ਹੁੰਦੇ ਨਹੀਂ; ਇਕ ਨਿਸ਼ਾਨੇ ਪਰ ਚਾਂਦਮਾਰੀ ਕਰਦੇ ਹਾਂ, ਪਰ ਹਰ ਨਿਸ਼ਾਨੇ ਤੇ ਉਕੱਦੇ ਹਾਂ। ਸਾਡੀ ਇਹ ਸਰੋਵਰ ਪਰ ਬੈਠਕੇ, ਚਸ਼ਮਿਆਂ ਤੇ ਬਰਫਾਂ ਨਾਲ ਘਿਰਿਆ ਹੋਕੇ, ਜੋ ਤ੍ਰੇਹ ਦੀ ਦਸ਼ਾ ਅਬੁਝਵੀ ਹੋ ਰਹੀ ਹੈ, ਅਹੋ! ਕੀਹ ਕਾਰਨ ਇਸ ਦੀ ਤਹਿ ਵਿਚ ਹੈ? ਉਹੋ, ਜਥੇਬੰਦੀ ਦਾ ਲੋਪ ਹੋ ਜਾਣਾ। ਅਸੀਂ ਉਹ ਕੌਮ ਨਹੀਂ ਹਾਂ ਕਿ ਜਿਨ੍ਹਾਂ

 www.sikhbookclub.com

ਨੇ ਜਥੇਬੰਦੀ ਮੁੱਢੋਂ ਸਿਖਣੀ ਹੈ, ਅਸੀਂ ਉਹ ਹਾਂ ਜਿਨ੍ਹਾਂ ਨੇ ਭੁੱਲੀ ਸ਼ੈ ਚੇਤੇ ਕਰਨੀ ਹੈ, ਪਰ ਵਰਤਣ ਵਿਚ ਫ਼ਰਕ ਹੈ।

ਦਸਾਂ ਸਤਿਗੁਰਾਂ ਦਾ ਮਨਤੱਵ ਸੰਸਾਰ ਵਿਚੋਂ ਈਰਖਾ, ਦ੍ਵੈਖ, ਤਅੱਸਬ, ਵੈਰ ਨੂੰ ਦੂਰ ਕਰਕੇ ਪ੍ਰੇਮ ਫੈਲਾਉਣ ਦਾ ਸੀ। ਕੌਮ ਕੌਮ ਨਾਲ ਤੇ ਮਤ ਮਤ ਨਾਲ ਤਲਵਾਰਾਂ ਧੂਈ ਪਿਆ ਹੈ। ਸਤਿਗੁਰਾਂ ਦਾ ਇਹ ਆਸ਼ਾ ਸੀ ਕਿ ਸਭ ਵਿਚ ਮੈਤ੍ਰੀ ਹੋ ਜਾਏ। ਉਨ੍ਹਾਂ ਨੇ ਸਿਖ ਕੌਮ ਹੋਰਨਾਂ ਵਾਂਙੂ ਸਭ ਨਾਲ ਈਰਖਾ ਕਰਨ ਵਾਲੀ ਅਰ ਤਅੱਸਬ ਪਰ ਪੈਕੇ ਜਲਨ ਵਾਲੀ ਭੀੜ ਕੱਠੀ ਨਹੀਂ ਸੀ ਕੀਤੀ। ਉਹ ਸੰਸਾਰ ਵਿਚ ਪ੍ਰੇਮ ਦਾ ਢੰਡੋਰਾ ਦੇਣਾ ਚਾਹੁੰਦੇ ਸੇ। ਇਕ ਆਦਮੀ ਇਹ ਕਾਰਜ ਨਹੀਂ ਕਰ ਸਕਦਾ, ਦੋ ਨਹੀਂ ਕਰ ਸਕਦੇ, ਦਸ ਨਹੀਂ ਕਰ ਸਕਦੇ, ਇਹ ਬਹੁਤਿਆਂ ਦਾ ਕੰਮ ਹੈ। ਇਸ ਲਈ ਸਤਿਗੁਰਾਂ ਨੇ ਆਪਣੇ ਆਤਮ ਉਦਯੋਗ ਨਾਲ ਬੇਗਿਣਤ ਬਹੁਤੇ ਐਸੇ ਪੈਦਾ ਕੀਤੇ ਜੋ ਇਸ ਢੰਡੋਰੇ ਨੂੰ ਫੇਰਨ ਦੇ ਲਾਇਕ ਬਣ ਗਏ, ਜਿਨ੍ਹਾਂ ਨੂੰ ਪ੍ਰੇਮ ਦੀ ਸਿਖਿਆ ਨੇ ਸਿਖਜਤ ਕਰ ਦਿੱਤਾ, ਅਰ ਜਿਨ੍ਹਾਂ ਸਿਖੇ ਹੋਇਆਂ ਨੂੰ ਮਹਾਰਾਜ ਨੇ 'ਸਿੱਖ' ਦਾ ਨਾਮ ਦਿਤਾ। ਸਿਖ ਦਾ ਅਰਥ ਇਹ ਨਹੀਂ ਕਿ ਉਹ ਸਭ ਤੋਂ ਅੱਡ, ਮਾਨੁਖ ਮਾਤ੍ਰ ਤੋਂ ਨਫ਼ਰਤ (ਘ੍ਰਿਣਾ) ਕਰਨ ਵਾਲਾ ਯਾ ਸਭ ਨੂੰ ਚੁਭਣ ਵਾਲੀ ਬਿੱਛੂ ਬੂਟੀ ਹੈ। ਉਹ ਸਭ ਨਾਲ ਪਿਆਰ ਕਰਨ ਵਾਲਾ, ਸਭ ਨੂੰ ਪ੍ਰੇਮ ਦਾ ਉਪਦੇਸ਼ ਦੇਣ ਵਾਲਾ, ਅਰ ਸਭ ਨੂੰ ਪ੍ਰੇਮ ਦੀ ਵਰਤੋਂ ਵਰਤਾਕੇ ਦਿਖਾਉਣ ਵਾਲਾ, ਪ੍ਰੇਮ ਦੀ ਪਾਠਸ਼ਾਲਾ ਦਾ ਸਿਖਜਤ ਸਿੱਖ ਹੈ। ਜਦ ਬਹੁਤੇ ਸਿਖ ਹੋ ਗਏ ਤਦ ਹੁਣ ਉਨ੍ਹਾਂ ਵਿਚ ਜਥੇਬੰਦੀ ਦਾ ਹੋਣਾ ਕੁਦਰਤੀ ਲੋੜ ਹੋ ਗਈ। ਜੇ ਇਹ ਜਥੇਬੰਦੀ ਨਾ ਹੋਵੇ ਤਦ ਉਹ ਮਹਾਨ ਕੰਮ ਪ੍ਰੇਮ ਢੰਡੋਰੇ ਦਾ ਸਿਰੇ ਕਿਸ ਤਰ੍ਹਾਂ ਚੜ੍ਹੇ?

ਜਿਸ ਤਰ੍ਹਾਂ ਦੇਹ ਦੇ ਅੰਗ ਸੁਤੇ ਹੀ ਇਕ ਤਰ੍ਹਾਂ ਦੀ ਜਥੇਬੰਦੀ ਦੇ ਅਸੂਲ ਵਿਚ ਚਲਦੇ ਹਨ ਤਦ ਦੇਹ ਆਪਣੇ ਕਾਰਜ ਕਰਨ ਨੂੰ ਸਮਰੱਥ ਰਹਿੰਦੀ ਹੈ, ਪਰ ਜਦ ਉਹਨਾਂ ਨਿਯਮਾਂ ਵਿਚ ਕਿਤੇ ਉਕਾਈ ਹੋ ਜਾਵੇ ਤਦ ਰੋਗੀ ਹੋ ਜਾਂਦੀ ਹੈ। ਇਸੇ ਪ੍ਰਕਾਰ ਜੇ ਉਹਨਾਂ ਬਹੁਤੇ ਸਿਖਾਂ ਵਿਚ ਕਿਸੇ ਪ੍ਰਕਾਰ ਦੀ ਜਥੇਬੰਦੀ ਨਾ ਹੋਵੇ ਤਦ ਉਹ ਕਿਕੁਰ ਕਾਮਯਾਬ ਰਹਿ ਸਕਦੇ ਹਨ? ਜਦ ਉਹਨਾਂ ਦੇ ਕਾਯਮ ਰਹਿਣ ਦਾ ਹੀ ਸੰਸਾ ਪੈ ਜਾਵੇ ਤਦ ਕਿਸ ਤਰ੍ਹਾਂ ਨਿਸਚਾ ਹੋ ਜਾਏ ਕਿ ਜੋ ਮਹਾਨ ਪਵਿਤ੍ਰ ਕਾਰਜ ਗੁਰੂ

 www.sikhbookclub.com

ਜੀ ਨੇ ਕਰਨਾ ਸੀ, ਅਰ ਜਿਸ ਨੂੰ ਸਦਾ ਲਈ ਜਾਰੀ ਛੱਡ ਜਾਣਾ ਸੀ, ਸਿਰ ਚੜ੍ਹੇਗਾ ? ਇਸ ਲਈ ਜਿਸ ਤਰ੍ਹਾਂ ਸਤਿਗੁਰਾਂ ਦਾ ਸੰਸਾਰ ਵਿਚ ਆਉਣਾ ਅਵੱਸ਼ ਲੋੜੀਂਦਾ ਸੀ, ਜਿਸ ਤਰ੍ਹਾਂ ਸਿਖ ਤਿਆਰ ਕਰਨੇ ਅਵੱਸ਼ ਲੋੜੀਂਦੇ ਸਨ, ਉਸੀ ਤਰ੍ਹਾਂ ਉਹਨਾਂ ਵਿਚ ਜਥੇਬੰਦੀ ਕਾਇਮ ਕਰਨੀ ਅਵੱਸ਼ ਲੋੜੀਂਦੀ ਸੀ। 'ਪ੍ਰੇਮ ਢੰਡੋਰਾ' ਸੰਸਾਰ ਵਿਚ ਨਹੀਂ ਫੈਲ ਸਕਦਾ ਜਦ ਤਕ ਕਿ ਇਕ ਜਥੇਬੰਦ ਕੌਮ ਕਾਇਮ ਨਾ ਹੋਵੇ, ਜਿਸ ਦਾ ਪ੍ਰਯੋਜਨ ਇਸ ਪਰਮ ਪਵਿੱਤ੍ਰ ਮਿਸ਼ਨ ਨੂੰ ਪੂਰਾ ਕਰਨਾ ਹੋਵੇ। ਜੈਸੇ ਕਿਸੇ ਪਰਉਪਕਾਰੀ ਸਰੀਰ ਦਾ ਪਰਉਪਕਾਰ ਦੀ ਖ਼ਾਤਰ ਆਪਣੀ ਦੇਹ ਨੂੰ ਕਾਇਮ ਰੱਖਣਾ ਜ਼ਰੂਰੀ ਹੈ, ਵੈਸੇ ਹੀ ਇਕ ਪਰਉਪਕਾਰੀ ਕੌਮ ਦਾ ਪਰਉਪਕਾਰ ਦੀ ਖ਼ਾਤਰ ਆਪਣੇ ਜੀਵਨ ਨੂੰ ਕਾਇਮ ਰਖਣਾ ਜ਼ਰੂਰੀ ਹੈ। ਉਸ ਜੀਵਨ ਲਈ ਜਥੇਬੰਦੀ ਹੀ ਰੂਹ ਹੈ। ਲੋਕੀ ਇਤਰਾਜ਼ ਕਰਦੇ ਹਨ ਕਿ ਸਿਖ ਇਕ Sect (ਮਤ ਪੱਖੀ ਲੋਕ) ਹਨ। ਪਰ ਅਸੀਂ ਕਹਿੰਦੇ ਹਾਂ ਕਿ ਅਸੀਂ ਕਦੀ ਐਸੇ ਨਹੀਂ ਹਾਂ। ਸਾਡੀ ਕੌਮ ਦਾ ਹੋਣਾ, ਕੌਮ ਦਾ ਹੋਰਨਾਂ ਤੋਂ ਅੱਡ ਜਾਂ ਨਿਆਰੇ ਨਜ਼ਰ ਆਉਣਾ, ਅਰ ਸਾਡਾ ਇਸ ਨੂੰ ਐਸੇ ਕਾਇਮ ਰੱਖਣਾ Sectarian View (ਮਤ ਪੱਖੀ ਮਨਤੱਵ) ਦੇ ਕਾਰਣ ਨਹੀਂ ਹੈ, ਬਲਕਿ ਇਸ ਲਈ ਹੈ ਕਿ ਸਿੱਖ ਕੌਮ ਸੰਸਾਰ ਸੇਵਕ ਤੇ ਜਗਤ-ਪਰੋਪਕਾਰੀ ਪ੍ਰੇਮ ਦਾ ਸੰਦੇਸ਼ਾ ਦੇਣ ਵਾਲੇ ਸੱਜਣਾਂ ਦਾ ਇਕੱਠ ਹੈ, ਇਨ੍ਹਾਂ ਦੇ ਇਕੱਠ ਲਈ ਜਥੇਬੰਦੀ ਦੀ ਲੋੜ ਹੈ, ਇਸ ਲਈ ਅਸੀਂ ਅੱਡ ਅਰ ਵੱਖਰੇ ਨਜ਼ਰ ਪੈਂਦੇ ਹਾਂ। ਤਅੱਸਬ ਯਾ ਈਰਖਾ ਕਰਕੇ ਅਸੀਂ ਇਕ ਛਕਫਵ ਯਾ ਫ਼ਿਰਕਾ ਨਹੀਂ ਹਾਂ। ਜਿਸ ਤਰ੍ਹਾਂ ਇਕ ਉਦਾਹਰਨ ਨੂੰ ਦੇਖੋ: ਇਕ ਆਦਮੀ ਭੋਜਨ ਦੇ ਪਦਾਰਥ ਇਸ ਲਈ ਖਾਂਦਾ ਹੈ ਕਿ ਉਸ ਨੂੰ ਖਾਣ ਦਾ ਚਸਕਾ ਹੈ। ਦੂਜਾ ਇਸ ਲਈ ਖਾਂਦਾ ਹੈ ਕਿ ਉਸ ਨੇ ਦੁਸ਼ਮਨ ਨੂੰ ਮਾਰਨਾ ਹੈ, ਜਿਸ ਲਈ ਬਲ ਚਾਹੀਦਾ ਹੈ। ਤੀਜਾ ਇਸ ਲਈ ਖਾਂਦਾ ਹੈ ਕਿ ਵਿਹਾਰ ਕਾਰ ਕਿਰਤ ਨੌਕਰੀ ਕਰਕੇ ਪਦਾਰਥ ਕੱਠਾ ਕਰੇ, ਅਰ ਅਮੀਰ ਸਦਾਵੇ। ਚੌਥਾ ਇਸ ਲਈ ਖਾਂਦਾ ਹੈ ਕਿ ਨਿਰਬਾਹ ਤੁਰਦਾ ਜਾਏ। ਪੰਜਵਾਂ ਇਸ ਲਈ ਖਾਂਦਾ ਹੈ ਕਿ ਉਸ ਦਾ ਸਰੀਰ ਪਰਉਪਕਾਰ ਤੇ ਸੇਵਾ ਲਈ, ਭਲਾ ਕਰਨ ਤੇ ਪ੍ਰੇਮ ਸਿਖਾਉਣ ਲਈ ਤਕੜਾ ਰਹੇ, ਕਿਉਂਕਿ ਨਿਰਬਲ ਤੇ ਰੋਗੀ ਸਰੀਰ ਇਹ ਨੇਕ ਕੰਮ ਨਹੀਂ ਕਰ ਸਕਦਾ। ਭੁੱਖਾ ਆਪ ਭਜਨ ਨਹੀਂ ਕਰ ਸਕਦਾ, ਦੂਜੇ ਤੋਂ ਕਰਾ ਨਹੀਂ ਸਕਦਾ। ਤਾਂ ਤੇ

ਜਿਸਨੇ ਨਾਮ ਜਪਣਾ ਅਰ ਜਪਾਉਣਾ ਹੈ, ਉਹ ਜਪਾਉਣ ਦੀ ਖ਼ਾਤਰ, ਪਰਾਏ ਦਾ ਸੁਆਰਨ ਦੀ ਖ਼ਾਤਰ, ਭੋਜਨ ਖਾਂਦਾ ਹੈ। ਹੁਣ ਭੋਜਨ ਖਾਣਾ ਤਾਂ ਇਕ ਹੈ ਪਰ ਫ਼ਰਕ ਕਿੰਨਾ ਹੈ। ਇਸੇ ਤਰ੍ਹਾਂ ਹੋਰਨਾਂ ਮਤਾਂ ਤੋਂ ਅੱਡ ਹੋਣਾ ਤਾਂ ਸਾਡਾ ਇਕ ਹੈ, ਪਰ ਸਿੱਖਾਂ ਦੇ ਅੱਡ ਨਜ਼ਰ ਪੈਣ ਵਿਚ ਭਾਰੀ ਫ਼ਰਕ ਹੈ। ਇਸ ਲਈ ਸਾਡੀ ਜਥੇਬੰਦੀ Sectarian (ਮਤ ਦ੍ਵੈਖ) ਦੇ ਕਾਰਨ ਨਹੀਂ ਹੈ, ਪ੍ਰੇਮ ਸਿੱਖਿਆ ਦੇ ਸਿਖਾਯਤ ਸਿਖਾਂ ਦੇ ਸੰਸਾਰ ਨੂੰ ਪ੍ਰੇਮ ਸੰਥਜਾ ਸਿਖਾਉਣ ਲਈ ਕਾਯਮ ਰਹਿਣ ਲਈ ਲੋੜੀਂਦੀ ਹੈ। ਲੋੜੀਂਦੀ ਹੀ ਨਹੀਂ, ਇਹ ਐਸੀ ਹੀ ਜ਼ਰੂਰੀ ਹੈ ਜੈਸਾ ਕਿ ਸਿੱਖਾਂ ਦਾ ਹੋਣਾ ਜ਼ਰੂਰੀ ਹੈ। ਮਸ਼ੀਨ ਦੇ ਇਕ ਪੁਰਜ਼ੇ ਦੀ ਜਿੰਨੀ ਲੋੜ ਹੈ ਉਨ੍ਹੀਂ ਹੀ ਉਸ ਮਸ਼ੀਨ ਦੇ ਪ੍ਰਬੰਧ ਦੀ ਲੋੜ ਹੈ, ਜਿਸ ਵਿਚ ਕਿ ਉਸ ਪੁਰਜ਼ੇ ਨੇ ਕੰਮ ਕਰਨਾ ਹੈ।

ਖਾਲਸਾ ਜੀ! ਆਪ ਇਸੇ ਤੋਂ ਸਮਝ ਲਵੋ ਕਿ ਸੰਸਾਰ ਵਿਚ ਉਹ ਉਤੱਮ ਗਿਆਨ, ਉਹ ਪ੍ਰੇਮ ਦਾ ਸੰਦੇਸ਼ਾ ਅਜੇ ਤਕ ਆਪ ਨੇ ਨਹੀਂ ਪਹੁੰਚਾਇਆ, ਜਿਸ ਦਾ ਹੁਕਮ ਸਤਿਗੁਰਾਂ ਨੇ ਤੁਸਾਂ ਨੂੰ ਦਿੱਤਾ ਸੀ। ਤੁਸੀਂ ਅਜੇ ਆਪਣਾ ਫ਼ਰਜ਼ ਹਿੰਦੁਸਤਾਨ ਵਿਚ ਅਦਾ ਨਹੀਂ ਕੀਤਾ ਤਾਂ ਸੰਸਾਰ ਵਿਚ ਕਿੱਥੇ? ਸੋਚੋ ਕਿਉਂ ਇਹ ਪਵਿਤ੍ਰ ਆਗਿਆ ਪੂਰਨ ਕਰਨੋਂ ਅਸਮਰਥ ਹੋ ਰਹੇ ਹੋ? ਇਹੋ ਕਾਰਨ ਹੈ ਕਿ ਜਥੇਬੰਦੀ ਵਿਚ ਆਪ ਨਿੱਘਰ ਗਏ ਹੋ। ਗੁਰੂ ਸਾਹਿਬ ਤਾਂ ਆਪ ਨੂੰ ਚਾਰ ਕੂੰਟ ਵਿਚ ਪ੍ਰੇਮ ਸੰਦੇਸਾ ਪਹੁੰਚਾਉਣ ਦਾ ਹੁਕਮ ਦੇ ਗਏ ਹਨ, ਆਪ ਪੰਜਾਬ ਵਿਚ ਹੀ ਰੁਕੇ ਪਏ ਹੋ; ਰੁਕੇ ਪਏ ਕੀ ਆਪਣੀ ਜਿੰਦ ਦੇ ਹੀ ਲਾਲੇ ਪਾਈ ਬੈਠੇ ਹੋ। ਦੱਸੋ ਉਸ ਆਗਿਆ ਨੂੰ ਕੌਣ ਪੂਰਾ ਕਰੇਗਾ? ਕਿਆ ਸਾਡੇ ਹੱਥ ਵਿਚ ਸੰਸਾਰ ਦੇ ਮਹਾਨ ਪਵਿਤ੍ਰ ਪ੍ਰੇਮ ਪੂਰਤ ਉਤਕ੍ਰਿਸ਼ਟ ਧਰਮ ਦੇ ਹੁੰਦਿਆਂ ਸਾਡਾ ਉਸ ਨੂੰ ਸੰਸਾਰ ਵਿਚ ਫੈਲਾਣੇ ਅਸਮਰਥ ਹੋਣਾ ਪ੍ਰਗਟ ਨਹੀਂ ਕਰਦਾ ਕਿ ਸਾਨੂੰ ਜਥੇਬੰਦੀ ਦੀ ਕਿੰਨੀ ਲੋੜ ਹੈ। ਕੀਹ ਇਸ ਘਾਟੇ ਨੇ ਸਾਨੂੰ ਆਪਣਾ ਉਦੇਸ਼ ਪੂਰਾ ਕਰਨੋਂ ਰੋਕ ਨਹੀਂ ਰੱਖਿਆ ਹੋਇਆ? ਕਿਆ ਇਸੇ ਘਾਟੇ ਨੇ ਸਿਖ ਦੇ ਉਸ ਧਰਮ ਤੋਂ, ਜੋ ਗੁਰੂ ਆਗਿਆ ਪਾਲਣ ਵਿਚ ਹੁੰਦਾ ਹੈ, ਬੇਮੁਖ ਨਹੀਂ ਕਰ ਦਿੱਤਾ ਕਿ ਚਾਰੇ ਕੂੰਟਾਂ ਉਸ ਪਵਿਤ੍ਰ ਗਿਆਨ ਅਰ ਪ੍ਰੇਮ ਸੁਨੇਹੜੇ ਤੋਂ ਖਾਲੀ ਪਈਆਂ ਹਨ।

ਪਰ ਹੁਣ ਵਿਚਾਰ ਇਹ ਪੈਦਾ ਹੁੰਦੀ ਹੈ ਕਿ ਅਸੀਂ ਕਿਉਂ ਜਥੇਬੰਦੀ ਵਿਚ ਗਿਰ ਗਏ ਹਾਂ। ਸਾਡੇ ਵਿਚ ਨਾਂ ਤਾਂ ਉਹ ਵਿਦਿਆ ਰਹੀ ਜੋ ਸਾਡੇ


www.sikhbookclub.com

ਵੱਡਿਆਂ ਵਿਚ ਆਅ਼ਲਾ ਦਰਜੇ ਦੇ ਧਰਮ ਪੁਰ ਤੁਰਨ ਅਤੇ ਪਰਸਪਰ ਸਤਿਸੰਗ ਤੋਂ ਪੈਦਾ ਹੋਈ ਸੀ। ਨਾ ਅਸਾਂ ਨਵੀਨ ਵਿਦਿਆ ਦੇ ਮਗ਼ਜ਼ ਨੂੰ ਪਛਾਣਿਆ ਹੈ। ਦੁਵੱਲੀ ਹੱਡੀਆਂ ਨੂੰ ਹੱਥ ਪਾਈ ਬੈਠੇ ਹਾਂ। ਇਸ ਵੇਲੇ ਜੇ ਅਸੀਂ ਨਜ਼ਰ ਭਰਕੇ ਦੇਖੀਏ ਕਿ ਸਾਡੀ ਜਥੇਬੰਦੀ ਦੀ ਤਾਰ ਨੂੰ ਅਵਿਦਿਆ ਦੇ ਲੋਹੇ ਨੇ ਕਿੱਥੇ ਟੁੱਕ ਲਾਏ ਹਨ ਤਾਂ ਹਰ ਪਾਸਾ ਡੰਗਿਆ ਦੀਹਦਾ ਹੈ। ਉਸ ਦੀ ਮੁਰੰਮਤ ਲਈ ਹਰ ਪਾਸੇ ਦੀ ਪੜਤਾਲ ਕਰਨੀ ਯੋਗ ਹੋਊ। ਇਸ ਪੜਤਾਲ ਦੇ ਬਾਅਦ ਹਰੇਕ ਸਿੱਖ ਦੇ ਪ੍ਰਯਤਨ ਨਾਲ ਅਸੀਂ ਫੇਰ 'ਸਿਖੀ ਸਿਖਿਆ ਗੁਰ ਵੀਚਾਰਿ' ਅਨੁਸਾਰ ਸਿੱਖ ਹੋਕੇ, ਜਥੇਬੰਦ ਸਿੱਖ ਕੌਮ, ਸਿੱਖ ਧਰਮ ਨੂੰ ਸੰਸਾਰ ਵਿਚ ਫੈਲਾਉਣ ਵਾਲੇ ਹੋ ਸਕਦੇ ਹਾਂ।

## 2 ਪੰਥ ਸੇਵਕਾਂ ਦੀ ਪੜਤਾਲ

(1) ਪਹਿਲੀ ਲੋੜ ਜਥੇਬੰਦੀ ਲਈ ਕੁਰਬਾਨੀ ਦੀ ਹੁੰਦੀ ਹੈ। ਅਰਥਾਤ ਹਰੇਕ ਆਦਮੀ ਕੌਮ ਲਈ ਆਪਣਾ ਤੇ ਆਪਾ ਦੋਵੇਂ ਅਰਪਣ ਕਰਨ ਨੂੰ ਤਿਆਰ ਹੋਵੇ। 'ਕੌਮ ਲਈ' ਅਸਾਂ ਕਿਹਾ ਹੈ। ਪਰ ਸਾਡੇ ਸਤਿਗੁਰਾਂ ਜਦ ਆਦਮੀ ਨੂੰ ਸਿਖ ਕੀਤਾ ਤਦ ਉਸਨੂੰ ਇਸਤੋਂ ਬੀ ਮਹਾਂ ਬਲੀ (ਕੁਰਬਾਨੀ) ਦਾ ਸਬਕ ਦਿਤਾ ਸੀ, ਅਰਥਾਤ ਸਿਖ ਤੋਂ ਉਸ ਦੀ 'ਮੈਂ' 'ਮੇਰੀ' ਵਾਹਿਗੁਰੂ ਦੇ ਪ੍ਰੇਮ ਦੇ ਹਵਨ ਕੁੰਡ ਵਿਚ ਹਵਨ ਕਰਵਾ ਦਿਤੀ ਸੀ। ਨਾਮ ਦੀਆਂ ਅਹੂਤੀਆਂ ਨਾਲ ਇਹ ਹਉਮੈਂ ਸਭ ਜਲ ਗਈ ਸੀ। ਜਦ ਐਸੇ ਸਿਖਾਂ ਦੇ ਇਕਠ ਵਿਚ ਸਤਿਗੁਰਾਂ ਨੇ ਜਥੇਬੰਦੀ ਪਾਈ ਤਦ ਪਹਿਲੀ ਔਕੜ ਨਾ ਪਈ, ਕਿਉਂਕਿ ਉਹ ਤਾਂ ਮਹਾਂ ਬਲੀ (ਕੁਰਬਾਨੀ) ਦਾ ਵੱਲ ਸਿੱਖ ਚੁਕੇ ਸੇ, ਕੌਮ ਲਈ ਕੁਰਬਾਨੀ ਤਾਂ ਉਹਨਾਂ ਲਈ ਨਿੱਕੀ ਜਿਹੀ ਗਲ ਸੀ। ਹੁਣ ਅਸੀਂ ਸੋਚੀਏ ਕਿ ਅਸੀਂ ਕਿੱਥੇ ਹਾਂ? ਕੁਰਬਾਨੀ ਦੇ ਮਾਦੇ ਦਾ ਪਾਰਾ ਕਿੰਨੇ ਦਰਜੇ ਨੀਵਾਂ ਹੋ ਗਿਆ ਹੈ? ਕਿੰਨੇ ਫੀ ਸਦੀ ਸਿਖ ਨਿਕਲਣਗੇ ਜੋ ਕੌਮ ਦੇ ਲਾਭ ਲਈ ਕੁਝ ਕੁਰਬਾਨ ਕਰਨ ਨੂੰ ਤਿਆਰ ਹੋਣ? ਅਸੀਂ ਨਹੀਂ ਕਹਿੰਦੇ ਕਿ ਨਾਫ਼ਤ (ਬੀਜ ਨਾਸ) ਹੈ। ਪਰ ਕਿੰਨੇ ਕੁ ਹਨ? ਸ਼ਾਇਦ ਆਪ ਉਂਗਲਾਂ ਤੇ ਗਿਣ ਸਕੋ। ਵਧੀਕ ਬੀ ਹਨ ਪਰ ਕਿਆ ਓਹ ਕੁਰਬਾਨੀ ਵਾਲੇ ਹਨ? ਜਦ ਪੜਤਾਲ ਕਰੋ ਤਦ ਬਹੁਤੇ ਕਰਕੇ ਕੁਰਬਾਨੀ ਦਾ ਪੋਚਾ ਨਿਕਲਦਾ ਹੈ। ਇਹ ਇਕ ਉਮੈਦ ਵਾਲੀ ਬਾਤ ਹੈ ਕਿ ਇਹ ਮਾਦਾ ਹੁਣ

ਮੁੜ ਉਨਤੀ ਵੱਲ ਦਿੱਸਦਾ ਹੈ ਪਰ ਆਪ ਤੌਰ ਤੇ ਕੌਮੀ ਕੰਮ ਦਾ ਕਰਨਾ ਯਾ ਪਦਾਰਥ ਯਾ ਪਤ ਦੀ ਖ਼ਾਤਰ ਹੀ ਨਿਕਲਦਾ ਹੈ। ਇਸ ਦਾ ਦਾਰੂ ਇਹੋ ਹੈ ਕਿ ਹਰ ਕੰਮ ਕਰਨ ਵਾਲਾ ਆਪਾ ਚੀਨਣ ਦੀ ਵਾਦੀ ਪਾਵੇ, ਅਰਥਾਤ ਆਪਣੇ ਆਪ ਨੂੰ ਦੇਖੇ, ਆਪਣੇ ਔਗੁਣਾਂ ਨੂੰ ਆਪ ਸਮਝਣੋਂ ਸ਼ਰਮ ਨਾ ਕਰੇ, ਜਦ ਸਮਝੇ ਤਦ ਕੱਢੇ। ਇਸ ਤਰ੍ਹਾਂ ਇਹ ਔਗੁਣ ਬੀ ਦਿੱਸ ਪਊ ਕਿ ਕੌਮੀ ਸੇਵਾ ਕਿਸ ਆਸਰੇ ਕਰ ਰਿਹਾ ਹਾਂ, ਕਿਆ ਪੰਥ ਦੀ ਸੇਵਾ ਖ਼ਾਤਰ ਯਾ ਕਿਸੇ ਨਿਜ ਦੇ ਭਾਵ ਹੇਠ ਨਿਜ ਦੀ ਖ਼ਾਤਰ? ਇਹ ਵਿਚਾਰ ਕੰਮ ਕਰਨ ਵਾਲਿਆਂ ਵਾਸਤੇ ਹੈ। ਕੁਝ ਨਾ ਕਰਕੇ ਨਿੰਦਾ ਕਰਨ ਵਾਲਿਆਂ ਨੂੰ ਇਹ ਬਾਤ ਸਿੱਖਕੇ ਨਿੰਦਕ ਬਣ ਜਾਣਾ ਬਹੁਤ ਮਾੜਾ ਹੈ। ਉਹਨਾਂ ਨੂੰ ਬੀ ਆਪਾ ਚੀਨਣਾ ਚਾਹੀਦਾ ਹੈ। ਜਦ ਕੌਮ ਦੇ ਕੰਮ ਕਰਨ ਵਾਲੇ ਕੌਮ ਦੀ ਖ਼ਾਤਰ ਕੰਮ ਕਰਦੇ ਹੋਏ ਕੱਠੇ ਹੋਣਗੇ, ਤਦ ਜਥੇਬੰਦੀ ਨੂੰ ਭਾਰਾ ਸਹਾਰਾ ਮਿਲੇਗਾ।

(2) ਜੋ ਲੋਗ ਸੇਵਾ ਲਈ ਨਿਤਰਨ ਉਹਨਾਂ ਦੇ ਨਾਲ ਸਹਾਇਕ ਸੇਵਕਾਂ ਦਾ ਕੀ ਸਲੂਕ ਹੋਣਾ ਚਾਹੀਦਾ ਹੈ? ਮਿਥ ਲਓ ਕਿ ਵਿਧਵਾ ਇਸਤ੍ਰੀਆਂ ਦੇ ਦੁਖ ਹਰਨ ਲਈ ਇਕ ਸਭਾ ਬਣੀ। ਵਧੀਕ ਕੁਰਬਾਨੀ ਕਰਨ ਵਾਲੇ ਤੇ ਵਧੀਕ ਸੇਵਾ ਵਿਚ ਲਗਣ ਵਾਲੇ ਤਾਂ ਕਾਰਜ ਕਰਨਗੇ ਤੇ ਜੋ ਨਾਲ ਸਭਾਸਦ ਬਣਕੇ ਰਲੇ ਸੇ, ਉਹ ਸਹਜੇ ਘੱਟ ਰਸ ਲੈਣ ਲਗ ਜਾਣਗੇ, ਫੇਰ ਉਪ੍ਰਾਮ ਹੋ ਜਾਣਗੇ ਤੇ ਫੇਰ ਕੰਮ ਨੂੰ ਔਖਾ ਜਾਣਨ ਲਗ ਜਾਣਗੇ, ਮਾਨੋ ਇਹ ਸਮਝਣ ਲਗ ਪੈਣਗੇ ਕਿ ਵਧੀਕ ਕੰਮ ਕਰਨ ਵਾਲੇ ਦਾ ਮਾਨੋ ਘਰ ਦਾ ਕੰਮ ਹੈ, ਅਰ ਉਹ ਜੋ ਕਮੇਟੀ ਲਈ ਵੀ ਸੱਦੇ ਤਾਂ ਐਉਂ ਜਾਣਾ ਕਿ ਜਾਣੋ ਉਸ ਦੇ ਪੁੱਤ ਦੀ ਕੁੜਮਾਈ ਤੇ ਜਾਣਾ ਹੈ, ਉਸ ਦੇ ਸਿਰ ਤੇ ਖਾਸ ਅਹਿਸਾਨ ਕਰਨਾ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਵਧੀਕ ਕੰਮ ਕਰਨ ਵਾਲੇ ਦੀ ਪਤ ਉਹਨਾਂ ਦੇ ਦਿਲਾਂ ਵਿਚ ਵਧਦੀ ਅਰ ਉਸ ਦੀ ਮਦਦ ਤੇ ਸੇਵਾ ਲਈ ਅਰ ਭੁੱਲੋਂ ਬਚਾਉਣ ਖ਼ਾਤਰ ਆਪਣੀ ਬਲ ਬੁਧਿ ਨਾਲ ਹੋਰ ਤੋਂ ਹੋਰ ਉਸ ਦੀ ਸਹਾਇਤਾ ਕਰਦੇ, ਪਰ ਕਰਦੇ ਇਹ ਹਨ ਕਿ ਆਪਣੀ ਉਪ੍ਰਾਮਤਾ ਅਰ ਬੇ-ਪਰਵਾਹੀ ਨਾਲ ਉਸ ਦੇ ਚਿਤ ਨੂੰ ਬੀ ਉਦਾਸ ਕਰ ਦੇਂਦੇ ਹਨ। ਉਹ ਬੀ ਫੇਰ ਆਪਣੇ ਆਪ ਨੂੰ ਫਾਥਾ ਹੋਇਆ ਸਮਝਣ ਲਗ ਜਾਂਦਾ ਹੈ, ਅਰ ਉਦਾਸੀਨ ਬ੍ਰਿਤਿ ਰਹਿਣ ਦੇ ਕਾਰਨ ਕੰਮ

 www.sikhbookclub.com

ਵਿਚ ਕਸਰ ਪੈਣ ਲਗ ਜਾਂਦੀ ਹੈ। ਜਦ ਤਕ ਸਿਖਾਂ ਦੀਆਂ ਸਭਾਂ ਤੇ ਕਮੇਟੀਆਂ ਵਿਚ ਮੈਂਬਰ ਲੋਕ ਆਪਣਾ ਇਹ ਵਤੀਰਾ ਰੱਖਣਗੇ ਤਦ ਤਕ ਕਦੇ ਬੀ ਜਥੇਬੰਦੀ ਨਹੀਂ ਹੋ ਸਕੇਗੀ।

(3) ਤੀਸਰੇ ਉਹ ਲੋਕ ਹੁੰਦੇ ਹਨ ਜੋ ਕਿਸੇ ਸਭਾ ਯਾ ਕਮੇਟੀ ਦੇ ਮੈਂਬਰ ਤਾਂ ਨਹੀਂ ਹੁੰਦੇ, ਪਰ ਹਮਦਰਦ ਹੁੰਦੇ ਹਨ। ਉਹ ਦੂਰ ਜਾਂ ਨੇੜੇ ਬੈਠੇ ਕੰਮ ਨਾਲ ਅਰ ਕੰਮ ਦੀ ਖ਼ਾਤਰ ਕੰਮ ਕਰਨ ਵਾਲਿਆਂ ਨਾਲ ਹਮਦਰਦੀ ਰਖਦੇ ਹਨ, ਅਰ ਜਥਾ ਸ਼ਕਤ ਤਨ ਮਨ ਤੇ ਧਨ ਨਾਲ ਸਹਾਇਤਾ ਬੀ ਕਰਦੇ ਹਨ। ਸਿਖਾਂ ਵਿਚ ਐਸੇ ਹਮਦਰਦਾਂ ਦੀ ਗਿਣਤੀ ਬਹੁਤ ਘੱਟ ਹੈ। ਜੋ ਹੈ ਤਾਂ ਉਹ ਆਪਣੇ ਖਿਆਲ ਨੂੰ ਪੰਥ ਦਾ ਮਾਪਣ ਵਾਲਾ ਸੰਦ ਸਮਝਦੇ ਹਨ। ਮਤਲਬ ਕੀ ਕਿ ਜਿਥੋਂ ਤਕ ਉਨ੍ਹਾਂ ਦਾ ਮਨ ਕੰਮ ਕਰਦਾ ਹੈ ਜਾਂ ਜਿਥੋਂ ਤਕ ਉਹ ਚਾਹੁੰਦੇ ਹਨ, ਉਥੋਂ ਤਕ ਅਰ ਉਨ੍ਹਾਂ ਦੇ ਅਨੁਕੂਲ ਜੇ ਤਾਂ ਕਾਰਜ ਹੁੰਦਾ ਰਹੇ ਤਦ ਤਾਂ ਹਮਦਰਦ, ਨਹੀਂ ਤਾਂ ਬੇ-ਦਰਦ। ਉਨ੍ਹਾਂ ਦੀ ਹਮਦਰਦੀ ਬਨੇਰੇ ਦਾ ਕਾਂ ਹੈ, ਜੋ ਵਿਹੜੇ ਵਿਚ ਸਿਰ ਭੁਆ ਭੁਆਕੇ ਵੇਖਦਾ ਰਹਿੰਦਾ ਹੈ, ਜਦ ਤਕ ਆਪਣੇ ਅਨੁਕੂਲ ਖੁਸ਼ਬੂ ਆਈ ਤਾਂਘਦੇ ਰਹੇ, ਜਦ ਨਾ ਆਈ ਉਡੰਤ। ਐਸੇ ਹਮਦਰਦ ਜਦ ਸਹਾਇਤਾ ਕਰਦੇ ਰਹਿੰਦੇ ਹਨ; ਤਦ ਜ਼ਾਤੀ ਅਹਿਸਾਨ ਕਰਦੇ ਹਨ, ਕੌਮੀ ਸੇਵਾ ਦਾ ਉੱਚ ਭਾਵ ਦਿਲ ਵਿਚ ਨਹੀਂ ਰਖਦੇ, ਨਾਲ ਇਹ ਸਮਝਦੇ ਹਨ ਕਿ ਜਿਨ੍ਹਾਂ ਕੰਮ ਕਰਨ ਵਾਲਿਆਂ ਨਾਲ ਅਸੀਂ ਹਮਦਰਦੀ ਪ੍ਰਗਟ ਕੀਤੀ ਹੈ, ਇਹ ਮਾਨੋਂ ਸਾਡੇ ਅਰਥੀ ਹਨ, ਚਾਹੀਏ ਕਿ ਏਹ ਹਰ ਵਕਤ ਸਾਡੀ ਖੁਸ਼ਾਮਦ ਕਰਨ ਅਰ ਸਾਨੂੰ ਖੁਸ਼ ਕਰਨ ਦਾ ਫਿਕਰ ਰੱਖਣ। ਹੁਣ ਕੰਮ ਕਰਨ ਵਾਲੇ ਜਾਂ ਕੰਮ ਕਰਨ ਤੇ ਜਾਂ ਹਮਦਰਦਾਂ ਦੇ ਖੁਸ਼ ਰੱਖਣ ਦੇ ਉਪਰਾਲੇ ਕਰਨ? ਹਮਦਰਦਾਂ ਦਾ ਫਰਜ਼ ਤਾਂ ਇਹ ਸੀ ਕਿ ਓਹ ਕਿਸੇ ਕਾਰਨ ਆਪ ਸੇਵਾ ਨਹੀਂ ਕਰ ਸਕੇ, ਇਸ ਲਈ ਉਸ ਆਪਣੀ ਕਮੀ ਨੂੰ ਸੇਵਕਾਂ ਦੀ ਹਰ ਤਰ੍ਹਾਂ ਪੰਥਕ ਕੰਮਾਂ ਵਿਚ, (ਜ਼ਾਤੀ ਲੋੜਾਂ ਲਈ ਨਹੀਂ) ਸਹਾਇਤਾ ਕਰਕੇ ਕੌਮੀ ਕਾਰਜ ਨੂੰ ਪ੍ਰਫੁੱਲਤ ਕਰਨ ਵਿਚ ਹਿੱਸਾ ਲੈਣ। ਉਲਟਾ ਸਗੋਂ ਉਹ ਸੇਵਕਾਂ ਪਰ ਭਾਰੂ ਆ ਪੈਂਦੇ ਹਨ, ਅਰ ਉਨ੍ਹਾਂ ਦੇ ਕੌਮੀ ਸੇਵਾ ਦੇ ਕੰਮਾਂ ਵਿਚ ਹਰਜ ਕਰਦੇ ਹਨ ਤੇ ਜੇ ਕੌਮੀ ਸੇਵਕ ਅੱਕ ਕੇ ਉਨ੍ਹਾਂ ਦੀ ਪਰਵਾਹ ਛੱਡ ਦੇਣ, ਤਦ ਕਈ ਲੋਕ ਏਥੋਂ ਤੱਕ ਭੜ੍ਹੰਨੇ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦਾ ਫ਼ਿਕਰ ਕਰਦੇ ਹਨ ਅਰ ਕਈ ਤਾਂ

 www.sikhbookclub.com

ਕੰਮਾਂ ਦੇ ਹੀ ਵੈਰੀ ਹੋ ਢੁੱਕਦੇ ਹਨ। ਹਾਂ, ਇਸ ਵਿਚ ਸ਼ੱਕ ਨਹੀਂ ਕਿ ਹਮਦਰਦ ਲੋਕ ਜਦ ਸੇਵਕਾਂ ਵਿਚ ਭੁੱਲ ਦੇਖਣ ਤਦ ਪਿਆਰ ਨਾਲ ਦੱਸਕੇ ਸਹਾਇਤਾ ਕਰਨ, ਪਰ ਇਹ ਕਿਵੇਂ ਬੀ ਯੋਗ ਨਹੀਂ ਕਿ ਹਮਦਰਦੀ ਨੂੰ ਅਹਿਸਾਨ, ਸਹਾਇਤਾ ਨੂੰ ਖਾਸ ਠੁਣਾਂ, ਅਰ ਮਦਦ ਨੂੰ ਲਿਹਾਜ਼ ਦਾ ਦਾਨ ਸਮਝ ਲੈਣ।

(4) ਪੰਥ ਸੇਵਕਾਂ ਨੂੰ ਪੰਥ ਸੇਵਾ ਲਈ ਤਨਖਾਹਦਾਰ ਸਹਾਇਕਾਂ ਦੀ ਬੀ ਲੋੜ ਹੁੰਦੀ ਹੈ ਜੋ ਆਪਣੀ ਉਪਜੀਵਕਾ ਲੈਕੇ ਆਪਣੀ ਦਿਲੀ ਪ੍ਰੀਤ ਨਾਲ ਸਾਰੀ ਮਿਹਨਤ ਪੰਥ ਅਰਪਣ ਕਰ ਦੇਂਦੇ ਹਨ। ਐਸੇ ਸੱਜਣਾਂ ਬਿਨਾਂ ਜਥੇਬੰਦੀ ਪੂਰੀ ਨਹੀਂ ਹੁੰਦੀ। ਸਾਡੇ ਵਿਚ ਹੁਣ ਸ਼ੁਕਰ ਹੈ ਕਿ ਐਸੇ ਐਸੇ ਸੱਜਣ ਦ੍ਰਿਸ਼ਟੀ ਪੈਣ ਲਗ ਪਏ ਹਨ। ਪਰ ਅਕਸਰ ਐਸੇ ਦੇਖੇ ਹਨ ਜੋ ਇਹ ਕਹਿੰਦੇ ਹਨ ਕਿ ਲਓ ਜੀ ਅਸੀਂ ਪੰਜਾਹ ਛੱਡਕੇ ਪੰਥ ਲਈ ਸੌ ਪਰ ਆਉਂਦੇ ਹਾਂ, ਕੰਮ ਮਨ ਮੰਨਿਆ ਕਰਾਂਗੇ, ਜੋ ਕਰਾਂਗੇ, ਅਹਿਸਾਨ ਤੇ ਕੁਰਬਾਨੀ ਗਿਣਿਆ ਜਾਵੇਗਾ। ਜੋ ਸਾਡੇ ਪਰ ਅਫ਼ਸਰ ਹੋਵੇਗਾ ਉਸ ਦੀ ਤਾਬੇਦਾਰੀ ਨਹੀਂ ਕਰਾਂਗੇ, ਕਿਉਂਕਿ ਪੰਥਕ ਸੇਵਾ ਹੈ, ਜੇ ਗੁੱਸੇ ਹੋਵੋਗੇ ਬਦਨਾਮ ਕਰਾਂਗੇ। ਕੰਮ ਕਰਾਂਗੇ ਖੁਸ਼ੀ ਨਾਲ। ਸਾਥੋਂ ਡਰਦੇ ਰਹਿਣਾ ਕਿਉਂਕਿ ਜਦ ਅਸੀਂ ਨੌਕਰੀ ਛੱਡ ਗਏ ਲੋਕ ਕੁਦਰਤਨ ਸਾਡੇ ਤੇ ਇਤਬਾਰ ਕਰਨਗੇ, ਕਿ ਇਹ ਭੇਤੀ ਹੈ; ਜੋ ਅਸੀਂ ਕਹਾਂਗੇ ਸੋ ਮੰਨਿਆ ਜਾਏਗਾ। ਐਸੇ ਨੌਕਰਾਂ ਨੂੰ ਰਖਕੇ ਸੇਵਕ ਬੜੇ ਦੁਖੀ ਹੋ ਜਾਂਦੇ ਹਨ।

ਜਾਪਾਨ ਵਿਚ ਜਥੇਬੰਦੀ ਪੂਰਨ ਹੈ। ਸਭ ਲੋਕ ਦੇਸ ਦੇ ਪਿਆਰ ਨਾਲ ਭਰੇ ਪਏ ਹਨ ਅਰ ਦੇਸ ਦੇ ਪਿਆਰ ਲਈ ਮਰਦੇ ਹਨ, ਪਰ ਨੌਕਰੀ ਕਰਕੇ ਆਪਣੇ ਅਫ਼ਸਰਾਂ ਦੀ ਐਸੀ ਤਾਬੇਦਾਰੀ ਕਰਦੇ ਹਨ, ਐਸੇ ਹੁਕਮ ਵਿਚ ਤੁਰਦੇ ਹਨ ਕਿ ਹੋਰ ਦੇਸ਼ਾਂ ਵਿਚ ਨਹੀਂ ਮਿਲਣਗੇ; ਅਫ਼ਸਰ ਦੇ ਗੁੱਸੇ ਤੋਂ ਤੰਗ ਨਹੀਂ ਹੁੰਦੇ, ਨੌਕਰੀ ਨੂੰ ਅਹਿਸਾਨ ਨਹੀਂ ਸਮਝਦੇ, ਹਰ ਹੁਕਮ ਤੇ ਕਾਇਦੇ ਪਰ ਤੁਰਦੇ ਹਨ। ਪਰ ਫੇਰ ਕੌਮੀ ਖ਼ਿਆਲ ਨਾਲ ਭਰੇ ਪਏ ਹਨ। ਇਥੋਂ ਕੌਮੀ ਕੰਮ ਵੇਲੇ ਮੰਨੋ ਪੈਂਦੀ ਹੈ। ਦੂਜੇ ਦੀ ਨੌਕਰੀ ਵੇਲੇ ਸੂਤ, ਪੰਥ ਦੀ ਨੌਕਰੀ ਵੇਲੇ ਵਿੰਗੇ, ਚਾਹੁੰਦੇ ਹਨ ਕਿ ਸਾਡੇ ਵਡੇ ਸਾਡੀਆਂ ਮਿੰਨਤਾਂ ਕਰਨ। ਇਸ ਵਿਚ ਸ਼ੱਕ ਨਹੀਂ ਹੈ ਕਿ ਪੰਥ ਸੇਵਕਾਂ ਨੂੰ ਉਨ੍ਹਾਂ ਨਾਲ ਪਿਆਰ ਚਾਹੀਦਾ ਹੈ; ਪਰ ਇਹ ਪਿਆਰ ਤਾਂ ਸੇਵਾ ਤੋਂ ਉਤਪੰਨ ਹੋਣਾ ਹੈ। ਜਦ ਸੇਵਾ ਹੋਊ ਆਪੇ ਪਤ ਤੇ ਪਿਆਰ ਹੋ ਜਾਊ। ਸੇਵਾ ਵਿਚ ਆਲਸ ਤੇ ਕੰਮ

 www.sikhbookclub.com

ਵਿਚ ਹਨੇਰੇ ਕਿਸ ਤਰ੍ਹਾਂ ਪਤ ਤੇ ਪਿਆਰ ਪੈਦਾ ਕਰ ਸਕਦੇ ਹਨ? ਸੇਵਾ ਲੈਣ ਵਾਲਿਆਂ ਨੂੰ ਪਿਆਰ ਤੇ ਕਿਰਪਾ ਕਰਨ ਵਾਲਿਆਂ ਨੂੰ ਤਾਬੇਦਾਰੀ ਦੀ ਕੁਰਬਾਨੀ ਦੀ ਲੋੜ ਹੈ। ਕੌਮ ਵਿਚ ਕੰਮ ਪਰਧਾਨ ਹੁੰਦਾ ਹੈ। ਕੰਮ ਵਿਚ ਲਿਹਾਜ਼ ਤੇ ਰਿਆਇਤ ਕੰਮ ਨੂੰ ਚੌੜ ਕਰਦੀ ਹੈ। ਜੇ ਕਦੇ ਸਭੈ ਸੱਚੇ ਕੌਮੀ ਪਿਆਰ ਨਾਲ ਭਰੇ ਪਏ ਹੋਣ ਤਦ ਐਸੇ ਰੋਗ ਪੈਦਾ ਹੀ ਨਹੀਂ ਹੁੰਦੇ। ਗਲ ਕੀ, ਪੰਥਕ ਨੌਕਰੀ ਵੈਸੀ ਹੀ ਕਾਇਦਿਆਂ ਵਿਚ ਪੱਕੀ ਹੋਣੀ ਚਾਹੀਦੀ ਹੈ, ਜੈਸੀ ਕਿ ਹੋਰ, ਬਲਕਿ ਵਧਕੇ, ਕਿਉਂਕਿ ਪਿਆਰ ਦੀ ਸੇਵਾ ਹੈ। ਪਿਆਰ ਦੀ ਸੇਵਾ ਮੌਜ ਦੀ ਸੇਵਾ ਨਹੀਂ ਹੁੰਦੀ, ਪਰ ਪਿਆਰ ਦੀ ਸੇਵਾ ਕੰਮ ਬਹੁਤ ਕਰਦੀ ਹੈ। ਇਸ ਕਰਕੇ ਪੰਥਕ ਸੇਵਕਾਂ ਦੇ ਐਸੇ ਸਹਾਇਕਾਂ ਤੇ ਐਸੇ ਸਹਾਇਕਾਂ ਦੀ ਸੇਵਾ (ਡਿਸਿਪਲਿਨ) ਪ੍ਰਬੰਧ ਦੇ ਕਾਇਦਿਆਂ ਦੇ ਅਨੁਕੂਲ ਹੀ ਯੋਗ ਹੈ। ਅਰ ਬਜਾਏ ਮਦਦ ਕਰਨ ਦੇ ਗੁਰੂ ਬਣ ਜਾਣਾ ਅਤਿ ਅਯੋਗ ਹੈ। ਦਾਰੂ ਇਸਦਾ ਉਹੋ ਹੈ ਕਿ ਓਹ ਆਪਾ ਚੀਨਣ ਅਰ ਮੁੱਖ ਪ੍ਰਯੋਜਨ ਪੰਥ ਸੇਵਾ ਰੱਖਣ ਤੇ 'ਮੈਂ' 'ਮੇਰੀ' ਦੀ ਪਾਹ ਤੋਂ ਪਰੇਡੇ ਰਹਿਣ।

(5) ਆਮ ਪੰਥ ਦੇ ਸੱਜਣ ਜੋ ਖਾਸ ਤਰ੍ਹਾਂ ਨਾਲ ਕੰਮਾਂ ਵਿਚ ਰਸ ਨਾ ਰਖਦੇ ਹੋਣ ਪਰ ਪੰਥ ਉਨੱਤੀ ਵੇਖਣੀ ਚਾਹੁੰਦੇ ਹੋਣ। ਇਹ ਉਹ ਲੋਕ ਹਨ, ਜੋ ਹਮਦਰਦੀ ਦੇ ਪਹਿਲੇ ਡੰਡ ਪੁਰ ਹੁੰਦੇ ਹਨ, ਅਰਥਾਤ ਸਿਖ ਹੋਣ ਕਰਕੇ ਸਿਖੀ ਦੇ ਵਾਧੇ ਦੇ ਕੰਮ ਉਹਨਾਂ ਨੂੰ ਚੰਗੇ ਲਗਦੇ ਹਨ। ਉਹ ਆਪ ਨਹੀਂ ਕਰਦੇ, ਸਹਾਇਤਾ ਨਹੀਂ ਦੇਂਦੇ, ਹਮਦਰਦੀ ਤੋਂ ਬੀ ਜ਼ਰਾ ਵਿੱਥ ਤੇ ਰਹਿੰਦੇ ਹਨ, ਪਰ ਇਕ ਮਤ ਹੋਣ ਕਰਕੇ ਵਾਧਾ ਵੇਖਕੇ ਪ੍ਰਸੰਨ ਹੁੰਦੇ ਹਨ। ਸਾਡੀ ਕੌਮ ਵਿਚ ਜੋ ਇਸ ਦਰਜੇ ਤੇ ਲੋਕ ਹਨ ਉਹ ਹੋਰਨਾਂ ਕੌਮਾਂ ਨਾਲੋਂ ਜ਼ਰਾ ਵੱਖਰੇ ਹਨ। ਬਹੁਤ ਸਾਰਾ ਹਿਸਾ ਤਾਂ ਅਜਾਣ ਹੈ, ਜਿਨ੍ਹਾਂ ਨੂੰ ਖਬਰ ਹੀ ਨਹੀਂ, ਉਹਨਾਂ ਨੂੰ ਕੀ ਕਹੋ। ਅਰ ਇਨ੍ਹਾਂ ਅਜਾਣਾਂ ਨੂੰ ਆਪਣੇ ਧਰਮ ਤੇ ਤਿਆਰ ਬਰਤਿਆਰ ਕਰਨੇ ਲਈ ਹੀ ਤਾਂ ਸਾਰੇ ਉੱਦਮ ਹਨ ਕਿ ਇਹ ਜਾਣਨ ਅਰ ਸੰਸਾਰ ਸੇਵਾ ਲਈ ਨਿਤਰਨ। ਜੋ ਲੋਕ ਜਾਣਦੇ ਹਨ ਉਹਨਾਂ ਵਿਚੋਂ ਬਾਹਲੇ ਉਪ੍ਰਾਮ ਹਨ, ਬਾਹਲੇ ਗ਼ਰਜ਼ਾਂ ਦੇ ਅਗੇ ਕੌਮ ਉੱਨਤੀ ਨੂੰ ਆਉਂਦਾ ਦੇਖਕੇ ਘਰ ਦੇ ਦੋਖੀ ਬਣ ਜਾਂਦੇ ਹਨ। ਬਹੁਤੇ ਬੇ-ਪਰਵਾਹ ਰਹਿੰਦੇ ਹਨ, ਜਾਣਦੇ ਹਨ ਪਰ ਬੇ-ਗ਼ਮ ਰਹਿਕੇ ਕਹਿੰਦੇ ਹਨ: ਸਾਨੂੰ ਕੀਹ। ਇਨ੍ਹਾਂ ਨੂੰ ਇਹ ਚੋਭ ਨਹੀਂ ਹੁੰਦੀ ਕਿ 'ਸਾਡਾ ਕੰਮ ਤੇ ਸਾਨੂੰ ਕੀਹ? ਬਹੁਤੇ ਐਸੇ


www.sikhbookclub.com

ਹਨ ਜੋ ਇਹ ਲੋਚਦੇ ਹਨ ਕਿ ਕੋਈ ਸਾਨੂੰ ਪਰੇਰੇ, ਕੋਈ ਖ਼ੁਸ਼ਾਮਦ ਕਰੇ, ਤਦ ਅਸੀਂ ਬੀ ਪ੍ਰਗਟ ਕਰੀਏ ਕਿ ਅਸੀਂ ਹਮਦਰਦ ਹਾਂ, ਅਰ ਅਹਿਸਾਨ ਕਰੀਏ ਕਿ ਅਸੀਂ ਕਹਿੰਦੇ ਹਾਂ ਕਿ ਤੁਸੀਂ ਕੰਮ ਕਰਦੇ ਹੋ। ਐਸੀਆਂ ਹਾਲਤਾਂ ਵਿਚ ਵਿਚਾਰ ਦੀ ਲੋੜ ਹੈ ਕਿ ਕੌਮ ਕਿੱਕੁਰ ਉੱਨਤ ਹੋਵੇ?

(6) ਛੇਵੇਂ ਹਨ ਖ਼ਾਹ ਮਖ਼ਾਹ ਦੇ ਚੌਧਰੀ। ਏਹ ਓਹ ਲੋਕ ਹਨ ਜੋ ਕਿਸੇ ਨਾ ਕਿਸੇ ਤਰ੍ਹਾਂ ਦੀ ਆਤਮ ਧੁਆਂਸ ਖਾਕੇ ਕੋਰੜ ਹੋ ਗਏ ਹਨ। ਇਹ ਕੇਵਲ ਨੁਕਤਾਚੀਨੀ ਕਰਦੇ ਹਨ, ਇਸ ਨਿਯਤ ਨਾਲ ਨਹੀਂ ਕਿ ਕੌਮ ਉੱਨਤ ਹੋਵੇ ਪਰ ਇਸ ਲਈ ਕਿ ਕੰਮ ਗਿਰਨ ਤੇ ਕੰਮ ਕਰਨ ਵਾਲੇ ਹਟ ਜਾਣ। ਇਨ੍ਹਾਂ ਲਈ ਕਬੀਰ ਜੀ ਨੇ ਕਿਹਾ ਹੈ:

**ਆਪਿ ਨ ਦੇਹਿ ਚੁਰੂ ਭਰਿ ਪਾਨੀ॥**
**ਤਿਹ ਨਿੰਦਹਿ ਜਿਹ ਗੰਗਾ ਆਨੀ॥**
(ਗਉੜੀ ਚੇਤੀ ਕਬੀਰ ਜੀ)

ਇਨ੍ਹਾਂ ਪਾਸ ਜਾਓ, ਕਿਸੇ ਕੰਮ, ਕਿਸੇ ਸੱਜਣ ਦਾ ਜ਼ਿਕਰ ਕਰੋ, ਨਿੰਦਾ ਦੇ ਭੰਡਾਰ ਖੋਲ੍ਹ ਦੇਣਗੇ। ਇਹ ਆਪਣੀ ਟਕਸਾਲ ਵਿਚ ਊਜਾਂ ਹੀ ਘੜਦੇ ਰਹਿੰਦੇ ਹਨ। ਆਪ ਕਰਨਗੇ ਨਹੀਂ, ਕਰਨ ਦੇਣਗੇ ਬੀ ਨਹੀਂ। ਨਾ ਖੇਡਣਾ ਨਾ ਖੇਡਣ ਦੇਣਾ। ਪਰਮੇਸ਼ੁਰ ਦਾ ਡਰ, ਮੌਤ ਦਾ ਖ਼ੌਫ਼, 'ਲੇਖਾ ਰਬ ਮੰਗੇਸੀਆ' ਦਾ ਸਹਿਮ, ਆਪਣੀ ਆਦਮੀਯਤ ਦੀ ਲਜਜਾ, ਕੋਈ ਸ਼ੈ ਨਹੀਂ ਜੋ ਇਨ੍ਹਾਂ ਨੂੰ ਇਸ ਨਿੰਦਕ ਕਾਰਜ ਤੋਂ ਰੋਕੇ। ਇਨ੍ਹਾਂ ਦੇ ਮੰਤ੍ਰ ਗੁਪਤ ਅਰ ਬਿੱਛੂ ਡੰਗੇ ਹੁੰਦੇ ਹਨ। ਇਨ੍ਹਾਂ ਦੀ ਬਾਤ ਚੀਤ ਬੜੀ ਪੁਰ ਦਲੀਲ ਜਾਪਣ ਵਾਲੀ ਅਰ ਸਚ ਪਰ ਟਿਕੀ ਹੋਈ ਜਾਪਦੀ ਹੈ, ਪਰ ਹੁੰਦਾ ਨਿਰਾ ਲੂਣ ਦਾ ਖਾਵਾ ਹੈ। ਜੇ ਇਹ ਲੋਕ ਕੇਵਲ ਉਪ੍ਰਾਮ ਹੀ ਹੋ ਜਾਣ ਤਦ ਭੀ ਕੌਮੀ ਕਾਰਜ ਹੁੰਦੇ ਜਾਣ। ਪਰ ਏਹ ਸੇਵਕਾਂ ਨੂੰ ਅਕਾਉਂਦੇ ਹਨ, ਕਲੇਸ਼ ਦਿੰਦੇ ਹਨ ਕਿ ਕਿਵੇਂ ਦੁਖੀ ਹੋਕੇ ਹਟ ਜਾਣ। ਪਰ ਇਨ੍ਹਾਂ ਵਿਚ ਇਹ ਮਾਦਾ ਨਹੀਂ ਹੁੰਦਾ ਕਿ ਜੇ ਏਹ ਕਾਰਜ ਇਨ੍ਹਾਂ ਦੇ ਸਪੁਰਦ ਕਰ ਦਿਤੇ ਜਾਣ ਤਾਂ ਨਿਬਾਹ ਸਕਣ।

**ਜੈਸੇ ਕਾਗਦ ਕੋ ਭਾਰ ਮੂਸਾ**
**ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।**
(ਧਨਾਸਰੀ ਮ:੫, ੪੨)

 www.sikhbookclub.com

ਐਸੇ ਹੀ ਇਨ੍ਹਾਂ ਦੇ ਕਾਰਜ ਹੁੰਦੇ ਹਨ। ਇਲਾਜ ਇਨ੍ਹਾਂ ਦਾ ਵਾਹਿਗੁਰੂ ਦੇ ਹੱਥ ਹੈ। ਪਰ ਪੰਥ ਸੇਵਕਾਂ, ਸਹਾਇਕਾਂ, ਹਮਦਰਦਾਂ, ਸੱਜਣਾਂ ਤੇ ਟਹਿਲ ਵਾਲਿਆਂ ਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਦੀ ਚਾਲ ਇਹ ਹੁੰਦੀ ਹੈ ਕਿ ਕੰਮ ਕਰਨ ਵਾਲਿਆਂ ਦਾ ਸਹਾਇਕ ਹਮਦਰਦ ਕੋਈ ਨਾ ਰਹੇ ਅਰ ਪਬਲਿਕ ਨੂੰ, ਹਮਦਰਦਾਂ ਤੇ ਸਹਾਇਕਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜਥੇਬੰਦੀ ਨੂੰ ਕੱਟਣ ਵਾਲੇ ਕੀ ਉਪਰਾਲੇ ਹੋ ਰਹੇ ਹਨ। ਪਹਿਲੇ ਜੋ ਆਦਮੀ ਨਿੰਦਾ ਕਰਦੇ ਹਨ ਓਹ ਕੌਣ ਹਨ? ਇਨ੍ਹਾਂ ਦੀ ਨੀਯਤ ਕੀਹ ਹੈ? ਅਰ ਇਨ੍ਹਾਂ ਦਾ ਚਲਨ ਕੈਸਾ ਹੈ? ਆਪ ਇਨ੍ਹਾਂ ਨੇ ਕੀਹ ਕੀਹ ਸੇਵਾ ਕੀਤੀ ਹੈ? ਹਰ ਪੇਂਜੇ ਜੁਲਾਹੇ ਦੀ ਗਲ ਮੰਨ ਲੈਣੀ ਜਥੇਬੰਦੀ ਲਈ ਬੜੀ ਹਾਨੀਕਾਰਕ ਹੈ।

### 3. ਨਿੰਦਾ ਤੇ ਨੁਕਤਾਚੀਨੀ

ਹੁਣ ਦੇਖੀਏ ਸਾਡਾ ਕੀ ਹਾਲ ਹੈ? ਸਾਡੇ ਵਿਚ ਅਵਿਦਿਆ ਦੇ ਕਾਰਣ ਅਰ ਅਵਿਦਿਆ ਤੋਂ ਜੰਮੀ ਖ਼ੁਦਗਰਜ਼ੀ ਦੇ ਕਾਰਣ ਵਿਘਨ ਕਾਰਕ ਮਿੱਤ੍ਰਾਂ ਦਾ ਘਾਟਾ ਨਹੀਂ ਹੈ। ਉਧਰ ਸਿਖ ਪਬਲਿਕ, ਹਮਦਰਦ ਤੇ ਸਹਾਇਕਾਂ ਦੇ ਨਿਸਚੇ ਬੀ ਡੋਲਵੀ ਬੇੜੀ ਹੀ ਚੜੇ ਰਹਿੰਦੇ ਹਨ। ਉਨ੍ਹਾਂ ਦੇ ਦਿਲ ਮੰਨਦੇ ਹਨ ਕਿ ਫਲਾਣਾ ਕੰਮ ਚੰਗਾ ਹੋ ਰਿਹਾ ਹੈ, ਪਰ ਕੰਨ ਹਰ ਵਕਤ ਨਿੰਦਾ ਦੀ ਉਡੀਕ ਵਿਚ ਕਮਰ ਕੱਸਾ ਕਰੀ ਰਖਦੇ ਹਨ। ਐਧਰੋਂ ਕਿਸੇ ਨੇ ਕਿਹਾ 'ਵੇਖੋ ਜੀ, ਫਲਾਣੇ ਭਲੇ ਪੁਰਖ ਨੇ ਕਿੱਡਾ ਉਪੱਦ੍ਰਵ ਕੀਤਾ ਹੈ'; ਆਪ ਤ੍ਰੱਬ੍ਰਕ ਉਠੇ: 'ਉਹ ਹੋ, ਚੁ ਚੁ, ਕੀ ਕਰੀਏ, ਸਾਡੇ ਮੰਦੇ ਭਾਗ', ਬਸ ਇਹ ਕਿਹਾ ਅਰ ਆਪ ਉਠ ਬੈਠੇ, ਹੱਟੀ ਹੱਟੀ ਫਿਰ ਨਿਕਲੇ: 'ਲਓ ਮਹਾਰਾਜ, ਵੇਖੋ ਕੀ ਹੋਇਆ'। ਇਉਂ ਕਹੀ ਗਏ, ਤਪੀ ਗਏ ਅਰ ਤਪਾਈ ਗਏ। ਆਪ ਖੋਟੇ ਨਹੀਂ, ਪਰ ਖੋਟਿਆਂ ਦੇ ਹਲਕਾਰੇ ਬਣ ਗਏ। ਉਨ੍ਹਾਂ ਨੇ ਇਨ੍ਹਾਂ ਭਲਿਆਂ ਪੁਰਸ਼ਾਂ ਨੂੰ ਅਪਣੇ ਹਥਿਆਰ ਬਣਾਕੇ ਵਰਤ ਲਿਆ। ਸੋਚੋ: ਸਤਿਗੁਰੂ ਸਾਥੋਂ ਕੀ ਚਾਹੁੰਦੇ ਹਨ ਅਰ ਅਸੀਂ ਕਿਥੇ ਪਹੁੰਚੇ ਹਾਂ, ਕਿਥੇ ਸਾਡੀ ਮੰਜ਼ਲ ਹੈ, ਅਰ ਇਹ ਸਾਡੀ ਕੀ ਦਸ਼ਾ ਹੈ? ਜਦ ਐਸੇ ਆਦਮੀ ਨੂੰ ਪਤਾ ਮਿਲ ਜਾਏ ਕਿ ਉਹ ਬਾਤ ਝੂਠ ਸੀ, ਫੇਰ ਪਛੁਤਾਉਂਦੇ ਹਨ, ਭੁਲੇਖਾ ਦੇਣ ਵਾਲੇ ਨੂੰ ਗਾਲਾਂ ਦੇਂਦੇ ਹਨ, ਪਰ ਦੂਜੀ ਵੇਰ ਭੁਲੇਖਾ ਖਾਣ


www.sikhbookclub.com

ਲਈ ਫੇਰ ਤਿਆਰ ਰਹਿੰਦੇ ਹਨ। ਜਿੰਨੀ ਵੇਰ ਭੁਲੇਖਾ ਖਾਣ ਉਨੀ ਵੇਰ ਫੇਰ ਤਿਆਰ। ਜਿਸ ਕੌਮ ਦੀ ਪਬਲਿਕ ਤੇ ਹਮਦਰਦੀ ਐਸੀ ਹੋਵੇ, ਉਸਦੀ ਕੀ ਉਮੈਦ? ਚਾਹੀਦਾ ਇਹ ਸੀ ਕਿ ਅਪਣੇ ਕੰਮ ਕਰਨ ਵਾਲਿਆਂ ਵਿਚ ਭਰੋਸਾ ਹੁੰਦਾ, ਜੇ ਇਹ ਬੁਰੇ ਸਨ ਤਾਂ ਪਹਿਲਾਂ ਹੀ ਕੱਢੇ ਜਾਂਦੇ; ਜਾਂ ਜੇ ਹੁਣ ਪਤਾ ਲਗਾ ਹੈ ਤਾਂ ਹੁਣ ਕੱਢ ਦਿਓ। ਇਹ ਨਹੀਂ ਚਾਹੀਦਾ ਕਿ ਝੰਡੇ ਦੇ ਫਰੈਰੇ ਵਾਂਙ ਅਪਣੇ ਆਪ ਨੂੰ ਸਦਾ ਉਲਝਣ ਵਿਚ ਪਾ ਛੱਡਿਆ। ਪਬਲਿਕ ਤੇ ਸੇਵਕਾਂ ਵਿਚ ਇਤਬਾਰ ਚਾਹੀਦਾ ਹੈ। ਆਪਣੇ ਕੌਮੀ ਸੇਵਕਾਂ ਦਾ ਹਰੇਕ ਕੌਮ ਦੇ ਸੱਜਣ ਜੀ ਵਿਚ ਫ਼ਖ਼ਰ ਹੋਣਾ ਚਾਹੀਦਾ ਹੈ, ਅਰ ਐਸਾ ਯਕੀਨ ਉਨ੍ਹਾਂ ਦੀ ਸੇਵਾ ਪਰ ਹੋਣਾ ਚਾਹੀਦਾ ਹੈ ਕਿ ਨਿੰਦਕ ਦੀ ਬਾਣੀ ਤੇ ਚੁ.ਗਲਖ਼ੋਰ ਦੀ ਵਿਸ ਉਥੇ ਅਸਰ ਨਾ ਕਰ ਸਕੇ, ਉਲਟੀ ਝਾੜ ਖਾਏ। ਜੇ ਨਿੰਦਕਾਂ ਨੂੰ ਪਬਲਿਕ ਵਲੋਂ ਇਹ ਝਾੜੂ ਫਿਰਦੇ ਰਹਿਣ ਤਦ ਅਕਾਰਣ ਦ੍ਰੋਹੀਆਂ ਦੀ ਗਿਣਤੀ ਘਟ ਸਕਦੀ ਹੈ, ਅਰ ਜਥੇਬੰਦੀ ਦਾ ਕਾਰਜ ਸਿਰੇ ਚੜ੍ਹ ਸਕਦਾ ਹੈ। ਪਬਲਿਕ ਦਾ ਤੇ ਸੇਵਕਾਂ ਦਾ ਸਾਕ ਸਦਾ ਇਤਬਾਰ ਦਾ ਲੋੜੀਂਦਾ ਹੈ, ਜਿਥੇ ਦ੍ਰੋਹੀ ਦੇ ਵਾਕ ਆਪੇ ਦਗਧ ਹੋ ਜਾਣ। ਹੇ ਮਿਤ੍ਰੋ ਜੇ ਜਥੇਬੰਦੀ ਲੋਚਦੇ ਹੋ ਤਦ ਅਪਣੇ ਜ਼ਾਤੀ ਤਜਰਬੇ ਪਰ ਭਰੋਸਾ ਕਰੋ, ਸੁਣ ਸੁਣਾਉਟਾਂ ਦੇ ਮਗਰ ਨਾ ਲਗੋ।

ਸਾਨੂੰ ਇਹ ਦੇਖਕੇ ਬੜਾ ਅਚਰਜ ਆਉਂਦਾ ਹੈ ਕਿ ਸਿੱਖਾਂ ਵਿਚ ਅਪਨੇ ਪੰਥ ਸੇਵਕਾਂ ਦੇ ਕੰਮਾਂ ਪਰ ਨਿੰਦਾ ਕਰਨ ਵੇਲੇ ਜ਼ਰਾ ਸੋਚ ਨਹੀਂ ਪੈਂਦੀ ਕਿ ਜਿਨ੍ਹਾਂ ਦੇ ਸਪੁਰਦ ਕੰਮ ਹੈ ਉਹ ਕੌਮ ਦੇ ਪਿਆਰੇ ਹਨ, ਕੁਰਬਾਨੀ ਕਰਕੇ ਕੰਮ ਕਰਦੇ ਹਨ। ਫੇਰ ਬਹੁਤੇ ਉਹ ਹਨ ਜੋ ਵਿਚਾਰਕੇ ਤੁਰਦੇ ਹਨ, ਸਾਡੀ ਸ਼ਖਸੀ ਰਾਇ, ਜੋ ਕਿਸੇ ਪੱਕੀ ਜਾਣਕਾਰੀ ਵਾਕਫ਼ੀਅਤ ਪਰ ਨਿਰਭਰ ਨਹੀਂ ਰਖਦੀ, ਕਿਸ ਤਰ੍ਹਾਂ ਵਡੀ ਹੋ ਸਕਦੀ ਹੈ। ਹਾਂ, ਇਹ ਹੋ ਸਕਦਾ ਹੈ ਕਿ ਸੇਵਕ ਗ਼ਲਤੀ ਖਾ ਜਾਣ, ਪਰ ਜਿਨ੍ਹਾਂ ਨੂੰ ਅਸਾਂ ਪੰਥ ਸੇਵਕ ਜਾਣ ਲਿਆ ਹੈ ਉਹ ਕਿਸ ਤਰ੍ਹਾਂ ਜਾਣ ਬੁੱਝਕੇ ਮਾੜਾ ਕੰਮ ਕਰ ਸਕਦੇ ਹਨ। ਇਸ ਤਰ੍ਹਾਂ ਦੇ ਇਤਬਾਰ ਦਾ ਨਾ ਹੋਣਾ ਜਥੇਬੰਦੀ ਲਈ ਬੜਾ ਹਾਨੀਕਾਰਕ ਹੈ। ਨੁਕਤਾਚੀਨੀ ਮਾੜੀ ਬਾਤ ਨਹੀਂ ਪਰ ਅਸੀਂ ਲੋਕ ਨਿੰਦਾ ਤੇ ਨੁਕਤਾਚੀਨੀ ਦਾ ਫ਼ਰਕ ਨਹੀਂ ਜਾਣਦੇ। ਨੁਕਤਾਚੀਨੀ ਕੰਮ ਦੀ ਦਰੁਸਤੀ ਲੋਚਦਾ ਹੈ ਅਰ ਹਮਦਰਦੀ ਤੋਂ ਕਦੀ ਨਹੀਂ ਟੁੱਟਦਾ। ਨਿੰਦਕ ਕੰਮ ਦੀ ਹਾਨੀ ਲੋਚਦਾ


www.sikhbookclub.com

ਹੈ ਤੇ ਬੇਦਰਦੀ ਕਰਦਾ ਹੈ। ਨੁਕਤਾਚੀਨ ਆਪਣੀ ਭੁੱਲ ਮੰਨਣ ਨੂੰ ਤਿਆਰ ਰਹਿੰਦਾ ਹੈ ਅਰ ਰੌਲਾ ਨਹੀਂ ਪਾਉਂਦਾ, ਨਿੰਦਕ ਅੜਮੰਨ ਅਰ ਬਦੀ ਦਾ ਢੰਡੋਰਚੀ ਹੁੰਦਾ ਹੈ। ਨੁਕਤਾਚੀਨੀ ਲਈ ਲਿਆਕਤ ਤੇ ਸਮਝ ਦੀ ਲੋੜ ਹੈ, ਨਿੰਦਾ ਲਈ ਹਿਰਦੇ ਦੀ ਕੁਟਿਲਤਾ ਹੀ ਕਾਫ਼ੀ ਹੈ। ਸਤਿਗੁਰਾਂ ਨੇ ਏਸੇ ਕਰਕੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿੰਦਾ ਤੇ ਨਿੰਦਕ ਦਾ ਤ੍ਰਿਸਕਾਰ ਲਿਖਿਆ ਹੈ:-

**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥**
**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥੬॥**
(ਸੂਹੀ ਮਹਲਾ ੩)

ਨਿੰਦਾ ਕਹਿੰਦੇ ਕਿਸ ਨੂੰ ਹਨ? ਜਿਸ ਬਾਤ ਨੂੰ ਅਸੀਂ ਐਸ ਤਰ੍ਹਾਂ ਪਰਤੱਖ ਨਾ ਜਾਣਦੇ ਹੋਈਏ ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਇਕ ਤੇ ਇਕ ਦੋ ਹੁੰਦੇ ਹਨ, ਉਹ ਬਾਤ ਕਿਸੇ ਆਦਮੀ ਯਾ ਕਿਸੇ ਆਸ਼ਰਮ ਦੀ ਬਾਬਤ ਬੁਰਾ ਅਸਰ ਪਾਵੇ, ਨਿੰਦਾ ਹੈ। ਜੋ ਬਾਤ ਨਹੀਂ ਹੈ ਅਰ ਜਿਸ ਦਾ ਵੈਸਾ ਹੋਣਾ ਅਸੀਂ ਪੂਰੀ ਤਰ੍ਹਾਂ ਸਾਬਤ ਨਹੀਂ ਕਰ ਲਿਆ ਅਰ ਉਹ ਦੂਜੇ ਦੀ ਬੁਰਾਈ ਦੀ ਹੈ, ਉਸ ਦਾ ਕਹਿਣਾ ਨਿੰਦਾ ਹੈ। ਪਰ ਜੇ ਪੱਕ ਜਾਣਕੇ ਉਸ ਦੇ ਸੁਧਾਰ ਨਮਿਤ ਸੁਧਾਰ ਦੇ ਸਾਧਨ ਵਿਚ ਕਹੀ ਜਾਏ ਕਿ ਜਿਥੋਂ ਸੁਧਾਰ ਦਾ ਵਸੀਲਾ ਹੈ, ਉਹ ਨੁਕਤਾਚੀਨੀ ਹੈ।

ਤਾਂ ਤੇ ਸਭ ਤੋਂ ਵਡਾ ਰੋਗ ਸਾਡੀ ਜਥੇਬੰਦੀ ਨੂੰ ਇਹ ਹੈ। ਸੇਵਕ ਸੋਧ ਕੇ ਬਣਾਓ। ਪਰ ਸੋਧਕੇ ਬਣਿਆਂ ਪਰ ਇਤਬਾਰ ਕਰੋ ਤੇ ਉਨ੍ਹਾਂ ਦੀ ਸੇਵਾ ਦਾ ਫ਼ਖ਼ਰ ਕਰੋ ਅਰ ਉਨ੍ਹਾਂ ਦੀ ਨਿੰਦਾ ਪਟੱਖਕੇ ਮਾਰੋ। ਜੇ ਕੋਈ ਭੁੱਲ ਦੇਖੋ ਤਦ ਪਿਆਰ ਨਾਲ ਦਰੁਸਤੀ ਦਾ ਉਪਰਾਲਾ ਕਰੋ, ਤੇ ਆਪਣੇ ਆਪ ਨੂੰ ਕਦੇ ਅਭੁੱਲ, ਹਠੀਆ, ਜ਼ਿਦੀ ਤੇ ਮਨਮਤੀਆ ਨਾ ਬਣਾਓ।

ਇਹ ਤਾਂ ਰੋਗ ਹਨ ਜੋ ਸਾਡੇ ਵਿਚ ਜਥੇਬੰਦੀ ਹੋਣ ਨਹੀਂ ਦੇਂਦੇ। ਇਨ੍ਹਾਂ ਦੇ ਇਲਾਜ ਹਰੇਕ ਸਿਖ ਨੂੰ ਕਰਨੇ ਉਚਿਤ ਹਨ।

ਉਹ ਸੂਤ ਕਿਹੜਾ ਹੈ ਜੋ ਕੌਮੀ ਫ਼ਰਦਾਂ ਨੂੰ ਇਕ ਇਕ ਨੂੰ ਪਰੋ ਕੇ ਜਥੇਬੰਦੀ ਦੀ ਮਾਲਾ ਬਣਾ ਦੇਂਦਾ ਹੈ। ਸੋ ਹੈ ਕੌਮੀ ਪਿਆਰ ਦੇ ਸੂਤ ਵਿਚ ਪ੍ਰੋਤੇ ਜਾਕੇ ਉਪਰ ਕਹੇ ਰੋਗਾਂ ਦਾ ਦਾਰੂ ਕਰਨਾ। (ਖਾਲਸਾ ਸਮਾਚਾਰ ਮਿਤੀ 2 ਜੁਲਾਈ 1905 ਈ:)


www.sikhbookclub.com

## 4. ਹੋਰ ਅਹੁਰਾਂ ਤੇ ਇਲਾਜ

ਅਸੀਂ ਜਥੇਬੰਦੀ ਦੇ ਕੁਛ ਰੋਗ ਬਿਆਨ ਕਰ ਆਏ ਹਾਂ। ਹੁਣ ਕੁਝ ਹੋਰ ਅਹੁਰਾਂ ਦਾ ਹਾਲ ਦੱਸਦੇ ਹਾਂ।

(1) ਪਿੱਛੇ ਅਸੀਂ ਦੱਸ ਆਏ ਹਾਂ ਕਿ ਪਿਛਲਾ ਤਰੀਕਾ ਤਾਂ ਅਸੀਂ ਭੁੱਲ ਗਏ ਹਾਂ, ਨਵਾਂ ਤਰੀਕਾ, ਨਵੀਂ ਰੌਸ਼ਨੀ ਤੋਂ ਸਿੱਖਦੇ ਹਾਂ, ਉਸ ਵਿਚ ਬੜੇ ਬੜੇ ਠੇਡੇ ਖਾਂਦੇ ਹਾਂ। ਦ੍ਰਿਸ਼ਟਾਂਤ ਲਈ ਲਓ 'ਸਕੱਤ੍ਰੀ'। ਅਨੇਕਾਂ ਲੋਕ ਨਹੀਂ ਜਾਣਦੇ ਕਿ ਇਹ ਕੀ ਹੈ। 'ਸਕੱਤ੍ਰ' ਮੁਨਸ਼ੀ ਯਾ ਸੇਵਕ ਨੂੰ ਕਹਿੰਦੇ ਹਨ, ਜੋ ਕਿਸੇ ਵਡੇ ਆਦਮੀ ਜਾਂ ਜਥੇ ਦੀ ਲਿਖਤ ਪੜ੍ਹਤ ਦੀ ਸੇਵਾ ਕਰੇ। ਸਾਡੇ ਖਾਲਸਾ ਜੀ ਸਕੱਤ੍ਰੀ ਨੂੰ ਹੁੱਦਾ ਸਮਝਦੇ ਹਨ। ਜੇ ਪਿੱਛੇ ਨਜ਼ਰ ਮਾਰੋ ਤਦ ਸਾਡੇ ਜਥੇਦਾਰ ਪੱਖੇ ਝੱਲਦੇ ਹੁੰਦੇ ਸਨ ਤੇ ਕਹਿੰਦੇ ਹੁੰਦੇ ਸਨ ਕਿ ਅਸੀ ਤਾਂ 'ਸੇਵਕ' ਹਾਂ। ਪੰਥ ਉਹਨਾਂ ਨੂੰ ਸਿਰ ਦੇ ਛਤਰ ਕਹਿੰਦਾ ਸੀ, ਪਰ ਉਹ ਪੰਥ ਦੇ ਦਾਸ ਬਣਦੇ ਸੀ। ਇਹ ਜਥੇਦਾਰਾਂ ਦਾ ਹਾਲ ਸੀ ਜਿਨ੍ਹਾਂ ਨੂੰ ਅਜ ਕਲ ਦੀ ਬੋਲੀ ਵਿਚ ਪਰਧਾਨ ਜਾਂ ਪ੍ਰੈਜ਼ੀਡੈਂਟ ਕਹਿਣਾ ਚਾਹੀਦਾ ਹੈ। ਤੇ ਸਕੱਤ੍ਰ ਜੋ ਤਦੋਂ ਸੇਵਕ ਹੀ ਕਹਾਉਂਦੇ ਸੇ, ਓਹ ਭਲਾ ਹੁੱਦੇਦਾਰ ਕਿਥੋਂ ਬਣਦੇ ਸੀ। ਗੱਲ ਇਹ ਸੀ ਕਿ ਉਹ ਸੇਵਕ ਭਾ ਨਾਲ ਸੇਵਾ ਕਰਦੇ ਸੀ, ਪੰਥ ਉਹਨਾਂ ਨਾਲ ਪਿਆਰ ਕਰਦਾ ਤੇ ਉਹਨਾਂ ਨੂੰ ਆਪਣਾ ਫ਼ਖ਼ਰ ਜਾਣਦਾ ਸੀ। ਹੁਣ ਸਾਡੇ ਅਨੇਕਾਂ ਜਥੇ ਸਕੱਤ੍ਰੀ ਦੇ ਝਗੜੇ ਤੇ ਹੀ ਟੁੱਟ ਜਾਂਦੇ ਹਨ, ਅਰ ਜਿਸ ਸਕੱਤ੍ਰ ਨੂੰ ਅੱਜ ਹਟਾਓ, ਉਹ ਕੌਮ ਦਾ ਵੈਰੀ, ਤੇ ਓਹੋ ਉਸ ਕੌਮ ਦਾ ਸਤਜਾਨਾਸ ਕਰੇਗਾ। ਇਹ ਦੱਸਦਾ ਹੈ ਕਿ ਸਾਡੀ ਜਥੇਬੰਦੀ ਅਜੇ ਬੜੀ ਹੀ ਗ਼ਲਤ ਨੀਹਾਂ ਪਰ ਬਿਰਾਜਮਾਨ ਹੈ, ਅਰ ਇਸ ਬਾਤ ਦੀ ਬੜੀ ਹੀ ਲੋੜ ਹੈ ਕਿ ਸਾਡੇ ਵਿਚ ਪੰਥਕ ਸੇਵਾ ਦਾ ਮਾਦਾ ਤਰੱਕੀ ਕਰੇ ਅਰ ਜਾਤੀ ਲਾਭ ਤੇ ਪਤ ਦੀ ਲੋੜ ਘਟੇ।

(2) ਜਥੇਬੰਦੀ ਵਿਚ ਖਾਸ ਖਾਸ ਕੰਮਾਂ ਲਈ ਛੋਟੇ ਜਥੇ ਬੰਨ੍ਹੀਦੇ ਹਨ, ਅਰਥਾਤ ਕੌਮ ਇਕ ਵਡਾ ਜਥਾ ਬਣਾਕੇ ਉਸ ਦੇ ਕੰਮਾਂ ਦੀ ਵੰਡ ਲਈ ਅਨੇਕਾਂ ਨਿੱਕੇ ਜਥੇ ਬਣਾਉਂਦੀ ਹੈ। ਕੰਮ ਦੀ ਵੰਡ ਕੀਤਿਆਂ ਕੰਮ ਚੰਗੇ ਚਲਦੇ ਹਨ। ਜਾਂ ਇਉਂ ਹੁੰਦਾ ਹੈ ਕਿ ਥਾਓਂ ਥਾਈਂ ਕੰਮ ਕਰਨ ਵਾਲੇ ਅੱਡ ਅੱਡ ਜਥੇ ਬਣਾਏ ਜਾਂਦੇ ਹਨ। ਜਥੇ ਆਪਣੇ ਆਪਣੇ ਕੰਮ ਕਰਦੇ ਰਹਿੰਦੇ ਹਨ, ਪਰ ਇਨ੍ਹਾਂ ਨੂੰ ਅਨੇਕਾਂ ਅੜਚਨਾਂ ਪੈਣ ਨਾਲ ਪਤਾ ਲਗ

 www.sikhbookclub.com

ਜਾਂਦਾ ਹੈ ਕਿ ਇਕ ਸ਼ਿਰੋਮਣੀ ਜਥਾ ਬੀ ਲੋੜੀਦਾ ਹੈ, ਜੋ ਸਭ ਜਥਿਆਂ ਦਾ ਮੁਕਟ ਮਣੀ ਹੋਵੇ। ਸਾਰੇ ਉਸ ਨੂੰ ਬਨਾਉਣ, ਕਾਇਮ ਰੱਖਣ ਤੇ ਸਾਰੇ ਉਸ ਦੀ ਆਗਿਆ ਵਿਚ ਤੁਰਨ। ਬਿਨਾ ਇਸ ਦੇ ਜਥੇਬੰਦੀ ਮੁਕੰਮਲ ਨਹੀਂ। ਹੁਣ ਅਸੀਂ ਇਸ ਬਾਰੇ ਦੋ ਤਿੰਨ ਵੇਰ ਠੋਕਰਾਂ ਖਾ ਚੁਕੇ ਹਾਂ, ਅਰ ਜਾਣ ਗਏ ਹਾਂ ਕਿ ਇਸ ਬਿਨਾ ਅਸੀਂ ਕਦੀ ਬੀ ਉਨੱਤ ਨਹੀਂ ਹੋ ਸਕਦੇ। ਪਰ ਅਜੇ ਬੀ ਅਸੀਂ ਪੈਰਾਂ ਪਰ ਨਹੀਂ ਆਉਂਦੇ। ਛੋਟੇ ਜਥੇ ਆਪੋ ਵਿਚ ਪਿਆਰ ਨਹੀਂ ਕਰਦੇ। ਛੋਟੇ ਜਥੇ ਜਾਂ ਜਗ੍ਹਾਂ ਅੱਡ ਅੱਡ ਹੋਣ ਕਰਕੇ ਜਾਂ ਕੰਮ ਅੱਡ ਅੱਡ ਹੋਣ ਕਰਕੇ ਬਣਾਈਦੇ ਹਨ। ਉਹਨਾਂ ਦੇ ਇੰਦੀਏ ਅਰ ਮਨਤੱਵ ਅੱਡ ਨਹੀਂ ਹੁੰਦੇ; ਇਸ ਕਰਕੇ ਉਹਨਾਂ ਵਿਚ ਪਿਆਰ ਚਾਹੀਦਾ ਹੈ, ਵੈਰ ਨਹੀਂ। ਪਰ ਸਾਡੇ ਵਿਚ ਦੋ ਪਕੜਾਂ ਪੈ ਜਾਂਦੀਆਂ ਹਨ, ਇਕ ਤਾਂ ਇਹ ਕਿ ਨਾਮਣਾ ਹੋਵੇ: ਸਾਡੇ ਸ਼ਹਿਰ ਵਿਚ ਬੜੇ ਕੰਮ ਹੋ ਰਹੇ ਹਨ, ਦੂਜਾ ਇਹ ਹੋਵੇ ਕਿ ਫਲਾਣਾ ਬੜਾ ਕੰਮ ਕਰ ਰਿਹਾ ਹੈ, ਤੀਜਾ ਇਹ ਕਿ ਹੋਰ ਤਰੱਕੀ ਨਾ ਕਰਨ ਤਦੇ ਸਾਡਾ ਉਜਾਲਾ ਰਹੇਗਾ ਨਾ, ਅਪਣੇ ਨਮੂਜ ਵਾਸਤੇ ਹੋਰਨਾਂ ਦੀ ਹਾਨੀ ਲੋਚਦੇ ਰਹਿਣੀ। ਇੱਕੁਰ ਜਦ ਸਾਰੇ ਇਕ ਦੂਜੇ ਦੀ ਹਾਨੀ ਲੋਚਣ ਤਦ ਵਾਧਾ ਕੀ ਹੋਵੇ? ਵਾਧਾ ਤਾਂ ਹੋਵੇ ਕਿ ਸਾਰੇ ਇਕ ਦੂਜੇ ਦਾ ਵਾਧਾ ਲੋਚਣ, ਕਰਨ ਸੇਵਾ ਪਰ ਨਮੂਜ ਨਾ ਲੋਚਣ। ਜਦ ਤਕ ਜਥਿਆਂ ਦੀ ਪਰਸਪਰ ਪ੍ਰੇਮ ਭਰੀ ਦਸ਼ਾ ਨਾ ਬਣੇ ਤਦ ਤਕ ਬੜੀ ਹਾਨੀ ਹੈ। ਜਦ ਇਹ ਗੱਲ ਹੋ ਜਾਵੇ ਤਦ ਚਾਹੀਦਾ ਹੈ ਕਿ ਵਡੇ ਜਥੇ ਦੇ ਸਭ ਆਗਿਆਵਰਤੀ ਹੋਣ, ਫੇਰ ਇਹ ਰੋਗ ਨਾ ਚੰਬੜ ਜਾਏ, ਕਿ ਕਰੀਏ ਅਸੀਂ ਤੇ ਨਾਮਣਾ ਹੋਵੇ ਵੱਡੇ ਦਾ? ਜਦ ਤਕ ਵੱਡੇ ਨੂੰ ਆਪਣਾ ਜਾਣਕੇ ਪਿਆਰ ਨਾ ਕੀਤਾ ਜਾਵੇ ਤਦ ਤਕ ਜਥੇਬੰਦੀ ਦੀ ਗੱਡੀ ਤੁਰ ਨਹੀਂ ਸਕਦੀ।

ਹੁਣ ਪੰਥ ਦੇ ਪਿਆਰੇ ਇਸ ਪਰ ਵਿਚਾਰਕੇ ਕੰਮ ਕਰਕੇ ਦੇਖਣ ਕਿ ਅਸੀਂ ਸਾਰੇ ਸੰਸਾਰ ਵਿਚ ਪ੍ਰੇਮ ਦਾ ਢੰਡੋਰਾ ਦੇਣ ਦੇ ਕਾਬਲ ਹੁੰਦੇ ਹਾਂ ਕਿ ਨਹੀਂ? (ਖਾਲਸਾ ਸਮਾਚਾਰ, 19 ਜੁਲਾਈ 1905 ਈ:)

 www.sikhbookclub.com

# ਲਿਖਾਰੀ ਨੂੰ

ਸੁਣ ਤੂੰ ਲਿੱਖਣ ਹਾਰਿਆ! ਐਸਾ ਕੁਝ ਨਾ ਲਿੱਖ,
ਜਿਸ ਨੂੰ ਪੜ੍ਹਨੇ ਤੇ ਜਗਤਿ ਵਧੇ ਪਾਪ ਅਰ ਦੁੱਖ।
ਲਿੱਖਣ ਚਾਉ ਜਿ ਉਮਗਿਆ ਅਪਣੇ ਅੰਦਰ ਵੇਖ;
ਹੈ ਉਥੇ ਸੰਦੇਸ਼ ਜੋ ਮੇਟੇ ਮਨ ਦੀ ਧੁੱਖ?
ਜਿਸਨੂੰ ਪੜ੍ਹਕੇ ਪੜ੍ਹਨਹਾਰ ਪੜ੍ਹਨ ਪਹਿਲਿਓਂ ਹਾਲ
ਨਾਲੋਂ ਉੱਚਾ ਹੋ ਜਏ ਸੁਖ ਵਿਚ, ਭਾਵੇਂ ਚੁੱਖ।
ਦ੍ਰਵ ਜਾਵੇ, ਚਹਿ ਅਕਲ ਵਿਚ ਕੁੱਛਕੁ ਸੁਖੀਆ ਹੋਇ
ਸੁਹਣੇ ਸ੍ਵਾਦੀ ਰੰਗ ਵਿਚ, ਪਲਟ ਜਾਸੁ ਕੁਛ ਰੁੱਖ।
ਨੀਵੀਆਂ ਰੁਚੀਆਂ ਜਗਤ ਵਿਚ ਨੀਵੇਂ ਕਰਮ ਸੁਭਾਉ
ਅੱਗੇ ਫੈਲੇ ਹਨ ਬੜੇ, ਕਾਹਿ ਵਧਾਵੇਂ ਲਿੱਖ?
ਇਕ ਦਿਨ ਅੰਮ੍ਰਿਤ ਡੋਹਲਦੀ ਬੋਲ ਪਈ ਮੈਂ ਕਲਮ;
"ਮੈਂ ਜਾਣੂ ਨਹੀਂ ਪਾਪ ਤੋਂ, ਅਸਮਤ ਮੇਰੀ ਰੱਖ।
"ਵਰਤਣ ਮੇਰੀ ਉਹ ਕਰੀਂ ਜਿਸ ਵਿਚ ਪਾਪ ਨ ਲੇਸ਼,
"ਜਗਤ ਜਲੰਦੇ ਦੀ ਮਲ੍ਹਮ ਲਿਖਤ ਬਣੇਂ, ਸੋ ਲਿੱਖ।
"ਦਿਲ ਦੁਨੀਆਂ ਦੇ ਭੁਜ ਰਹੇ, ਹੋ ਰਹੇ ਹੈਨ ਕਬਾਬ,
"ਅੰਮ੍ਰਿਤ ਛੱਟੇ ਲੇਖ ਲਿਖ, ਕੁਛ ਦੁਖ ਘਟੇ ਮਨੁੱਖ।
"ਨਹੀਂ ਤੇ ਮੈਨੂੰ ਛੱਡਿ ਆ ਮੇਰੇ ਜੰਗਲ ਦੇਸ਼,
"ਜ਼ਿੰਦੜੀ ਮੋਰੀ ਮੋੜ ਦੇਹ, ਉਗਲਾਂ ਨਾਂ ਪਈ ਬਿੱਖ।
"ਵਿਚ ਸਰਕੰਡਿਆਂ ਸੁਖੀ ਸਾਂ, ਦੁਖਾਂ ਨ ਕਿਸੇ ਦੁਖਾਉਂ,
"ਝੋਲੇ ਠੰਢੇ ਵਾਉ ਦੇ ਮਾਣ ਰਹੀਂ ਸਾਂ ਸੁੱਖ।
"ਜੇ ਮੈਨੂੰ ਹਈ ਵਰਤਣਾ ਧਾਰ ਅੱਜ ਲੈ ਨੇਮ:
"ਸੁਖ ਦੀ ਧਾਰਾ ਵਹਿ ਚਲੇ, ਅਸਮਤ ਵਾਲੇ ਸੁੱਖ।"

(ਆਵਾਜ ਆਈ)

 www.sikhbookclub.com

# ਆਪਣੇ ਦੇਸ਼ ਨਾਲ ਪ੍ਰੇਮ

(ਵਾਲਟਰ ਸਕਾਟ ਦੀ ਇਕ ਕਵਿਤਾ ਦਾ ਪੰਜਾਬੀ ਅਨੁਵਾਦ)

ਹੈ ਐਸਾ ਨਿਰਜੀਵ ਪੁਰਸ਼ ਕੋਈ ਜਗ ਅੰਦਰ
ਜਿਸ ਦੇ ਮੂੰਹ ਤੋਂ ਕਦੇ ਬਚਨ ਇਹ ਨਿਕਲਿਆ ਸੁੰਦਰ
'ਜਨਮ ਭੂਮਿ ਸੁੰਦਰੀ ਇਹੋ ਹੈ ਮੇਰੀ ਪਜਾਰੀ,
'ਵਾਰਾਂ ਜਿਸ ਤੋਂ ਤਿੰਨ ਲੋਕ ਦੀ ਸੰਪਤਿ ਸਾਰੀ।'
ਸੱਤ ਸਮੁੰਦਰ ਪਾਰ ਬਿਦੇਸ਼ੀ ਕਰਕੇ ਵਿਚਰਨ,
ਹੋਯਾ ਨ ਘਰ ਚਲਣ ਸਮੇਂ ਪਰਸੰਨ ਜਿਦ੍ਹਾ ਮਨ;
ਜੇ ਐਸਾ ਕੁਈ ਹੋਇ ਤੁਰਤ ਹੀ ਉਸ ਨੂੰ ਦੇਖੋ,
ਭਲੀ ਭਾਂਤਿ ਦੇ ਨਾਲ ਓਸ ਦੇ ਲੱਛਣ ਵੇਖੋ।
ਭਾਵੇਂ ਪਦਵੀ ਓਸਦੀ ਹੁਇ ਬਹੁਤੀ ਭਾਰੀ,
ਵੱਡਾ ਉਸ ਦਾ ਨਾਮ ਕਹੇ ਹੈ ਦੁਨੀਆਂ ਸਾਰੀ,
ਇੱਛਾ ਦੇ ਅਨੁਸਾਰ ਹੋਇ ਉਸ ਪਾਸ ਬਹੁਤ ਧਨ;
ਕਵਿਤਾ ਤਦ ਬੀ ਓਸ ਲਈ ਨਹਿ ਕਰਹੈਂ ਕਵਿਗਨ।
ਨਿਰਾ ਸੁਆਰਥ ਪਨੇ ਵਿਚ ਉਸ ਸਮਾ ਗੁਵਾਜਾ,
ਭਲੇ ਹੇਤ ਨਿਜ ਦੇਸ਼ ਦੇ ਨਹੀਂ ਵਕਤ ਲਗਾਜਾ।
ਧਰਜਾ ਰਹੂ ਸਭ ਧਨ, ਬਲ, ਪਦਵੀ ਇਕ ਕਿਨਾਰੇ,
ਸਿਰ ਤੇ ਜਮ ਦੇ ਆਇ ਵਜਣਗੇ ਜਦੋਂ ਨਗਾਰੇ।
ਸੁਣ ਸੁੰਦਰ ਸੁਖਜਾਤ ਨਹੀਂ ਜੀਵਨ ਵਿਚ ਪਾਵੇਂ,
ਜਿਸ ਮਿੱਟੀ ਤੋਂ ਬਣਜੋਂ ਫੇਰ ਉਸ ਵਿਚ ਮਿਲ ਜਾਵੇਂ।
ਯਾਦ ਸ਼ੋਕ ਸੰਗੀਤ ਸਰੇ ਤੇ ਕੋਈ ਨ ਕਰਸੀ,
ਕਰਮ ਹੀਨ ਹਤ ਭਾਗ ਮੌਤ ਦੂਹਰੀ ਉਹ ਮਰਸੀ।

(ਖਾ: ਸ:, 16 ਅਗਸਤ 1905 ਈ:)


www.sikhbookclub.com

## 5. ਇਤਫ਼ਾਕ

ਯੂਨਾਨ ਦੇਸ਼ ਵਿਚ ਇਕ ਵੇਰੀ ਲੋਕਾਂ ਵਿਚ ਨਿਫ਼ਾਕ ਦੀ ਅੱਗ ਐਤਨੀ ਫੈਲੀ ਕਿ ਦੇਸ਼ ਦੇ ਆਪੋ ਵਿਚ ਕੱਟ ਵੱਢਕੇ ਤਬਾਹ ਹੋ ਜਾਣ ਦਾ ਭੈ ਹੋ ਗਿਆ। ਇਕ ਦਾਨੇ ਹਕੀਮ ਨੇ ਅਪਣੀ ਕੌਮ ਦੀ ਇਹ ਦੁਰਗਤੀ ਦੇਖਕੇ ਬੜਾ ਭੈ ਖਾਧਾ। ਆਪੋ ਵਿਚ ਫੁੱਟ, ਧੜੇ ਬਾਜ਼ੀ ਤੇ ਖ਼ੁਦਗਰਜ਼ੀਆਂ ਦੀ ਗਰਮ ਬਾਜ਼ਾਰੀ ਨੇ ਉਸ ਕੌਮੀ ਤਰੱਕੀ ਦੀ ਸਿੱਕ ਵਾਲੇ ਸਿਆਣੇ ਦਾ ਦਿਲ ਤੋੜ ਦਿਤਾ। ਅਨੇਕ ਉਪਾਵ ਕੀਤੇ ਪਰ ਕੁਝ ਨਾਂ ਪੇਸ਼ ਗਈ। ਇਕ ਦਿਨ ਉਸ ਨੂੰ ਇਕ ਦ੍ਰਿਸ਼ਟਾਂਤ ਫੁਰਿਆ ਜੋ ਉਸ ਨੇ ਦੂਸਰੇ ਦਿਨ ਸਭ ਨੂੰ ਸੁਣਾਇਆ। ਇਸ ਦ੍ਰਿਸ਼ਟਾਂਤ ਨੇ ਨਿਫ਼ਾਕ ਦੀਆਂ ਛੁਰੀਆਂ ਨਾਲ ਘਾਇਲ ਹਿਰਦਿਆਂ ਉਤੇ ਮਲ੍ਹਮ ਦਾ ਅਸਰ ਕੀਤਾ, ਵੈਰ ਤੇ ਈਰਖਾ ਦੀ ਅੱਗ ਬੁਝ ਗਈ ਅਰ ਕੌਮੀ ਸੀਤਲਤਾ ਵਰਤ ਗਈ। ਉਹ ਦ੍ਰਿਸ਼ਟਾਂਤ, ਜਿਸ ਨੇ ਇਕ ਕੌਮ ਨੂੰ ਨਿਫ਼ਾਕ ਤੋਂ ਬਚਾਇਆ, ਚਾਹੀਦਾ ਹੈ, ਕਿ ਇਸ ਵੇਲੇ ਨਿਫ਼ਾਕ ਦੇ ਰੋਗ ਨਾਲ ਪੀੜਤ ਖਾਲਸਾ ਕੌਮ ਨੂੰ ਮੈਤ੍ਰੀ ਦੀ ਤੰਦਰੁਸਤੀ ਪ੍ਰਦਾਨ ਕਰੇ। ਦ੍ਰਿਸ਼ਟਾਂਤ ਇਹ ਸੀ ਕਿ:- 'ਇਕ ਦਿਨ ਹੱਥ, ਪੈਰ, ਨੱਕ, ਮੂੰਹ, ਅੱਖਾਂ, ਕੰਨਾਂ ਨੇ ਕਿਹਾ ਕਿ ਅਸੀਂ ਸਾਰੇ ਕੰਮ ਕਰਦੇ ਹਾਂ ਪਰ ਢਿੱਡ ਕੁਝ ਨਹੀਂ ਕਰਦਾ, ਇਹ ਵਿਹਲਾ ਬੈਠਾ ਚੌਧਰੀ ਸਾਡੀ ਸਾਰੀ ਕਮਾਈ ਖਾ ਜਾਂਦਾ ਹੈ, ਆਓ ਇਸ ਘਰ ਬੈਠੇ ਨਾਲ ਰੁੱਸ ਪਵੋ। ਸਾਰੇ ਸਰੀਰ ਦੇ ਅੰਗ ਆਪੋ ਵਿਚ ਰੁੱਸ ਬੈਠੇ, ਢਿੱਡ ਵਿਚਾਰਾ ਬੀ ਸਬਰ ਕਰ ਰਿਹਾ। ਪਰ ਦੇਖੋ ਸਹਿਜੇ ਸਹਿਜੇ ਕੀ ਅਸਰ ਹੋਇਆ? ਕਿ ਸਾਰੇ ਅੰਗ ਨਿਤਾਣੇ ਹੋਣ ਲੱਗ ਗਏ, ਨਾਂ ਪੈਰਾਂ ਵਿਚ ਤੁਰਨ ਦੀ ਸੱਤਾ, ਨਾ ਹੱਥਾਂ ਵਿਚ ਕੰਮ ਕਰਨ ਦੀ ਤਾਕਤ, ਨਾਂ ਕੰਨਾਂ ਵਿਚ ਸੁਣਨ ਦਾ ਜ਼ੋਰ, ਨਾਂ ਅੱਖਾਂ ਵਿਚ ਦੇਖਣ ਦਾ ਬਲ ਰਹਿ ਗਿਆ।

 www.sikhbookclub.com

ਇਸ ਤਰ੍ਹਾਂ ਜਦ ਸਾਰੇ ਦੁਰਗਤੀ ਨੂੰ ਪਹੁੰਚ ਗਏ ਤਾਂ ਕਿਸੇ ਸਿਆਣੇ ਨੇ ਸਮਝਾਇਆ ਕਿ ਮੂਰਖੋ ਤੁਹਾਡਾ ਸਭ ਦਾ ਜੀਵਨ ਤਾਂ ਪਰਸਪਰ ਸਹਾਯਤਾ ਅਰ ਮੈਤ੍ਰੀ ਉਤੇ ਹੈ, ਤੁਸੀਂ ਇਸ ਤਰ੍ਹਾਂ ਰੁੱਸਕੇ ਸਾਰੇ ਹੀ ਮਰ ਜਾਓਗੇ। ਜਿਸ ਨੂੰ ਤੁਸਾਂ ਵਿਹਲਾ ਜਾਣਕੇ ਰੁਸੇਵਾਂ ਕੀਤਾ ਹੈ, ਉਹ ਤੁਹਾਡੇ ਸਭਨਾਂ ਦੀ ਕਮਾਈ ਤੁਹਾਨੂੰ ਹੀ ਪਹੁੰਚਾ ਦੇਂਦਾ ਹੈ; ਉਹ ਵਿਹਲਾ ਨਹੀਂ, ਤੁਹਾਡਾ ਬਲ ਤੇ ਸਾਰੀ ਸੱਤਾ ਉਸੇ ਦੀ ਦਿਤੀ ਹੋਈ ਹੈ। ਇਹ ਬਾਤ ਸਮਝਕੇ ਸਾਰੇ ਅੰਗਾਂ ਨੇ ਨਿਫ਼ਾਕ ਛੱਡ ਦਿਤਾ ਅਰ ਪਿਆਰ ਨਾਲ ਕੰਮ ਕਰਨ ਲਗ ਗਏ, ਸਰੀਰ ਤਕੜਾ ਹੋ ਗਿਆ।' ਸਰੀਰ ਦੀ ਤਰ੍ਹਾਂ ਹੀ ਕੌਮ ਹੈ, ਜਿਸ ਵਿਚ ਹਰੇਕ ਅੰਗ ਕੰਮ ਕਰਦਾ ਹੈ, ਅਰ ਹਰੇਕ ਪਰਸਪਰ ਸਹਾਜਤਾ ਕਰਕੇ ਸਾਰੀ ਕੌਮ ਨੂੰ ਜੀਉਂਦਿਆਂ ਰਖਦਾ ਹੈ। ਜਦ ਇਕ ਇਕ ਅੰਗ ਨਿਫ਼ਾਕ ਦੇ ਅੱਖਰ ਪੜ੍ਹਕੇ ਅੱਡ ਅੱਡ ਹੋ ਜਾਵੇ ਤਦ ਉਹ ਕੌਮ ਕਦੇ ਨਹੀਂ ਜੀਉ ਸਕਦੀ। ਸੋ ਹੇ ਮਿੱਤ੍ਰ ਜਨੋ! ਕੌਮ ਖਾਲਸਾ ਦੇ ਅੰਗੋ! ਆਪੋ ਵਿਚ ਮੈਤ੍ਰੀ ਕਰੋ, ਇਤਫ਼ਾਕ ਕਰੋ, ਏਕਾ ਕਰੋ। ਨਿਫ਼ਾਕ ਤੇ ਫੁੱਟ ਨੂੰ ਕੱਢ ਦਿਓ।

ਇਕ ਵਿਚਾਰ ਵਾਲੀ ਬਾਤ ਇਹ ਹੈ ਕਿ ਕਿਆ ਅਸਾਂ ਹੁਣ ਕੁਝ ਧੜੇਬਾਜ਼ੀ ਨਾਲ ਨਾਤਾ ਤੋੜਨ ਦਾ ਯਤਨ ਕੀਤਾ ਹੈ? ਜਦ ਗ਼ੌਰ ਕਰੀਏ ਤਦ ਪਤਾ ਲਗਦਾ ਹੈ ਕਿ ਕੌਮ ਵਿਚ ਇਸ ਬਾਤ ਦੀ ਵਿਚਾਰ ਕਾਇਮ ਜ਼ਰੂਰ ਹੈ, ਅਰ ਕੌਮ ਦੇ ਸੱਚੇ ਸੁਭਚਿੰਤਕ ਇਸ ਬਾਤ ਪਰ ਅਮਲ ਬੀ ਕਰਨੇ ਦਾ ਜਤਨ ਕਰਦੇ ਹਨ, ਪਰ ਫੁੱਟ ਦੀ ਅੱਗ ਅਜੇ ਸੁਲਗਦੀ ਹੈ। ਇਹ ਅੱਗ ਕੌਮ ਦੀ ਕੱਢੀ ਨਿਕਲ ਸਕਦੀ ਹੈ, ਕਿਉਂਕਿ ਕੌਮ ਆਪ ਇਸ ਨੂੰ ਹੁਣ ਬਾਲ ਨਹੀਂ ਰਹੀ। ਜਿਨ੍ਹਾਂ ਲੋਕਾਂ ਨੂੰ ਲਾਭ ਹੀ ਨਿਫ਼ਾਕ ਨਾਲ ਪਹੁੰਚਦਾ ਹੈ, ਉਹ ਲੋਕ ਇਤਫ਼ਾਕ ਨੂੰ ਦੂਰ ਕਰਨ ਦੇ ਹੀ ਉਪਰਾਲੇ ਸੋਚਦੇ ਰਹਿੰਦੇ ਹਨ। ਇਕ ਕਵੀ ਨੇ ਕਿਹਾ ਹੈ, 'ਚੋਰਹਿ ਚਾਂਦਨਿ ਰਾਤ ਨ ਭਾਵਾ' ਕਿ ਚੋਰ ਨੂੰ ਚਾਨਣੀ ਰਾਤ ਨਹੀਂ ਭਾਉਂਦੀ। ਇਸੀ ਤਰ੍ਹਾਂ ਜਿਨ੍ਹਾਂ ਪਿਆਰਿਆਂ ਨੂੰ ਫੁੱਟ ਵਿਚ ਹੀ ਲਾਭ ਪਹੁੰਚਦਾ ਹੈ, ਉਹ ਸੁਤੇ ਹੀ ਕੌਮੀ ਲਹਿਲਹਾਉਂਦੇ ਬਗ਼ੀਚੇ ਵਿਚ ਫੁੱਟ ਦੀ ਬਿੱਛੂ ਬੂਟੀ ਬੀਜਦੇ ਰਹਿੰਦੇ ਹਨ। ਕੌਮ ਨੂੰ ਚਾਹੀਦਾ ਹੈ ਕਿ ਸੁਚੇਤ ਹੋਵੇ ਅਰ ਸਮਝ ਲਵੇ ਕਿ ਜੋ ਫੁੱਟ ਦਾ ਨਮੂਨਾ ਖੜਾ ਕਰਦਾ ਹੈ ਉਹ ਕੌਮ ਦਾ ਅਸਲ ਘਾਤਕ ਹੈ। ਕਿੰਨਾ ਜ਼ਰੂਰੀ ਹੈ ਸਾਡੇ ਵਾਸਤੇ ਕਿ ਅਸੀਂ ਮੈਤ੍ਰੀ ਤੇ ਪਿਆਰ ਵਿਚ ਉਨਤੀ ਕਰੀਏ? ਭਰਾਵਾਂ ਨਾਲ ਖਿਮਾ

 www.sikhbookclub.com

ਤੇ ਸਹਾਰੇ ਦੀ ਵਰਤਣ ਵਰਤੀਏ, ਅਪਣੱਤ ਤੇ ਖ਼ੁਦਗ਼ਰਜ਼ੀ ਨੂੰ ਛੱਡਕੇ ਕੌਮੀ ਉਨਤੀ ਲਈ ਕੌਮੀ ਪਿਆਰ ਦੇ ਮੰਡਲ ਵਿਚ ਖੜੋਕੇ ਪਰਸਪਰ ਸਹਾਯਤਾ ਕਰੀਏ, ਅਰ ਨਿਫ਼ਾਕ ਪਾਉਣ ਵਾਲਿਆਂ ਤੋਂ ਹਰ ਦਮ ਚੌਕਸ ਰਹੀਏ।

ਆਪ ਵਿਚੋਂ ਕਿਸ ਨੂੰ ਪਤਾ ਨਹੀਂ ਕਿ ਜਾਪਾਨ ਨੇ ਕਿੰਨੀ ਉੱਨਤੀ ਕੀਤੀ ਹੈ? ਆਪ ਸੁਣਕੇ ਹੈਰਾਨ ਹੋਵੋਗੇ ਕਿ ਐਤਨੇ ਕਰੋੜ ਜਪਾਨੀਆਂ ਵਿਚੋਂ ਇਤਨੇ ਭਾਰੇ ਸੰਗ੍ਰਾਮ ਵਿਚ ਅਰ ਇਸ ਭਾਰੀ ਕੌਮੀ ਔਕੁੜ ਦੇ ਵੇਲੇ ਕਿਸੇ ਇਕ ਜਪਾਨੀ ਨੇ ਦੇਸ ਨਾਲ ਦ੍ਰੋਹ ਨਹੀਂ ਕੀਤਾ, ਕਿਸੇ ਨੇ ਫੁੱਟ ਨਹੀਂ ਵਧਾਈ*, ਕਿਸੇ ਨੇ ਆਪਣੇ ਲੋਭ ਲਾਲਚ ਬਦਲੇ ਕੌਮ ਨਾਲ ਕੋਈ ਦਗ਼ਾ ਨਹੀਂ ਕੀਤਾ। ਪਰ ਹੁਣ ਥੋੜੇ ਦਿਨ ਹੋਏ ਤਦ ਉਸ ਭਾਗੀ ਭਰੇ ਦੇਸ਼ ਵਿਚ ਇਕ ਪਾਮਰ ਨਿਕਲਿਆ ਜਿਸ ਨੇ ਅੱਠ ਹਜ਼ਾਰ ਪੌਂਡ ਲੈਕੇ ਜੰਗ ਦਾ ਇਕ ਨਕਸ਼ਾ ਵੈਰੀਆਂ ਨੂੰ ਦੇ ਦਿਤਾ। ਪਾਪ ਗੁੱਝਾ ਨਹੀਂ ਰਹਿੰਦਾ, ਪ੍ਰਗਟ ਹੋ ਗਿਆ। ਇਸ ਕੌਮ ਘਾਤੀ ਦਾ ਇਸਦੇ ਪਿਤਾ, ਮਾਂ, ਵਹੁਟੀ, ਪੁਤ ਮਿੱਤਰ, ਸਾਕ ਅੰਗ ਸਾਰਿਆਂ ਨੇ ਤ੍ਰਿਸਕਾਰ ਕਰ ਦਿਤਾ, ਅਰ ਉਹ ਜੀਉਂਦਾ ਹੀ ਮਾਨੋ ਮਰ ਗਿਆ।

ਇਸ ਵਾਕਿਆ ਤੋਂ ਸਿੱਧਾਂਤ ਇਹ ਨਿਕਲਦਾ ਹੈ ਕਿ ਜਾਪਾਨ ਵਿਚ ਕੌਮੀ ਪਿਆਰ ਇਤਨਾ ਹੈ ਕਿ ਉਸ ਵਿਚ ਕੇਵਲ ਇਕ ਦੇਸ਼ ਦ੍ਰੋਹੀ ਨਿਕਲਿਆ, ਜਿਸ ਨੂੰ ਕੌਮੀ ਪਿਆਰ ਦੀ ਖ਼ਾਤਰ ਆਪਣਿਆਂ ਨੇ ਬੀ ਤ੍ਰਿਸਕਾਰ ਦਿਤਾ, ਇਸੇ ਕੌਮੀ ਪਿਆਰ ਨੇ ਉਨ੍ਹਾਂ ਨੂੰ ਬਜ਼ੁਰਗ ਕਰ ਦਿੱਤਾ ਹੈ। ਐਸ ਨੀਚ ਨੇ, ਜਿਸਨੇ ਦੇਸ਼ ਤੇ ਕੌਮ ਨਾਲ ਘਾਤ ਕੀਤਾ, ਅਪਨੇ ਦੇਸ਼ ਦੇ ਮੂਜਬ ਸਜ਼ਾ ਪਾਉਣੀ ਹੀ ਸੀ, ਪਰ ਤੁਸੀਂ ਕੌਮੀ ਪਿਆਰ ਵੱਲ ਦੇਖੋ ਕਿ ਸੱਕੇ ਸਾਕਾਂ ਤੇ ਪਿਆਰੇ ਮਿਤ੍ਰਾਂ ਨੇ ਬੀ ਉਸ ਨੂੰ ਵਬਾ ਦੀ ਬੀਮਾਰੀ ਜਾਣਕੇ ਆਪਣੇ ਤੋਂ ਦੂਰ ਕੀਤਾ।

ਸਿੱਖਣ-ਵਿੱਢ ਲਵੋ ਖਾਲਸਾ ਜੀ! ਅਰ ਫੁੱਟ ਦੇ ਦੂਤਾਂ ਨਾਲ ਪਿਆਰ ਨਾ ਕਰੋ। ਅਪਣਾ ਇਤਿਹਾਸ ਕੱਢਕੇ ਵੇਖੋ, ਤੁਹਾਨੂੰ ਸਦਾ ਫੁੱਟ ਨੇ ਡੋਬਿਆ ਹੈ। ਦਿੱਲੀ ਦੇ ਤਖ਼ਤ ਉਤੇ ਇਕ ਵੇਲੇ ਤੁਸਾਂ ਨੇ ਕਬਜ਼ਾ ਕਰ ਲਿਆ ਸੀ ਅਰ ਸਰਦਾਰ ਜੱਸਾ ਸਿੰਘ ਨੂੰ ਮੁਗਲੀਆ ਤਖ਼ਤ ਤੇ ਤੇਲ ਚੜ੍ਹਾਕੇ

---

* ਜਿਨ੍ਹਾਂ ਦਿਨਾਂ ਦਾ ਇਹ ਲੇਖ ਲਿਖਤ ਹੈ ਉਨ੍ਹਾਂ ਦਿਨਾਂ ਵਿਚ ਜਾਪਾਨ ਤੇ ਰੂਸ ਦੀ ਜੰਗ ਛਿੜ ਰਹੀ ਸੀ। (ਸੰਪਾਦਕ)


www.sikhbookclub.com

ਸ਼ਹਨਸ਼ਾਹ ਥਾਪ ਦਿੱਤਾ ਸੀ, ਉਸ ਵੇਲੇ ਤੁਹਾਨੂੰ ਕੌਣ ਦਿੱਲੀ ਦੇ ਤਖ਼ਤ ਤੋਂ ਉਤਾਰਨ ਵਾਲਾ ਸੀ? ਨਾ ਨਵਾਬ, ਨਾ ਸਮਰੋ ਬੇਗਮ, ਨਾ ਮਰਹਟੇ, ਨਾ ਪਠਾਣ, ਨਾ ਰਾਜਪੂਤ; ਪਰ ਤੁਹਾਡੀ ਆਪਣੀ ਫੁੱਟ, ਤੁਹਾਡਾ ਆਪਣਾ ਨਿਫ਼ਾਕ, ਤੁਹਾਡਾ ਨਿਜ ਨੂੰ ਕੌਮ ਨਾਲੋਂ ਵਧੀਕ ਪਿਆਰ ਕਰਨ ਦਾ ਐਬ, ਤੁਹਾਡੀ "ਹਾਇ ਮੈਂ ਹੋਵਾਂ" ਦੀ ਕਾਣ। ਇਸ ਵੇਲੇ ਫੁੱਟ ਨੇ ਨਾ ਤੁਹਾਨੂੰ ਤਖ਼ਤ ਤੋਂ ਹੀ ਵਾਂਝਿਆ ਪਰ ਪਰਦੇਸ ਵਿਚ, ਵੈਰੀਆਂ ਦੇ ਘੁਰੇ ਵਿਚ ਤੁਹਾਡੇ ਇਕ ਦਮ ਤਬਾਹ ਹੋ ਜਾਣ ਦੀ ਨੌਬਤ ਪਹੁੰਚ ਗਈ ਸੀ। ਜੇ ਕਦੀ ਸਰਦਾਰ ਬਘੇਲ ਸਿੰਘ ਉਸ ਵੇਲੇ ਅਪਣੀ ਅਕਲ ਨਾਲ ਸਮੇਂ ਨੂੰ ਨਾ ਨਜਿੱਠਦੇ ਤਦ ਦੂਲੇ ਸਿੰਘ ਮਲਵਈ ਤੇ ਮਝੈਲ ਕਦੇ ਘਰੀਂ ਨਾ ਮੁੜਦੇ। ਮਿਸਲਾਂ ਦੀ ਬੇੜੀ ਗ਼ਰਕ ਫੁੱਟ ਨੇ ਕੀਤੀ। ਮਹਾਰਾਜਾ ਰਣਜੀਤ ਸਿੰਘ ਦੇ ਸੂਰਬੀਰ ਦਰਬਾਰ ਦਾ ਤਿਣਕਾ ਤਿਣਕਾ ਨਿਫ਼ਾਕ ਨੇ ਉਡਾ ਦਿੱਤਾ। ਕੀ ਬਾਕੀ ਹੈ ਜੋ ਨਿਫ਼ਾਕ ਨੇ ਤੁਹਾਡੇ ਨਹੀਂ ਕੀਤਾ, ਪਰ ਫੇਰ ਅਜੇ ਨਿਫ਼ਾਕ ਨੂੰ ਆਪ ਨਹੀਂ ਛੱਡਦੇ। ਹੁਣ ਤਾਂ ਹੋਰ ਕੁਝ ਨਹੀਂ ਇਕ ਕੌਮੀ ਜੀਵਨ ਹੈ ਸੋ ਬੀ ਅਣੀ ਤੇ ਖੜਾ ਹੈ; ਨਿਫ਼ਾਕ ਦੀ ਇਕ ਚਪੇੜ ਨੂੰ ਉਡੀਕਦਾ ਹੈ। ਦੇਖਣਾ ਹੁਣ ਇਸ ਪਾਪੀ ਦਾ ਦਾਉ ਨਾ ਖਾਣਾ। ਤੁਸਾਂ ਕਦੇ ਕ੍ਰਿਕਟ ਖੇਡਦੇ ਮੁੰਡੇ ਵੇਖੇ ਹਨ? ਇਕ ਖੇਡਣ ਵਾਲਾ ਹੁੰਦਾ ਹੈ, ਅਰ ਯਾਰਾਂ ਉਸਦੇ ਉਦਾਲੇ ਉਸਨੂੰ ਮਾਰਨ ਵਾਲੇ ਹੁੰਦੇ ਹਨ। ਉਹ ਅਪਣੀ ਰਖਜਾ ਕੇਵਲ ਇਕ ਫੱਟੀ (Bat) ਨਾਲ ਕਰਦਾ ਹੈ। ਇਸੀ ਪ੍ਰਕਾਰ ਆਪ ਬੀ ਮਾਰਨ ਵਾਲਿਆਂ ਨਾਲ ਘੇਰੇ ਪਏ ਹੋਂ। ਕੌਮੀ ਪਿਆਰ ਦੀ ਫੱਟੀ ਆਪ ਨੂੰ ਬਚਾ ਸਕਦੀ ਹੈ। ਜੇ ਇਹ ਬੀ ਆਪ ਨੇ ਹੱਥੋਂ ਸਿੱਟ ਦਿੱਤੀ, ਤਦ ਆਪੇ ਹੀ ਜਾਣੋ ਕਿ ਬਚਾਉ ਕਿਸ ਪ੍ਰਕਾਰ ਹੋਵੇਗਾ?

ਆਓ! ਮੈਤ੍ਰੀ ਕਰੋ, ਆਓ ਕੌਮੀ ਲਾਭ ਨੂੰ ਨਿਜ ਦੇ ਲਾਭ ਤੋਂ ਜ਼ਰੂਰੀ ਸਮਝੋ। ਆਓ ਭਰਾਵਾਂ ਦਾ ਸਹਾਰਾ ਸਿੱਖੋ ਅਰ ਮਿਲਕੇ ਕੰਮ ਕਰੋ। ਆਓ ਫੁੱਟ ਨੂੰ ਦੂਰ ਕਰੋ, ਨਿਫ਼ਾਕ ਦੇ ਅਸਰ ਹੇਠ ਨਾ ਆਓ। ਪਾਟੋਧਾੜ ਦੀਆਂ ਲਹਿਰਾਂ ਦੇ ਸਾਮਣੇ ਪੱਥਰ ਬਣਕੇ ਦੱਸੋ ਅਰ ਨਿਫ਼ਾਕ ਦੇ ਦੂਤਾਂ ਦਾ ਵਿਸਾਹ ਨਾ ਕਰੋ। (ਖਾਲਸਾ ਸਮਾਚਾਰ ਮਿਤੀ 4 ਅਪ੍ਰੈਲ 1905 ਈ:)

 www.sikhbookclub.com

# 6. ਖਾਲਸਾ ਧਰਮ ਤੇ ਇਤਿਹਾਸ

ਧਰਮ ਉਹ ਵਸਤੂ ਹੈ, ਜੋ ਆਤਮਾਂ ਨੂੰ ਸਹਜ ਅਵਸਥਾ ਵਿਚ ਪਹੁੰਚਾਉਂਦੀ ਹੈ, ਅਰਥਾਤ ਜਿਸ ਕਰਕੇ ਜੀਵ ਭ੍ਰਾਂਤੀ ਤੋਂ ਨਿਕਲਕੇ ਆਪਣੇ ਅਸਲ ਸਰੂਪ ਨੂੰ ਪਛਾਣਦਾ ਹੈ, ਫੇਰ ਆਪਣੇ ਸਿਰਜਣਹਾਰ ਨੂੰ ਪਛਾਣਦਾ ਹੈ, ਅਰ ਉਸ ਵਿਚ ਪ੍ਰੇਮ ਦੁਆਰਾ ਲਿਵਲੀਨ ਹੋਕੇ ਪਰਮਾਨੰਦ ਅਵਸਥਾ, ਜਿਸ ਨੂੰ ਸਾਡੇ ਵਿਚ ਸਹਜ ਪਦ ਕਹਿੰਦੇ ਹਨ, ਮਾਣਦਾ ਹੈ। ਇਸ ਦਸ਼ਾ ਤਕ ਅਪੜਾਉਣ ਵਾਲੇ ਦਾ ਨਾਮ 'ਧਰਮ' ਹੈ। ਇਹ ਧਰਮ ਅਕਾਲ ਪੁਰਖ ਹਰੇਕ ਪ੍ਰਾਣੀ ਮਾਤ੍ਰ ਦੇ ਹਿਰਦੇ ਤੇ ਆਪ ਪ੍ਰਕਾਸ਼ ਕਰਦਾ ਹੈ, ਪਰ ਹਿਰਦੇ ਮੈਲੇ ਹੋਣ ਕਰਕੇ ਇਸ ਪ੍ਰਕਾਸ਼ ਦਾ ਉਜਾਲਾ ਕੁਝ ਦਿਖਾਲਦਾ ਨਹੀਂ। ਜਿਸ ਤਰ੍ਹਾਂ ਕਾਲੀ ਹਨੇਰੀ ਕੰਧ ਉਤੇ ਚਾਨਣਾ ਪਿਆ ਹੋਇਆ ਦੁਸਾਰ ਪਾਰ ਨਹੀਂ ਜਾਂਦਾ, ਸ਼ੀਸ਼ੇ, ਜਲ ਅਤੇ ਹੋਰ ਪਾਰਦਰਸ਼ਕ ਵਸਤਾਂ ਤੇ ਪੈਕੇ ਦੁਸਾਰ ਪਾਰ ਦਿਖਾਲਦਾ ਹੈ। ਇਸੇ ਤਰ੍ਹਾਂ ਵਾਹਿਗੁਰੂ ਜੀ ਦਾ ਇਹ ਗਯਾਨ ਸਭ ਪਰ ਰੌਸ਼ਨ ਹੁੰਦਾ ਹੈ, ਪਰ ਹਿਰਦੇ ਦੀ ਮੈਲ ਉਸ ਨੂੰ ਹੋਇਆ ਅਣਹੋਇਆ ਇਕੋ ਜਿਹਾ ਰਖਦੀ ਹੈ। ਜੋ ਹਿਰਦੇ ਸਤਿਸੰਗ ਨਾਲ ਕੁਝ ਸਾਫ਼ ਹੋ ਜਾਂਦੇ ਹਨ, ਓਹ ਆਪਣੀ ਸਫ਼ਾਈ ਦੇ ਦਰਜੇ ਮੂਜਬ ਉਸ ਗਜਾਨ ਨੂੰ ਸਾਫ਼ ਜਾਂ ਧੁੰਦਲਾ ਵੇਖਦੇ ਹਨ। ਪਾਪੀਆਂ ਨਾਲੋਂ ਨੇਕ ਲੋਕ, ਨੇਕਾਂ ਨਾਲੋਂ ਵਧੀਕ ਭਗਤੀ ਤੇ ਨੇਕੀ ਵਾਲੇ, ਇਨ੍ਹਾਂ ਤੋਂ ਵਧੀਕ ਪਰਮੇਸ਼ੁਰ ਦੇ ਹੋਰ ਪਿਆਰੇ, ਉਨ੍ਹਾਂ ਤੋਂ ਵਧਕੇ ਅਰ ਸਭ ਤੋਂ ਵਧਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸਾਂਗੋ ਪਾਂਗ ਅਨੁਭਵ ਕੀਤਾ ਹੈ। ਬੜੇ ਬੜੇ ਰਿਖੀ ਮੁਨੀ, ਪੀਰ, ਹਜ਼ਰਤ, ਅਵਤਾਰ ਮਨ ਨੂੰ ਸਫ਼ਾ ਕਰਦੇ ਕਰਦੇ ਅੰਤ ਸੂਖਮ ਪਾਰਦਰਸ਼ਕ ਹਉਮੈ ਵਿਚ ਥੋੜਾ ਬਹੁਤ ਅਟਕਾ ਖਾ ਗਏ ਹਨ ਅਰ ਸੰਸਾਰ ਦਾ ਉਧਾਰ ਕਰਦੇ ਕਰਦੇ ਵਿਚ


www.sikhbookclub.com

ਆਪਣੀ 'ਮੈਂ' ਦੀ ਲੇਸ਼ਾਵਿਦਜਾ ਜ਼ਰੂਰ ਰਲਾ ਬੈਠੇ ਹਨ। ਪਰ ਗੁਰੂ ਨਾਨਕ ਦੇਵ ਜੀ ਮਾਯਾ ਦੇ ਇਸ ਸਾਏ ਤੋਂ ਕਿਨਾਰੇ ਸੇ, ਇਸ ਕਰਕੇ ਤਤ ਗਯਾਨ ਨੂੰ ਉਨ੍ਹਾਂ ਜੈਸਾ ਤਤ ਕਿਸੇ ਨਹੀਂ ਸਮਝਿਆ, 'ਸੋ ਸਮਦਰਸੀ ਤਤ ਕਾ ਬੇਤਾ' ਆਪ ਦੀ ਹੀ ਮਹਿਮਾ ਹੈ।

ਇਨ੍ਹਾਂ ਨੇ ਵਾਹਿਗੁਰੂ ਜੀ ਦੇ ਨਿਰੋਲ ਗਿਆਨ ਨੂੰ ਸੰਸਾਰ ਪਰ ਪ੍ਰਚੁਰ ਕੀਤਾ, ਅਰ ਐਸੇ ਸੌਖੇ ਤ੍ਰੀਕਿਆਂ ਅਰ ਸਾਡੀ ਸਮਝ ਦੇ ਮੁਤਾਬਕ ਢੰਗਾਂ ਨਾਲ ਉਸ ਦੈਵੀ ਭੇਤ ਨੂੰ ਖੋਲ੍ਹ ਖੋਲ੍ਹਕੇ ਆਖਿਆ ਕਿ ਪਾਪੀ ਅਰ ਕਾਲੇ ਹਿਰਦੇ ਬੀ ਖਿੱਚੇ ਜਾਕੇ ਨਿਰਮਲ ਹੋਣ ਲਗੇ ਅਰ ਅਨੰਦ ਪ੍ਰਾਪਤ ਕਰਨ ਲਗੇ। ਉਨ੍ਹਾਂ ਦਾ ਅਰ ਉਨ੍ਹਾਂ ਦੇ ਜਾਨਸ਼ੀਨ ਬਾਕੀ ਸਤਿਗੁਰਾਂ ਦੇ ਤਤ ਗਿਆਨ ਦਾ ਪੂਰਾ ਤਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਖਾਲਦੇ ਹਨ। ਵਾਹਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਖ- ਇਹ ਸਿਖੀ ਧਰਮ ਹੈ। ਭਾਵੇਹ ਕਿ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੱਸੇ ਹੋਏ ਧਰਮ ਦੀ ਪਾਲਨਾ ਕਰਨ ਨਾਲ ਅਕਾਲ ਪੁਰਖ ਨੂੰ ਪ੍ਰਾਪਤ ਹੁੰਦੇ ਹਨ। ਸਿਖਾਂ ਦਾ ਧਰਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਲੀਮ ਹੈ। ਯਾ ਇਉਂ ਕਹੋ ਕਿ ਦਸਾਂ ਗੁਰੂ ਸਾਹਿਬਾਂ ਦਾ ਤਤ ਗਜਾਨ ਦਾ ਗਜਾਨ ਅਨੁਭਵ ਸਾਡਾ ਧਰਮ ਹੈ, ਯਾ ਇਉਂ ਕਹੋ ਕਿ ਵਾਹਿਗੁਰੂ ਦਾ ਤੱਤ ਗਯਾਨ ਜੋ ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦਿੱਤਾ ਉਹ ਸਾਡਾ ਧਰਮ ਹੈ। ਮੁਕਦੀ ਗੱਲ ਇਹ ਕਿ ਵਾਹਿਗੁਰੂ ਦਾ ਨਿਰੋਲ ਗਿਆਨ ਹੀ ਸਾਡਾ ਧਰਮ ਹੈ, ਉਸ ਅਨੁਸਾਰ ਜੀਵਨ ਬਿਤੀਤ ਕਰਨਾ 'ਸਿਖ' ਹੋਣਾ ਹੈ। ਉਹ ਗਯਾਨ ਆਪਣੀ ਪੂਰਨ ਨਿਰੋਲਤਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ, ਉਨ੍ਹਾਂ ਨੇ ਉਸ ਨੂੰ ਪੂਰਨ ਨਿਰੋਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਪ੍ਰਕਾਸ਼ਤ ਕੀਤਾ, ਉਹ ਸਾਡੇ ਪਾਸ ਆਪਣੀ ਪੂਰਨ ਨਿਰੋਲਤਾ ਵਿਚ ਮੌਜੂਦ ਹੈ, ਇਹ ਸਾਡਾ ਧਰਮ ਹੈ, ਇਸ ਪਰ ਸਾਡਾ ਨਿਰਭਾਰ ਹੈ।

ਇਤਿਹਾਸ ਸਾਡਾ ਧਰਮ ਨਹੀਂ ਤੇ ਨਾਂ ਸਾਡੇ ਧਰਮ ਦਾ ਨਿਰਭਾਹ ਇਤਿਹਾਸ ਪਰ ਹੈ, ਗੁਰੂ ਸਾਹਿਬਾਂ ਦੇ ਜੀਵਨਾਂ ਦੇ ਇਤਿਹਾਸ ਧਾਰਮਕ ਜ਼ਿੰਦਗੀ ਦੇ ਸਹਾਈ ਹਨ, ਪਰ ਈਸਾਈ ਮਤ ਵਾਂਗੂੰ ਅਸੀਂ ਐਉਂ ਨਹੀਂ ਕਹਿ ਸਕਦੇ ਕਿ ਜੇ ਕਦੇ ਗੁਰੂ ਨਾਨਕ ਦੇਵ ਜੀ ਦੀ ਦੇਹੀ ਸਚ ਖੰਡ ਪਿਆਨ ਦੇ ਮਗਰੋਂ ਚਾਦਰੇ ਹੇਠਾਂ ਗੁੰਮ ਨਹੀਂ ਸੀ ਹੋ ਗਈ ਤਦ ਸਿਖੀ

ਧਰਮ ਅਕਾਰਥ ਹੈ, ਸਾਡਾ ਧਰਮ ਗਿਆ ਆਇਆ। ਜੇ ਸਿਧ ਹੋ ਜਾਵੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਚਖੰਡ ਪਧਾਰਨ ਬਾਦ ਪਠਾਣ ਕੈਦੀ ਨੂੰ ਕੱਢਿਆ ਸੀ, ਤਦ ਬੀ ਸਿਖੀ ਧਰਮ ਅਡੋਲ ਖੜਾ ਹੈ, ਜੇ ਸਿਧ ਹੋ ਜਾਵੇ ਕਿ ਇਹ ਬਾਤ ਤਵਾਰੀਖੀ ਵਾਕਿਆ ਨਹੀਂ ਤਦ ਬੀ ਸਿਖੀ ਧਰਮ ਨੂੰ ਕੋਈ ਠੋਕਰ ਨਹੀਂ ਵੱਜਦੀ। ਗੁਰੂ ਸਾਹਿਬਾਂ ਦੇ ਜੀਵਨ ਪਰਮ ਪਵਿਤ੍ਰ ਸੇ, ਇਹ ਗਲ ਅਪਣੇ ਆਪ ਸਿੱਧ ਹੈ। ਉਹਨਾਂ ਦੀ ਬਾਣੀ ਅਰ ਉਹਨਾਂ ਦੇ ਓਹ ਇਤਿਹਾਸ ਜੋ ਅੰਨਯ ਕੌਮਾਂ ਨੇ ਉਸ ਵਕਤ ਲਿਖੇ ਹਨ, ਉਹਨਾਂ ਦੀ ਪਵਿਤ੍ਰਤਾ ਸਾਬਤ ਕਰਦੇ ਹਨ। ਬਸ ਸਾਡੇ ਲਈ ਇਤਨਾ ਕਾਫ਼ੀ ਹੈ। ਭਾਈ ਗੁਰਦਾਸ ਜੀ ਦੇ ਲੇਖ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਸ਼ਾਰੇ ਸਾਬਤ ਕਰਦੇ ਹਨ ਕਿ ਗੁਰੂ ਸਾਹਿਬ ਪਰਮ ਪਵਿਤ੍ਰ ਸੇ। ਗੁਰਬਾਣੀ ਸਾਡੇ ਪਾਸ ਇਤਿਹਾਸ ਦੀ ਕਸਵਟੀ ਹੈ। ਜੋ ਬਾਤ ਇਸ ਪਰ ਲਗਕੇ ਸੋਨੇ ਦੀ ਕਸ ਨਹੀਂ ਦੇਵੇਗੀ ਉਸ ਨੂੰ ਅਸੀਂ ਬਨਾਵਟੀ ਕਹਿ ਸਕਦੇ ਹਾਂ।

ਸਾਡਾ ਭਾਵ ਇਹ ਨਹੀਂ ਕਿ ਗੁਰੂ ਸਾਹਿਬਾਂ ਦੇ ਜੀਵਨ ਚਰਿਤ੍ਰਾਂ ਦੀ ਲੋੜ ਨਹੀਂ, ਯਾ ਉਹਨਾਂ ਦੇ ਜੀਵਨ ਚਰਿਤ੍ਰਾਂ ਦਾ ਪੜਨਾ ਸਾਨੂੰ ਸਿਖੀ ਦਾਨ ਨਹੀਂ ਦੇਂਦਾ, ਹਰਗਿਜ਼ ਸਾਡਾ ਇਹ ਭਾਵ ਨਹੀਂ ਹੈ, ਮਤਲਬ ਇਹ ਹੈ ਕਿ ਤਵਾਰੀਖੀ ਵਾਕਜਾਤ ਪਰਮੇਸ਼ੁਰ ਦੇ ਤੱਤ ਗਯਾਨ ਨੂੰ ਅਦਲ ਬਦਲ ਨਹੀਂ ਸਕਦੇ। ਦ੍ਰਿਸ਼ਟਾਂਤ ਇਉਂ ਸਮਝੋ:- ਨਿਊਟਨ ਦੇ ਸਾਫ਼ ਹਿਰਦੇ ਨੇ ਆਕਾਰਖਣ ਸ਼ਕਤੀ ਨੂੰ ਸਮਝਿਆ, ਉਸ ਦੇ ਅਸੂਲ ਦਰਿਯਾਫ਼ਤ ਕੀਤੇ ਅਰ ਓਹ ਉਸ ਨੇ ਲਿਖ ਦਿਤੇ। ਓਹ ਅਜ ਤਕ ਵਰਤੇ ਗਏ ਤੇ ਮੰਨੇ ਗਏ। ਹੁਣ ਜੇ ਨਿਊਟਨ ਰੋਟੀ ਖਾਂਦਾ ਸੀ ਜਾਂ ਦੁੱਧ ਪੀਂਦਾ ਸੀ? ਧੁੱਪੇ ਬੈਠਕੇ ਲਿਖਦਾ ਸੀ ਜਾਂ ਛਾਵੇਂ? ਇੰਗਲੈਂਡ ਵਿਚ ਜੰਮਿਆ ਸੀ ਕਿ ਫ਼ਰਾਂਸ ਵਿਚ? ਕੁਆਰਾ ਸੀ ਕਿ ਵਿਆਹਿਆ? ਏਹ ਸਾਰੇ ਇਤਿਹਾਸਿਕ ਵਾਕਯਾਤ ਇਹ ਕਦੀ ਨਹੀਂ ਕਰ ਸਕਦੇ ਕਿ ਆਕਰਖਣ ਸ਼ਕਤੀ ਦਾ ਗਯਾਨ ਝੂਠਾ ਹੋ ਜਾਵੇ। ਜੋ ਅਸੂਲ ਉਸਨੂੰ ਕੁਦਰਤ ਦੇ ਪ੍ਰਕਾਸ਼ਿਤ ਹੋਏ ਓਹ ਅਸੂਲ ਉਸ ਦੇ ਇਤਿਹਾਸ ਦੇ ਆਸਰੇ ਨਹੀਂ ਹਨ। ਪਾਣੀ ਦੀ ਭਾਫ਼ ਦੀ ਸ਼ਕਤੀ ਜਿਸ ਨੇ ਲੱਭੀ, ਉਸ ਦਾ ਇਤਿਹਾਸ ਪਾਣੀ ਦੀ ਸ਼ਕਤੀ ਦਾ ਆਸਰਾ ਨਹੀਂ ਹੈ। ਜੋ ਆਦਮੀ ਪਾਣੀ ਉਬਾਲੇਗਾ, ਭਾਫ਼ ਦੇਖੇਗਾ। ਇਸ ਭਾਫ਼ ਨੂੰ ਜਦ ਉਹਨਾਂ ਨਿਯਮਾਂ ਨਾਲ ਵਰਤੇਗਾ ਤਦ ਓਹੋ ਸਿੱਟੇ ਨਿਕਲਣਗੇ ਜੋ ਅੱਗੇ

 www.sikhbookclub.com

ਨਿਕਲਦੇ ਸਨ। ਜੇ ਕਦੀ ਪਤਾ ਕੱਢਣ ਵਾਲਾ ਨਾਨਕੇ ਘਰ ਬੈਠਕੇ ਦੇਗਚੀ ਨੂੰ ਦੇਖਦਾ ਰਿਹਾ ਤਾਂ ਓਹ ਨਿਯਮ ਹੋਰ ਨਹੀਂ ਹੋ ਜਾਣੇ ਤੇ ਜੇ ਦਾਦਕੇ ਘਰ ਬੈਠਕੇ ਦੇਖਦਾ ਰਿਹਾ ਤਦ ਓਹ ਨਿਯਮ ਹੋਰ ਨਹੀਂ ਹੋ ਜਾਣੇ। ਇਸੇ ਤਰ੍ਹਾਂ ਵਾਹਿਗੁਰੂ ਦਾ ਗਿਆਨ ਓਹੋ ਹੈ, ਭਾਵੇਂ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਗਏ ਭਾਵੇਂ ਕਿਤੇ ਨਾ ਗਏ। ਭਾਵੇਂ ਦੇਸ਼ਾਟਨ ਕਰਦੇ ਰਹੇ ਭਾਵੇਂ ਤਿਲਵੰਡੀ ਬੈਠੇ ਰਹੇ। ਭਾਵੇਂ ਮੋਦੀਖਾਨਾ ਕੀਤਾ ਭਾਵੇਂ ਨਾ ਕੀਤਾ। ਭਾਵੇਂ ਵੇਈਂ ਵਿਚ ਟੁਬਕੀ ਲਾਈ ਭਾਵੇਂ ਨਾ ਲਾਈ। ਉਹਨਾਂ ਦਾ ਤੱਤ ਗਿਆਨ ਜੋ ਸਾਡੇ ਤੱਕ ਪਹੁੰਚਾ ਹੈ ਉਹੋ ਹੈ ਜੋ ਸੰਸਾਰ ਦੇ ਆਦਿ ਵਿਚ ਸੀ, ਜੋ ਆਦਿ ਤੋਂ ਪਹਿਲੇ ਸੀ, ਜੋ ਉਹਨਾਂ ਦੇ ਵੇਲੇ ਸੀ, ਜੋ ਹੁਣ ਹੈ, ਜੋ ਸਦਾ ਹੋਇਆ ਤੇ ਸਦਾ ਹੋਵੇਗਾ। ਗੁਰੂ ਜੀ ਕਹਿੰਦੇ ਹਨ:

**ਆਦਿ ਸਚੁ ਜੁਗਾਦਿ ਸਚੁ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥**
(ਜਪੁਜੀ)

ਇਹ ਨਿਯਮ ਸਦਾ ਤੋਂ ਇਹੋ ਹੈ ਅਰ ਸਦਾ ਤੱਕ ਇਹੋ ਰਹੇਗਾ। ਬੇਅੰਤਤਾ ਵਿਚ ਇਹ ਨਿਯਮ ਸਦਾ ਇਹੋ ਹੈ; ਗੁਰੂ ਨਾਨਕ ਦੇਵ ਜੀ ਪਰ ਇਹ ਨਿਰੋਲ ਪ੍ਰਕਾਸ਼ਿਤ ਹੋਇਆ, ਉਹਨਾਂ ਨੇ ਨਿਰੋਲ ਅੱਗੇ ਦੱਸਿਆ, ਮੂਲ ਮੰਤ੍ਰ ਦਾ ਭਾਵ ਈਸ਼੍ਵਰੀ ਨਿਯਮ ਹੈ, ਜੋ ਸਦਾ ਸਤਜ ਹੈ, ਉਹ ਗੁਰੂ ਜੀ ਨੂੰ ਪ੍ਰਕਾਸ਼ਿਤ ਹੋਇਆ। ਇਕ ਸਿਖ ਕਹਿੰਦਾ ਹੈ ਕਿ ਵੇਈਂ ਵਿਚ ਪ੍ਰਵੇਸ਼ ਕੀਤਾ ਤਦ ਪ੍ਰਕਾਸ਼ ਹੋਇਆ, ਦੂਜਾ ਕਹਿੰਦਾ ਹੈ ਵੇਈਂ ਨ੍ਹਾਕੇ ਬਨ ਵਿਚ ਜਾ ਬੈਠੇ ਤਾਂ ਪ੍ਰਕਾਸ਼ ਹੋਇਆ, ਤੀਜਾ ਕਹਿੰਦਾ ਹੈ ਸਚਖੰਡ ਵਿਚ ਗਏ ਤਾਂ ਪ੍ਰਕਾਸ਼ ਹੋਇਆ, ਚੌਥਾ ਕਹਿੰਦਾ ਹੈ; ਘਰ ਵਿਚ ਹੀ ਸਮਾਧਿ ਸਥਿਤ ਹੋ ਗਏ ਤਾਂ ਪ੍ਰਕਾਸ਼ ਹੋਇਆ। ਸਮਝਣ ਦੀ ਗਲ ਇਹ ਹੈ ਕਿ ਜੋ 'ਮੂਲ ਮੰਤ੍ਰ' ਹੈ ਉਹ ਵਾਹਿਗੁਰੂ ਦਾ ਤੱਤ ਗਜਾਨ ਹੈ, ਉਹ ਗੁਰੂ ਜੀ ਨੂੰ ਪ੍ਰਾਪਤ ਹੋਇਆ, ਉਹਨਾਂ ਸਾਨੂੰ ਦੱਸਿਆ, ਇਹ ਸਾਡਾ ਧਰਮ ਹੈ ਅਰ ਇਸ ਨੂੰ ਮੰਨਣਾ ਸਾਡੀ ਸਿਖੀ ਹੈ। ਹੁਣ ਤਵਾਰੀਖ ਦੀ ਸੱਚੀ ਖੋਜ ਨਾਲ ਸਿੱਧ ਹੋ ਜਾਵੇ ਕਿ ਇਹ ਗਜਾਨ ਵੇਈਂ ਵਿਚ ਹੋਇਆ ਤਦ ਬੀ ਮੂਲ ਮੰਤ੍ਰ ਓਹੋ ਹੈ, ਜੇ ਸਿਧ ਹੋ ਜਾਵੇ ਕਿ ਬਨ ਵਿਚ ਹੋਇਆ ਕਿ ਸਮਾਧੀ ਯਾ ਸਚਖੰਡ

 www.sikhbookclub.com

ਵਿਚ ਹੋਇਆ ਤਦ ਬੀ ਮੂਲ ਮੰਤ੍ਰ ਓਹੋ ਹੈ, ਉਹ ਮੰਤ੍ਰ ਸਾਡਾ ਧਰਮ ਹੈ। ਵੇਈਂ ਦਾ ਪ੍ਰਵੇਸ਼, ਬਨ ਦੀ ਬੈਠਕ, ਗ੍ਰਿਹ ਦੀ ਬਿਰਾਜਮਾਨਤਾ ਯਾ ਸਚਖੰਡ ਦਾ ਧਿਆਨ ਮੂਲ ਮੰਤ੍ਰ ਨਹੀਂ ਹੈ। ਇਨ੍ਹਾਂ ਦਾ ਨਿਸਚੇ ਯਾ ਅਨਿਸਚੇ ਹੋ ਜਾਣਾ ਮੂਲ ਮੰਤ੍ਰ ਨੂੰ ਨਹੀਂ ਬਦਲਦਾ। ਜਿਨ੍ਹਾਂ ਨੇ ਅੱਡੋ ਅੱਡ ਮੌਕਿਆ ਮੰਨੇ ਹਨ, ਉਹਨਾਂ ਸਭਨਾਂ ਨੇ ਮੂਲ ਮੰਤ੍ਰ ਇਕੋ ਮੰਨਿਆ ਹੈ, ਉਹ ਸਾਡਾ ਧਰਮ ਹੈ। ਇਤਿਹਾਸ ਉਗਾਹ ਹਨ, ਜੋ ਦੱਸਦੇ ਹਨ ਸਾਡੇ ਗੁਰੂ ਮਹਾਰਾਜ ਜੀ ਨੇ ਸੰਸਾਰ ਪਰ ਐਸੇ ਐਸੇ ਕਰਤੱਵਯ ਕੀਤੇ, ਅਰ ਐਉਂ ਤਤ ਗਯਾਨ ਯਾ ਧਰਮ ਨੂੰ ਪ੍ਰਚਾਰ ਕੀਤਾ। ਇਤਿਹਾਸ ਆਪ ਧਰਮ ਨਹੀਂ ਹਨ, ਬਰਖ਼ਿਲਾਫ਼ ਇਸ ਦੇ ਈਸਾਈ ਮਜ਼ਹਬ ਇਤਿਹਾਸਿਕ ਹੈ, ਅਰ ਉਹਨਾਂ ਦਾ ਪੋਲੂਸ ਰਸੂਲ ਆਪ ਮੰਨਦਾ ਹੈ ਕਿ ਜੇ ਈਸਾ ਦਾ ਮਰਕੇ ਫੇਰ ਜੀ ਉਠਣ ਦਾ ਵਾਕਜਾ ਗ਼ਲਤ ਹੋਵੇ ਤਦ ਸਾਡਾ ਮਜ਼ਹਬ ਅਕਾਰਥ ਹੈ। ਹਜ਼ਰਤ ਈਸਾ ਦਾ ਗਿਆਨ ਉਹਨਾਂ ਦਾ ਧਰਮ ਨਹੀਂ, ਹਜ਼ਰਤ ਈਸਾ ਦਾ ਇਤਿਹਾਸ ਉਹਨਾਂ ਦਾ ਧਰਮ ਹੈ। ਜੇ ਕਦੀ ਈਸਾਈਆਂ ਨੂੰ ਛੱਡਕੇ ਹੋਰ ਸਚ ਦੇ ਖੋਜੀ ਇਤਿਹਾਸ ਦੀ ਟੋਲ ਕਰਨ ਅਰ ਇਹ ਪਤਾ ਲਗੇ ਕਿ ਹਜ਼ਰਤ ਈਸਾ ਮਰਕੇ ਨਹੀਂ ਜੀਵੇ, ਤਦ ਐਡਾ ਭਾਰਾ ਮਤ ਜਾਣੋ ਗਿਆ।

ਸਾਡਾ ਧਰਮ ਪਰਮੇਸ਼ੁਰ ਦਾ ਤੱਤ ਗਿਆਨ ਹੈ, ਇਤਿਹਾਸ ਸਾਡਾ ਧਰਮ ਨਹੀਂ ਹੈ, ਇਤਿਹਾਸ ਧਰਮੀਆਂ ਦੇ ਜੀਵਨ ਚਰਿਤ੍ਰ ਦੱਸਦਾ ਹੈ।

ਅੰਤ ਵਿਚ ਅਸੀਂ ਫੇਰ ਬਿਨੈ ਕਰਦੇ ਹਾਂ ਕਿ ਪਾਠਕ ਇਹ ਨਾਂ ਸਮਝਣ ਕਿ ਅਸਾਂ ਇਤਿਹਾਸ ਦਾ ਤ੍ਰਿਸਕਾਰ ਕੀਤਾ ਹੈ, ਇਤਿਹਾਸ ਬੜੀ ਜ਼ਰੂਰੀ ਚੀਜ਼ ਹੈ ਅਰ ਇਹ ਛਾਣਬੀਨ ਹੋਣੀ ਭਾਰੀ ਆਵੱਸ਼ਕਤਾ ਹੈ ਅਰ ਕੌਮ ਦੀ ਉੱਨਤੀ ਲਈ ਸਾਨੂੰ ਬਜ਼ੁਰਗਾਂ ਦੇ ਸਚੇ ਹਾਲਾਤ ਜਾਣਨ ਦੀ ਭਾਰੀ ਲੋੜ ਹੈ, ਅਰ ਹਰੇਕ ਸਿਖ ਦਾ ਧਰਮ ਹੈ ਕਿ ਇਤਿਹਾਸ ਖੋਜੇ ਅਰ ਪ੍ਰਚਾਰ ਕਰੇ, ਪਰ ਬੇਨਤੀ ਕੇਵਲ ਏਨੀ ਹੈ ਕਿ ਜੇ ਕਦੀ ਇਤਿਹਾਸ ਨਾ ਲੱਭੇ ਯਾ ਮੁਖਤਲਿਫ ਜਨਮ ਸਾਖੀਆਂ ਤੇ ਇਤਿਹਾਸ ਅੱਡ ਅੱਡ ਰਾਇ ਵਾਲੇ ਹੋਣ, ਤਦ ਬੀ ਸਿਖੀ ਧਰਮ ਜਿਉਂ ਕਾ ਤਿਉਂ ਅਡੋਲ ਖੜਾ ਹੈ। ਸਾਡੇ ਧਰਮ ਦੀ ਵਸਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਮਨ ਅਮਾਨ ਸਾਡੇ ਤਕ ਅੱਪੜੀ ਹੈ, ਜੋ ਸਾਡਾ ਲੋਕ ਪ੍ਰਲੋਕ ਦਾ ਆਸਰਾ, ਪਰਨਾ ਹੈ। (ਖਾਲਸਾ ਸਮਾਚਾਰ ਮਿਤੀ 14 ਨਵੰਬਰ 1904 ਈ:)

# ਵਿਚਾਰਾਂ ਦੀ ਫੁਹਾਰ

(ਸਾਧ ਬਚਨ)

ਬੇਨਤੀ ਇਕ ਅਮੋਲਕ ਤਾਕਤ ਹੈ, ਜੋ ਹਿਰਦੇ ਦੇ ਪਰਮ ਗੁਪਤ ਅਸਥਾਨਾਂ ਵਿਚ ਚੁੱਪ ਦੀ ਆਵਾਜ਼ ਨਾਲ ਗੂੰਜਦੀ ਹੈ, ਪਰ ਥੋੜੇ ਹਨ ਜੋ ਇਸ ਤੋਂ ਲਾਭ ਉਠਾਉਂਦੇ ਹਨ।

ਮਾਨੁਖ ਦਾ ਮਨ 'ਜਾਣਨੇ' ਵੱਲ ਬਹੁਤ ਦੌੜਦਾ ਹੈ, ਪਰ 'ਕਰਨ' ਵਲੋਂ ਕੰਨੀਂ ਕਤਰਾਉਂਦਾ ਹੈ। ਧੰਨ ਹਨ ਓਹ ਜੋ ਜਿੰਨਾ ਜਾਣਦੇ ਹਨ ਉਤਨਾ ਕਰਦੇ ਬੀ ਹਨ।

ਫੁੱਟ ਦੀਆਂ ਤ੍ਰੇੜਾਂ ਨਾਲ ਤਾਕਤ ਘਟਦੀ ਹੈ, ਮੇਲ ਦੇ ਸੀਮਿੰਟ ਨਾਲ ਬਲ ਵਧਦਾ ਹੈ।

ਚਿਤ ਦੀਆਂ ਬ੍ਰਿਤੀਆਂ ਜਦ ਖਿੰਡਦੀਆਂ ਹਨ ਤਦ ਆਤਮਕ ਸੱਤਾ ਨਿਰਬਲ ਪੈਂਦੀ ਹੈ, ਅਰ ਇੰਦ੍ਰੀਆਂ ਸੰਸਾਰ ਦੇ ਸੁਖਾਂ ਨੂੰ ਧਾਉਂਦੀਆਂ ਹਨ, ਤਦੋਂ ਹੀ ਪ੍ਰਾਣੀ ਆਪਣੇ ਆਪ ਨੂੰ ਇੰਦ੍ਰੀਆਂ ਨਾਲ ਅਭੇਦ ਹੋਕੇ ਵਰਤਦਾ ਤੇ ਅਗਯਾਨੀ ਕਹਾਉਂਦਾ ਹੈ।

(ਖਾ:ਸਮਾ: 4 ਜਨਵਰੀ, 1905)

 www.sikhbookclub.com

# 7. ਕੌਮਾਂ ਕਿਸ ਆਸਰੇ ਜੀਉਂਦੀਆਂ ਹਨ?

ਅਕਸਰ ਸੁਣਿਆ ਹੋਊ ਕਿ ਇਸ ਸੰਸਾਰ ਪੁਰ ਜਿਸ ਤਰ੍ਹਾਂ ਆਦਮੀ ਜੰਮਦੇ ਮਰਦੇ ਰਹਿੰਦੇ ਹਨ, ਉੱਕਰ ਹੀ ਕੌਮਾਂ ਬੀ ਜੰਮਦੀਆਂ ਮਰਦੀਆਂ ਰਹਿੰਦੀਆਂ ਹਨ। ਪਰੰਤੂ ਕਈ ਸਜਣ ਹੈਰਾਨ ਹੁੰਦੇ ਹਨ ਕਿ ਭਲਾ ਕੌਮਾਂ ਬੀ ਕਦੀ ਮਰ ਸਕਦੀਆਂ ਹਨ? ਪਰ ਇਤਿਹਾਸ ਦੇ ਪੰਨੇ ਉਗਾਹੀ ਦੇਂਦੇ ਹਨ ਕਿ ਕਈ ਕੌਮਾਂ ਹੋਈਆਂ ਅਰ ਮਰ ਗਈਆਂ, ਜਿਨ੍ਹਾਂ ਦੇ ਹੁਣ ਨਾਮ ਨਿਸ਼ਾਨ ਬੀ ਨਹੀਂ ਮਿਲਦੇ, ਇਸ ਕਰਕੇ ਸ਼ੱਕ ਦੀ ਥਾਂ ਨਹੀਂ ਕਿ ਇਹ ਬਾਤ ਸਤਿ ਨਹੀਂ। ਪਰੰਤੂ ਇਹ ਗਲ ਲੱਭਣ ਵਾਲੀ ਹੈ ਕਿ ਕੌਮਾਂ ਕਿੱਕੁਰ ਮਰ ਜਾਂਦੀਆਂ ਹਨ? ਕੀ ਐਸਾ ਕਾਰਣ ਪੈਦਾ ਹੋ ਜਾਂਦਾ ਹੈ ਕਿ ਕੌਮ ਜਿਉਣੋਂ ਵਾਂਵੀ ਜਾਂਦੀ ਹੈ? ਇਸ ਕਾਰਣ ਦੇ ਸਭ ਤੋਂ ਵਧੀਕ ਸਮਝਣ ਦੀ ਲੋੜ ਹੈ।.......

ਜਦ ਤਵਾਰੀਖ ਦੇ ਪੱਤ੍ਰੇ ਉਲਟਾਏ ਜਾਂਦੇ ਹਨ ਤੇ ਗੌਹ ਕਰਕੇ ਉਨ੍ਹਾਂ ਤੋਂ ਕੌਮਾਂ ਦੀਆਂ ਮੌਤਾਂ ਦੇ ਕਾਰਣ ਪੁੱਛੀਦੇ ਹਨ ਤਦ ਉਹ ਰੰਗ ਰੰਗ ਦੀ ਬੋਲੀ ਵਿਚ ਇਕੋ ਅਸੂਲ ਨੂੰ ਪੁਕਾਰ ਪੁਕਾਰ ਕੇ ਸੁਣਾਉਂਦੇ ਹਨ। ਉਹ ਅਸੂਲ ਇਹ ਹੈ ਕਿ ਜਦ ਕਿਸੇ ਕੌਮ ਦੇ ਆਦਮੀਆਂ ਵਿਚ ਜ਼ਾਤੀ ਲੋੜਾਂ ਨੂੰ ਕੌਮੀ ਲੋੜ ਨਾਲੋਂ ਵਾਧਾ ਦਿੱਤਾ ਜਾਂਦਾ ਹੈ; ਤਦ ਹੀ ਉਹ ਕੌਮ ਤਬਾਹ ਹੋ ਜਾਂਦੀ ਹੈ। ਭਾਵ ਇਹ ਕਿ ਜਦ ਤਕ ਇਕ ਆਦਮੀ ਆਪਣੀਆਂ ਲੋੜਾਂ ਨੂੰ ਮੂਹਰੇ ਰੱਖੇ ਤੇ ਕੌਮ ਦੀਆਂ ਲੋੜਾਂ ਨੂੰ ਪਿੱਛੇ ਸੱਟੇ ਤਦ ਕੌਮ ਮਰਦੀ ਹੈ। ਇਸ ਦੇ ਉਲਟ ਜਦ ਕਿਸੇ ਕੌਮ ਦਾ ਹਰੇਕ ਆਦਮੀ ਆਪਣੀ ਲੋੜ ਨੂੰ ਕੌਮੀ ਲੋੜ ਤੋਂ ਗੌਣ ਜਾਣੇ ਤਦ ਉਹ ਕੌਮ ਜੀਉਂਦੀ ਤੇ ਤਰੱਕੀ ਕਰਦੀ ਹੈ।

 www.sikhbookclub.com

ਮਿਸਾਲ ਦੇ ਤੌਰ ਤੇ ਦੇਖੋ ਕਿ ਇਕ ਵੇਰ ਖਾਲਸੇ ਜੀ ਨੂੰ ਪਠਾਣਾਂ ਨਾਲ ਜੰਗ ਕਰਨਾ ਪੈ ਗਿਆ, ਸਿੰਘ ਕੋਈ ਦੋ ਕੁ ਸੌ ਤੇ ਪਠਾਣ ਕੋਈ ਪੰਜ ਛੇ ਹਜ਼ਾਰ। ਸਿੰਘਾਂ ਨੇ ਡਿੱਠਾ ਕਿ ਸਾਡੀ ਜਿੱਤ ਕਠਨ ਹੈ ਪਰ ਇਕ ਸੁਖਿਹਤੇ ਦੀ ਗਲ ਹੈ ਕਿ ਸਾਡੇ ਪਾਸ ਇਕ ਤੋਪ ਹੈ, ਤੇ ਪਠਾਣਾਂ ਪਾਸ ਨਹੀਂ ਹੈ, ਜੇਕਰ ਤੋਪ ਚਲਾਈਏ ਤਾਂ ਸਾਡੀ ਜਿੱਤ ਹੋ ਸਕਦੀ ਹੈ। ਪਰ ਸ਼ੋਕ ਦੀ ਗੱਲ ਹੈ ਕਿ ਤੋਪ ਦਾ ਇਕ ਪਿੰਜ (ਪਹੀਆ) ਟੁੱਟਾ ਹੋਇਆ ਹੈ, ਠੀਕ ਚਲਾਣ ਵਾਸਤੇ ਓਟ ਦੀ ਲੋੜ ਹੈ, ਪਰ ਓਟ ਦਾ ਕੋਈ ਸਾਮਾਨ ਹੈ ਨਹੀਂ। ਸਾਰੇ ਦਨਾਵਾਂ ਨੇ ਇਹ ਸਲਾਹ ਕੀਤੀ ਕਿ ਜੇ ਇਕ ਭਰਾ ਓਟ ਬਣ ਜਾਵੇ ਤਦ ਤੋਪ ਕੰਮ ਦੇ ਸਕਦੀ ਹੈ। ਇਕ ਸਿੱਖ ਨੇ ਕਿਹਾ ਮੈਂ ਹਾਜ਼ਰ ਹਾਂ। ਇਸ ਨੂੰ ਧੁਰੇ ਦੇ ਹੇਠ ਦੇਕੇ ਤੋਪ ਚਲਾਈ ਗਈ। ਗੋਲੇ ਨੇ ਦੁਸ਼ਮਣ ਦਾ ਨੁਕਸਾਨ (ਨੁਕਸਾਨ) ਤਾਂ ਬਹੁਤ ਕੀਤਾ ਪਰ ਓਟ ਵਾਲਾ ਸਿੰਘ ਕੁਚਲਿਆ ਗਿਆ। ਸਿੱਖਾਂ ਡਿੱਠਾ ਕਿ ਤੋਪ ਦੇ ਚੱਲਣ ਨੇ ਕਾਮਯਾਬੀ ਤਾਂ ਬਹੁਤ ਬਖ਼ਸ਼ੀ ਪਰ ਇਕ ਭਰਾ ਭੇਟ ਹੋ ਗਿਆ; ਪਰ ਜੀਉਂਦੀ ਕੌਮ ਵਿਚ ਕੌਮੀ ਲੋੜ ਆਪਣੇ ਜੀਉਣ ਦੀ ਲੋੜ ਤੋਂ ਵਧੀਕ ਪਿਆਰੀ ਸੀ, ਇਕ ਹੋਰ ਸਿੰਘ ਨਿਤਰਿਆ। ਇਸ ਪ੍ਰਕਾਰ ਅੱਠ ਵੇਰ ਤੋਪ ਚਲਾਈ ਗਈ, ਅੱਠ ਸਿੰਘ ਖੁਸ਼ੀ ਨਾਲ ਕੌਮ ਦੀ ਜਗਵੇਦੀ ਤੇ ਬਲੀਦਾਨ ਹੋ ਗਏ ਤੇ ਸਿੱਟਾ ਕੀ ਨਿਕਲਿਆ? ਦੁਸ਼ਮਨਾਂ ਨੇ ਹਾਰ ਖਾਧੀ ਤੇ ਮੈਦਾਨ ਛੱਡ ਕੇ ਨੱਸ ਗਏ। ਅਸੀਂ ਸੁਣਦੇ ਹਾਂ ਕਿ ਪਸ਼ਤੋ ਵਿਚ ਇਕ ਕਿਤਾਬ ਕਿਸੇ ਪਠਾਣ ਦੀ ਲਿਖੀ ਹੋਈ ਹੈ, ਜਿਸ ਨੇ ਇਸ ਦਰਦਨਾਕ ਹੋਣੀ ਦਾ ਵਰਣਨ ਅੱਖੀਂ ਡਿੱਠਾ ਕੀਤਾ ਹੈ।

ਪਾਠਕ ਜੀ! ਇਹ ਨਮੂਨਾ ਹੈ ਕੌਮੀ ਲੋੜ ਨੂੰ ਆਪਣੇ ਤੋਂ ਵਧੀਕ ਪਿਆਰ ਕਰਨੇ ਦਾ। ਇਸ ਦੇ ਮੁਕਾਬਲੇ ਪਰ ਆਪ ਦੇਖੋ ਅਜ ਕਲ ਕੀਹ ਹੋ ਰਿਹਾ ਹੈ; ਹਰ ਇਕ ਨੂੰ ਜ਼ਾਤੀ ਲੋੜਾਂ ਮੂਹਰੇ ਹਨ, ਕੌਮੀ ਲੋੜਾਂ ਮਗਰ ਪੈ ਗਈਆਂ ਹਨ। ਬਸ ਇਹੋ ਖਈ ਰੋਗ ਹੈ ਜੋ ਕੌਮਾਂ ਨੂੰ ਮਾਰ ਕੇ ਰੁਲਾ ਦੇਂਦਾ ਹੈ। ਇਸ ਭਜਾਨਕ ਰੋਗ ਨੇ ਮਾਨੋ ਮਾਰੂ ਥਲ ਤਪਾ ਦਿੱਤਾ ਹੈ, ਜਿੱਥੇ ਕੜਕਦੀ ਗਰਮੀ ਨੇ ਸਭ ਬਨਸਪਤੀ ਸੁਕਾ ਦਿੱਤੀ ਹੈ। ਪਰ ਮਾਰੂ ਥਲਾਂ ਵਿਚ ਬੀ ਕਿਤੇ ਕਿਤੇ ਖਜੀਆਂ ਦੇ ਝੁੰਡ ਤੇ ਪਾਣੀ ਦੇ ਸੋਤ ਹੁੰਦੇ ਹਨ, ਉਸੀ ਪ੍ਰਕਾਰ ਕਿਤੇ ਕਿਤੇ ਕੁਝ ਹਰਿਆਵਲ ਹੁੰਦੀ ਹੈ, ਪਰ ਕਿੱਥੇ? ਜਿੱਥੇ ਇਸ ਅਸੂਲ ਦੀ ਕੁਝ ਨਾ ਕੁਝ ਪਰਵਾਹ ਹੋ ਰਹੀ ਹੁੰਦੀ ਹੈ ਤੇ

 www.sikhbookclub.com

ਸਿੱਖੀ ਵਿਚ ਐਸੇ ਅਸਥਾਨ ਹਨ ਪਰ ਤਦ ਬੀ ਸਾਡੀ ਤਰੱਕੀ ਉੱਨੀ ਨਹੀਂ ਹੋ ਰਹੀ ਕਿ ਜਿੰਨਾ ਸਾਡੇ ਵਿਚ ਤਰੱਕੀ ਦਾ ਸਾਮਾਨ ਹੈ, ਕਾਰਣ ਕੀ ਹੈ? ਇਹ ਕਿ ਆਪਣੀ ਲੋੜ ਨਾਲੋਂ ਕੌਮੀ ਲੋੜ ਨੂੰ ਮੁਖ ਰੱਖਕੇ 'ਕੰਮ ਕਰਨ ਵਾਲੇ ਸੇਵਕਾਂ' ਦਾ ਘਾਟਾ ਹੈ, ਉਨ੍ਹਾਂ ਸੇਵਕਾਂ ਦਾ, ਜਿਨ੍ਹਾਂ ਦੇ ਚਿੱਤਾਂ ਵਿਚ ਕੌਮੀ ਲੋੜ ਆਪਣੀ ਲੋੜ ਤੋਂ ਮੁੱਖ ਹੋ ਜਾਵੇ।

ਕੌਮੀ ਲੋੜ ਨੂੰ ਮੁੱਖ ਰੱਖਣ ਵਾਲੇ ਸੇਵਕਾਂ ਦੀਆਂ ਮਿਸਾਲਾਂ, ਬਿਨਾਂ ਉਪਦੇਸ਼ ਦੇ, ਕੌਮਾਂ ਨੂੰ ਉਭਾਰ ਜਾਂਦੀਆਂ ਹਨ। ਉਨ੍ਹਾਂ ਵੱਲ ਦੇਖ ਦੇਖਕੇ ਆਪ ਤੋਂ ਆਪ ਸੇਵਕ ਨਿਕਲਦੇ ਚਲੇ ਆਉਂਦੇ ਹਨ, ਪਰ ਖ਼ੁਦ ਗ਼ਰਜ਼ ਲੋਕਾਂ ਦੇ ਝੁੰਡਾਂ ਵਿਚ ਬਾਹਰੋਂ ਕੋਈ ਨਹੀਂ ਵੜਦਾ ਤੇ ਅੰਦਰਲੇ ਚੰਗੇ ਚੰਗੇ ਲੋਕ ਨਿਕਲਦੇ ਜਾਂਦੇ ਹਨ, ਪਿਛੇ ਫੇਰ ਨਿਰੋਲ ਖੁਦ-ਗਰਜ਼ ਰਹਿ ਜਾਂਦੇ ਹਨ। ਤਦ ਆਪੋ ਵਿਚ ਕੋਈ ਪ੍ਰੀਤੀ ਦੀ ਖਿੱਚ ਨਾ ਹੋਣ ਦੀ ਥਾਂ ਹਰੇਕ ਆਪਣੇ ਵੱਲ ਨੂੰ ਖਿੱਚਦਾ ਹੈ ਤੇ ਦੂਏ ਤੋਂ ਜੁਦਾ ਹੁੰਦਾ ਜਾਂਦਾ ਹੈ। ਅੰਤ ਆਟ ਪਾਟ ਹੋਕੇ ਤਬਾਹ ਹੋ ਜਾਂਦੇ ਹਨ, ਕੌਮ ਦਾ ਨਾਮ ਕੇਵਲ ਇਤਿਹਾਸ ਦੇ ਪੱਤ੍ਰਿਆਂ ਪਰ ਰਹਿ ਜਾਂਦਾ ਹੈ ਤੇ ਆਉਣ ਵਾਲੀਆਂ ਪੀੜੀਆਂ ਖੋਜਾਂ ਕੱਢਦੀਆਂ ਹਨ ਕਿ ਇਹ ਕੌਮ ਕਿਵੇਂ ਤਬਾਹ ਹੋਈ ਸੀ। (ਖਾ. ਸ: ਮਿਤੀ 10 ਮਈ 1905 ਈ:)

 www.sikhbookclub.com

## 8. ਕੌਮ ਕਿਸ ਤਰ੍ਹਾਂ ਪ੍ਰਫੁੱਲਤ ਹੋ ਸਕਦੀ ਹੈ?

ਕਈ ਸਜਣਾਂ ਦਾ ਕਥਨ ਹੈ ਕਿ ਮਤ ਤਦ ਪ੍ਰਫੁੱਲਤ ਹੁੰਦਾ ਹੈ ਜਦ ਕੌਮ ਵਿਚ ਇਹ ਚਾਰ ਬਾਤਾਂ ਹੋਣ:-

1. Common Object, ਅਰਥਾਤ ਇਕੋ ਸਾਂਝਾ ਮੁੱਖ ਆਸ਼ਾ।
2. Organization, ਜਥੇਬੰਦੀ ਦੀ ਤਾਕਤ।
3. Full Conviction, ਪੂਰਣ ਵਿਸ਼ਵਾਸ।
4. Self Confidence, ਆਪਣੇ ਉਪਰ ਭਰੋਸਾ।

ਮਿਤ੍ਰੋ! ਜਦ ਅਸੀਂ ਸੋਚਕੇ ਦੇਖਦੇ ਹਾਂ ਤਾਂ ਸਿੱਖੀ ਵਿਚ ਇਹ ਚਾਰੇ ਬਾਤਾਂ ਪਾਉਂਦੇ ਹਾਂ। ਹੋਰਨਾਂ ਮਤ ਮਤਾਂਤਰਾਂ ਵਿਚ ਜੋ ਇਨ੍ਹਾਂ ਬਾਤਾਂ ਦਾ ਇਖ਼ਤਲਾਫ਼ ਹੈ ਸੋ ਸਿੱਖ ਮਤ ਵਿਚ ਨਹੀਂ ਆਇਆ, ਜਿਸ ਤੇ ਸਾਡੇ ਮਤ ਦੀ ਤਰੱਕੀ ਰੁਕਣੀ ਨਹੀਂ ਚਾਹੀਏ।

ਸਾਰੇ ਫ਼ਿਰਕੇ ਨਾਨਕ ਪੰਥੀਆਂ ਦੇ ਜਾਣਦੇ ਹਨ ਕਿ ਸਭ ਦਾ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਤੇ ਸਭ ਦੀ ਸਿਖ੍ਯਾ ਵਾਸਤੇ ਇਹੀ ਦੈਵੀ ਧਰਮ ਗ੍ਰੰਥ ਤੇ ਅਕਾਲੀ ਬਾਣੀ ਹੈ। ਫੇਰ ਸਿਖੀ ਦੀ ਜਥੇਬੰਦੀ ਕੋਈ ਮਾੜੀ ਨਹੀਂ, ਸੇਵਕ ਅਤੇ ਸਿਖ ਸਮਝਦੇ ਹਨ ਕਿ ਅਸੀਂ ਖਾਲਸਾ ਪੰਥ ਵਿਚ ਅਜੇ ਤਕ ਦਾਖਲ ਨਹੀਂ ਹੋਏ ਅਤੇ ਸਿੰਘ ਸਾਡੇ ਪਾਸੋਂ (ਜੇ ਸੱਚੇ ਸਿੰਘ ਹੋਣ ਤਾਂ) ਵਧੀਕ ਸਿੱਖੀ ਵਿਚ ਤਰੱਕੀ ਕਰ ਗਏ ਹਨ, ਉਹਨਾਂ ਦੀ ਜ਼ਿੰਮੇਵਾਰੀ ਸਿੱਖੀ ਦੀ ਸੇਵਾ ਦੀ, ਸਾਥੋਂ ਵਧੀਕ ਹੈ, ਫਿਰ ਸਾਰੀ ਸਿਖੀ ਦਾ ਪੱਕਾ ਨਿਸ਼ਚਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਿਖ੍ਯਾ ਤਮਾਮ ਹੋਰਨਾਂ ਮਤ ਮਤਾਂਤਰਾਂ ਦੀ ਸਿਖ੍ਯਾ ਪਾਸੋਂ ਚੰਗੀ ਹੈ, ਉੱਚੀ ਹੈ, ਆਦਰਸ਼ਕ ਹੈ, ਅਤੇ ਖਾਲਸਾ


www.sikhbookclub.com

ਪੰਥ ਦੇ ਮੈਂਬਰਾਂ ਦਾ ਆਪਣੇ ਪਰ ਇਤਨਾ ਭਰੋਸਾ ਹੁੰਦਾ ਹੈ ਕਿ ਉਹ ਆਪਣੇ ਆਪ ਵਿਚ ਇਕ ਇਕ ਸਿੰਘ ਨੂੰ ਸਵਾ ਸਵਾ ਲਖ ਮੰਨਦੇ ਹਨ, ਫੇਰ ਕਾਰਨ ਕੀਹ ਹੈ ਕਿ ਸਾਡੀ ਤਰੱਕੀ ਨਹੀਂ ਹੁੰਦੀ। ਜਦ ਖਿਆਲ ਕੀਤਾ ਜਾਂਦਾ ਹੈ ਤਾਂ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਗੁਣਾਂ ਵਿਚ ਅਸੀਂ ਬਹੁਤ ਪਿੱਛੇ ਪਏ ਹੋਏ ਹਾਂ। ਜੇ ਸਾਡੇ ਵਿਚ ਹਰ ਇਕ ਸਿੰਘ ਠੀਕ ਠੀਕ ਸਵਾ ਸਵਾ ਲੱਖ ਹੈ, ਜਥੇਬੰਦਕ ਤਾਕਤ ਹੈ, ਨਿਸ਼ਾਨਾ ਇਕੋ ਹੈ ਤਾਂ ਕੀ ਕਾਰਨ ਹੈ ਕਿ ਸਾਡੇ ਕੰਮ ਸਿਰੇ ਨਹੀਂ ਚੜ੍ਹਦੇ? ਮਲੂਮ ਹੁੰਦਾ ਹੈ ਕਿ ਅਸੀਂ ਇਸ ਗੁਣ Self reliance ਵਿਚ ਬਹੁਤ ਗਿਰ ਗਏ ਹਾਂ। ਅਰਥਾਤ ਆਪਣੇ ਉਪਰ ਭਰੋਸਾ ਜੇ ਸਾਨੂੰ ਹੋਵੇ ਤਾਂ ਰੋਟੀਆਂ ਕਾਰਨ ਅਸੀਂ ਹੋਰਨਾਂ ਅਨਮਤੀਆਂ ਵਿਚ ਭਾੜੇ ਦੇ ਟੱਟੂ ਬਣਕੇ ਨਾ ਰੁਲੀਏ, ਪਰ ਆਪਣੇ ਸਿੰਘ ਧਰਮ ਦੇ ਫ਼ਖ਼ਰ ਵਿਚ ਇਕ ਹੋਕੇ ਸਰਬਲੰਦ ਰਹਿੰਦੇ ਹੋਏ ਪ੍ਰਫੁਲਤ ਹੋਈਏ। (ਖਾ: ਸ: ਮਿਤੀ 22 ਫਰਵਰੀ 1905 ਈ:)

## ਜਗਤ ਨਾਸ਼ਮਾਨੀ ਹੈ

ਮਰਨਾ ਜੀਉਣਾ ਬੀ ਇਕ ਕਹਾਨੀ ਹੈ,
ਯਾ ਕਹੋ ਕੂਲ੍ਹ ਦੀ ਰਵਾਨੀ ਹੈ,
ਆਏ ਤੁਰ ਤੁਰ ਗਏ ਬਥੇਰੇ ਲੋਕ,
ਨਾਮ ਬਾਕੀ ਨਾ ਕੁਝ ਨਿਸ਼ਾਨੀ ਹੈ,
ਬਣਨ ਬਿਨਸਨ ਦਾ ਕੁਝ ਪਤਾ ਨ ਲਗੇ,
ਬੁਦਬੁਦਾ ਸੀ ਕਿ ਸਾਫ਼ ਪਾਨੀ ਹੈ,
ਜੁਆਨ ਸੀ, ਬਾਲ ਸੀ, ਕਿ ਬੁੱਢਾ ਸੀ
ਬੀਰ ਸੀ, ਭਗਤ ਸੀ ਕਿ ਦਾਨੀ ਹੈ?

ਰਾਉ ਹੈ, ਰੰਕ ਹੈ ਕਿ ਪੰਡਿਤ ਹੈ
ਝੌਂਪੜੀ ਸੀ ਕਿ ਰਾਜਧਾਨੀ ਹੈ,
ਧੂਲ ਨੇ ਧੂਲ ਰੂਪ ਕਰਨ ਲਗਿਆਂ
ਤਾਜ ਗੁਦੜੀ ਨ ਕੁਛ ਪਛਾਨੀ ਹੈ।
ਰਹਿ ਗਏ ਧਾਮ ਧਨ ਧਰੇ ਦੇ ਧਰੇ
ਭੌਰ ਜਿਸ ਦਮ ਹੁਯਾ ਸੈਲਾਨੀ ਹੈ,
ਨਾਸ਼ਮਾਨੀ ਸਰੀਰ ਪਚ-ਰੰਗੀ
ਚੰਦ ਰੋਜ਼ਾ ਏ ਜ਼ਿੰਦਗਾਨੀ ਹੈ,
ਮਰ ਗਏ ਕਰ ਗਏ ਜਗ੍ਹਾ ਖਾਲੀ
ਹੋਰ ਕੁਦਰਤ ਨੇ ਸਫ਼ ਵਿਛਾਨੀ ਹੈ,
ਲੋਕ ਕਿਉਂ ਦੇਖ ਸਰਦ ਭਰਨ ਆਹ
ਕਿਉਂ ਕਹਿਣ ਕਟਕ ਦੀ ਜਵਾਨੀ ਹੈ,
ਜਾਨ ਹੈ, ਪ੍ਰਾਣ ਹੈ ਕਿ ਆਤਮ ਹੈ,
ਗ਼ਰਜ਼ ਜੋ ਕੁਝ ਕਿ ਹੈ ਅਮਾਨੀ ਹੈ।
ਦੇਈ ਰਖੇ ਤਾਂ ਮੌਜ ਹੈ ਉਸਦੀ
ਲੈ ਲਏ ਤਦ ਬੀ ਮਿਹਰਬਾਨੀ ਹੈ,
ਸ਼ੁਕਰ ਕਿਉਂ ਮੂੰਹ ਤੋਂ ਨਾ ਨਿਕਲੇ
ਜਾਣਕੇ ਇਹ ਕਿ ਜਗਤ ਫ਼ਾਨੀ ਹੈ,
ਪਕੜ ਸੰਸਾਰ ਦੀ ਭੀ ਹੈ ਇਕ ਖੇਲ
ਦਿਨ-ਕਟੀ ਕਰਨ ਦੀ ਅਸਾਨੀ ਹੈ,
ਹੋਕੇ ਹੁਸ਼ਿਆਰ ਮਨ! ਰਹੋ ਤਿਆਰ
ਜਾਨ ਇਹ ਜਗਤ ਨਾਸ਼ਮਾਨੀ ਹੈ।

(ਖਾ: ਸ: 17 ਜੁਲਾਈ 1907 ਈ:)

 www.sikhbookclub.com

# 9. 'ਸਿੱਖ ਸੈਨਿਕ'

(ਅੰਗ੍ਰੇਜ਼ ਨੀਤੀਵਾਨਾਂ ਦੀ ਰਾਇ)

ਈਸਟ ਇੰਡੀਆ ਐਸੋਸੀਏਸ਼ਨ ਦਾ ਜੋੜ ਮੇਲ (1905 ਈ: ਦੇ ਸ਼ੁਰੂ ਵਿਚ) ਵੈਸਟ ਮਿਨਸਟਰ ਹੋਟਲ ਵਲੈਤ (ਲੰਡਨ) ਵਿਚ ਹੋਇਆ, ਜਿਥੇ ਪੰਜਾਬ ਦੇ ਹੋ ਚੁਕੇ ਕਈ ਲਾਟ ਤੇ ਹੋਰ ਵਡੇ ਵਡੇ ਅਫ਼ਸਰ ਇਕੱਠੇ ਹੋਏ। ਸਰ ਡਬਲਯੂ ਮੈਕਵਰਥ ਯੰਗ ਨੇ ਪੰਜਾਬ ਸੂਬੇ ਦੀ ਉਨਤੀ ਪਰ ਵਖਿਆਨ ਦਿੱਤਾ ਅਤੇ ਸਰਹੱਦੀ ਸੂਬੇ ਦੇ ਅੱਡ ਕੀਤੇ ਜਾਣ ਨੂੰ ਇਕ ਭੁੱਲ ਦੱਸਿਆ। ਹੋਰ ਕਈਆਂ ਨੇ ਬੀ ਵਖਿਆਨ ਦਿੱਤੇ। ਸਰ ਲੈਪਲ ਗ੍ਰਿਫ਼ਨ ਨੇ ਜੋ ਕੁਝ ਕਿਹਾ, ਓਸ ਦਾ ਸੰਖੇਪ ਅਸੀਂ 'ਇੰਡੀਆ' ਅਖਬਾਰ ਵਿਚੋਂ ਲਿਖਦੇ ਹਾਂ:

It must be recognized that the Punjab had to be regarded first of all from the point of view of the defence of India. The Indian Soldier, taking the best of the war like tribes was man to man as good and the Sikhs were probably better than the ordinary troops of the best European armies which could be brought against them. We had heard much of the bravery of the Japanese, but put the Sikhs in the same tight corner and they would come splendidly out of the ordeal. He regarded the diffusion of the Sikhs with regret. He would like to see the policy of the Government changed so that by a system of shorter service we might have a greater number of Indian Soldiers passing through the army and added to the Reserve (Cheers).

 www.sikhbookclub.com

ਤਰਜਮਾ- ਹਿੰਦੁਸਤਾਨ ਦੇ ਬਚਾਉ ਨੂੰ ਸੋਚਦਿਆਂ ਪੰਜਾਬ ਦਾ ਵੀਚਾਰ ਸਭ ਤੋਂ ਪਹਿਲੇ ਲੋੜੀਂਦਾ ਹੈ। ਹਿੰਦੁਸਤਾਨ ਦੇ ਸਿਪਾਹੀ ਹੋਰ ਵਧੀਆ ਜੰਗਜੂ ਕੌਮਾਂ ਦੇ ਸਿਪਾਹੀਆਂ ਨਾਲੋਂ ਭਾਵੇਂ ਕਿਸੇ ਤਰ੍ਹਾਂ ਘੱਟ ਨਹੀਂ, ਪਰ ਸਿਖ ਸਿਪਾਹੀ ਯੂਰਪ ਦੀਆਂ ਫੌਜਾਂ ਦੇ ਆਅ਼ਲਾ ਤੋਂ ਆਅ਼ਲਾ ਸਿਪਾਹੀਆਂ ਨਾਲੋਂ, ਜਿਨ੍ਹਾਂ ਦੇ ਬੀ ਟਾਕਰੇ ਤੇ ਖੜੇ ਕੀਤੇ ਜਾਣ, ਬਹੁਤ ਵਧ ਚੜ੍ਹਕੇ ਹਨ। ਅਸਾਂ ਜਪਾਨੀ ਸਿਪਾਹੀਆਂ ਦੀ ਬਹਾਦਰੀ ਦੇ ਕਾਰਨਾਮੇ ਸੁਣੇ ਹਨ, ਪਰ ਤੁਸੀਂ ਸਿਖ ਸਿਪਾਹੀ ਨੂੰ ਓਹਨਾਂ ਦੀ ਥਾਂ ਕਿਸੇ ਔਖੀ ਦਸ਼ਾ ਵਿਚ ਰਖਕੇ ਦੇਖੋ ਤਾਂ ਉਨ੍ਹਾਂ ਨਾਲੋਂ ਓਹ ਕਈ ਦਰਜੇ ਵਧੀਕ ਉਸ ਔਕੜ ਵਿਚੋਂ ਸੁਰਖ਼ਰੂ ਨਿਕਲਣਗੇ। ਸਿਖਾਂ ਵਿਚਲੀ ਫੁਟ ਨੂੰ ਉਹ ਚੰਗਾ ਨਹੀਂ ਜਾਣਦਾ ਅਤੇ ਇਹ ਚੰਗਾ ਸਮਝਦਾ ਹੈ ਕਿ ਸਰਕਾਰ ਆਪਣੀ ਪਾਲਿਸੀ ਨੂੰ ਬਦਲੇ ਤਾਂ ਜੋ ਹਿੰਦੁਸਤਾਨੀ ਸਿਪਾਹੀ ਥੋੜੇ ਚਿਰ ਦੀ ਨੌਕਰੀ ਕਰਕੇ ਦੇਸੀ ਸਿਪਾਹੀਆਂ ਦੀ ਵਧੀਕ ਗਿਣਤੀ ਫੌਜ ਵਿਚ ਆਵੇ ਤੇ ਰੀਜ਼ਰਵ ਵਿਚ ਵਾਧਾ ਹੋਵੇ। ('ਤਾਲੀਆਂ', ਖਾਲਸਾ ਸਮਾਚਾਰ, 15 ਫਰਵਰੀ 1905 ਈ:)

 www.sikhbookclub.com

# 10. ਭਾਈ ਦੀਆਂ ਮੂਰਤਾਂ

## ੳ. ਪੁਰਾਤਨ ਭਾਈ

### ਭਾਈ ਦੀ ਪਹਿਲੀ ਮੂਰਤਿ:

ਲਹਿਣਾ ਨਾਮ ਦਾ ਇਕ ਪ੍ਰੇਮੀ ਪ੍ਰੇਮਾ-ਭਗਤੀ ਵਿਚ ਲਗਦਾ ਹੈ, ਅਪਣੱਤ ਤਜਾਗਕੇ ਪਜਾਰੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਲੀਨਤਾ ਕਰ ਦੇਂਦਾ ਹੈ। ਹਉਮੈਂ ਦਾ ਅਭਾਵ ਹੁੰਦਾ ਹੈ। "ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥"(ਰਾਮ:ਮ:1:ਸਿਧ.ਗੋ-46) ਇਸ ਤੁਕ ਅਨੁਸਾਰ ਜੀਵਨ ਬਣਾ ਲੈਂਦਾ ਹੈ, ਤਦ ਔਹ ਦੇਖੋ ਉਹ 'ਲਹਿਣਾ' 'ਅੰਗਦ' ਹੋ ਜਾਂਦਾ ਹੈ। 'ਅੰਗਦ ਹੀ ਨਹੀਂ ਉਹ ਲਹਿਣਾ' ਸ੍ਰੀ ਗੁਰੂ ਨਾਨਕ ਦੇਵ' ਹੋਕੇ ਸ਼ੋਭਦਾ ਹੈ। ਉਸ ਵੇਲੇ ਦਾ ਇਕ ਪ੍ਰੇਮੀ ਦ੍ਰਿਸ਼ਟਾ ਪਛਾਣ ਕਰਦਾ ਤੇ ਉਗਾਹੀ ਦੇਂਦਾ ਹੈ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ'। (ਰਾਮ:ਵਾਰ, ਪੰਨਾ-966) ਕੈਸੀ ਮਨਮੋਹਨ ਮੂਰਤੀ ਹੈ। ਲਹਿਣਾ ਕਹਾਉਣ ਵਾਲੇ ਪ੍ਰੇਮ ਪੁੰਜ ਨੇ ਏਕਤਾ ਵਿਚ ਲੀਨਤਾ ਕੀਤੀ, ਸਹੋਦਰਤਾ ਵਿਚ ਖਚਿਤ ਹੋਏ, ਖਿਮਾ ਦਇਆ ਦੀ ਵਰਤਣ ਕੀਤੀ, ਏਥੇ ਹੀ ਨਹੀਂ ਟਿਕੇ, ਛਾਲ ਮਾਰਕੇ ਉਪਰ ਚੜ੍ਹੇ ਉਸ ਦਸ਼ਾ ਵਿਚ ਅੱਪੜੇ ਜਿਸ ਨੇ 'ਜਗਤ ਗੁਰੂ' ਕਰ ਲਿਆ; ਇਹ ਗੁਰੂ ਦੀ ਮਨਮੋਹਨ ਮੂਰਤਿ ਹੈ।

ਇਕ ਬਾਲਕ ਗੁਰੂ ਨਾਨਕ ਦੇਵ ਜੀ ਦੇ ਚਰਨ ਪਸਰਦਾ ਹੈ। ਉਹ ਬਾਤਾਂ ਪਰਮਾਰਥਕ ਦੂਰਅੰਦੇਸ਼ੀ ਦੀਆਂ ਕਰਦਾ ਹੈ। ਗੁਰੂ ਨਾਨਕ ਦੇਵ 'ਬੁੱਢਾ' ਖ਼ਿਤਾਬ ਬਖਸ਼ਦੇ ਹਨ। ਉਹ ਗੁਰਬਾਣੀ ਪੜ੍ਹਦਾ ਹੈ, ਉਹ ਪ੍ਰੇਮ ਕਰਦਾ ਹੈ, ਉਹ ਆਗਿਆ ਮੰਨਦਾ ਹੈ, ਉਹ ਨਾਮ ਜਪਦਾ ਹੈ। ਹੁਣ

 www.sikhbookclub.com

ਉਹ ਏਕਤਾ ਦੇ ਅਸੂਲ ਨੂੰ ਸਮਝਦਾ ਹੈ, ਤੇ ਦੂਈ ਦਾ ਡੇਰਾ ਚਿਤੋਂ ਦੂਰ ਕਰ ਦੇਂਦਾ ਹੈ। ਉਸ ਨੂੰ ਸਹੋਦਰਤਾ ਦੀ ਸਮਝ ਪੈਂਦੀ ਹੈ, ਮਾਨੁਖ ਮਾਤ੍ਰ ਨੂੰ ਭਰਾ ਸਮਝਦਾ ਹੈ। ਇਸ ਥੋਂ ਤ੍ਰੱਕੀ ਕਰਦਾ ਹੈ, ਉਹ ਸਹੋਦਰਤਾ ਨੂੰ ਅਨੁਭਵ ਕਰਦਾ ਹੈ। ਹੁਣ ਉਸ ਦੀ ਵਰਤਣ ਖਿਮਾ ਤੇ ਦਇਆ ਦੀ ਹੋ ਜਾਂਦੀ ਹੈ। ਹਜ਼ਾਰਾਂ ਪ੍ਰਾਣੀ ਉਸ ਦੀ ਮਿਹਨਤ ਨਾਲ ਪਾਪਾਂ ਵਿਚੋਂ ਛੁਟਕਾਰਾ ਪਾਉਂਦੇ ਹਨ। ਅਨੇਕਾਂ ਅਨਾਥ, ਅਪਾਹਜ ਲੋੜਵੰਦਾਂ ਦੀਆਂ ਲੋੜਾਂ ਉਸ ਤੋਂ ਪੂਰੀਆਂ ਹੁੰਦੀਆਂ ਹਨ। ਔਹ ਦੇਖੋ ਬੁੱਢਾ ਆਪਣੇ ਲਈ ਮਰ ਜਾਂਦਾ ਹੈ, ਪਰ ਮਰਕੇ ਲੋਕਾਂ ਦੀ ਖ਼ਾਤਰ ਜੀਉਂਦਾ ਹੈ। ਖਾਣ ਪਹਿਨਣ ਦੀ ਤਾਂਘ ਨਹੀਂ ਰਖਦਾ। ਰਸਾਂ ਕਸਾਂ ਤੋਂ ਲੰਘ ਗਿਆ, ਹਰਖ ਸ਼ੋਕ ਨੂੰ ਜਿਤ ਗਿਆ, ਰੋਗ ਭੋਗ ਤੋਂ ਪਾਰ ਹੋ ਗਿਆ, ਪਰ ਕੀ ਪਥਰ ਹੋ ਗਿਆ? ਨਹੀਂ, ਭੁੱਖਿਆਂ ਨੰਗਿਆਂ ਲਈ ਅੰਨ ਬਸਤਰ ਲੱਭ ਲੱਭਕੇ ਪਹੁੰਚਾ ਰਿਹਾ ਹੈ। ਹਰਖਵੰਤ ਲੋਕਾਂ ਦੇ ਦਿਲਾਂ ਵਿਚ ਪਰਮੇਸ਼ੁਰ ਦਾ ਭਉ ਪੈਦਾ ਕਰ ਰਿਹਾ ਹੈ, ਸੋਗੀਆਂ ਨੂੰ ਦਿਲਾਸਾ ਦੇ ਰਿਹਾ ਹੈ, ਯਤੀਮਾਂ ਦੇ ਅੱਥਰੂ ਪੂੰਝ ਰਿਹਾ ਹੈ, ਰੰਡੀਆਂ ਦੀ ਪ੍ਰਤਿਪਾਲਾ ਕਰ ਰਿਹਾ ਹੈ, ਰੋਗੀਆਂ ਦੀ ਸੇਵਾ ਕਰ ਰਿਹਾ ਹੈ, ਭੋਗੀਆਂ ਦੀ ਮੈਲ ਹਰ ਰਿਹਾ ਹੈ। ਇਹ ਜੀਵਣ ਬੁੱਢੇ ਦਾ ਹੁਣ ਸੰਸਾਰ ਲਈ ਹੈ, ਅਪਣੇ ਲਈ ਮਰ ਚੁਕਾ ਹੈ। ਅਹੁ ਦੇਖੋ ਗੁਰੂ ਨਾਨਕ ਦੇਵ ਆਏ, ਬੁੱਢੇ ਨੂੰ ਗਲ ਨਾਲ ਲਾਕੇ ਕਹਿੰਦੇ ਹਨ 'ਧੰਨ ਬੁੱਢਾ'। ਫੇਰ ਸਿਰ ਤੇ ਪਜਾਰ ਦੇਕੇ ਕਹਿੰਦੇ ਹਨ 'ਵਾਹ ਭਾਈ ਬੁੱਢਾ'। ਔਹ ਦੇਖੋ ਮਿਤ੍ਰੋ! ਬੁੱਢਾ 'ਭਾਈ ਬੁੱਢਾ' ਹੋ ਗਿਆ। ਕੈਸਾ ਅਸਚਰਜ ਹੈ: ਬੁੱਢਾ 'ਭਾਈ' ਹੋ ਗਿਆ। ਗੁਰੂ ਨਾਨਕ ਦੇਵ ਜੀ ਭਾਈ ਦਾ ਕੀ ਅਰਥ ਕਰਦੇ ਹਨ? ਉਹ ਪੁਰਖ ਜਿਸ ਨੇ ਪਰਮੇਸ਼ੁਰ ਨੂੰ ਇਕ ਅਦ੍ਵੈਤ ਜਾਣਕੇ ਉਸ ਦੀ ਰਚੀ ਹੋਈ ਸ੍ਰਿਸ਼ਟੀ ਵਿਚ ਸਹੋਦਰਤਾ ਅਨੁਭਵ ਕਰਕੇ ਸਭ ਨਾਲ ਸੱਕੇ ਭਰਾਵਾਂ ਵਾਲੀ ਵਰਤਣ ਅਖਤਯਾਰ ਕੀਤੀ। ਉਹ ਜਿਸ ਦੀ ਵਰਤਣ ਭਰਾਵਾਂ ਵਾਲੀ ਹੈ। ਕੀ 'ਭਾਈ' ਇਕ ਖ਼ਿਤਾਬ ਹੀ ਸੀ? ਨਹੀਂ ਜਗਤ ਗੁਰੂ ਨੇ ਇਸ ਪਦ ਵਾਲੇ ਦੀ ਕਦਰ ਕਰਕੇ ਦੱਸਿਆ ਕਿ 'ਭਾਈ' ਪਦ ਦਾ ਉਹ ਕੀ ਮੁੱਲ ਪਾਉਂਦੇ ਸੇ। ਗੁਰਿਆਈ ਦੀ ਗੱਦੀ ਜਿਸਨੂੰ ਮਿਲੇ ਉਸ ਦੇ ਤਿਲਕ ਦਾ ਸਾਮਾਨ 'ਭਾਈ' ਲਿਆਵੇ। ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਹਰਿਗੋਬਿੰਦ ਸਾਹਿਬ ਜੀ, ਸਭ ਦੇ ਤਿਲਕ ਦਾ ਆਹਰ 'ਭਾਈ' ਨੇ

 www.sikhbookclub.com

ਕੀਤਾ, ਕਿਹੜੇ ਭਾਈ ਨੇ? ਜਿਸ ਨੂੰ 'ਬੁੱਢਾ' ਕਹਿੰਦੇ ਸੀ। ਏਹ 'ਭਾਈ' ਦੀ ਕੈਸੀ ਰਮਣੀਕ ਮੂਰਤੀ ਹੈ।

## ਭਾਈ ਦੀ ਦੂਸਰੀ ਮੂਰਤਿ:

ਸਤਾ ਬਲਵੰਡ ਰਬਾਬੀ ਜਗਤ ਗੁਰੂ ਗੁਰੂ ਨਾਨਕ ਦੇਵ ਜੀ ਦੇ ਪਵਿਤ੍ਰ ਨਾਮ ਦੀ ਬੇ-ਅਦਬੀ ਕਰਕੇ ਫਿਟਕਾਰ ਵਿਚ ਫਿਟਕੀਜਕੇ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ। ਪਜਾਰੇ ਗੁਰਾਂ ਦੇ ਪ੍ਰੇਮ ਵਿਚ ਖਚਿਤ ਗੁਰੂ ਅੰਗਦ ਦੇਵ (ਕਈ ਇਤਿਹਾਸਕਾਰ ਇਸ ਵਾਕਿਆ ਨੂੰ ਪੰਜਵੇਂ ਗੁਰਾਂ ਦੇ ਵੇਲੇ ਦਾ ਕਹਿੰਦੇ ਹਨ, ਕਈ ਦੂਸਰੇ ਗੁਰਾਂ ਦੇ ਵੇਲੇ ਦਾ। ਰਾਮਕਲੀ ਦੀ ਵਾਰ ਵਿਚ ਬਹੁਤ ਪੌੜੀਆਂ ਦੂਜੇ ਗੁਰਾਂ ਪਰਥਾਇ ਹੋਣ ਕਰਕੇ ਪਿਛਲੇ ਮੁਅੱਰਖ਼ ਦਰੁਸਤੀ ਦੇ ਨੇੜੇ ਜਾਪਦੇ ਹਨ।)ਉਹਨਾਂ ਦੀ ਸਿਪਾਰਸ਼ ਕਰਨ ਵਾਲੇ ਨੂੰ ਮੁਕਾਲੇ ਦੀ ਪਦਵੀ ਦੇਂਦੇ ਹਨ। ਕੁਦਰਤ ਕਰਤਾਰ ਦੀ। ਆਪਣੇ ਪਾਪਾਂ ਦੀ ਫਿਟਕਾਰ, ਅੰਤਹਕਰਣ ਦੀਆਂ ਚੂੰਢੀਆਂ ਦੇ ਕਾਰਨ ਸੱਤਾ ਬਲਵੰਡ ਦਰਿਦਰੀ, ਦੁਖੀ, ਦੀਨ ਤੇ ਮਹਾਂ ਰੋਗੀ ਹੋ ਜਾਂਦੇ ਹਨ। ਕੋਈ ਡਰਦਾ ਦਾਰੀ ਨਹੀਂ ਕਰਦਾ, ਕੋਈ ਸਿਪਾਰਸ਼ ਦਾ ਹੀਆ ਨਹੀਂ ਬੰਨ੍ਹਦਾ। ਪਰ ਧੰਨ ਸਿਖੀ! ਸਿੱਖੀ ਵਿਚੋਂ ਇਕ ਸਿੱਖ 'ਲੱਧਾ' ਉਠਦਾ ਹੈ। ਉਹਨਾਂ ਦੀ ਖ਼ਬਰ ਲੈਂਦਾ ਹੈ, ਉਹਨਾਂ ਨੂੰ ਉਹਨਾਂ ਦੇ ਕੀਤੇ ਪਾਪ ਦਾ ਇਕਰਾਰੀ ਬਣਾਕੇ ਪਸਚਾਤਾਪ ਦੇ ਮੈਲ ਹਰਨ ਵਾਲੇ ਜਲ ਨਾਲ ਇਸ਼ਨਾਨ ਕਰਵਾਉਂਦਾ ਹੈ, ਪਰ ਹੁਣ ਸਿਪਾਰਸ਼ ਦਾ ਮੁਸ਼ਕਲ ਕੰਮ ਅੱਗੇ ਹੈ। ਲੱਧਾ 'ਏਕਤਾ' ਨੂੰ ਅਨੁਭਵ ਕਰ ਚੁੱਕਾ ਹੈ, ਲੱਧਾ ਸਹੋਦਰਤਾ ਵਿਚ ਇਸਥਿਤ ਹੈ, ਲੱਧੇ ਦੀ ਵਰਤਣ ਖਿਮਾ ਤੇ ਦਇਆ ਦੀ ਹੈ। ਐਸਾ ਪਾਰਗਿਰਾਮੀ ਲੱਧਾ ਅਪਣਾ ਮੂੰਹ ਕਾਲਾ ਕਰਕੇ ਸਾਉਂਲੇ ਦੀ ਸਵਾਰੀ ਕਰਦਾ ਹੈ, ਸ਼ਹਿਰ ਵਿਚ 'ਲੱਧਾ' ਮੁਕਾਲਕ ਕਰਕੇ ਨਸ਼ਰ ਹੁੰਦਾ ਹੈ। ਵਾਹ ਵਾਹ ਲੱਧਾ। ਲੱਧਾ ਆਪਣੇ ਆਪ ਲਈ ਮਰ ਚੁਕਾ ਹੈ, ਹੁਣ ਤਾਂ ਲੱਧਾ ਸੰਸਾਰ ਲਈ ਜੀਉਂਦਾ ਹੈ। ਗੱਪਾਂ ਨਾਲ ਨਹੀਂ, ਪਰਤੱਖ ਮੂਰਤ ਦੇਖੋ, ਏਹ ਮੁਰਦਿਆਂ ਦੇ ਕੰਮ ਹਨ ਜੀਉਂਦਿਆਂ ਦੇ ਨਹੀਂ, ਜੀਉਂਦਾ ਕੌਣ ਮੁਕਾਲਾ ਮਲਦਾ ਹੈ। ਲੱਧਾ ਲੋਕਾਂ ਲਈ ਜੀਉਂਦਾ ਹੈ, ਲੋਕਾਂ ਲਈ ਜੀਵਣ ਵਾਲੇ ਨੇ ਸਾਬਣ ਨਾਲ (ਉਪਕਾਰ ਵਿਚ) ਧੋਤਾ ਤੇ ਸ਼ਾਹੀ ਨਾਲ ਕਾਲਾ ਮੂੰਹ ਆਪਣਾ ਕੀਤਾ ਹੈ। ਮੁਕਾਲਾ ਲੱਧਾ ਗੁਰਾਂ ਦੇ ਹਜ਼ੂਰ ਜਾਕੇ

 www.sikhbookclub.com

ਫਿਟਕੇ ਹੋਏ ਸੱਤੇ ਬਲਵੰਡ ਦੀ ਸਿਪਾਰਸ਼ ਕਰਦਾ ਹੈ। ਜਗਤ ਗੁਰੂ ਸਿਖਾਂ ਨੂੰ ਤਾ ਤਾਕੇ ਕੁੰਦਨ ਕਰਨ ਵਾਲੇ ਉਸ ਦੀ ਸਹੋਦਰਤਾ ਦੇ ਪੂਰਨ ਭਾਵ ਨੂੰ ਪਛਾਣਦੇ ਹਨ; ਦੇਖਦੇ ਹਨ ਕਿ ਲੱਧਾ ਹੁਣ ਪੂਰਣ ਹੋ ਗਿਆ ਹੈ। ਉਸ ਨੂੰ ਗਲੇ ਲਾਕੇ ਪਜਾਰ ਦੇਂਦੇ ਹਨ ਤੇ ਕਹਿੰਦੇ ਹਨ: 'ਧੰਨ ਲੱਧਾ, ਧੰਨ ਭਾਈ ਲੱਧਾ' 'ਧੰਨ ਭਾਈ ਲੱਧਾ ਪਰਉਪਕਾਰੀ। ਭਾਈ ਲੱਧਾ! ਵਰ ਮੰਗ! ਆਪਣੇ ਲਈ ਮਰ ਚੁਕੇ ਭਾਈ ਜੀ ਕੀ ਮੰਗਦੇ ਹਨ? ਹੱਥ ਬੰਨ੍ਹਕੇ ਗਲ ਪੱਲਾ ਪਾਕੇ ਬੇਨਤੀ ਕਰਦੇ ਹਨ। 'ਹੇ ਦੀਨਾ ਬੰਧੂ! ਸੱਤੇ ਬਲਵੰਡ ਨੂੰ ਬਖਸ਼ੋ'। ਤਤਖਿਨ ਓਹ ਫਿਟਕੇ ਹੋਏ ਬਖਸ਼ੇ ਜਾਂਦੇ ਹਨ। ਇਹ 'ਭਾਈ' ਦੀ ਕੈਸੀ ਪਿਆਰੀ ਮੂਰਤੀ ਹੈ।

**ਭਾਈ ਦੀ ਤੀਸਰੀ ਮੂਰਤਿ:**

ਤੀਸਰੀ ਪਾਤਸ਼ਾਹੀ ਦੇ ਚਰਨਾਂ ਵਿਚ ਇਕ ਪ੍ਰੇਮੀ ਸੇਵ ਕਮਾਉਂਦਾ ਹੈ। ਉਸ ਦੀ ਗੁਰ ਸੇਵਾ ਦੀ ਉਹ ਵਡਿਆਈ ਹੁੰਦੀ ਹੈ ਕਿ ਚੌਥੀ ਪਾਤਸ਼ਾਹੀ ਜੀ 'ਗੁਰਦਾਸ' ਨੂੰ 'ਸੱਚਾ ਗੁਰਦਾਸ' ਬਣਾਉਂਦੇ ਹਨ। ਫੇਰ ਗੁਰਦਾਸ ਏਕਤਾ ਦੇ ਅਸੂਲ ਨੂੰ ਅਨੁਭਵ ਕਰਕੇ ਸਹੋਦਰਤਾ ਨੂੰ ਅਨੁਭਵ ਕਰਦਾ ਹੈ। ਵਰਤਣ ਖਿਮਾਂ ਤੇ ਦਇਆ ਦੀ ਅਖ਼ਤਿਆਰ ਕਰਦਾ ਹੈ। ਔਹ ਦੇਖੋ ਗੁਰਦਾਸ ਆਪਣੇ ਲਈ ਮਰ ਜਾਂਦਾ ਹੈ ਤੇ ਮਰਕੇ ਫੇਰ ਜੀਉਂਦਾ ਹੈ, ਇਹ ਜੀਉਣਾ ਸ੍ਰਿਸ਼ਟੀ ਦੇ ਅਰਪਨ ਕਰਦਾ ਹੈ। ਉਹ ਪਰਉਪਕਾਰ ਵਿਚ ਲੀਨ ਹੁੰਦਾ ਹੈ। ਚੌਥੀ ਪਾਤਸ਼ਾਹੀ ਵਰ ਦੇਂਦੇ ਹਨ। 'ਪਰਉਪਕਾਰ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢ*॥ ਹੁਣ ਗੁਰਦਾਸ ਜੀ ਬੇੜੀਆਂ ਤਿਆਰ ਕਰਨ ਲਗੇ ਹਨ। ਜਿਸ ਤਰ੍ਹਾਂ ਜਹਾਜ਼ ਨਾਲ ਤਰ੍ਹਾਂ ਤਰ੍ਹਾਂ ਦੀਆਂ ਬੇੜੀਆਂ ਹੁੰਦੀਆਂ ਹਨ, ਇਕੁਰ ਗੁਰੂ ਨੇ ਪੰਜਵਾਂ ਰੂਪ ਧਾਰਕੇ ਗੁਰੂ ਗ੍ਰੰਥ ਜਹਾਜ਼ ਰਚਿਆ, ਗੁਰੁਦਾਸ ਨੇ ਵਾਰਾਂ, ਕਬਿੱਤ, ਸਵੱਯੇ ਆਦਿਕ ਨਾਉਕਾ ਰਚੀਆਂ, ਗੁਰੂ ਚਰਨਾਂ ਵਿਚ ਸਮਰਪਨ ਕੀਤੀਆਂ; ਗੁਰੂ ਜੀ ਨੇ ਬਰਾਬਰ ਪਦਵੀ ਦੇਣੀ ਚਾਹੀ, ਹਉਮੈ ਤੋਂ ਛੁਟੇ ਹੋਏ ਭਾਈ ਜੀ ਬੇਨਤੀ ਕਰਦੇ ਹਨ ਕਿ ਦੀਨਾ ਬੰਧੂ ਦਾਸ ਭਾਵਨਾ ਵਿਚ ਹੀ ਰਖੋ। ਔਹ ਪੰਚਮ ਗੁਰੂ ਜੀ ਗਦ ਗਦ ਹੋਕੇ ਗੁਰੁਦਾਸ ਨੂੰ ਗਲੇ

---

* ਗਉੜੀ ਪੂਰਬੀ ਮਹਲਾ 4-59

 www.sikhbookclub.com

ਲਾਕੇ 'ਭਾਈ' ਕਹਿੰਦੇ ਹਨ। 'ਧੰਨ ਭਾਈ ਗੁਰਦਾਸ' ਦਾ ਹੁਕਮ ਕਰਦੇ ਹਨ। 'ਗੁਰਦਾਸ' 'ਭਾਈ ਗੁਰਦਾਸ' ਹੋ ਗਿਆ। ਭਾਈ ਦੀ ਬਾਣੀ ਨੂੰ ਵਰ ਹੋ ਗਿਆ ਕਿ ਇਸ ਦੇ ਪਾਠਕ ਨੂੰ ਸਿਖੀ ਦਾਨ ਪ੍ਰਾਪਤ ਹੋਵੇਗਾ। ਭਾਈ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਸਮਝੀ ਜਾਏਗੀ, 'ਭਾਈ' ਦੀ ਇਹ ਕੈਸੀ ਪਰੋਪਕਾਰੀ ਮੂਰਤੀ ਹੈ।

**ਭਾਈ ਦੀ ਚੌਥੀ ਮੂਰਤੀ:**

ਹਾੜ ਦੀ ਕੜਕਵੀਂ ਧੁੱਪ ਪੈ ਰਹੀ ਹੈ, ਗਰਮੀ ਤੇ ਲੋ ਨਾਲ ਬਦਨ ਝੁਲਸ ਰਿਹਾ ਹੈ, ਛੇਵੇਂ ਗੁਰਾਂ ਦੇ ਚਰਨਾਂ ਦੇ ਪ੍ਰੇਮੀ ਪਿਤਾ ਪੁਤ੍ਰ ਇਕ ਖੇਤ ਵਿਚ ਬ੍ਰਿਛ ਕੱਟਣ ਦਾ ਕੰਮ ਕਰਦੇ ਅੰਨ ਪਾਉਣ ਲੱਗੇ ਹਨ। ਰੁੱਖ ਨਾਲ ਜਲ ਦੀ ਠੰਢੀ ਟਿੰਡ ਬੱਧੀ ਸੀ, ਜਲ ਦੇਖਿਆ ਤਾਂ ਬਰਫ ਵਾਂਗੂ ਸੀਤ ਹੈ। ਦੇਖ ਕੇ ਪ੍ਰੇਮ ਦਾ ਜੋਸ਼ ਹੁਲਾਰਾ ਮਾਰਕੇ ਅੰਦਰੋਂ ਨਿਕਲਿਆ ਕਿ ਇਹ ਜਲ ਸਤਿਗੁਰਾਂ ਦੇ ਪੀਣ ਦਾ ਹੈ, ਅਸੀਂ ਇਸ ਦੇ ਲੈਕ ਨਹੀਂ। ਦੋਵੇਂ ਬਿਹਬਲ ਹੋ ਜਾਂਦੇ ਹਨ। ਤਰਸਦੇ ਹਨ, ਤੜਫ਼ਦੇ ਹਨ ਕਿ ਕਿਵੇਂ ਸਤਿਗੁਰੂ ਜਲ ਛਕਣ। ਸਤਿਗੁਰੂ ਡਰੋਲੀ ਆਪਣੀ ਸਾਲੀ ਦੇ ਘਰ ਸਰਦ ਕਮਰੇ ਵਿਚ ਬਿਰਾਜਮਾਨ ਸੈਨ ਕਰ ਰਹੇ ਹਨ। ਸਚੇ ਪ੍ਰੇਮ ਦੀ ਖਿੱਚ ਤਪਤ ਜੰਗਲ ਵਿਚੋਂ ਤੁਰਕੇ ਡਰੋਲੀ ਪਹੁੰਚ ਜਾਂਦਾ ਹੈ; ਬਿਰਦ ਬਾਣੇ ਦੇ ਰਖਯਕ ਸਤਿਗੁਰੂ ਤਤਫਟ ਉੱਠਦੇ ਹਨ, ਆਪਣੇ ਘੋੜੇ ਤੇ ਪਲਾਕੀ ਮਾਰਕੇ ਸਿਰਪਟ ਦੌੜਦੇ ਹਨ, ਤਪਤ ਦੇ ਕਾਰਣ ਕਰੜੀ ਤ੍ਰਿਖਾ ਲਗਦੀ ਹੈ। ਪ੍ਰੇਮ ਦੀ ਕੌਤਕੀ, ਜਾ 'ਜਲ' ਦੀ ਸੱਦ ਦੇਂਦੇ ਹਨ। ਵਿਰਲਾਪ ਕਰਦੇ ਪ੍ਰੇਮੀਆਂ ਦੇ ਕੰਨੀਂ ਪਿਆਰੀ ਪਛਾਣੂ ਅਵਾਜ਼ ਪੈਂਦੀ ਹੈ, ਦੌੜਕੇ ਚਰਨ ਪਰਸਦੇ ਬਲਿਹਾਰ ਜਾਂਦੇ ਹਨ, ਜਲ ਪਿਲਾਕੇ ਪ੍ਰੇਮ ਭਾਵ ਦੀ ਤ੍ਰਿਪਤੀ ਕਰਦੇ ਹਨ, ਵਰ ਪਾਕੇ ਭਾਰੀ ਦੇਗ ਜਾਰੀ ਕਰਦੇ ਹਨ। ਜਿਥੇ ਜਲ ਘਿਉ ਦੇ ਤੁੱਲ ਅਤੇ ਅੰਨ ਅੰਮ੍ਰਿਤ ਤੁੱਲ ਸੀ, ਉਥੇ ਭੁਖੀ ਤਿਹਾਈ ਸ੍ਰਿਸ਼ਟੀ ਨੂੰ ਅਟੁੱਟ ਲੰਗਰ ਦੇਂਦੇ ਹਨ। ਕਾਲ ਪਏ ਦੀ ਕਠਨ ਪੀੜਾ ਤੇ ਭਯਾਨਕ ਦੁੱਖਾਂ ਵੇਲੇ ਏਕਤਾ ਦੇ ਜਾਣੂ ਤੇ ਸਹੋਦਰਤਾ ਦੇ ਪਛਾਣੂ ਏਹ ਸਿਖ ਸਿਰੋਂ ਪਰੇ ਸੇਵਾ ਕਰਕੇ ਹਜ਼ਾਰਾਂ ਜੀਵਾਂ ਦੀ ਪ੍ਰਾਣ ਰਖਯਾ ਕਰਦੇ ਹਨ। ਆਪਣੇ ਲਈ ਮਰ ਚੁਕੇ ਹਨ; ਭੁੱਖੇ ਪਿਆਸੇ ਤੇ ਥੱਕੇ ਹੀ ਰਹਿੰਦੇ ਹਨ, ਪਰ ਸ੍ਰਿਸ਼ਟੀ ਲਈ ਅੰਨ ਦਾ ਭੰਡਾਰ, ਤੇ ਜਲ


www.sikhbookclub.com

ਦਾ ਸੋਮਾ ਤੇ ਸੁਖ ਦੇਣ ਦੇ ਸੁਖ ਦਾਤੇ ਬਣੇ ਰਹੇ ਹਨ। ਇਸ ਅਵਸਥਾ ਵਿਚ ਸਤਿਗੁਰੂ ਗਲੇ ਲਾਕੇ ਕਹਿੰਦੇ ਹਨ: 'ਧੰਨ ਰੂਪਾ' 'ਧੰਨ ਭਾਈ ਰੂਪਾ' ਓਹ ਨਿਮਾਣਾ ਰੂਪਾ 'ਭਾਈ ਰੂਪਾ' ਹੋ ਗਿਆ। ਉਸ ਦੀ ਉਹ ਪਿਆਰੀ ਦੇਗ਼ ਅਟੁੱਟ ਚਲੀ ਅਰ ਅਜ ਤਕ ਜਾਰੀ ਹੈ, ਅਰ ਸਦਾ ਜਾਰੀ ਰਹੇਗੀ। ਏਹ 'ਭਾਈ' ਦੀ ਕੈਸੀ ਦਯਾਲੂ ਮੂਰਤ ਹੈ।

### ਭਾਈ ਦੀ ਪੰਜਵੀਂ ਮੂਰਤਿ:

ਇਕ 'ਮਤੀਆ' ਆਇਆ, ਨੌਂਵੇਂ ਗੁਰਾਂ ਦੇ ਚਰਨਾਂ ਵਿਚ ਘਾਲ ਘਾਲੀ। ਮੁਸਾਫ਼ਰਾਂ ਲਈ ਕੁਟੀਆ ਬਨਾਉਣ ਵਿਚ ਅਥੱਕ ਟਹਿਲੇ ਕੀਤੇ, ਸਫ਼ਰਾਂ ਵਿਚ ਸਤਿਗੁਰਾਂ ਦੇ ਅੰਗ ਸੰਗ ਰਹੇ। ਸਤਿਗੁਰਾਂ ਦੇ ਹੁਕਮ ਅੱਗੇ ਸਦੀਵ 'ਸਤਿ ਬਚਨ' ਆਖਿਆ, ਆਸਾਮ ਵਿਚ ਪਹੁੰਚੇ ਉਥੋਂ ਦੇ ਲੋਕਾਂ ਦੀ ਪਤਿਤ ਤੇ ਪਾਪ ਅਵਸਥਾ ਦੇਖਕੇ ਨਗਰ ਨਗਰ ਉਪਦੇਸ਼ ਕੀਤੇ, ਅਣਗਿਣਤ ਜੀਵਾਂ ਨੂੰ ਪਾਪ ਅਗਨਿ ਵਿਚੋਂ ਕੱਢਿਆ। ਫੇਰ ਵਾਪਸ ਪਟਨੇ ਆਏ। ਫੇਰ ਕਲਗੀਧਰ ਦੇ ਬਾਲਕ ਸਰੂਪ ਦੇ ਦਰਸ਼ਨ ਕਰਕੇ ਕ੍ਰਿਤ ਕ੍ਰਿਤ ਹੋਏ। ਫੇਰ ਅਨੰਦਪੁਰ ਪਹੁੰਚੇ। ਇੰਨੇ ਚਿਰਾਂ ਵਿਚ ਏਕਤਾ ਦਾ ਅਨੁਭਵ ਹੋ ਗਿਆ। ਸਹੋਦਰਤਾ ਵਿਚ ਟਿਕਾਉ ਹੋ ਗਿਆ। ਵਰਤਣ ਖਿਮਾ ਤੇ ਦਇਆ ਦੀ ਹੋ ਗਈ। ਦੇਖੋ ਬਨ ਵਿਚ ਇਕ ਇਸਤ੍ਰੀ ਜਾ ਰਹੀ ਹੈ, ਇਕ ਰਾਜਪੂਤ ਢੂੰਗਰੇ ਹੋਏ ਸਰਦਾਰ ਨੇ ਉਸ ਨੂੰ ਜ਼ੋਰੀ ਫੜ ਲਿਆ ਹੈ। ਮਤੀਏ ਦਾ ਸਕਾ ਭਰਾਉ ਸਤੀ ਰਾਮ ਦੇਖ ਕੇ ਰਹਿ ਨਹੀਂ ਸਕਿਆ, ਲਲਕਾਰ ਕੇ ਜਾ ਪੈਂਦਾ ਹੈ; ਦੁਵੱਲੀ ਤਲਵਾਰ ਚਲਦੀ ਹੈ, ਔਹ ਕਿਤੋਂ ਮਤੀਆ ਬੀ ਆ ਨਿਕਲਿਆ। 'ਖਿਮਾ ਖਿਮਾ' ਕਹਿੰਦਾ ਦੌੜਦਾ ਹੈ, ਪਰ ਪਹੁੰਚਣ ਤੋਂ ਅਗੇ ਦੋਵੇਂ ਘਾਇਲ ਹੋਕੇ ਡਿਗ ਪੈਂਦੇ ਹਨ। ਭਰਾ ਤਾਂ ਪਰਲੋਕ ਗਮਨ ਕਰਦਾ ਹੈ, ਪਰ ਰਾਜਪੂਤ ਸਿਸਕਦਾ ਹੈ। ਆਪਣੇ ਲਈ ਮਰ ਚੁਕੇ ਮਤੀਏ ਨੂੰ ਮੋਏ ਭਰਾ ਦਾ ਮੋਹ ਨਹੀਂ ਫੁਰਦਾ, ਪਰ ਭਰਾ ਦੇ ਤੜਫਦੇ ਵੈਰੀ ਪਰ ਦਇਆ ਆਉਂਦੀ ਹੈ। ਉਸ ਦੇ ਘਾਉ ਬੰਨ੍ਹਦਾ ਹੈ। ਨਗਰ ਲਿਜਾਕੇ ਸੇਵਾ ਦਾ ਉਪਰਾਲਾ ਕਰਕੇ ਫੇਰ ਭਰਾਉ ਨੂੰ ਦਾਹ ਕਰਦਾ ਹੈ। ਉਸ ਦੀ ਅਥੱਕ ਸੇਵਾ ਮਹੀਨੇ ਤਕ ਕਰਦਾ ਹੈ। ਅੰਤ ਘਾਵਾਂ ਦੇ ਵਿਗੜਨ ਤੇ ਉਹ ਬੀ ਮਰ ਜਾਂਦਾ ਹੈ। ਇਹ ਸਰਬ ਸਹੋਦਰਤਾ ਦੀ ਵਾਰਤਾ ਜਾਣੀ ਜਾਣ ਗੁਰਾਂ ਤੋਂ ਗੁੱਝੀ ਨਹੀਂ

 www.sikhbookclub.com

ਰਹਿੰਦੀ। ਦੇਖੋ ਸਚ ਦੇ ਪਯਾਰੇ, ਤੇ ਪ੍ਰੇਮ ਦੇ ਪਰਚਾਰਕ ਸਤਿਗੁਰੂ ਮਤੀਏ ਨੂੰ ਗਲ ਨਾਲ ਲਾਕੇ ਕਹਿੰਦੇ ਹਨ: 'ਧੰਨ ਭਾਈ ਮਤੀ ਰਾਮ'। ਮਤੀਆਂ 'ਭਾਈ ਮਤੀ ਰਾਮ' ਹੋ ਗਿਆ, ਸਤਿਗੁਰਾਂ ਦੇ ਨਾਲ ਆਗਰੇ ਜਾਂਦਾ ਹੈ। ਦਿੱਲੀ ਕੈਦ ਵਿਚ ਪੈਂਦਾ ਹੈ। ਤਰ੍ਹਾਂ ਤਰ੍ਹਾਂ ਦੇ ਲਾਲਚ ਧਰਮ ਛੱਡਣ ਲਈ ਮਿਲਦੇ ਹਨ, ਪਰ ਏਕਤਾ ਦੀ ਨੇਸ਼ਟਾ ਵਾਲਾ ਹਿਲਦਾ ਨਹੀਂ ਹੈ: ਅੰਤ ਉਸ ਨੂੰ ਮੌਤ ਦੀ ਸਜ਼ਾ ਮਿਲਦੀ ਹੈ, ਅੱਡੇ ਵਿਚ ਕਸਕੇ ਬੰਨ੍ਹਿਆ ਜਾਂਦਾ ਹੈ। ਦੋ ਆਰਾਕਸ਼ ਉਸ ਨੂੰ ਆਰੇ ਨਾਲ ਚੀਰਦੇ ਹਨ। ਉਹ ਏਕਾਗਰ ਚਿਤ ਬਾਣੀ ਪੜ੍ਹਦਾ ਹੈ ਅਰ ਚੀਰਨ ਵਾਲਿਆਂ ਨੂੰ ਭੀ ਭਰਾ ਹੀ ਸਮਝਦਾ ਹੈ, ਉਹਨਾਂ ਲਈ ਬੀ ਸ਼ੁਭ ਸੰਕਲਪਾਂ ਦੇ ਚੱਕਰ ਚਲਾ ਰਿਹਾ ਹੈ। ਭਾਈ ਮਤੀ ਰਾਮ, ਚਿਰੀਜਕੇ (ਚੀਰਿਆ ਜਾਕੇ) ਦੇਹ ਤਿਯਾਗਦਾ ਹੈ। ਏਹ 'ਭਾਈ' ਦੀ ਕੈਸੀ ਦਰਦਨਾਕ ਤਸਵੀਰ ਹੈ।

**ਭਾਈ ਦੀ ਛੇਵੀਂ ਮੂਰਤਿ:**

ਕਲਗੀਧਰ ਦਸਮੇਂ ਗੁਰੂ ਨੰਗੀ ਤਲਵਾਰ ਲਈ ਸਿਰ ਮੰਗ ਰਹੇ ਹਨ। ਹਜ਼ਾਰਾਂ ਲੋਕ ਬੈਠੇ ਹਨ। ਔਹ ਦੇਖੋ ਇਕ ਸਿਰ ਦੇਣ ਲਈ ਨਿਤਰਦਾ ਹੈ, ਇਸ ਨੂੰ ਅੰਦਰ ਲੈਕੇ ਫੇਰ ਬੀਰ ਦਸ਼ਾ ਵਿਚ ਆਕੇ ਤਲਵਾਰ ਸੂਤੀ ਖੜੇ ਸਿਰ ਮੰਗ ਰਹੇ ਹਨ। ਆਹ ਦੇਖੋ ਆਪਣੇ ਲਈ ਮਰ ਚੁਕੇ ਕਈ ਹੋਰ ਸਿਖ ਨਿਤਰੇ ਜੋ ਏਕਤਾ ਪੁਰ ਦ੍ਰਿੜ ਸੇ, ਸਹੋਦਰਤਾ ਦੇ ਜਾਣੂ ਸੇ, ਮੋਹ ਮਮਤਾ ਦੀ ਢੇਰੀ ਢਾਹ ਚੁਕੇ ਸੇ। ਔਹ ਦੇਖੋ ਪੰਜੇ ਜੀਉਂਦੇ ਜਾਗਦੇ ਨਿਕਲੇ ਹਨ। ਪੰਜਾਂ ਨੂੰ ਅੰਮ੍ਰਿਤ ਛਕਾਇਆ ਗਿਆ। ਪੰਜਾਂ ਨੂੰ ਭਾਈ ਦਇਆ ਸਿੰਘ, ਭਾਈ ਮੋਹਕਮ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਜੀ ਦਾ ਪਵਿਤ੍ਰ ਖ਼ਤਾਬ ਮਿਲਦਾ ਹੈ। ਪੰਜੇ ਭਾਈ ਹੋ ਗਏ, ਪੰਜੇ 'ਪਿਆਰੇ' ਹੋ ਗਏ, ਪੰਜਾਂ ਨੇ ਸਾਰੀ ਆਯੂ ਭਾਈਆਂ ਵਾਲੀ ਬਿਤੀਤ ਕੀਤੀ, ਤਨ ਮਨ ਧਨ ਖਲਕ ਤੋਂ ਵਾਰ ਸੁਟਿਆ; ਇਹ 'ਭਾਈ' ਦੀ ਕੈਸੀ ਦਰਦੀ ਮੂਰਤਿ ਹੈ।

**ਭਾਈ ਦੀ ਸਤਵੀਂ ਮੂਰਤਿ:**

ਇਸ ਸਮੇਂ ਤੋਂ ਮਗਰਲੀ ਮੂਰਤ ਦੇਖੋ। ਇਕ ਜੰਗਲ ਦੇ ਵਿਚ ਕੁਟੀਆ ਹੈ। ਇਕ ਸਿੰਘ ਵਾਹੀ ਕਰਦਾ ਹੈ। ਉਸ ਦੀ ਮਾਤਾ ਤੇ ਭੈਣ ਦੇ ਕੱਤਣ ਦੇ

 www.sikhbookclub.com

ਪੋਹਰਿਆਂ ਨਾਲ ਸਾਰੇ ਟੱਬਰ ਦਾ ਗੁਜ਼ਾਰਾ ਟੁਰਦਾ ਹੈ। ਜੋ ਕੁਝ ਸਿੰਘ ਹੁਰੀਂ ਵਾਹੀ ਨਾਲ ਪੈਦਾ ਕਰਦੇ ਹਨ, ਪਹਿਲੇ ਦੇਸ਼ ਦੇ ਪਾਤਸ਼ਾਹ ਦਾ ਹਾਲਾ ਭਰਦੇ ਹਨ, ਬਾਕੀ ਦਾ ਪੰਥ ਅਰਪਨ ਕਰਦੇ ਹਨ। ਪੰਥ ਦੀ ਦਸ਼ਾ ਕੀ ਹੈ? ਘਰ ਨਹੀਂ, ਬਾਹਰ ਨਹੀਂ; ਕਿਲ੍ਹਾ ਨਹੀਂ ਕੋਟ ਨਹੀਂ। ਦਿਨ ਰਾਤ ਜੰਗਲਾਂ ਬਨਾਂ ਦੇ ਵਾਸ, ਤਕਲੀਫ਼ਾਂ ਤੇ ਖੇਦ, ਇਹ ਕਿਸ ਲਈ? ਨਾਮ ਜਪਦੇ ਹਨ ਤੇ ਦੁਖੀ ਪਰਜਾ ਦੀ ਰਖਜਾ ਕਰਦੇ ਹਨ। ਅੱਸੀ ਰੁਪਏ ਸਿੱਖ ਦੇ ਸਿਰ ਦਾ ਮੁੱਲ ਹੈ, ਇਸ ਲਾਲਚ ਵਿਚ ਸਿੱਖ ਮਰ ਮਿਟੇ। ਤੀਵੀਆਂ ਦੇ ਸਿਰ ਸਿੱਖਾਂ ਦੇ ਭੁਲੇਖੇ ਅੱਸੀ ਰੁਪਏ ਨੂੰ ਵਿਕਣ ਲਗੇ। ਐਸੀ ਦਸ਼ਾ ਵਿਚ ਉਪਰ ਲਿਖੇ ਸਿੰਘ ਹੁਰੀਂ ਆਪਣੇ ਘਰ ਵਿਚ ਦੁਖੀ ਸਿੱਖਾਂ ਨੂੰ ਉਤਾਰਾ ਦੇਂਦੇ ਹਨ। ਆਪਣੀ ਕਮਾਈ ਉਹਨਾਂ ਨੂੰ ਛਕਾਉਂਦੇ ਹਨ। ਇਕ ਦਿਨ ਵਰਖਾ ਪੈ ਰਹੀ ਸੀ, ਪ੍ਰਾਹੁਣਾ ਘਰ ਕੋਈ ਨਹੀਂ ਸੀ। ਮਾਈ ਜੀ ਨੇ ਅੰਨ ਤਿਆਰ ਕੀਤਾ, ਜੋ ਪੰਜਾਂ ਸਰੀਰਾਂ ਦੇ ਨਿਰਬਾਹ ਜੋਗਾ ਸੀ, ਪਰ ਫੇਰ ਭੀ ਵੱਧ ਹੀ ਪਕਾਇਆ। ਇਹ ਤਿੰਨੇ ਸਰੀਰ ਸਵੇਰ ਦੇ ਬੀ ਭੁੱਖੇ ਸਨ, ਕਿਉਂਕਿ ਸਵੇਰ ਦਾ ਅੰਨ ਭਲੇ ਅਰਥ ਲਾ ਚੁੱਕੇ ਸਨ। ਹੁਣ ਜਦ ਛਕਣ ਦਾ ਵੇਲਾ ਆਹਿਆ, ਤਦ ਫਤਹ ਗਜਾ ਕੇ ਸੱਤ ਲੱਖ ਫੌਜ ਸਿੰਘਾਂ ਦੀ ਆ ਗਈ, ਜੋ ਤਿੰਨਾਂ ਦਿਨਾਂ ਦੇ ਭੁੱਖੇ ਤੇ ਸੀਤ ਨਾਲ ਅਤਿ ਨਿਰਬਲ ਹੋ ਰਹੇ ਸੇ। ਧੰਨ ਭਾਗ ਜਾਣਕੇ ਸਿੰਘ ਨੇ ਗਿੱਲੇ ਬਸਤਰਾਂ ਦੀ ਥਾਂ ਸੁੱਕੇ ਭੂਰੇ ਦਿਤੇ, ਅੱਗ ਸਿਕਾਈ ਤੇ ਪ੍ਰਸ਼ਾਦ ਛਕਾਇਆ ਅਰ ਮੁੱਠੀਆਂ ਭਰ ਭਰਕੇ ਉਹਨਾਂ ਦੇਸ਼ ਦੇ ਜੀਉਂਦੇ ਸ਼ਹੀਦਾਂ ਨੂੰ ਬਿਸਰਾਮ ਕਰਾਇਆ। ਅੱਧੀ ਰਾਤ ਬੀਤ ਗਈ ਸੀ। ਇਸ ਕਰਕੇ ਦੋ ਦੋ ਰੁੱਖੇ ਤੇ ਗਰਮ ਜਲ ਦੇ ਘੁੱਟ ਛਕਕੇ ਆਪ ਸਿੰਘ ਜੀ ਤੇ ਭੈਣ ਮਾਂ ਸਉਂ ਰਹੇ। ਵਾਹ ਵਾਹ ਸਿਖੀ! ਨਿਤ ਦੇ ਸਮਾਚਾਰ ਪੰਥ ਨੂੰ ਪਹੁੰਚੇ; ਪੰਥ ਗੁਰੂ ਨੇ 'ਧੰਨ ਭਾਈ ਤਾਰੂ ਸਿੰਘ' ਦੀ ਪਦਵੀ ਦਿਤੀ, ਆਪ ਭਾਈ ਹੋ ਗਏ। ਤੁਰਕਾਂ ਨੇ ਅੰਤ ਇਨ੍ਹਾਂ ਨੂੰ ਬੀ ਫੜ ਲਿਆ, ਬਿਦੋਸੇ ਨੂੰ ਚਰਖੀ ਚੜ੍ਹਾਇਆ, ਬੇਗੁਨਾਹ ਨੂੰ ਤਸੀਹੇ ਦਿਤੇ, ਕੇਸ ਲਾਹੁਣ ਦੇ ਉਪਰਾਲੇ ਕੀਤੇ; ਪਰ ਵਾਹ ਭਾਈ ਜੀ, ਚਮੜਾ ਲੱਥਾ ਪਰ ਕੇਸ ਨਹੀਂ ਹਿੱਲੇ। ਭਾਈ ਜੀ ਨੇ ਸੀਸ ਦਿੱਤਾ ਪਰ ਧਰਮ ਕੇਸੀਂ ਸੁਆਸੀ ਨਿਬਾਹਿਆ। ਜੋ ਵਾਕ ਆਪ ਨੇ ਕਹੇ ਸੇ ਉਹ ਅਟੱਲ ਰਹੇ। ਪੰਥ ਸਾਰੇ ਅੱਗੇ ਬੇਨਤੀ ਹੋਈ ਕਿ ਉਹਨਾਂ ਦੇ ਵਾਕ ਨੂੰ ਉਲਟਾਓ। ਪੰਥ ਨੇ ਸ੍ਰੀ

ਹਜ਼ੂਰ ਤਖਤ ਅਕਾਲ ਬੁੰਗਾ ਜੀ ਦੇ ਹਜ਼ੂਰ ਬੈਠਕੇ ਫ਼ੈਸਲਾ ਕੀਤਾ ਕਿ ਬੇਸ਼ਕ ਪੰਥ ਉਲਟਾ ਸਕਦਾ ਹੈ, ਪਰ ਭਾਈ ਜੀ ਦੇ ਪਿਆਰ ਕਰਕੇ ਪੰਥ ਨਹੀਂ ਉਲਟਾਉਂਦਾ। ਇਹ 'ਭਾਈ' ਦੀ ਕੈਸੀ ਵੈਰਾਗਮਈ ਤੇਜਸ੍ਵੀ ਮੂਰਤੀ ਹੈ।

**ਭਾਈ ਦੀ ਅਠਵੀਂ ਮੂਰਤਿ:**

ਮਹਾਰਾਜਾ ਸ਼ੇਰ ਸਿੰਘ ਦਾ ਦਰਬਾਰ ਲਗ ਰਿਹਾ ਹੈ, ਗੱਦੀ ਦੀ ਰਸਮ ਹੋਣੀ ਹੈ, ਭਾਈ ਰਾਮ ਸਿੰਘ ਜੀ ਅਰਦਾਸਾ ਸੋਧ ਰਹੇ ਹਨ। ਜਗੀਰਾਂ ਮਿਲ ਰਹੀਆਂ ਹਨ। ਅਮੀਰਾਂ ਵਿਚ ਵਾਸ ਹੈ, ਸਰਦਾਰਾਂ ਵਿਚ ਅਬਰੋ ਹੈ। ਰਾਜੇ ਮਾਨ ਕਰਦੇ ਹਨ। ਇਹ 'ਭਾਈ' ਦੀ ਕੈਸੀ ਮਾਨਨੀਯ ਮੂਰਤਿ ਹੈ।

## ਅ. ਅਜਕਲ ਦੇ ਭਾਈ

**ਭਾਈ ਦੀ ਨਾਵੀਂ ਮੂਰਤਿ:**

ਇਕ ਆਦਮੀ ਆ ਰਿਹਾ ਹੈ। ਸਿਖ ਜਾਪਦਾ ਹੈ, ਸੀਸ ਤੇ ਰੋਟੀਆਂ ਦਾ ਛਾਬਾ ਹੈ। ਹੱਥ ਦਾਲ ਦੀ ਗੜਵੀ ਹੈ, ਦੇਖਕੇ ਬਾਲ ਦੌੜਕੇ ਮਾਂ ਦੀ ਝੋਲੀ ਵਿਚ ਜਾ ਵੜਦਾ ਹੈ, ਤੇ ਕਹਿੰਦਾ ਹੈ- 'ਮਾਂ, ਮਾਂ, ਮੰਡੇ ਵਾਲਾ ਭਾਈ ਆਇਆ ਹੈ।' ਅਗੋਂ ਸੁਆਣੀ ਕਹਿੰਦੀ ਹੈ- 'ਹਟ ਪਰੇ ਮੈਂ ਮੰਡਾ ਦੇਵਾਂ।' ਬਾਲ ਹਟਦਾ ਨਹੀਂ, ਮਾਂ ਭਾਈ ਨੂੰ ਕਹਿ ਦਿੰਦੀ ਹੈ: 'ਭਾਈ ਜੀ! ਆਪੇ ਕੱਢ ਲਓ', ਚੂਹੜੀ ਦੀ ਰੋਟੀ ਹੇਠਾਂ ਤੁਹਾਡਾ ਮੰਡਾ ਧਰਿਆ ਹੈ। ਇਹ 'ਭਾਈ'ਦੀ ਕੈਸੀ ਮਲਿਤ ਮੂਰਤਿ ਹੈ।

**ਭਾਈ ਦੀ ਦਸਵੀਂ ਮੂਰਤਿ:**

ਇਕ ਰਾਮਾਨੁਜੀ ਘਰਾਣੇ ਵਿਚ ਇਕ ਭਾਈ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੀਤਾ, ਭੋਗ ਪਾਇਆ; ਅਰਦਾਸ ਕੀਤੀ, ਦੋ ਰੁਪਏ ਪਾਠ ਕਰਾਈ ਮਿਲੇ। ਜਦ ਕੜਾਹ ਪ੍ਰਸ਼ਾਦ ਵਰਤਾਉਣ ਲਗੇ, ਤਦ ਕ੍ਰਿਪਾਨ ਕੱਢਕੇ ਹੱਥ ਵਿਚ ਲਈ। ਅਜੇ ਕਰਦ ਭੇਟ ਨਹੀਂ ਕੀਤੀ ਸੀ, ਕਿ ਉਸ ਘਰ ਦੇ ਕੀ ਆਦਮੀ, ਕੀ ਤੀਵੀਆਂ ਦੌੜਕੇ ਲਪਕੇ। ਲੋਹੜੀ ਦੀ ਮੋਹ ਮਾਈ ਮੰਗਣ ਵਾਲੀਆਂ ਕੁੜੀਆਂ ਵਾਂਗ ਗਰੀਬ ਭਾਈ ਨੂੰ ਘੇਰ ਲਿਆ ਤੇ ਬੋਲੇ: 'ਦੇਖਣਾ ਭਾਈ ਜੀ ਅਨਰਥ ਨਾ ਮਾਰਨਾ, ਅਸੀਂ ਵੈਸ਼ਨਵ ਜੇ, ਕੜਾਹ ਨੂੰ


www.sikhbookclub.com

ਛੁਰੀ ਲਾਕੇ ਝਟਕਾ ਨਾ ਕਰ ਦੇਣਾ, ਸਾਡੇ ਕੰਮ ਦਾ ਨਹੀਂ ਰਹੇਗਾ।' ਭਾਈ ਜੀ ਨੇ ਕ੍ਰਿਪਾਨ ਉੜੰਗ ਲਈ ਤੇ ਉਹਨਾਂ ਦੇ ਕਹੇ ਮੂਜਬ ਤੁਲਸੀ ਦਲ ਨਾਲ ਕੜਾਹ ਪ੍ਰਸ਼ਾਦ ਭੇਟ ਕਰਕੇ ਵਰਤਾਇਆ, ਤੇ ਆਪ ਭੀ ਘਰ ਲਿਆਏ। ਵਾਹ, ਇਹ 'ਭਾਈ' ਦੀ ਕੈਸੀ ਸੂਰਬੀਰ ਮੂਰਤੀ ਹੈ।

## ਭਾਈ ਦੀ ਯਾਰ੍ਹਵੀਂ ਮੂਰਤਿ:

ਕੋਟ ਪਤਲੂਨ ਡਟ ਰਿਹਾ ਹੈ; ਮੇਜ਼ ਤੇ ਹੱਥ ਧਰੀ ਬੈਠੇ ਹਨ, ਮੂੰਹ ਵਿਚ ਕਲਮ ਹੈ, ਲੱਤਾਂ ਝੋਲੇ ਮਾਰੇ ਵਾਂਗ ਕੰਬ ਰਹੀਆਂ ਹਨ, ਕਿ ਚਪੜਾਸੀ ਨੇ ਇਕ ਲਿਫ਼ਾਫ਼ਾ ਅਗੇ ਲਿਆ ਰਖਿਆ, ਖੋਹਲਿਆ ਤਾਂ ਸਰਕਾਰੀ ਡਾਕਿਟ (Docket) ਸੀ, ਜਿਸ ਵਿਚ ਉਨ੍ਹਾਂ ਨੂੰ 'ਭਾਈ ਫਲਾਣਾ ਸਿੰਘ' ਕਰਕੇ ਲਿਖਿਆ ਸੀ। 'ਭਾਈ' ਪੜ੍ਹਦੇ ਸਾਰ ਅੱਗ ਲਗ ਗਈ। ਕੜਕ ਕੇ ਬੋਲੇ: "ਤੇਰੀ ਨੌਕਰੀ ਦੀ ਐਸੀ ਤੈਸੀ, ਤੀਹ ਰੁਪਏ ਮਹੀਨੇ ਦੇ ਬਦਲੇ ਅਬਰੋ ਗੁਆਈ। 'ਭਾਈ!' ਅਸੀਂ 'ਭਾਈ', ਅਸੀਂ, ਹੋਰ ਬੀ ਨਾ ਕੋਈ। ਹਛਾ ਹੁਣੇ ਲਿਖਦਾ ਹਾਂ।" ਉਸੇ ਵੇਲੇ ਅਫ਼ਸਰ ਵਲ ਦਰਖ਼ਾਸਤ ਭੇਜੀ ਕਿ 'ਮੈਂ ਭਾਈ ਨਹੀਂ ਹਾਂ, ਭਾਈ ਧਰਮਸਾਲੀਏ ਮੰਗਤੇ ਨੂੰ ਕਹਿੰਦੇ ਹਨ, ਮੈਂ ਸਿਖ ਹਾਂ, ਸਿਖ ਸਭ ਸਰਦਾਰ ਹੁੰਦੇ ਹਨ, ਤਾਂ ਤੇ ਮੈਨੂੰ ਅਗੇ ਲਈ ਸਰਦਾਰ ਲਿਖਿਆ ਜਾਇਆ ਕਰੇ।' ਇਹ 'ਭਾਈ' ਦੀ ਕੈਸੀ ਕਰੁਣਾ ਰਸ ਭਰੀ ਮੂਰਤੀ ਹੈ।

## ਭਾਈ ਦੀ ਬਾਰ੍ਹਵੀਂ ਮੂਰਤਿ:

ਕਿਸੇ ਤਰ੍ਹਾਂ ਸੰਸਾਰ ਵਿਚ ਨਾਮੀ ਹੋਈਏ। ਨਾਮੀ ਗੁਣਾਂ ਬਾਝ ਨਹੀਂ ਹੋਇਆ ਜਾਂਦਾ, ਸਾਡੇ ਵਿਚ ਗੁਣ ਕੋਈ ਨਹੀਂ। ਚਲੋ ਸਿਖਾਂ ਵਿਚ ਚੱਲੀਏ ਉਥੇ ਜ਼ਰੂਰ ਗੁਰੂ ਜਾਂ ਆਗੂ ਬਣ ਜਾਵਾਂਗੇ, ਕਿਉਂਕਿ ਹਿੰਦੁਸਤਾਨ ਵਿਚ ਸਿਰਫ਼ ਇਹੋ ਲੋਕ ਹਨ ਜੋ ਦਿਲ ਦੇ ਸਫ਼ਾ ਹਨ, ਤੇ ਹੋਰਨਾਂ ਨੂੰ ਸਫ਼ਾ ਸਮਝਦੇ ਹਨ। ਅੰਦਰੋਂ ਮਤਲਬ ਸਾਧੀਏ, ਉਪਰੋਂ ਬਗਲੇ ਭਗਤ ਬਣੀਏਂ; ਨਾਮ ਨਾਲ 'ਭਾਈ' ਆਪੇ ਲਾ ਲਵੀਏ। ਭੋਗ ਵੇਲੇ ਮੰਜੀ ਸਾਹਿਬ ਨਾਲ ਠਹਿਕਕੇ ਬੈਠਿਆ ਕਰੀਏ, ਅਫ਼ਸਰਾਂ ਨੂੰ ਚੋਗੇ ਪਾਕੇ ਮਿਲਿਆ ਕਰੀਏ। ਦੱਸਿਆ ਕਰੀਏ, ਅਸੀਂ ਪੁਰਾਣੇ ਭਾਈਆਂ ਦੇ ਖ਼ਾਨਦਾਲ ਵਿਚੋਂ ਹਾਂ, ਇੱਕੁਰ ਨਾਮੀ ਹੋ ਜਾਵਾਂਗੇ। ਅਨੇਕਾਂ ਮਤਲਬ ਸਾਧਾਂਗੇ; ਭਾਈ ਪਦ ਬਹੁਤ ਕੰਮ ਸਾਧੇਗਾ।


www.sikhbookclub.com

ਸਹਜੇ ਸਹਜੇ ਭਾਈ ਪਦ ਕਹਾਉਣ ਲਗ ਜਾਵਾਂਗੇ। ਬਸ ਫੇਰ ਪਉਂ ਬਾਰਾਂ ਹਨ। ਇਸ ਤਰ੍ਹਾਂ ਦੀਆਂ ਵਿਚਾਰਾਂ ਕਰਕੇ ਇਕ ਆਦਮੀ ਭਾਈ ਪਦ ਆਪਣੇ ਨਾਲ ਜੋੜਦਾ ਹੈ। ਜਿਸ ਤਰ੍ਹਾਂ ਇਕ ਕਾਂ ਨੇ ਮੋਰਾਂ ਦੇ ਡਿੱਗੇ ਹੋਏ ਖੰਭ ਆਪਣੇ ਵਿਚ ਉੜੰਗ ਕੇ ਮੋਰਾਂ ਨੂੰ ਠੱਗਣਾ ਚਾਹਿਆ ਸੀ। ਇਹ ਕੈਸੀ ਹਾਸ ਮਈ 'ਭਾਈ' ਦੀ ਮੂਰਤਿ ਹੈ।

**ਸਿੱਧਾਂਤ:**

ਕਿਉਂ ਪਜਾਰੇ ਪਾਠਕ ਜੀ! ਆਪ ਨੇ 'ਭਾਈ' ਦੇ ਨਕਸ਼ੇ ਦੇਖੇ। ਹੁਣ ਵਿਚਾਰ ਕਰੋ, ਕਿ ਆਪ ਨੇ ਕੀ ਸਿੱਧਾਂਤ ਕੱਢਿਆ? ਜਿਸ ਤਰ੍ਹਾਂ ਲਹਿ ਲਹਿ ਕਰਦੇ ਅੰਗੂਰ ਸੁਹਣੇ ਮਿੱਠੇ ਤੇ ਗੁਣਕਾਰ ਹੁੰਦੇ ਹਨ, ਪਰ ਉਹਨਾਂ ਨੂੰ ਪੁੱਠੀ ਤੌਰ ਨਾਲ ਪੁੱਠਾਂ ਦਿੱਤਿਆਂ ਸ਼ਰਾਬ ਤੇ ਤਰਕਾਯਾਂ ਸਿਰਕਾ ਬਣ ਜਾਂਦਾ ਹੈ, ਇਸੀ ਪ੍ਰਕਾਰ ਅੰਗੂਰਾਂ ਸਮਾਨ 'ਭਾਈ' ਪਦ ਨੂੰ ਲੋਕਾਂ ਨੇ ਸ਼ਰਾਬ ਬਣਾਕੇ ਹੰਕਾਰ ਯਾ ਖੁਆਰੀ ਦਾ ਲੱਛਣ ਬਣਾ ਲਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲੇ ਅਕਾਲ ਪੁਰਖ ਦੀ ਏਕਤਾ ਦਾ ਅਸੂਲ ਸਿਖਲਾਇਆ, ਅਰਥਾਤ ਜੀਵ ਦਾ ਅਕਾਲ ਪੁਰਖ ਨਾਲ ਸੰਬੰਧ ਕਰਵਾਇਆ, ਤਦ ਪਰਸਪਰ ਮਾਨੁਖ ਮਾਤ੍ਰ ਦੇ ਸੰਬੰਧ ਦਾ ਅਸੂਲ ਪ੍ਰਤੀਪਾਦਨ ਕੀਤਾ, ਅਰਥਾਤ ਸਹੋਦਰਤਾ ਸਿਖਲਾਈ, ਕਿ ਤੁਸੀਂ ਸਭ ਸਕੇ ਭਾਈ ਹੋ 'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ'। (ਸੋਰ:ਮ:5,ਪੰਨਾ-611) ਜਿਨ੍ਹਾਂ ਪੁਰਖਾਂ ਨੇ ਇਸ ਅਸੂਲ ਪਰ ਆਪਣੇ ਜੀਵਨ ਨੂੰ ਢਾਲ ਲੀਤਾ, ਉਹਨਾਂ ਨੂੰ ਗੁਰੂ ਜੀ ਨੇ 'ਭਾਈ' ਦਾ ਪਦ ਬਖਸ਼ਿਆ। ਭਾਵੇਹ ਕਿ ਇਹ ਪੁਰਖ 'ਭਾਈ' ਹੈ, ਭਰਾ, ਵੀਰ ਹੈ। ਇਸ ਨੂੰ ਸਭ ਕੋਈ ਭਾਈ ਕਹੇ, ਕਿਉਂਕਿ ਇਹ ਹਰ ਇਕ ਨਾਲ ਭਾਈ ਵਰਤਣ ਰਖਦਾ ਹੈ। ਸਤਿਗੁਰਾਂ ਦੇ ਸਾਰੇ ਸਿਖ ਇਸ ਭਾਈ ਅਵਸਥਾ ਨੂੰ ਪਹੁੰਚਦੇ ਸੇ, ਇਸ ਲਈ ਸਾਰੇ ਭਾਈ ਕਹਾਉਂਦੇ ਸੇ। ਉਹਨਾਂ ਵਿਚ ਖਿਮਾਂ, ਕੁਬੋਲ ਸਹਾਰਨ, ਧੀਰਜ, ਲੋਕਾਂ ਭਾਣੇ ਠੱਗੇ ਜਾਣ ਦੀ ਸਹਨਸ਼ੀਲਤਾ, ਤੇ ਪਰਉਪਕਾਰ ਦਾ ਉਤਸ਼ਾਹ ਹੱਦੋਂ ਵੱਧ ਹੁੰਦਾ ਸੀ। ਸਿਖੀ ਇਸ ਗਲ ਦਾ ਨਾਮ ਹੈ, ਕਿ ਸਿਖ ਵਿਚ ਸਿਖੀ ਦੇ ਪੂਰਣ ਗੁਣ ਸਮਾ ਜਾਣ। ਸਿਖ ਚੰਦਨ ਦਾ ਬੂਟਾ ਹੈ, ਜਿਸ ਦੀ ਵਾਸ਼ਨਾ ਨਾਲ ਇਰਦ ਗਿਰਦ ਦੇ ਸਭ ਮਾਨੁਖ ਮਹਿਕ ਜਾਣੇ ਚਾਹੀਦੇ ਹਨ। ਐਸੇ ਸਿਖਾਂ ਦੇ

 www.sikhbookclub.com

ਸਮੂਹ ਦਾ ਨਾਮ ਪੰਥ ਹੈ। ਪੰਥ ਦਾ ਹਰੇਕ ਐਸਾ ਸਿਖ 'ਭਾਈ' ਕਹਿਲਾਉਂਦਾ ਹੈ। ਪੁਰਾਤਨ ਸਿਖਾਂ ਦੇ 'ਭਾਈ' ਪਦ ਤੋਂ ਉਹਨਾਂ ਦੀ ਕਰਣੀ ਕਰਤੱਵਜ ਆਪ ਨੇ ਦੇਖੇ ਹਨ। ਅਜ ਕਲ ਸਿਖਾਂ ਦੇ ਬਹੁਤੇ ਹਿੱਸੇ ਨੇ ਆਪਣੇ ਆਪ ਨੂੰ ਇਤਨਾ ਗਿਰਾਇਆ ਹੈ ਕਿ ਉਹ ਆਪਣੇ ਨਾਮ ਦੇ ਨਾਲ 'ਭਾਈ' ਪਦ ਲਾਉਣ ਤੋਂ ਨਫ਼ਰਤ ਕਰਨ ਲਗ ਪਏ ਹਨ। ਭਾਈ ਦਾ ਉਹ ਮਹਾਂ ਉੱਚ ਭਾਵ ਕਿਥੇ ਲੋਪ ਹੋ ਗਿਆ? ਸਹੋਦਰਤਾ ਦਾ ਅਸੂਲ ਤੇ ਪਰਸਪਰ ਭਰਾ ਸੱਦਣ ਦਾ ਵਰਤਾਉ, ਸਭ ਤੋਂ ਪਹਿਲੋਂ ਸਾਡੇ ਸਰਬੱਗਜ ਸਤਿਗੁਰਾਂ ਨੇ ਹੀ ਪਰਚਾਰਿਆ ਹੈ, ਬ੍ਰਹਮੋ ਸਮਾਜੀਆਂ ਨੇ ਇਹ ਜਾਂਚ ਸਾਥੋਂ ਸਿਖੀ ਹੈ, ਥੀਆਸੋਫੀ ਵਾਲਿਆਂ ਨੇ ਸਾਥੋਂ ਲਈ ਹੈ, ਜੋ ਇਕ ਦੂਜੇ ਨੂੰ 'ਬਰਾਦਰ' ਸੱਦਦੇ ਹਨ; ਸ਼ੋਕ ਹੈ ਕਿ ਅਸੀਂ ਇਸ ਅਸੂਲ ਦੇ ਪ੍ਰਚਾਰਕ ਇਸ ਨੂੰ ਛੱਡ ਦੇਵੀਏ। ਸਾਡਾ ਤਾਤਪਰਜ ਇਹ ਨਹੀਂ ਕਿ ਅਸੀਂ ਕੰਮ ਤਾਂ ਸ਼ੱਤਰੂਆਂ ਵਾਲੇ ਕਰੀਏ ਤੇ ਕਹਾਈਏ ਭਾਈ; ਨਹੀਂ, ਸਾਡਾ ਭਾਵ ਇਹ ਹੈ ਕਿ ਅਸੀਂ ਕਹਾਈਏ 'ਭਾਈ' ਤੇ ਕੰਮ ਭੀ ਅਸੀਂ ਭਾਈਆਂ ਵਾਲੇ ਕਰੀਏ। ਅਸਾਡੇ ਮਨ ਭੀ ਭਾਈਆਂ ਵਾਲੇ ਹੋਣ ਤੇ ਸਾਡਾ ਨਾਮ ਬੀ ਭਾਈ ਹੋਵੇ। 'ਭਾਈ' ਸਦਾਈਏ ਤੇ 'ਭਾਈ' ਹੋਵੀਏ, ਸਭ ਤੋਂ ਵਡਾ ਫ਼ਖ਼ਰ ਸਾਡਾ 'ਭਾਈ' ਪਦ ਹੋਣਾ ਚਾਹੀਏ। (ਖਾਲਸਾ ਸਮਾਚਾਰ ਮਿਤੀ 27 ਜਨਵਰੀ 1904 ਈ:)

## 11. ਨਾਰਿ ਭਤਾਰ ਪਿਆਰ ਹੈ


www.sikhbookclub.com

ਜੇਕਰ ਪਤੀ ਪਤਨੀ ਦਾ ਆਪੋ ਵਿਚ ਪੂਰਾ ਪਿਆਰ ਤੇ ਹਿਤ ਹੋਵੇ ਤਾਂ ਦੁਨੀਆਂ ਭਰ ਵਿਚ ਇਸ ਤੋਂ ਵਧਕੇ ਕੋਈ ਸਾਕ ਨਹੀਂ। ਵਿਆਹ ਤੋਂ ਪਹਿਲੇ ਮਾਤਾ ਪਿਤਾ ਦੀ ਕੁਦਰਤੀ ਮੁਹੱਬਤ, ਭੈਣਾਂ ਭਰਾਵਾਂ ਦਾ ਅਮਰੀ ਹਿਤ ਆਦਮੀ ਦੇ ਜੀਵਨ ਦਾ ਸਹਾਰਾ ਹੁੰਦਾ ਹੈ। ਜੋ ਸਚ ਮੁਚ ਆਦਮੀ ਹੈ ਉਹ ਆਪਣੇ ਮਾਤਾ ਪਿਤਾ ਦਾ ਹੱਕ ਕਦੇ ਨਹੀਂ ਭੁਲਾਉਂਦਾ, ਉਨ੍ਹਾਂ ਦੀ ਮਾਨ ਵਡਾਈ ਕਰਦਾ ਹੈ ਤੇ ਹਰ ਤਰ੍ਹਾਂ ਸੇਵਾ ਲਈ ਤਤਪਰ ਰਹਿੰਦਾ ਹੈ। ਇਸੇ ਤਰ੍ਹਾਂ ਭੈਣਾਂ ਭਰਾਵਾਂ ਦਾ ਮੋਹ ਇਕ ਐਸੀ ਚੀਜ਼ ਹੈ ਜੋ ਆਦਮੀ ਦੇ ਦਮ ਦੇ ਨਾਲ ਨਿਭਦਾ ਹੈ। ਜਦ ਤਕ ਇਕੋ ਲਹੂ ਦੁਹਾਂ ਦੀਆਂ ਨਾੜਾਂ ਵਿਚ ਗੇੜੇ ਮਾਰਦਾ ਹੈ, ਉਹ ਕਿੱਕੁਰ ਅੱਡ ਹੋ ਸਕਦੇ ਹਨ। ਪਰ ਵਹੁਟੀ ਗੱਭਰੂ ਵਿਚ ਜੋ ਸਾਕ ਧਰਮ ਅਰ ਚਾਲ ਮੂਜਬ ਬੰਨ੍ਹਿਆ ਗਿਆ ਹੈ, ਉਹ ਇਨ੍ਹਾਂ ਕੁਦਰਤੀ ਸਾਕਾਂ ਤੋਂ ਵੱਖਰਾ ਹੀ ਹੈ ਤੇ ਜ਼ੋਰਦਾਰ ਹੈ। ਵਿਆਹ ਤੋਂ ਪਹਿਲੇ ਦੋਵੇਂ ਓਪਰੇ ਹਨ। ਏਸ਼ੀਆ ਦੇ ਕਈ ਦੇਸ਼ਾਂ ਵਿਚ ਤਾਂ ਅਕਸਰ ਇਕ ਦੂਜੇ ਦੀ ਸੂਰਤ ਦੀ ਪਛਾਣ ਬੀ ਨਹੀਂ ਹੁੰਦੀ, ਆਪੋ ਵਿਚ ਕੋਈ ਹਮਦਰਦੀ ਨਹੀਂ, ਇਕ ਕਿਸੇ ਹਾਲ ਵਿਚ ਪਲ ਰਿਹਾ ਹੈ, ਦੂਸਰਾ ਕਿਸੇ ਹਾਲਤ ਵਿਚ; ਪਰ ਇਸ ਸਾਕ ਦਾ ਹੋਣਾ ਸੀ ਕਿ ਦੋਵੇਂ ਸਰੀਰ ਇਕ ਜਾਨ ਹੋ ਗਏ। ਦੋਹਾਂ ਦੇ ਕੰਮ ਸਾਂਝੇ, ਦੋਹਾਂ ਦੇ ਆਸ਼ੇ ਇਕ, ਦੁਹਾਂ ਦੇ ਧਨ ਮਾਲ ਇਕੋ। ਦੁਹਾਂ ਦੀ ਔਲਾਦ ਇਕ, ਘਰ ਇਕ, ਇਥੋਂ ਤਾਂਈ ਕਿ ਇਕ ਦੇ ਸਿਰ ਪੀੜ ਹੋਵੇ ਤਦ ਦੂਸਰਾ ਸਿਰ ਚਿੰਤਾ ਨਾਲ ਫਾਹਵਾ ਹੋ ਜਾਏ, ਇਕ ਨੂੰ ਖੁਸ਼ੀ ਹੋਵੇ ਤਾਂ ਦੂਜਾ ਸਾਂਝੀਵਾਲ, ਜੇ ਇਕ ਨੂੰ ਰੰਜ ਪਹੁੰਚੇ ਤਾਂ ਦੂਆ ਹਿੱਸੇਦਾਰ। ਇਸ ਤੋਂ ਵਧੀਕ ਲੋੜੀਂਦਾ, ਪੱਕਾ ਤੇ ਪਵਿੱਤ੍ਰ ਸਾਕ ਹੋਰ ਕੀ ਹੋ ਸਕਦਾ ਹੈ। ਇਸ ਕਰਕੇ ਇਸ ਨੂੰ ਸੰਜੋਗ ਕਹਿੰਦੇ ਹਨ, ਜਿਸ ਦਾ ਅਰਥ ਹੈ

 www.sikhbookclub.com

ਚੰਗੀ ਤਰ੍ਹਾਂ ਜੋੜ ਦੇਣਾ, ਅਰਥਾਤ ਭਰਤਾ ਤੇ ਨਾਰ ਉਮਰ ਪ੍ਰਯੰਤ ਜਕੜੇ ਗਏ। ਵਿਆਹ ਦੀ ਗੰਢ ਐਸੀ ਪੱਕੀ ਹੁੰਦੀ ਹੈ ਕਿ ਮਰਕੇ ਹੀ ਖੁੱਲ੍ਹੇ (ਤੇ ਸ਼ਾਇਦ ਨਾ ਬੀ ਖੁਲ੍ਹੇ)। ਹੁਣ ਜੇ ਭਾਗਾਂ ਨਾਲ ਲਾੜਾ ਲਾੜੀ ਇਕ ਖਿਆਲ ਦੇ ਹਨ, ਇਕ ਦੂਜੇ ਦੀ ਦਿਲੋਂ ਕਦਰ ਕਰਦੇ ਹਨ ਅਰ ਇਕ ਦੂਜੇ ਨਾਲ ਉਮਰ ਭਰ ਸਾਥ ਨਿਬਾਹੁਣ ਵਿਚ ਤਿਆਰ ਬਰ ਤਿਆਰ ਹਨ, ਤਾਂ ਇਹ ਉਨ੍ਹਾਂ ਲਈ ਖੁਸ਼ੀ ਦਾ ਸੋਮਾ ਹੈ। ਉਹ ਮਰਕੇ ਬੀ ਇਸ ਤੋਂ ਛੁੱਟਣਾ ਨਹੀਂ ਚਾਹੁੰਦੇ। ਪਿਆਰ ਦਾ ਜ਼ੰਜ਼ੀਰ ਐਸਾ ਨਹੀਂ ਹੁੰਦਾ ਕਿ ਜਿਸ ਦਾ ਕੈਦੀ ਉਸ ਤੋਂ ਕਦੀ ਅੱਕ ਜਾਏ:-

ਬੱਧੇ ਤੇਰੀ ਵਿਚ ਕਮੰਦੇ ਅਸਲ ਛੁੱਟੇ ਹਨ ਪਿਆਰੇ।

ਪਰ ਜੇ ਖੋਟੇ ਭਾਗਾਂ ਨੂੰ ਦੋ ਉਲਟ ਤਬੀਅਤਾਂ ਆਪੋ ਵਿਚ ਜਕੜੀਆਂ ਗਈਆਂ ਤਦ ਦੋਹਾਂ ਦਾ ਜੀਉਣਾ ਕੁਝ ਜੀਉਣ ਨਹੀਂ ਰਹਿ ਜਾਂਦਾ। ਉਨ੍ਹਾਂ ਦਾ ਘਰ ਘਰ ਨਹੀਂ ਹੁੰਦਾ, ਉਹ ਜੀਉਂਦਿਆਂ ਦੀ ਕਬਰ ਹੋ ਜਾਂਦਾ ਹੈ, ਤੇ ਕਬਰ ਬੀ ਐਸੀ ਕਿ ਜਿਸ ਵਿਚ ਹਰ ਵੇਲੇ ਕਸ਼ਟਾਂ ਦਾ ਸਹਾਰਨਾ.....।

ਹੁਣ ਕੁਝ ਚੰਗੇ ਭਾਗਾਂ ਵਾਲਿਆਂ ਦਾ ਹਾਲ ਸੁਣੋ। ਇੰਗਲਿਸਤਾਨ ਦੇ ਉਨੀਵੀਂ ਸਦੀ ਦੇ ਕਵੀ ਰਾਜ 'ਵਰਡਸ-ਵਰਥ' ਦਾ ਬੜਾ ਨਾਮ ਹੈ। ਉਸ ਦੀ ਵਹੁਟੀ ਘਰ ਵਾਲੇ ਦੀ ਕਦਰ ਕਰਦੀ ਸੀ ਤੇ ਪਤੀ ਘਰ ਵਾਲੀ ਦੀ ਕਦਰ ਕਰਦਾ ਸੀ। ਇਕ ਵੇਰੀ ਇਕ ਅਖ਼ਬਾਰ ਵਿਚ ਵਰਡਸ-ਵਰਥ ਦੇ ਉਲਟ ਨੁਕਤਾਚੀਨੀ ਛਪੀ। ਇਕ ਮਿੱਤ੍ਰ ਨੇ ਆਕੇ ਦੱਸਿਆ। ਕਵੀ ਰਾਜ ਨੇ ਕਿਹਾ 'ਇਸ ਗੱਲ ਨੂੰ ਜਾਣ ਦਿਓ ਮੈਂ ਸੁਣਨਾ ਨਹੀਂ ਚਾਹੁੰਦਾ'। ਮਿੱਤ੍ਰ ਨੇ ਕਿਹਾ 'ਹਛਾ ਇਕ ਗੱਲ ਤਾਂ ਸੁਣ ਲਓ'। ਕਵੀ ਰਾਜ ਨੇ ਕਿਹਾ 'ਉਹ ਕੀ ਹੈ?' ਮਿੱਤ੍ਰ ਨੇ ਕਿਹਾ: ਉਹ ਗੱਲ ਇਹ ਛਪੀ ਹੈ ਕਿ 'ਤੇਰੀ ਵਹੁਟੀ ਬਹੁਤ ਨੇਕ ਹੈ, ਪਰ ਤੂੰ ਇਸ ਦਾਤ ਦਾ ਹੱਕਦਾਰ ਨਹੀਂ।' ਕਵੀ ਰਾਜ ਨੇ ਕਿਹਾ: 'ਬਸ ਇਕ ਇਹੋ ਗੱਲ ਸੱਚੀ ਹੈ ਜੋ ਉਸ ਨੇ ਆਪਣੀ ਨੁਕਤਾਚੀਨੀ ਵਿਚ ਲਿਖੀ ਹੈ।' ਇਹ ਤ੍ਰੀਮਤ ਸ਼ਕਲੋਂ ਵੰਨੋਂ ਕੁਝ ਸੋਹਣੀ ਨਹੀਂ ਸੀ, ਪਰ ਫੇਰ ਬੀ ਉਸ ਦਾ ਪਤੀ ਉਸ ਨਾਲ ਐਡਾ ਰਾਜ਼ੀ ਸੀ ਕਿ ਇਸ ਦਾ ਆਪ ਉਸ ਨੇ ਕਾਰਣ ਦੱਸਿਆ ਹੈ ਕਿ ਉਹ ਦੇਉਤਾ ਸੁਭਾ ਅਤੇ ਹਸਮੁਖੀ ਸੀ। ਇਸ ਸੁਹਪੱਣ ਦੀ ਖਿੱਚ ਉਸ ਦੇ ਚਿਹਰੇ ਦੀ ਸੁਹੱਪਣ ਨਾਲੋਂ ਕੋਈ ਘੱਟ

ਨਹੀਂ ਸੀ। ਵਰਡਸ-ਵਰਥ ਦੀ ਕਵਿਤਾ ਮੁਲਕ ਵਿਚ ਬਹੁਤ ਚਿਰ ਪਿਛੋਂ ਪ੍ਰਸਿੱਧ ਹੋਈ। ਉਹ ਵਿਚਾਰਾ ਡਾਢੀਆਂ ਔਕੜਾਂ ਨਾਲ ਕਵਿਤਾ ਬਣਾਉਂਦਾ ਸੀ ਅਤੇ ਛਪਾਉਂਦਾ ਸੀ, ਪਰ ਜ਼ਮਾਨੇ ਦੇ ਆਦਮੀ ਉਸ ਦੀ ਕਵਿਤਾ ਨੂੰ ਨਿੰਦਦੇ ਰਹਿੰਦੇ ਸਨ। ਇਸ ਜ਼ਮਾਨੇ ਵਿਚ ਕੇਵਲ ਉਸਦੀ ਸੁਪਤਨੀ ਹੀ ਸੀ, ਜੋ ਉਸ ਦੀ ਕਵਿਤਾ ਦੀ ਕਦਰ ਕਰਦੀ ਹੁੰਦੀ ਸੀ। ਜਿਸ ਦੇ ਭਰੋਸੇ ਤੇ ਉਹ ਲਿਖਦਾ ਜਾਂਦਾ ਸੀ। ਕੁਛ ਚਿਰ ਮਗਰੋਂ ਜ਼ਮਾਨਾ ਉਸ ਦੀ ਕਦਰ ਕਰਨ ਲਗ ਪਿਆ। ਜਦ ਉਸ ਦੀ ਕੋਈ ਕਵਿਤਾ ਛਪਦੀ ਤਾਂ "ਜਾਫਰੀ", ਜਿਹੜਾ ਉਸ ਜ਼ਮਾਨੇ ਵਿਚ ਬੜਾ ਪ੍ਰਸਿੱਧ ਕਵੀ ਮੰਨਿਆ ਜਾਂਦਾ ਸੀ, ਲਿਖਦਾ ਹੈ: "ਇਸ ਆਦਮੀ ਦਾ ਲੇਖ ਭੈੜੇ ਨਾਲੋਂ ਭੈੜਾ ਹੁੰਦਾ ਜਾਂਦਾ ਹੈ।" ਪਰ ਉਸ ਦੀ ਸੁਪਤਨੀ ਹਰ ਵੇਲੇ ਉਸ ਨੂੰ ਢਾਰਸ ਦਿੰਦੀ ਰਹਿੰਦੀ 'ਤੇਰੀ ਲਿਖਤ ਦਿਨੋ ਦਿਨ ਉੱਨਤੀ ਪਰ ਹੈ'। ਮਰਨ ਦੇ ਸਮੇਂ ਤਕ ਦੋਵੇਂ ਭਰਤਾ ਇਸਤ੍ਰੀ ਇਕ ਦੂਜੇ ਲਈ ਜਾਨ ਦੇਣ ਲਈ ਤਿਆਰ ਰਹੇ। ਇਕ ਵਾਰੀ ਇਕ ਪ੍ਰਦੇਸੀ ਵਰਡਸ-ਵਰਥ ਦੇ ਬੁਢੇਪੇ ਦੇ ਸਮੇਂ ਵਿਚ ਉਸ ਦੇ ਘਰ ਮਿਲਣ ਲਈ ਗਿਆ। ਉਸ ਨੂੰ ਮਿਲਕੇ ਆਇਆ ਤਾਂ ਲੋਕਾਂ ਨੇ ਪੁੱਛਿਆ: 'ਕਹੁ ਕੀ ਡਿੱਠਾ?' ਉਹ ਕਹਿਣ ਲੱਗਾ: "ਜਦ ਮੈਂ ਉਸ ਦੇ ਘਰ ਗਿਆ, ਮੈਂ ਡਿੱਠਾ ਕਿ ਬੁੱਢੇ ਭਰਤਾ ਜੀ ਅਪਣੀ ਸੁਪਤਨੀ ਦੇ ਨਾਲ ਵਿਹੜੇ ਵਿਚ ਟਹਿਲ ਰਹੇ ਸਨ। ਆਪ ਨੂੰ ਕੁਛ ਕੁਛ ਘੱਟ ਭੀ ਦਿਖਾਈ ਦਿੰਦਾ ਹੈ ਅਤੇ ਇਸਤ੍ਰੀ ਭੀ ਬਹੁਤਾ ਬ੍ਰਿਧ ਹੈ, ਪ੍ਰੰਤੂ ਉਹਨਾਂ ਦਾ ਪਿਆਰ ਆਪੋ ਵਿਚ ਅਜਿਹਾ ਮਲੂਮ ਹੁੰਦਾ ਹੈ ਜਿਸ ਤਰ੍ਹਾਂ ਨਵੇਂ ਵਿਆਹੇ ਲਾੜੀ ਲਾੜੇ ਦਾ ਹੁੰਦਾ ਹੈ। ਉਨ੍ਹਾਂ ਦੀ ਇਕ ਹਮਸਾਈ ਆਖਦੀ ਹੈ ਕਿ ਮੈਂ ਕਈ ਵਾਰੀ ਦੇਖਦੀ ਹੁੰਦੀ ਸੀ ਕਿ ਪਤਨੀ ਭਰਤਾ ਦੀ ਭਾਲ ਵਿਚ ਘਾਬਰੀ ਹੋਈ ਕੋਠੀ ਵਿਚੋਂ ਨਿਕਲਦੀ ਸੀ ਅਤੇ ਲੱਭਦੀ ਲੱਭਦੀ ਉਸ ਨੂੰ ਕਿਧਰੇ ਧੁੱਪ ਵਿਚ ਬਾਗ ਵਿਚ ਲੇਟਿਆ ਹੋਇਆ ਦੇਖਦੀ ਸੀ ਤਾਂ ਨੱਸ ਕੇ ਉਸ ਦੀ ਟੋਪੀ ਲੈ ਆਉਂਦੀ ਸੀ ਕਿ ਮਤੇ ਧੁੱਪ ਨਾਲ ਉਸ ਦੇ ਸਿਰ ਪੀੜ ਨਾ ਚੜ੍ਹ ਜਾਵੇ ਅਤੇ ਫਿਰ ਉਸ ਦੇ ਸਿਰਹਾਣੇ ਬੈਠ ਕੇ ਉਸ ਦੀ ਰਾਖੀ ਕਰਦੀ ਰਹਿੰਦੀ ਸੀ ਜਦ ਤਕ ਕਿ ਉਹ ਸੌਂਕੇ ਨਹੀਂ ਉਠਦਾ ਸੀ"।

ਇਸ ਲੜੀ ਵਿਚ ਬਰਾਊਨਿੰਗ ਭਰਤਾ ਇਸਤ੍ਰੀ ਦਾ ਨਾਮ ਲਿਖਣੋਂ ਨਹੀਂ ਰਿਹਾ ਜਾ ਸਕਦਾ। ਇਨ੍ਹਾਂ ਦੋਹਾਂ ਦੀ ਆਪੋ ਵਿਚ ਦੀ ਮੁਹੱਬਤ ਕਦੀ

 www.sikhbookclub.com

ਬੀ ਨਹੀਂ ਭੁੱਲ ਸਕਦੀ। ਭਰਤਾ ਬੀ ਪ੍ਰਬੀਨ ਗ੍ਰੰਥਾਕਾਰ ਸੀ ਅਤੇ ਪਤਨੀ ਬੀ ਵੈਸੀ ਹੀ ਸੀ। ਜਦ ਇਨ੍ਹਾਂ ਦਾ ਵਿਆਹ ਅਜੇ ਨਹੀਂ ਸੀ ਹੋਇਆ ਤਾਂ ਇਕ ਉਘੇ ਦਾਨੇ ਨੇ ਕਿਹਾ ਸੀ ਕਿ ਈਸ਼ੂਰ ਹੀ ਕਿਰਪਾ ਕਰੇ ਕਿ ਇਨ੍ਹਾਂ ਦੀ ਆਪੋ ਵਿਚ ਬਣੀ ਰਹੇ, ਕਿਉਂਕਿ ਦੋਨਾਂ ਨੂੰ ਆਪਣੀ ਲਿਆਕਤ ਦਾ ਘੁਮੰਡ ਹੈ, ਪਰ ਇਨ੍ਹਾਂ ਦੀ ਅਜੇਹੀ ਬਣੀ ਕਿ ਹੋਰਨਾਂ ਦੇ ਵਾਸਤੇ ਇਕ ਨਮੂਨਾ ਬਣਕੇ ਦਿਖਲਾ ਦਿਤਾ। ਪਤਨੀ ਆਪਣੀ ਸਹੇਲੀ ਨੂੰ ਪੱਤ੍ਰਕਾ ਲਿਖਦੀ ਹੈ: 'ਬਰਾਊਨਿੰਗ ਦਾ ਭੇਤ ਕੋਈ ਬੀ ਹੱਛੀ ਪ੍ਰਕਾਰ ਨਹੀਂ ਲੈ ਸਕਦਾ ਜਿਹਾ ਕੁ ਮੈਂ ਉਸ ਦੇ ਦਿਲ ਵਿਚ ਨਿਵਾਸ ਕਰਦੀ ਹਾਂ, ਉਸ ਦੇ ਸਾਹ ਤਕ ਦੀ ਭੀ ਅਵਾਜ਼ ਸੁਣਦੀ ਹਾਂ'। ਲੋਕੀ ਵਿਆਹ ਨੂੰ ਕਦੇ ਬੇੜੀਆਂ ਦੇ ਤੁੱਲ ਦੱਸਦੇ ਹਨ, ਪਰ ਬਰਾਊਨਿੰਗ ਇਨ੍ਹਾਂ ਬੇੜੀਆਂ ਤੇ ਕੁਰਬਾਨ ਹੁੰਦਾ ਸੀ। ਇਕ ਲੇਖਕ ਜੀ ਲਿਖਦੇ ਹਨ ਕਿ ਉਹ ਸਚ ਮੁਚ ਇਨ੍ਹਾਂ ਬੇੜੀਆਂ ਨੂੰ ਚੁੰਮਦਾ ਸੀ। ਜਦ ਕਦੀ ਬਰਾਊਨਿੰਗ ਕਿਧਰੋਂ ਬਾਹਰੋਂ ਘਰ ਆਉਂਦਾ ਤਾਂ ਗਿਰਜੇ ਘਰ ਵਿਚ, ਜਿਥੇ ਉਸ ਦਾ ਵਿਵਾਹ ਹੋਇਆ ਸੀ, ਜਾਂਦਾ ਅਤੇ ਪੱਥਰ ਦੇ ਗੱਡੇ ਹੋਏ ਥੰਮ ਨੂੰ ਮੱਥਾ ਟੇਕਦਾ ਅਤੇ ਘੜੀ ਮੁੜੀ ਉਸਨੂੰ ਚੁੰਮਦਾ। ਪਤਨੀ, ਜਿਹੜੀ ਵਿਵਾਹ ਥੋਂ ਪਹਿਲੇ ਹਰ ਵੇਲੇ ਬੀਮਾਰ ਹੀ ਰਹਿੰਦੀ ਸੀ, ਇਸਦੇ ਨਾਲ ਵਿਆਹ ਹੋਣ ਨਾਲ ਉਸਦੀਆਂ ਸਭ ਬੀਮਾਰੀਆਂ ਦੂਰ ਹੋ ਗਈਆਂ ਅਤੇ ਉਹ ਹਰ ਵੇਲੇ ਹਸਦੇ ਮੂੰਹ ਅਤੇ ਖਿੜੇ ਮੱਥੇ ਹੀ ਦਿੱਸਦੀ ਸੀ ਅਤੇ ਬਿਲਕੁਲ ਰਾਜ਼ੀ ਬਾਜ਼ੀ ਹੋ ਗਈ ਸੀ।

ਅਮਰੀਕਾ ਵਿਚ ਹਾਥਾਰਨ ਇਕ ਪ੍ਰਸਿੱਧ ਆਦਮੀ ਹੋਇਆ ਹੈ। ਜਿਸ ਤਰ੍ਹਾਂ ਦੁਨੀਆਂ ਵਿਚ ਕਈ ਵੱਡਿਆਂ ਵੱਡਿਆਂ ਆਦਮੀਆਂ ਨੂੰ ਰੁਪਏ ਦੀ ਤੋਟ ਵਿਚ ਆਣਕੇ ਦੁਖ ਸਹਿਣੇ ਪਏ ਹਨ, ਇਸੇ ਤਰ੍ਹਾਂ ਇਸ ਨਾਲ ਬੀ ਹੋਇਆ। ਇਸ ਪਰ ਅਜੇਹਾ ਵੇਲਾ ਆ ਗਿਆ ਸੀ ਕਿ ਰੋਟੀ ਖਾਣ ਨੂੰ ਬੀ ਨਹੀਂ ਲੱਭਦੀ ਸੀ, ਪਰ ਭਾਗਵਾਨ ਸੁਭਾਗਜ ਪਤਨੀ ਨੇ ਇਹ ਦੁਖ ਬਹੁਤਾ ਮਾਲੂਮ ਨਾ ਹੋਣ ਦਿੱਤਾ। 1849 ਵਿਚ ਇਹ ਇਕ ਛੋਟੀ ਜਿਹੀ ਨੌਕਰੀ ਪਰ ਕੰਮ ਕਰਦੀ ਸੀ, ਉਹ ਬੀ ਜਾਂਦੀ ਰਹੀ। ਓਹ ਦਿਨ ਇਸ ਲਈ ਭਾਰੀ ਔਕੜ ਦੇ ਸਨ, ਪਰ ਇਸ ਦੀ ਪਤਨੀ ਦੀ ਹਿੰਮਤ ਵੱਲ ਦੇਖੋ, ਅਪਣੀ ਮਾਂ ਨੂੰ ਪੱਤ੍ਰਕਾ ਲਿਖਦੀ ਹੈ- "ਪਿਆਰੀ ਮਾਂ, ਮੈਨੂੰ ਅਜਿਹੀ ਉਮੈਦ ਸੀ ਕਿ ਤੂੰ ਇਸ ਸਾਡੇ ਦੁੱਖ ਨੂੰ ਦਲੇਰੀ ਨਾਲ ਸੁਣੇਂਗੀ, ਜਿਹਾ

ਕੁ ਤੁਹਾਡੇ ਖਤ ਤੋਂ ਮਲੂਮ ਹੁੰਦਾ ਹੈ। ਪਿਆਰੀ ਮਾਂ, ਮੈਂ ਤੈਨੂੰ ਦੱਸਦੀ ਹਾਂ ਕਿ ਮੇਰਾ ਨੇਕ ਪਤੀ ਅਜਿਹਾ ਮਿੱਤ੍ਰ ਹੈ, ਉਸਦੇ ਹੁੰਦਿਆਂ ਮੈਨੂੰ ਕੋਈ ਬੀ ਦੁਖ ਨਹੀਂ ਸਤਾ ਸਕਦਾ। ਕੁੱਲ ਚੀਜ਼ਾਂ ਨਸ਼ਟ ਹੋ ਜਾਣ ਵਾਲੀਆਂ ਹਨ, ਅਜ ਹੋਈਆਂ ਕੱਲ ਨਾ ਹੋਈਆਂ; ਪਰ ਅਜਿਹੀ ਜ਼ਿੰਦਗੀ ਦੀ ਖੁਸ਼ੀ ਨਸ਼ਟ ਹੋਣ ਵਾਲੀ ਨਹੀਂ। ਇਸ ਖੁਸ਼ੀ ਨੇ ਮੇਰੇ ਰਸਤੇ ਵਿਚ ਅਜਿਹੇ ਫੁੱਲ ਖਿਲੇਰੇ ਹਨ ਕਿ ਕਿਸੇ ਕੰਡੇ ਦੀ ਵੀ ਚੋਭ ਦੀ ਕੁਛ ਪਰਵਾਹ ਨਹੀਂ। ਮੈਂ ਅਪਣੇ ਪਤੀ ਪਰ ਹੀ ਫ਼ਖ਼ਰ ਕਰਦੀ ਹਾਂ।" ਇਸ ਥੋਂ ਮਗਰੋਂ ਇਕ 1851 ਈਸਵੀ ਦਾ ਖਤ ਲਿਖਿਆ ਹੋਇਆ ਹੈ। ਇਤਨੇ ਚਿਰ ਵਿਚ ਇਨ੍ਹਾਂ ਦੇ ਗ਼ਰੀਬੀ ਦੇ ਦਿਨ ਕੁਛ ਟਲ ਗਏ ਸਨ ਅਤੇ ਬਿਲਕੁਲ ਫਾਕੇ ਦੀ ਜਗਾ ਦਾਲ ਰੋਟੀ ਨਸੀਬ ਹੋਣ ਲਗ ਪਈ ਸੀ। ਇਨ੍ਹਾਂ ਦਿਨਾਂ ਦੀ ਬੀ ਸ਼ੁਕਰ ਗੁਜ਼ਾਰੀ ਦੇਖਣ ਦੇ ਲਾਇਕ ਹੈ: 'ਪਿਆਰੀ ਅੰਮਾਂ' ਮੈਨੂੰ ਖੁਸ਼ੀ ਹੈ ਕਿ ਤੂੰ ਬੀ ਸਾਨੂੰ ਖੁਸ਼-ਹਾਲ ਵੇਖਕੇ ਖੁਸ਼ ਹੁੰਦੀ ਹੋਵੇਂਗੀ। ਜੇ ਕੋਈ ਦੁਨੀਆਂ ਵਿਚ ਭਾਗਾਂ ਵਾਲਾ ਹੋਇਆ ਹੈ ਤਾਂ ਮੈਂ ਹਾਂ। ਨਾ ਨਸ਼ਟ ਹੋਣ ਵਾਲੇ ਹਿਤ ਦੀ ਚਾਦਰ ਲਪੇਟੀ ਹੈ। ਓਹੋ ਮੁਹੱਬਤ ਮੇਰੇ ਤਨ ਮਨ ਵਿਚ ਘਰ ਕਰੀ ਬੈਠੀ ਹੈ। ਈਸ਼੍ਵਰ ਦੀ ਕਿਰਪਾ ਨਾਲ ਅਸੀਂ ਸਾਰੇ ਰਾਜ਼ੀ ਬਾਜ਼ੀ ਹਾਂ। ਮੇਰਾ ਪਤੀ ਮੇਰੇ ਤੇ ਬੜੀ ਕਿਰਪਾ ਕਰਨ ਵਾਲਾ ਹੈ। ਮੇਰੇ ਬਿਨਾਂ ਕੋਈ ਬੀ ਨਹੀਂ ਜਾਣ ਸਕਦਾ ਕਿ ਉਹ ਕਿੱਡਾ ਅੱਛਾ ਹੈ। ਉਸਦੇ ਪਾਸ ਪਹੁੰਚਣਾ ਮੇਰੇ ਲਈ ਅਜਿਹਾ ਹੈ ਕਿ ਜਿਹਾ ਚਮਕਦਿਆਂ ਸਿਤਾਰਿਆਂ ਤਕ ਅੱਪੜਨਾ। ਉਸਦਾ ਸੁੰਦਰ ਮੁਖੜਾ ਮੇਰੇ ਲਈ ਚਮਕਦੇ ਸੂਰਜ ਵਤ ਹੈ। ਈਸ਼੍ਵਰ ਦੀ ਵੱਡੀ ਕਿਰਪਾ ਇਹ ਬੀ ਹੈ ਕਿ ਉਸਨੇ ਸਾਨੂੰ ਅਜਿਹੇ ਪਿਆਰੇ ਪੁਤ੍ਰ ਬਖਸ਼ੇ ਹਨ। ਹੁਣ ਤਾਂ ਕੁਝ ਰੋਜ਼ੀ ਦਾ ਦਰਵਾਜ਼ਾ ਬੀ ਖੁੱਲ੍ਹਾ ਨਜ਼ਰ ਆਉਂਦਾ ਹੈ। ਹੁਣ ਅਸੀਂ ਰੋਟੀ ਰੱਜਕੇ ਖਾ ਸਕਦੇ ਹਾਂ।"

ਕਿੰਗਸਲੇ ਪ੍ਰਸਿਧ ਕਵੀ ਦੀ ਕਹਾਣੀ ਬੀ ਕੋਈ ਘੱਟ ਸਵਾਦਲੀ ਨਹੀਂ ਜਦ ਉਸਨੂੰ ਉਹ ਇਸਤ੍ਰੀ ਦਿਖਾਈ ਦਿੱਤੀ, ਜਿਸ ਨਾਲ ਅੰਤ ਉਸ ਦਾ ਵਿਵਾਹ ਹੋਇਆ, ਤਦ ਉਸ ਦੀ ਉਮਰ 20 ਬਰਸਾਂ ਦੀ ਸੀ। ਉਹਨਾਂ ਦਿਨਾਂ ਵਿਚ ਉਹ ਕੌਮੀ ਖਿਆਲਾਂ ਦੇ ਵਹਿਮਾਂ ਵਿਚ ਡੁਬਿਆ ਹੋਇਆ ਸੀ ਅਤੇ ਹਰ ਵੇਲੇ ਉਸਦੇ ਚਿਹਰੇ ਤੋਂ ਉਦਾਸੀ ਜਿਹੀ ਪ੍ਰਤੀਤ ਹੁੰਦੀ ਸੀ, ਜੋ ਉਸਦੇ ਅੰਦਰ ਦਾ ਹਾਲ ਪ੍ਰਗਟ ਕਰਦੀ ਸੀ। ਉਸਨੇ ਅਪਣੀ ਨੇਕ

 www.sikhbookclub.com

ਪਤਨੀ ਨੂੰ ਅਪਣੇ ਵਹਿਮ ਪ੍ਰਗਟ ਕੀਤੇ। ਉਹ ਅਪਣੇ ਧਰਮ ਵਿਚ ਪੱਕੀ ਸੀ। ਉਸ ਨੇ ਪਤੀ ਨੂੰ ਅਪਣੇ ਧਰਮ ਪਰ ਦ੍ਰਿੜ੍ਹ ਕਰ ਦਿਤਾ। ਰੋਜ਼ ਦੀਆਂ ਵਿਚਾਰਾਂ ਪਰ ਹੌਲੀ ਹੌਲੀ ਕਿੰਗਸਲੇ ਦੇ ਸ਼ੱਕ ਦੂਰ ਹੋ ਗਏ ਅਤੇ ਉਹਨਾਂ ਦੀ ਜਗ੍ਹਾ ਉਹ ਪੱਕਾ ਧਰਮਾਤਮਾ ਹੋ ਗਿਆ। ਕਿੰਗਸਲੇ ਹਰ ਵੇਲੇ ਅਪਣੀ ਕਾਮਯਾਬੀ ਅਪਣੀ ਪਤਨੀ ਤੋਂ ਹੋਈ ਦੱਸਦਾ ਸੀ। ਉਹ ਆਖਦਾ ਸੀ ਕਿ ਜੇ ਇਹ ਪਤਨੀ ਮੈਨੂੰ ਨਾ ਮਿਲਦੀ ਤਾਂ ਮੈਂ ਇਤਨਾ ਪ੍ਰਸਿੱਧ ਕਵੀ ਨਹੀਂ ਹੋ ਸਕਦਾ ਸੀ। ਇਕ ਵਾਰ ਇਕੱਲਾ ਕਿਧਰੇ ਸੈਰ ਲਈ ਗਿਆ। ਉਥੋਂ ਜੋ ਪੱਤ੍ਰਕਾ ਅਪਣੀ ਇਸਤ੍ਰੀ ਨੂੰ ਲਿਖੀ ਇਸ ਥੋਂ ਮਲੂਮ ਹੁੰਦਾ ਹੈ ਕਿ ਉਹ ਕਿਹਾ ਹੱਛਾ ਪਤੀ ਸੀ: 'ਇਹ ਜਗਾ ਬੜੀ ਸੁੰਦਰ ਹੈ। ਹਰ ਇਕ ਵਸਤੂ ਦਿਲ ਨੂੰ ਮੋਹਨ ਵਾਲੀ ਹੈ, ਪਰ ਤੈਥੋਂ ਬਗੈਰ ਮੈਨੂੰ ਇਕ ਉਜਾੜ ਭਾਸਦੀ ਹੈ। ਹਰ ਵੇਲੇ ਤੇਰਾ ਸੁੰਦਰ ਚਿਹਰਾ ਹੀ ਮੇਰੀਆਂ ਅੱਖਾਂ ਅਗੇ ਦਿਖਲਾਈ ਦਿੰਦਾ ਹੈ। ਲੋਕੀਂ ਆਖਦੇ ਹੁੰਦੇ ਹਨ ਕਿ ਮੁਹੱਬਤ ਕੇਵਲ ਖਾਰਿਆਂ ਦੇ ਵੇਲੇ ਤਕ ਹੁੰਦੀ ਹੈ, ਅਤੇ ਵਿਵਾਹ ਦੇ ਮਗਰੋਂ ਬਿਲਕੁਲ ਕਾਫ਼ੂਰ ਹੋ ਜਾਂਦੀ ਹੈ, ਓਹ ਮੂਰਖ ਹਨ। ਮੈਂ ਅਜ ਸਾਰਾ ਦਿਨ ਤਾਕੀ ਦੇ ਪਾਸ ਲੰਮਾ ਪਿਆ ਰਿਹਾ, ਪਰ ਘਰ ਥੋਂ ਛੁਟ ਮੈਨੂੰ ਹੋਰ ਕੋਈ ਖਿਆਲ ਬੀ ਨਾ ਆਇਆ। ਹਾਇ! ਮੇਰਾ ਦਿਲ ਕਿਤਨਾ ਹੀ ਕਰਦਾ ਹੈ ਕਿ ਕਿਵੇਂ ਘਰ ਅੱਪੜਾਂ।'

ਕੁਛ ਚਿਰ ਮਗਰੋਂ ਇਹ ਦੋਵੇਂ ਬੀਮਾਰ ਰਹਿਣ ਲਗੇ, ਪਰ ਆਪੋ ਵਿਚ ਦੁਖ ਵੰਡਕੇ ਬੀਮਾਰੀ ਦੇ ਦੁਖ ਨੂੰ ਹੌਲਾ ਕਰ ਲੈਂਦੇ ਸਨ।

ਇਕ ਵਾਰੀ ਕਿੰਗਸਲੇ ਨੇ, ਆਪਣੇ ਮਿਤ੍ਰ ਨੂੰ, ਜਿਸਦੀ ਪਤਨੀ ਬੀਮਾਰ ਸੀ, ਲਿਖਿਆ, "ਵਿਵਾਹ ਸਮੇਂ ਜੋ ਗੱਲਾਂ ਕਹੀਆਂ ਜਾਂਦੀਆਂ ਹਨ ਭਰਤਾ ਇਸਤ੍ਰੀ ਉਸ ਨੂੰ ਹੱਛੀ ਪ੍ਰਕਾਰ ਸਮਝ ਨਹੀਂ ਸਕਦੇ ਜਦ ਤਕ ਕਿ ਆਪੋ ਵਿਚ ਇਕ ਦੂਜੇ ਦੀ ਬੀਮਾਰੀ ਦਾ ਦੁਖ ਵੰਡਣ ਦਾ ਵੱਲ ਨਾ ਆਉਂਦਾ ਹੋਵੇ।'

ਇਸ ਨੇਕ ਆਦਮੀ ਦੇ ਮਰਨ ਥੋਂ ਕੁਛ ਦਿਨ ਪਹਿਲੇ ਉਸਦੀ ਪਤਨੀ ਬਹੁਤ ਬੀਮਾਰ ਹੋ ਗਈ। ਕਿਸੇ ਨੇ ਆਣਕੇ ਕਿਹਾ ਕਿ ਤੇਰੀ ਇਸਤ੍ਰੀ ਬਹੁਤ ਬੀਮਾਰ ਹੈ। ਉਸ ਨੇ ਉਤਰ ਦਿਤਾ 'ਏਸ ਸੰਦੇਸੇ ਨਾਲ ਮੇਰੇ ਮੌਤ ਦੇ ਹੁਕਮ ਉੱਤੇ ਭੀ ਸਹੀ ਪੈ ਗਈ ਹੈ।'

ਇਸ ਦੇ ਮਗਰੋਂ ਉਹ ਆਪ ਬੀ ਬੀਮਾਰ ਹੋ ਗਿਆ। ਹਕੀਮ ਨੇ ਕਿਹਾ ਕਿ ਇਸ ਦੇ ਕਮਰੇ ਨੂੰ ਹਰ ਵੇਲੇ ਗਰਮ ਰਖੋ ਅਤੇ ਉਸ ਨੂੰ ਬਾਹਰ


www.sikhbookclub.com

ਨਾ ਨਿਕਲਣ ਦਿਓ। ਕੁਛ ਦਿਨ ਤਾਂ ਅਜਿਹਾ ਹੀ ਕੀਤਾ ਜਾਂਦਾ ਰਿਹਾ, ਪਰ ਅੰਤ ਨਾ ਰਹਿ ਸਕਿਆ। ਪਾਸ ਬੈਠੇ ਆਦਮੀਆਂ ਪਾਸੋਂ ਨਜ਼ਰ ਬਚਾਕੇ ਅਪਣੀ ਪਤਨੀ ਦੇ ਕਮਰੇ ਵਿਚ ਜਾ ਵੜਿਆ ਅਤੇ ਉਸਦਾ ਹੱਥ ਆਪਣੇ ਹੱਥ ਵਿਚ ਲੈਕੇ ਉਸ ਨੂੰ ਚੰਬੜ ਗਿਆ। ਉਹ ਹੈਰਾਨ ਹੋਕੇ ਉਸਦੇ ਮੂੰਹ ਵੱਲ ਤੱਕਣ ਲੱਗੀ ਅਤੇ ਡਾਕਟਰ ਦੀ ਆਖੀ ਹੋਈ ਗੱਲ ਦਾ ਚੇਤਾ ਕਰਾਉਣ ਲੱਗੀ। ਉਹ ਆਖਣ ਲੱਗਾ ਮੇਰੇ ਵਾਸਤੇ ਇਹ ਜਗ੍ਹਾ ਸਵਰਗ ਵਤ ਹੈ, ਕੁਛ ਪ੍ਰਵਾਹ ਨਹੀਂ। ਇਤਨੇ ਚਿਰ ਵਿਚ ਉਸਨੂੰ ਜ਼ੋਰ ਨਾਲ ਖੰਘ ਛਿੜ ਪਈ ਅਤੇ ਉਹ ਨਿਢਾਲ ਹੋ ਗਿਆ। ਉਸਦੇ ਮਿਤ੍ਰ ਉਸ ਨੂੰ ਉਠਾਕੇ ਉਸਦੇ ਕਮਰੇ ਵਿਚ ਲੈ ਗਏ। ਉਥੇ ਲੰਮਾ ਪਿਆ ਹੀ ਪੈਨਸਲ ਨਾਲ ਆਪਣੀ ਪਤਨੀ ਨੂੰ ਪਤ੍ਰਕਾ ਲਿਖਦਾ ਹੁੰਦਾ ਸੀ ਅਤੇ ਉਹ ਬੀ ਲੰਮੀ ਪਈ ਪਈ ਉਸਦਾ ਉੱਤ੍ਰ ਇਸੇ ਪ੍ਰਕਾਰ ਦਿੰਦੀ ਹੁੰਦੀ ਸੀ। ਅੰਤ ਨੂੰ ਦੋਵੇਂ ਅਜਿਹੇ ਨਿਸੱਤੇ ਹੋ ਗਏ ਕਿ ਪੈਨਸਲ ਨਾਲ ਲਿਖਣ ਦੀ ਬੀ ਹਿੰਮਤ ਨਾ ਰਹੀ। ਇਸਦੇ ਕੁਛ ਦਿਨ ਮਗਰੋਂ ਦੰਪਤੀ ਕਿੰਗਸਲੇ ਹੋਰੀਂ ਦੁਨੀਆਂ ਨੂੰ ਛੱਡ ਗਏ।

ਅਜੇਹੀਆਂ ਬਹੁਤ ਸਾਰੀਆਂ ਉਦਾਹਰਣਾਂ ਮਿਲ ਸਕਦੀਆਂ ਹਨ, ਪਰ ਜਿਤਨੀਆਂ ਲੋੜੀਂਦੀਆਂ ਸਨ ਪ੍ਰਗਟ ਕਰ ਦਿਤੀਆਂ ਹਨ। ਜਿਥੇ ਕੁਪੱਤੀਆਂ ਇਸਤ੍ਰੀਆਂ ਨਾਲ ਵਾਹ ਪੈ ਗਿਆ, ਕਈ ਲਾਇਕ ਅਤੇ ਦਾਨਾ ਆਦਮੀਆਂ ਦੀਆਂ ਜ਼ਿੰਦਗੀਆਂ ਖਰਾਬ ਅਤੇ ਬਰਬਾਦ ਹੋ ਗਈਆਂ।

ਸਾਨੂੰ ਆਸ਼ਾ ਹੈ ਕਿ ਸਾਡੇ ਦੇਸ਼ ਦੀਆਂ ਮਾਵਾਂ ਆਪਣੀਆਂ ਧੀਆਂ ਨੂੰ ਬੀ ਅਜਿਹੀਆਂ ਹੀ ਗੱਲਾਂ ਦਾ ਉਪਦੇਸ਼ ਦੇਕੇ ਆਪਣੀਆਂ ਧੀਆਂ ਦੀ ਅਗਲੀ ਉਮਰ ਨੂੰ ਸਵਾਰਨ ਦੀ ਕੋਸ਼ਸ਼ ਕਰਨਗੀਆਂ, ਤਾਂਕਿ ਉਹ ਬੀ ਆਪਣਿਆਂ ਪਤੀਆਂ ਨਾਲ ਹਿਤ ਰੱਖਕੇ ਆਪਣੀਆਂ ਜ਼ਿੰਦਗੀਆਂ ਨੂੰ ਹਛੀ ਪ੍ਰਕਾਰ ਨਿਬਾਹੁਣ। (ਰਸਾਲਾ ਖ਼ਾਤੂਨ ਵਿਚੋਂ, ਖਾਲਸਾ ਸਮਾਚਾਰ 23-30 ਅਗਸਤ 1905 ਈ:)

## 12. ਜੀਵਨ ਥਿਰ ਨਹੀਂ

 www.sikhbookclub.com

(ਡੋਨਿਆਂ ਵਿਚ ਰੁੜਦੇ ਦੀਵਿਆਂ ਤੋਂ ਉਪਦੇਸ਼)

ਦੀਵੇ ਦੇਖ ਤਰੰਦੇ ਨਦੀਏ, ਡੋਨਿਆਂ ਵਿਚ ਬਿਰਾਜੇ,
ਨਾਲ ਵਹਿਣ ਦੇ ਰੁੜ੍ਹਦੇ ਜਾਂਦੇ, ਚੱਕਰ ਖਾਣ ਘੁਮਾਜੇ।

ਉੱਤੋਂ ਵਾਉ ਵਗੇ ਹੈ ਤ੍ਰਿੱਖੀ, ਲਾਟ ਹਿਲਾਇ ਡੁਲਾਵੇ,
ਚੈਨ ਨ ਦੀਵੇ ਤਾਂਈਂ ਮਿਲਦਾ, ਡੱਕੋ ਡੋਲੇ ਖਾਵੇ।

ਕੋਈ ਛਡਦਿਆਂ ਸਾਰ ਨਦੀ ਵਿਚ ਓਵੇਂ ਹੀ ਬੁਝ ਜਾਵੇ,
ਕੋਈ ਵਾਟ ਜ਼ਰਾ ਕੁ ਲੰਘਦਾ, ਫੇਰ ਨ ਨਜ਼ਰੀਂ ਆਵੇ।

ਲਹਿਰਾਂ ਚੱਕਰ ਖਾਵੇ ਕੋਈ, ਪੱਥਰ ਟੱਕਰ ਖਾਵੇ,
ਭੌਂਦਾ ਕੋਈ ਘੁੰਮਣ ਘੇਰੀਂ; ਕੋਈ ਲੰਘਦਾ ਜਾਵੇ।

ਕੋਈ ਪਲ, ਕੋਈ ਦੋ ਘੜੀਆਂ, ਦੇਖਦਿਆਂ ਸਭ ਬੁਝਦੇ,
ਡੁਬਦੇ ਕਈ ਰੁੜ੍ਹੇਂਦੇ ਬੁਝਕੇ, ਸਾਰੀ ਵਾਟ ਨੰ ਪੁਜਦੇ।

ਭਾਗਾਂ ਵਾਲੇ ਕੋਈ ਥੋੜੇ, ਪੱਥਰ ਲਹਿਰਾਂ ਕੋਲੋਂ,
ਘੁੰਮਣਵਾਣੀ ਕੋਲੋਂ ਬਚਦੇ, ਬਚਦੇ ਪੌਣ ਹਿੰਡੋਲੋਂ।

ਓਹ ਕੁਝ ਵਾਟ ਦਿਸੀਵਣ ਜਾਂਦੇ, ਪਰ ਕੀ ਮੌਜਾਂ ਮਾਣਨ?
ਮੌਜ ਨ ਕੋਈ ਉਹ ਬੀ ਭੋਗਣ, ਲਹਿਰਾਂ ਧੱਪੇ ਖਾਵਣ।

ਡੱਕੋ ਡੋਲੇ ਥਰਹਰ ਕੰਬਣ, ਜੀਵਨ ਦਾ ਸੁਖ ਨਾਹੀਂ,
ਹਰ ਦਮ ਖ਼ੌਫ਼ ਮੌਤ ਦਾ ਖਾਂਦਾ, ਬੇਫ਼ਿਕਰੀ ਹੈ ਨਾਹੀਂ।
ਤਰਲੇ ਲੈਂਦਿਆਂ 'ਹਾਇ ਨ ਮਰੀਏ ਮਾਰਨ ਵਾਲਿਆਂ ਕੋਲੋਂ,


www.sikhbookclub.com

ਜੀਵਨ ਦਾ ਟੁਕ ਲਿਆ ਨ ਲਹਿਰਾਂ, ਛੁਟੇ ਨ ਸਹਿਮਾਂ ਕੋਲੋਂ।

ਏਸ ਜਤਨ ਵਿਚ 'ਜੀਵਤ ਰਹੀਏ' ਜੋ ਕੁਝ ਚਿਰ ਤਕ ਜੀਵੇ,
ਰਹੇ ਨ ਜੀਵੇ ਉਹ ਬੀ ਡਰਦੇ, ਆਪੇ ਮੁਰਦੇ ਥੀਵੇ।

ਤੇਲ ਉਨ੍ਹਾਂ ਦੇ ਅੰਦਰ ਜੋ ਸੀ, ਉਹ ਬਲ ਮੁੱਕਾ ਸਾਰਾ,
ਹੁਣ ਤਾਂ ਸੌਖਾ ਨੱਪ ਲਿਆ ਹੈ, ਮੌਤ ਵਜਾਇ ਨਗਾਰਾ।

ਤੇਲ ਘਟੇ ਤੇ ਬੁਝੇ ਏਹ ਬੀ, ਹੋਇ ਨਿਮਾਣੇ ਡੁੱਬੇ,
ਬੇ-ਅਸਗਾਹ ਨਦੀ ਦੇ ਅੰਦਰ, ਕੌਣ ਇਨ੍ਹਾਂ ਨੂੰ ਲੱਭੇ।

ਲੱਖਾਂ ਆਏ, ਲੱਖਾਂ ਚੱਲੇ ਲੱਖਾਂ ਹੀ ਮੁਕ ਵੰਞੇ,
ਲੱਖਾਂ ਆਉਣ, ਡੁਬਸਨ ਲੱਖਾਂ, ਨਦੀ ਵਹੇਗੀ ਇੰਞੇਂ।

ਤਿਉਂ ਤੂੰ ਸਮਝ ਪਿਆਰੇ ਸਜਣ! ਕਾਲ ਨਦੀ ਦਾ ਦੀਵਾ
ਹੈਂ ਤੂੰ ਪਲਕ ਛਿਨਕ ਦਾ ਟਿਮਕਾ, ਕਿਸ ਕਾਰਣ ਹੈਂ ਖੀਵਾ?

ਮੌਤ ਚੁਫੇਰੇ ਹੇਠਾਂ ਉਤੇ, ਤੇਰਾ ਦਾਉ ਤਕਾਵੇ;
ਕਦ ਤੂੰ ਉਕੇਂ ਤੈਨੂੰ ਨੱਪੇ, ਵਹਿਣਾਂ ਵਿੱਚ ਰਲਾਵੇ।

ਤੇਰੀ ਜਿੰਦ ਕਰੇ ਹੈ ਤਰਲੇ, ਹਰ ਕਾਰਣ ਸੰਗ ਲੜਦੀ,
ਹਰ ਦੁਖ ਦਰਦਾਂ ਦਾਰੂ ਕਰਦੀ, ਕੱਖ ਪਲਾਹਾਂ ਫੜਦੀ,

ਜੀਵਨ ਡੋਰੀ ਹੋਰ ਲੰਮੇਰੀ, ਕਰਨੇ ਕਾਰਨ ਤਾਂਘੇਂ;
ਏਸ ਫ਼ਿਕਰ ਥੀਂ ਛੁਟਦੀ ਨਾਹੀਂ, ਮੌਤੋਂ ਸਦ ਹੀ ਚਾਂਗੇਂ।

ਜੇ ਬਚਦੀ ਹੈ ਏਨ੍ਹਾਂ ਕੋਲੋਂ, ਕਰਦੀ ਡੋਰ ਲੰਮੇਰੀ,
ਛੇਕੜ ਤੇਲ ਮੁਕੇਂਦਾ ਵਿੱਚੋਂ, ਉਮਰਾ ਮੁਕਦੀ ਤੇਰੀ।

ਆਪੇ ਕੁਦਰਤ ਸ਼ਕਤਿ ਨ ਦੇਂਦੀ, ਹਰ ਅੰਗੋਂ ਬਲ ਨੱਸੇ,
ਜਦ ਸਾਰੇ ਸਤਯਾ ਤੋਂ ਹਾਰੇ, ਫਿਰ ਮੌਤੋਂ ਕਿਤ ਵੱਸੇਂ?

ਆਊ ਅੰਤ ਲਏਗੀ ਤੈਨੂੰ, ਕਾਲ ਨਦੀ ਨਹੀਂ ਛੱਡੇ,
ਝੱਪ ਲਏ ਇਨ ਤੇਰੇ ਵਰਗੇ, ਤੈਥੋਂ ਛੋਟੇ ਵੱਡੇ।
ਬੇ-ਪਰਵਾਹ ਨਦੀ ਏ ਵਹਿੰਦੀ, ਖ਼ੂਹਣੀਆਂ ਕਰ ਗ਼ਰਕਾਬਾਂ,

 www.sikhbookclub.com

ਹੈਂਕੜ ਸਾੜੇਂ ਕੇਹੀ ਸਜਨਾਂ, ਮਾਨ ਕਰੇਂ, ਦੇਇੰ ਦਾਬਾਂ।

ਦੀਵੇ ਅੰਦਰ ਸੁਰਤ ਨ ਸੀਗੀ, ਅਕਲ ਨ ਸੀਗੀ ਕੋਈ,
ਰੁੜਿਆ, ਮਰਿਆ, ਡੁੱਬ ਗਿਆ ਤੇ ਰੁੰਨਾ ਤਿਸੇ ਨ ਕੋਈ।

ਤੂੰ ਸੁਰਜੀਤ ਅਕਲ ਦਾ ਮਾਲਕ, ਸੋਚ ਕਰੀਂ ਕੁਝ ਚੰਗੀ,
ਕਾਲ ਨਦੀ ਵਿਚ ਕਰਮਾ ਪਾਇਆ, ਤਾਂ ਏ ਰੰਗ ਬਰੰਗੀ।

ਦੇਖੀ ਚਿੰਤਾ, ਫ਼ਿਕਰ ਹਿਲੋਰੇ, ਉਮਰ ਬਿਚੈਨ ਬਿਤਾਈ;
ਜਨਮ ਮਰਨ ਦੀ ਕਾਯਾਂ ਪਾਈ, ਦਮ ਦਮ ਜੋ ਵਟ ਜਾਈ।

ਕਰਮ ਤਯਾਗੀ ਜਨਮਾਂ ਵਾਲੇ, ਧਰਮ ਕਰਮ ਹਥ ਪਾਵੀ,
ਕੇਵਲ ਕਰਮ ਭਰਮ ਕਰ ਜਾਣੀਂ, ਧਰਮ ਕਰਮ ਲਿਵ ਲਾਵੀਂ।

ਤੈਨੂੰ ਖੰਭ ਤਦੋਂ ਫਿਰ ਨਿਕਲਣ, ਕਾਲ ਨਦੀ ਤੋਂ ਚਾਵੇਂ,
ਕੂੰਜ ਜਿਵੇਂ ਤੂੰ ਮਾਰ ਉਡਾਰੀ, ਅਸਮਾਨੀ ਚੜ੍ਹ ਜਾਵੇਂ;

ਜੇ ਤੂੰ ਬੀਬਾ ਕਾਲ ਨਦੀ ਤੇ, ਆਇ ਕਰੇਂਗਾ ਕੇਲਾਂ,
ਮੁਰਗ਼ਾਬੀ ਸਮ ਹੋਇ ਅਲੇਪਾ, ਕਰਸੇਂ ਕੌਤਕ ਖੇਲਾਂ।

ਕਾਲ ਨਦੀ ਦੇ ਵੱਸੋਂ ਨਿਕਲੀਂ, ਕਰਕੇ ਹਿੰਮਤ ਪਜਾਰੇ।
ਫੇਰ ਨ ਭਵਜਲ ਫੇਰਾ ਹੋਵੇ, ਵੱਸੇਂ ਗੁਰ ਚਰਨਾਰੇ।

(ਖਾਲਸਾ ਸਮਾਚਾਰ ਮਿਤੀ 28 ਦਸੰਬਰ 1904)

 www.sikhbookclub.com

## 13. ਸ੍ਰੀ ਗੁਰੂ ਨਾਨਕ ਨੇ ਮੇਰੇ ਲਈ ਕੀਹ ਕੀਤਾ?

(ਇਕ ਹੱਡ ਬੀਤੀ)

ਕਲਕੱਤੇ ਦੇ ਅਖ਼ਬਾਰ 'ਯੂਨਿਟੀ ਐਡਮਿਨਿਸਟਰ' ਵਿਚ ਇਕ ਬੰਗਾਲੀ ਦਾ ਲੇਖ ਛਪਿਆ ਹੈ। ਜਿਸਦਾ ਸਿਰਨਾਵਾਂ ਇਹ ਹੈ ਕਿ 'ਗੁਰੂ ਨਾਨਕ ਦੇਵ ਜੀ ਨੇ ਮੇਰੇ ਲਈ ਕੀਹ ਕੀਤਾ ਹੈ'। ਇਸ ਲੇਖ ਵਿਚ ਉਸ ਸੱਜਣ ਨੇ ਆਪਣੀ ਹਡਬੀਤੀ ਸਾਰੀ ਵਰਨਣ ਕੀਤੀ ਹੈ। ਲੇਖਕ ਸਿੱਖ ਨਹੀਂ, ਪਰ ਗੁਰੂ ਨਾਨਕ ਦੇਵ ਤੇ ਭਰੋਸਾ ਕਰਕੇ ਜੋ ਕੁਝ ਉਸਦੇ ਆਤਮਾ ਪਰ ਵਰਤਿਆ ਹੈ ਉਸਨੇ ਲਿਖਿਆ ਹੈ। ਅਸੀਂ ਉਸਦੇ ਲੇਖ ਦਾ ਖੁਲਾਸਾ ਹੇਠਾਂ ਦਿੰਦੇ ਹਾਂ, ਕਿ ਜੋ ਲੋਕ ਸਿੱਖ ਨਹੀਂ ਹਨ ਉਹ ਪ੍ਰੇਮ ਕਰਕੇ ਐਸੇ ਲਾਭ ਪ੍ਰਾਪਤ ਕਰਦੇ ਹਨ, ਜਿਨ੍ਹਾਂ ਤੋਂ ਕੋਈ ਸਿੱਖ ਵਾਂਏ ਬੈਠੇ ਹਨ; ਉਨ੍ਹਾਂ ਲਈ ਕੈਸੀ ਸ਼ਰਮ ਦੀ ਗਲ ਹੈ। ਹਰੇਕ ਸਿੱਖ ਇਸ ਮਜ਼ਮੂਨ ਨੂੰ ਪੜ੍ਹੇ ਤੇ ਪੜ੍ਹਕੇ ਵੇਖੇ ਕਿ ਆਯਾ ਉਹ ਸਿਖ ਹੋਕੇ ਐਸੀ ਬਾਤ ਇਸ ਭਰੋਸੇ ਨਾਲ ਆਖ ਸਕਦਾ ਹੈ? ਸਿਖ ਨੂੰ ਤਾਂ ਸਿਦਕ ਇਸ ਤੋਂ ਵਧੀਕ ਚਾਹੀਏ, ਪਰ ਕੀ ਸਿਖਾਂ ਵਿਚ ਐਨਾ ਸੁਖ ਮਾਣਨ ਵਾਲੇ ਬੀ ਹਨ? ਜੇ ਹਨ ਤਾਂ ਸਾਰੇ ਪੰਥ ਵਿਚੋਂ ਕਿੰਨੇ ਕੁ? ਜੇ ਕਦੀ ਗ੍ਰੰਥੀ ਪੁਜਾਰੀ ਐਨੇ ਕੁ ਸਿਦਕ ਵਾਲੇ ਹੋਣ ਤਦ ਕਦੇ ਉਮੈਦ ਹੋ ਸਕਦੀ ਹੈ ਕਿ ਕੋਈ ਦੁਖ ਹੋਵੇ? ਜੇ ਸਰਬ੍ਰਾਹਾਂ ਨੇ ਇਹ ਕੁਝ ਸਤਿਗੁਰੂ ਨੂੰ ਜਾਤਾ ਹੋਵੇ ਤਦ ਤੁਸੀਂ ਉਮੈਦ ਕਰ ਸਕਦੇ ਹੋ ਕਿ ਤੁਹਾਡੀ ਦੁਖਾਂ ਭਰੀ ਅਵਾਜ਼ ਸਦਾ ਡੋਰੇ ਕੰਨਾਂ ਤੇ ਹੀ ਪਵੇ? ਜਦੇ ਕਦੀ ਇਹ ਭਰੋਸਾ, ਇਹ ਸਿਦਕ, ਇਹ ਪਿਆਰ ਹੋਵੇ ਤਦ ਕਦੀ ਸਿਖਾਂ ਵਿਚ ਫੁੱਟ ਵੱਸ ਸਕੇ? ਕਦੇ ਸ੍ਵੈ-ਸਤਿਕਾਰ ਦਾ ਖੂਨ ਹੋ ਸਕੇ? ਕਦੇ ਪ੍ਰੇਮ ਦੀ ਸੇਵਾ ਦੇ ਵਿਰੋਧੀ ਪੰਥ ਵਿਚੋਂ ਨਿਕਲ ਸਕਣ? ਸਾਡੀ ਜਾਚੇ ਸਿਖ ਇਕ ਵਿਕੋਲਿੱਤ੍ਰਾ ਜਿਹਾ

ਜਥਾ ਰਹਿ ਗਿਆ ਹੈ; ਜਿਸਦੇ ਹਿੱਸਿਆਂ ਨੂੰ ਜੋੜਨ ਵਾਸਤੇ ਧਰਮ ਦਾ ਚੂਨਾ ਕਿਰ ਚੁਕਾ ਹੈ। ਸਿੱਖ ਇਕ ਚੂਥੀ ਚੁਆਂਡੇ ਹੀਨ ਬੂਹਾ ਹੈ ਜੋ ਹਨੇਰੀ ਦੇ ਹਰ ਬੁੱਲੇ ਨਾਲ ਠਾਹ ਠਾਹ ਵਜਦਾ ਤੇ ਦਬੇਲ ਹੈ। ਧਰਮ ਭਾਵਨਾ, ਪ੍ਰੇਮ ਭਾਵਨਾ ਗੁਰੂ ਸ਼ਰਧਾ ਵਿਚ ਨਹੀਂ ਰਹੀ। ਅਸੀਂ ਕੀ ਕਹੀਏ। ਪਾਠਕ ਜਨੋ! ਆਪੋ ਆਪਣੀ ਥਾਂ ਵਿਚਾਰ ਕਰਕੇ ਆਪਣੇ ਹਿਰਦਿਆਂ ਨਾਲ ਆਪ ਸੋਚੋ ਕਿ ਅਸੀਂ ਆਪੋ ਆਪਣੀ ਥਾਂ ਕਿੰਨਾਂ ਕੁ ਤੇ ਕੀ ਦਮ ਮਾਰਕੇ ਕਹਿ ਸਕਦੇ ਹਾਂ ਕਿ ਸਾਡੇ ਲਈ ਗੁਰੂ ਨਾਨਕ ਦੇਵ ਜੀ ਨੇ ਕੀਹ ਕੁਝ ਕੀਤਾ ਹੈ। ਬੰਗਾਲੀ ਪ੍ਰੇਮੀ ਜੀ ਤਾਂ ਐਉਂ ਆਪਣੇ ਦਿਲੀ ਭਾਵ ਵਰਣਨ ਕਰਦੇ ਹਨ, ਜ਼ਰਾ ਆਪਣੇ ਨਾਲ ਮੁਕਾਬਲਾ ਕਰਕੇ ਪੜਨਾ-

"ਮੈਂ ਨਾਮ ਵਿਚ ਤਾਂ ਨਹੀਂ ਪਰ ਆਪਣੇ ਆਤਮਾਂ ਕਰਕੇ ਸਿਖ ਅਰ ਗੁਰੂ ਨਾਨਕ ਦੇਵ ਜੀ ਦਾ ਮੁਰੀਦ ਹਾਂ। ਭਾਵੇਂ ਮੈਂ ਇਸ ਲਾਇਕ ਬੀ ਨਹੀਂ ਹਾਂ ਕਿ ਭਾਈ ਮਰਦਾਨਾ ਤੇ ਹੋਰ ਸਿਖਾਂ ਦੀ (ਕਿ ਜਿਨ੍ਹਾਂ ਨੇ ਗੁਰੂ ਸੇਵਾ ਪ੍ਰੇਮ ਨਾਲ ਕੀਤੀ ਤੇ ਦਰਸ਼ਨ ਪਾਏ ਹਨ) ਜੁੱਤੀ ਦਾ ਤਸਮਾ ਬੀ ਖੋਲ ਸਕਾਂ, ਅਰ ਮੈਂ ਇਹ ਕਹਿਣ ਲਾਇਕ ਬੀ ਨਹੀਂ ਕਿ ਮੇਰੇ ਲਈ ਜੀਵਨ ਹੀ ਗੁਰੂ ਨਾਨਕ ਹੈ, ਪਰ ਮੈਂ ਇਸ ਗਲ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਮੈਂ ਆਪਣੇ ਗੁਰੂ ਦੇ ਆਤਮਾਂ ਦੀ ਸੁੰਦਰਤਾ ਦੇਖੀ ਹੈ ਅਰ ਉਸ ਤੋਂ ਕ੍ਰਿਤਾਰਥ ਹੋਇਆ ਹਾਂ, ਪਰ ਨਾਲ ਹੀ ਮੈਂ ਇਹ ਬੀ ਪ੍ਰਤੀਤ ਕਰਦਾ ਹਾਂ ਕਿ ਮੇਰੇ ਗਿਰਦ ਇਕ ਭਾਰੀ ਬੋਝ ਹੈ ਜੋ ਇਸ ਮਾਤਲੋਕ ਤੋਂ ਮੈਨੂੰ ਉਠਣ ਨਹੀਂ ਦੇਂਦਾ। ਮੈਂ 1866 ਵਿਚ ਪੰਜਾਬ ਪਹਿਲੀ ਵੇਰ ਡਿੱਠਾ। ਉਸ ਤੋਂ ਮਗਰੋਂ ਮੈਂ ਪੰਦਰਾਂ ਸੋਲਾਂ ਵੇਰੀ ਪੰਜਾਬ ਦੀ ਯਾਤ੍ਰਾ ਕੀਤੀ। ਜਿੰਨੀ ਵੇਰੀ ਵਧੀਕ ਮੈਂ ਯਾਤ੍ਰਾ ਕੀਤੀ, ਉਨਾ ਹੀ ਵਧੀਕ ਮੈਂ ਸ੍ਰੀ ਗੁਰੂ ਜੀ ਦੀ ਆਤਮਾਂ ਵੱਲ ਖਿੱਚਿਆ ਗਿਆ। ਸਿਖ ਧਰਮ ਵਿਚ ਜੋ ਧਰਮਾਤਮਾ ਹੋਏ ਹਨ, ਜਿਨ੍ਹਾਂ ਨੇ ਇਸ ਵਿਚ ਕਾਰਜ ਕੀਤੇ ਹਨ, ਮੈਨੂੰ ਅਤੀ ਪਵਿਤ੍ਰ ਲਗਦੇ ਹਨ। ਮਹਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ, ਮਾਤਾ ਸੁਲਖਣੀ ਜੀ, ਸ੍ਰੀ ਚੰਦ, ਲਖਮੀ ਦਾਸ ਜੀ ਅਰ ਪਾਵਨ ਕੁਲ ਦੇ ਹੋਰ ਸਾਰੇ ਸਜਣ ਤੇ ਮਗਰਲੇ ਸਾਰੇ ਪਿਆਰੇ ਗੁਰੂ ਸਾਹਿਬਾਨ ਮੈਨੂੰ ਅਤਿ ਪਿਆਰੇ ਲਗਦੇ ਹਨ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਤੇ ਜਨਮ ਸਾਖੀ ਪੜ੍ਹਦਾ ਹਾਂ। ਮੈਨੂੰ ਏਹ ਧਰਮ ਪੁਸਤਕ ਆਤਮ ਸਤਜਾ ਨਾਲ ਭਰਪੂਰ ਦਿਸਦੇ ਹਨ। ਮੈਨੂੰ ਏਹ ਪੁਸਤਕ ਗੁਰੂ ਜੀ ਦੀ ਮਹਾਨ

 www.sikhbookclub.com

ਜੀਉਂਦੀ ਜਾਗਦੀ ਜੋਤਿ ਪ੍ਰਤੀਤੀ ਦੇਂਦੇ ਹਨ, ਅਤੇ ਮੈਂ (ਭਾਵੇਂ ਚੰਗੀ ਤਰ੍ਹਾਂ ਨਹੀਂ ਪਰ) ਇਸ ਜੋਤਿ ਨੂੰ ਬੰਗਾਲੀ ਬੋਲੀ ਵਿਚ ਵਰਣਨ ਕਰਨ ਦਾ ਜਤਨ ਕੀਤਾ ਹੈ। ਮੈਨੂੰ ਸਾਰੇ ਪੰਜਾਬ ਦਾ ਵਾਯੂ ਮੰਡਲ ਗੁਰੂ ਨਾਨਕ ਦੇਵ ਜੀ ਦੀ ਆਤਮਾਂ ਨਾਲ ਭਰਪੂਰ ਅਰ ਸਾਰਾ ਆਕਾਸ਼ ਉਨ੍ਹਾਂ ਦੇ ਆਤਮ ਤੇਜ ਨਾਲ ਜਗ-ਮਗ ਕਰਦਾ ਭਾਸਦਾ ਹੈ, ਜਿਸਦਾ ਪ੍ਰਕਾਸ਼ ਮੈਂ ਸਿਖਾਂ ਦੇ ਮਰਦਊ ਭਰੇ ਚਿਹਰਿਆਂ ਵਿਚ ਵੇਖਦਾ ਹਾਂ। ਗੁਰੂ ਨਾਨਕ ਦੇਵ ਜੀ ਦਾ ਆਤਮ ਜੀਵਨ ਕੁਦਰਤੀ ਸੀ। ਇਹ ਮੌਲਿਆ ਐਉਂ ਜਿਵੇਂ ਹੋਰ ਜੀਵਨ ਮੌਲਦੇ ਹਨ, ਕੇਵਲ ਐਨੇ ਫ਼ਰਕ ਨਾਲ ਕਿ ਹੱਦ ਤੋਂ ਹਦ ਦਰਜੇ ਅਸਲੀ ਸੀ। ਉਨ੍ਹਾਂ ਦੇ ਜੀਵਨ ਨੇ ਮੌਲਕੇ ਪੂਰਣਤਾ ਪ੍ਰਾਪਤ ਕੀਤੀ। ਉਨ੍ਹਾਂ ਦਾ ਸਾਰਾ ਆਪਣਾ ਆਪ ਆਤਮ ਹੋ ਗਿਆ। ਐਥੋਂ ਤਾਂਈਂ ਕਿ ਉਹ ਪ੍ਰਮਾਤਮਾ ਦੇ ਜੀਵਨ ਦਾ ਅਵਤਾਰ ਹੋਏ। ਆਪ ਮਨੁਖ ਸ਼੍ਰੇਣੀ ਵਾਸਤੇ ਇਕ ਪਰਮ ਉੱਤਮ ਨਮੂਨਾ ਬਣੇ। ਅਸੀਂ ਸੁਣਦੇ ਹਾਂ ਕਿ ਪਰਮੇਸ਼ਰ ਦਾ ਭਉ ਗਿਆਨ ਦਾ ਮੁੱਢ ਹੈ। ਬਾਲ ਅਵਸਥਾ ਵਿਚ ਗੁਰੂ ਨਾਨਕ ਜੀ ਪਰਮੇਸ਼ਰ ਦੇ ਭਉ ਨਾਲ ਅਕਸਰ ਕੰਬਿਆ ਕਰਦੇ ਸਨ ਅਰ ਸੰਸਾਰਕ ਖਿਆਲਾਂ ਤੋਂ ਬੇਪ੍ਰਵਾਹ ਰਹਿੰਦੇ ਸਨ ਅਰ ਹਉਮੈ, ਜੋ ਵੱਡਾ ਸ਼ਤਰੂ ਹੈ, ਨਾਲ ਜੁੱਧ ਕਰਦੇ ਸੇ, ਦਿਨ ਰਾਤ ਵੈਰਾਗ ਕਰਦੇ, ਅਰ ਮੂਧੜੇ ਮੂੰਹ ਪਏ ਰਹਿੰਦੇ ਸੇ। ਇਸ ਦਸ਼ਾ ਦੇ ਕਈ ਨਾਮ ਧਰੇ ਜਾਂਦੇ ਸਨ। ਇਕ ਵੈਦ ਸੱਦਿਆ, ਪਰ ਗੁਰੂ ਜੀ ਨੇ ਕਿਹਾ: "ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥ ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥"(ਮਾਰੂ:ਮ:੧, ਪੰਨਾ-੯੯੧) ਫਿਰ ਕਿਹਾ: "ਵੈਦਾ ਵੈਦੁ ਸੁਵੈਦੁ ਤੂ ਪਹਿਲਾ ਰੋਗੁ ਪਛਾਣੁ॥ ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥"(ਮਲਾ:ਵਾਰ-੩, ਪੰਨਾ-੧੨੭੯) ਗੁਰੂ ਜੀ ਆਅ਼ਲਾ ਜੀਵਨ ਪ੍ਰਾਪਤ ਹੋਏ। ਉਨ੍ਹਾਂ ਦਾ ਸਾਰਾ ਆਤਮਾ ਐਉਂ ਸੀ ਜਿਕੁਰ ਰੋਹੀ ਧਰਤੀ ਹੁੰਦੀ ਹੈ ਕਿ ਜਿਸ ਵਿਚ ਦੈਵੀ ਜੀਵਨ ਦੀ ਅੰਗੂਰੀ ਸਾਰੀ ਪੁੰਗਰ ਪੈਂਦੀ ਹੈ। ਗੁਰੂ ਜੀ ਆਪਣੇ ਪਵਿਤ੍ਰ ਜੀਵਨ ਵਿਚ ਆਪ ਮੋਹਿਤ ਹੋ ਰਹੇ ਸਨ। ਪਿਤਾ ਨੇ ਕਿਹਾ: ਬਰਖ਼ੁਰਦਾਰ ਖੇਤੀ ਕਰ, ਗੁਰੂ ਜੀ ਕਹਿਣ ਲਗੇ: "ਮੇਰਾ ਆਪਣਾ ਖੇਤ ਲਹਿ ਲਹਿ ਕਰ ਰਿਹਾ ਹੈ, ਮੈਂ ਹੋਰ ਦੇ ਖੇਤ ਕਿਕੂੰ ਸੰਭਾਲਾਂ।" ਗੁਰੂ ਜੀ ਦੇ ਵਾਕਾਂ ਤੋਂ ਲੋਕ ਹੈਰਾਨ ਹੁੰਦੇ ਸਨ, ਸੰਸਾਰਕ ਕੰਮਾਂ ਤੋਂ ਉਪ੍ਰਾਮਤਾ ਦੱਸਦੀ ਸੀ ਕਿ ਉਨ੍ਹਾਂ ਨੇ ਕੋਈ ਹੋਰ ਵੱਡਾ ਕੰਮ ਕਰਨਾ

 www.sikhbookclub.com

ਹੈ, ਓਹ ਵਾਹਿਗੁਰੂ ਦੇ ਪ੍ਰੇਮ ਨਾਲ ਦੀਵਾਨੇ ਹੋ ਰਹੇ ਸੇ। ਓਹ ਵਾਹਿਗੁਰੂ ਵਿਚ ਅਰ ਕੇਵਲ ਵਾਹਿਗੁਰੂ ਵਿਚ ਨਿਵਾਸ ਰਖਦੇ ਸੇ। ਓਹ ਮੂਲੋਂ ਹੀ ਇਸ ਦੁਨੀਆਂ ਦੇ ਨਹੀਂ ਸਨ। ਓਹ ਸੱਚ ਖੰਡ ਵਿਚ ਸੱਦੇ ਗਏ, ਜੋ ਉਨ੍ਹਾਂ ਦੇ ਅੰਦਰ ਪ੍ਰਕਾਸ਼ਮਾਨ ਹੋਇਆ, ਦਰਸ਼ਨ ਕਰਕੇ ਅਚਰਜ ਵਿਸਮਾਦ ਵਿਚ ਆਪ ਲੀਨ ਹੋਏ ਜੋ ਕਥਨ ਤੋਂ ਪਰੇ ਹੈ। ਆਰਤੀ ਵਿਚ ਗੁਰੂ ਜੀ ਨੇ ਉਸ ਸਤਜ ਦਰਬਾਰ ਦੀ ਮਹਿੰਮਾ ਕੀਤੀ ਹੈ। ਸਾਰੇ ਸੰਸਾਰਕ ਧੰਦੇ ਛੱਡਕੇ ਵਾਹਿਗੁਰੂ ਦੇ ਪਜਾਰ ਨਾਲ ਲੱਦੇ ਹੋਏ, ਵਾਹਿਗੁਰੂ ਦੇ ਦਰਸ਼ਨ ਵਿਚ ਪ੍ਰੋਤੇ ਹੋਏ ਉਹ ਦੂਰ ਦੂਰ ਫਿਰੇ, ਨਾ ਕੇਵਲ ਹਿੰਦੁਸਤਾਨ, ਪਰ ਅਰਬ ਤੇ ਲੰਕਾ ਵਿਚ ਬੀ। ਓਹ ਬਹੁਤ ਬੋਲਦੇ ਨਹੀਂ ਸਨ, ਪਰ ਉਨ੍ਹਾਂ ਦੇ ਚਿਹਰੇ ਦੀ ਦੈਵੀ ਚਮਕ ਐਸੀ ਪਿਆਰੀ ਸੀ ਅਰ ਥੋੜੇ ਪਦਾਂ ਤੇ ਸ਼ਬਦਾਂ ਦੀ, ਜੋ ਓਹ ਉਚਾਰਦੇ ਸਨ, ਐਸੀ ਤਾਕਤ ਸੀ ਕਿ ਜੋ ਉਹਨਾਂ ਦਾ ਦਰਸ਼ਨ ਕਰਦੇ ਯਾ ਸੁਣਦੇ ਸੇ ਵਾਹਿਗੁਰੂ ਦੇ ਰਾਜ ਦੇ ਬੰਦੇ ਹੋ ਜਾਂਦੇ ਸਨ ਅਰ ਮੋਹੇ ਜਾਕੇ ਭੌਜਲ ਤੋਂ ਤਰ ਜਾਂਦੇ ਸਨ। ਉਹਨਾਂ ਨੇ ਹਿਮਾਲਾ ਦੇ ਜੋਗੀਆਂ ਤੇ ਸੰਨਜਾਸੀਆਂ ਨਾਲ ਗੱਲਾਂ ਕੀਤੀਆਂ ਤੇ ਸੱਚਾ ਗਿਆਨ ਵਾਹਿਗੁਰੂ ਦਾ ਬਖਸ਼ਿਆ। ਗੁਰੂ ਨਾਨਕ ਦੇਵ ਜੀ ਬਿਜਲੀ ਵਾਂਗ ਦੂਸਰੇ ਪਰ ਅਸਰ ਕਰਨ ਵਾਲੇ ਸੇ। ਜਿਨ੍ਹਾਂ ਨਾਲ ਕੇਵਲ ਛੁਹਣਾ ਹੀ ਨਵਾਂ ਜਨਮ ਬਖ਼ਸ਼ਦਾ ਸੀ। ਸੰਸਾਰ ਤੋਂ ਐਸੇ ਉੱਚੇ ਹੋਕੇ ਉਹ ਆਪਣੇ ਪਰਿਵਾਰ ਸੰਬੰਧੀ ਫ਼ਰਜ਼ਾਂ ਦੇ ਬੀ ਜਾਣੂ ਸੇ। ਉਹਨਾਂ ਵਿਚ ਆਅ਼ਲਾ ਤੋਂ ਆਅ਼ਲਾ ਭਗਤੀ ਯੋਗ ਤੇ ਜਗਤ ਦੇ ਕੰਮ ਇਕ ਸੂਰ ਹੋਏ ਹੋਏ ਸੇ। ਅਰਥਾਤ ਸੰਸਾਰ ਦੇ ਕੰਮ ਤੇ ਭਗਤਿ ਯੋਗ ਨੂੰ ਉਹਨਾਂ ਨੇ ਮਿਲਾਕੇ ਦਿਖਾ ਦਿਤਾ। ਓਹ ਐਡੇ ਨਿੰਮ੍ਰਤਾ ਵਾਲੇ ਸੇ ਕਿ ਕਦੇ ਕੋਈ ਨਹੀਂ ਹੋਇਆ ਅਰ ਸਚਖੰਡ ਦੇ ਬਲ ਨਾਲ ਭਰਪੂਰ ਸੇ। ਚਰਚਾ ਵਾਦ ਵਾਲਾ ਦਰਸ਼ਨ (ਮਤ) ਉਹਨਾਂ ਦਾ ਕੋਈ ਨਹੀਂ ਸੀ। ਉਹਨਾਂ ਦਾ ਦਰਸ਼ਨ(ਮਤ) ਪ੍ਰੇਮ ਤੇ ਫ਼ਿਲਾਸਫ਼ੀ (ਵਿਦਿਆ) ਕੇਵਲ ਵਾਹਿਗੁਰੂ ਸੀ। ਓਹ ਮਨੁੱਖ ਦੇ ਪਾਪਾਂ ਪਰ ਵਿਰਲਾਪ ਕਰਦੇ ਤੇ ਹਿੰਦੂ ਮੁਸਲਮਾਨ ਦੋਹਾਂ ਨੂੰ ਕੇਵਲ ਹਿੰਦੂ ਮੁਸਲਮਾਨ ਹੋਣ ਕਰਕੇ 'ਚੰਗਾ' ਨਹੀਂ ਜਾਣਦੇ ਸੇ। ਉਹਨਾਂ ਦਾ ਉਪਦੇਸ਼ ਦਾ ਪ੍ਰਯੋਜਨ ਇਹ ਸੀ ਕਿ ਮਨੁਖਾਂ ਨੂੰ ਪਰਮੇਸ਼ਰ ਦਿਖਾ ਦੇਣ। ਓਹ ਸਿਦਕ ਦੇ ਅਵਤਾਰ ਸੇ। ਹਿੰਦੂ ਮੁਸਲਮਾਨ ਨੂੰ ਇਕ ਸਾਰ ਉਪਦੇਸ਼ਦੇ ਸੇ। ਦੋਨੋਂ ਕੌਮਾਂ ਉਹਨਾਂ ਦਾ ਸਤਿਕਾਰ ਕਰਦੀਆਂ ਤੇ ਮਗਰ ਚਲਦੀਆਂ ਸਨ। ਰੂਹਾਨੀ ਬਲ ਉਹਨਾਂ

 www.sikhbookclub.com

ਤੋਂ ਉਹਨਾਂ ਦੇ ਚੇਲਿਆਂ (ਦਸਾਂ ਗੁਰੂ ਸਾਹਿਬਾਂ) ਵਿਚ ਪ੍ਰਵੇਸ਼ ਕਰਦਾ ਰਿਹਾ, ਜਿਸ ਨੇ ਸਾਰੀ ਧਰਤੀ ਦੀ ਸੂਰਤ ਪਲਟ ਦਿਤੀ, ਅਰ ਵਾਸੀਆਂ ਦੇ ਚਾਲ ਚਲਨ ਤੇ ਸਰੀਰ ਦੀ ਕਾਇਆ ਬੀ ਪਲਟ ਦਿਤੀ। ਪਰ ਇਹ ਬੜਾ ਮੰਗਲ ਸਮਾਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਗਏ ਨਹੀਂ ਜੀਊਦੇ ਜਾਗਦੇ ਹਨ ਅਰ ਆਪਣੇ ਸਿਖਾਂ ਪਰ ਰਾਜ ਕਰ ਰਹੇ ਹਨ।

"ਗੁਰੂ ਜੀ ਹੁਣ 'ਰਸਤਾ, ਰੌਸ਼ਨੀ ਤੇ ਸੱਚ' ਹਨ, ਕਿਉਂਕਿ ਰੂਹਾਂ ਦੀ ਮੁਕਤੀ ਉਹਨਾਂ ਦੇ ਹੱਥ ਹੈ। ਬੇਅੰਤ ਪਾਪੀ ਉਹਨਾਂ ਨੇ ਛੁਡਾਏ ਹਨ, ਹੁਣ ਤੀਕ ਉਹਨਾਂ ਦੇ ਨਾਮ ਦੀ ਬੇਹਦ ਮਹਿਮਾ ਕਰਦੇ ਹਨ। ਮੈਂ ਬੰਗਾਲ ਤੋਂ ਇਕ ਨਿਮਾਣਾ ਯਾਤ੍ਰੀ ਹਾਂ ਅਰ ਸੱਚੇ ਪਾਤਸ਼ਾਹ ਦੇ ਰਾਜ ਦੀ ਯਾਤ੍ਰਾ ਕਰ ਚੁਕਾ ਹਾਂ। ਜਿਨਾਂ ਵਧੀਕ ਮੈਂ ਇਸ ਨੂੰ ਡਿੱਠਾ ਉੱਨਾ ਵਧੀਕ ਮੈਂ ਉਹਨਾਂ ਦੇ ਮੋਹਿਤ ਕਰਨ ਵਾਲੇ ਵਜੂਦ ਵਲ ਖਿੱਚਿਆ ਗਿਆ, ਜੋ ਵਜੂਦ ਅਜੇ ਤੱਕ ਪੰਜਾਬ ਦੇ ਸਾਰੇ ਵਾਯੂ ਮੰਡਲ ਨੂੰ ਭਰਪੂਰ ਕਰ ਰਿਹਾ ਹੈ। ਇਹ ਗ਼ਰੀਬ ਬੰਗਾਲੀ ਗੁਰੂ ਜੀ ਦੇ ਚਰਨ ਕਮਲਾਂ ਦੀ ਮਿੱਠੀ ਪਿਆਰੀ ਸੁਗੰਧੀ ਨੂੰ ਪ੍ਰਾਪਤ ਕਰਕੇ ਕ੍ਰਿਤ ਕ੍ਰਿਤ ਹੋਇਆ ਹੈ ਅਰ ਇਸ ਨਾਲ ਦ੍ਰਵ ਗਿਆ ਹੈ। ਇਹ ਮੇਰੇ ਆਤਮਾ ਦਾ ਜਲ ਤੇ ਭੋਜਨ ਬਣ ਗਿਆ ਹੈ। ਮੈਂ ਅਨੇਕਾਂ ਵਾਰੀ ਪ੍ਰਤੀਤ ਕਰਦਾ ਹਾਂ ਕਿ ਮੇਰਾ ਗੁਰੂ ਮੇਰੇ ਨਾਲ ਹੈ ਅਰ ਮੇਰੇ ਅੰਦਰ ਹੈ। ਆਦਿ।"

ਮਿਤ੍ਰੋ! ਇਸ ਨੂੰ ਫੇਰ ਇਕ ਵਾਰ ਪੜ੍ਹੋ ਤੇ ਵੀਚਾਰੋ। ਜੇ ਓਹ ਲੋਕ, ਜੋ ਸਿਖ ਨਹੀਂ, ਗੁਰੂ ਜੀ ਦੇ ਪਵਿਤ੍ਰ ਆਤਮਾਂ ਤੋਂ ਐਸ ਤਰ੍ਹਾਂ ਪ੍ਰਭਾਵਿਤ ਹੋਕੇ ਲਾਭ ਉਠਾ ਰਹੇ ਹਨ, ਤੁਸੀਂ ਭਰੇ ਸਰ ਖਾਲੀ ਬੈਠੇ ਕੀ ਕਰ ਰਹੇ ਹੋ? ਬਿਨਾਂ ਪਵਿਤ੍ਰ ਜੀਵਨ ਬਣਾਏ ਦੇ, ਬਿਨਾਂ ਗੁਰੂ ਦੇ ਪਿਆਰ ਵਿਚ ਡੁਬਕੀ ਮਾਰੇ ਦੇ ਸਰਬ ਉਨਤੀਆਂ ਇਕ ਖੇਡ ਹਨ। ਇਸ ਨਾਲੋਂ ਵਧੀਕ ਪਵਿਤ੍ਰ ਜੀਵਨ ਸਿਖ ਦਾ ਚਾਹੀਦਾ ਹੈ। ਜ਼ਰਾ ਆਪਣੀਆਂ ਕਰਨੀਆਂ ਤੇ ਆਪਣੇ ਸਿਦਕ ਵਿਸ਼ਵਾਸ਼ ਨਾਲ ਮੁਕਾਬਲਾ ਕਰੋ ਇਸ ਬੰਗਾਲੀ ਵੀਰ ਦੇ ਦਿਲੀ ਭਾਵਾਂ ਦਾ। (ਖਾਲਸਾ ਸਮਾਚਾਰ ਮਿਤੀ 24-4-1907 ਈ:)


www.sikhbookclub.com

## 14. ਪੰਥ ਜਗਾਵਾ

### 1. ਲੱਛਣ

ਐ ਕੌਮ ਵਾਹਦਾਨੀ[1] ਨੇਕੀ ਕਮਾਨ ਵਾਲੀ!
ਅੱਕਾਲ ਦੇ 'ਕਲੌਤੀ ਭਾਣੇ ਮਨਾਣ ਵਾਲੀ!
ਐ ਕੌਮ ਸੂਰਿਆਂ ਦੀ! ਐ ਜ਼ਾਤ ਅਸ਼ਰਫ਼ਾਂ[2] ਦੀ!
ਦੁਖੜੇ ਪਰਾਏ ਅਪਣੇ ਸਿਰ ਤੇ ਉਠਾਣ ਵਾਲੀ!
ਐ ਧਰਮੀਆਂ ਦੀ ਵਾੜੀ, ਸੰਤੋਖ ਦੀ ਬਗ਼ੀਚੀ!
ਨਾਨਕ ਗੁਰੂ ਦੀ ਲਾਈ, ਨੌ ਸਤਿਗੁਰਾਂ ਦੀ ਪਾਲੀ।

### 2. ਗੁਣ

ਐ ਬਾਨੀਆਂ ਦੇ ਖ਼ੂਨੋਂ ਸਿੰਜੀ ਹੋਈ ਕਿਆਰੀ!
ਪਰਮਾਤਮਾ ਪ੍ਰਭੂ ਤੋਂ ਵਿਛੁੜੇ ਮਿਲਾਣ ਵਾਲੀ!
ਨੇਕੀ ਦੀ ਯਾਦਗੀਰਾ, ਬਦੀਆਂ ਭੁਲਾਣ ਵਾਲੀ!
ਉਪਕਾਰੀਆਂ ਦੀ ਮਾਤਾ, ਬੱਧੇ ਛੁਡਾਣ ਵਾਲੀ!
ਐ ਧਰਮ ਦੀ ਸ਼ਮਅ ਤੇ ਕੁਰਬਾਨ ਹੋਣ ਵਾਲੀ!
ਐ ਦੀਨ ਰੱਖਿਆ ਤੇ ਜਿੰਦੜੀ ਘੁਮਾਣ ਵਾਲੀ!
ਐ ਕੌਮ ਸਾਦਕਾਂ ਦੀ, ਐ ਕੌਮ ਸਾਬਰਾਂ[3] ਦੀ!
ਦੁੱਖਾਂ ਨੂੰ ਝੱਲਕੇ ਬੀ ਘਬਰਾ ਨ ਜਾਣ ਵਾਲੀ!

---

1. ਇਕ ਨਿਰੰਕਾਰ ਦਾ ਉਪਾਸਕ। 2. ਸ਼ਰੀਫਾਂ, ਭਲਿਆਂ, ਨੇਕਾਂ।
3. ਸਿਦਕੀਆਂ ਤੇ ਸੰਤੋਖੀਆਂ ਦੀ।


www.sikhbookclub.com

## 3. ਕਰਤੱਵਯ

ਐ ਤੇਜ ਦੀ ਭਵਾਨੀ![4] ਭਾਰਤ ਦੀ ਰਾਜ ਰਾਣੀ!
ਧਰਮਾਂ ਦੀ ਵੇਖ ਹਾਨੀ ਖੰਡਾ ਉਠਾਣ ਵਾਲੀ!
ਐ ਮੋਤੀਆਂ ਤੋਂ ਸੁੱਚੀ, ਐ ਹੀਰਿਆਂ ਤੋਂ ਪੱਕੀ,
ਲਾਲਾਂ ਤੋਂ ਮਹਿੰਗ ਮੁੱਲੀ, ਬੇਅੰਤ ਸ਼ਾਨ ਵਾਲੀ!
ਐ ਰਾਜ ਜੋਗ ਵਾਲੀ! ਮ੍ਰਿਗਰਾਜਿਆਂ[5] ਤੇ ਭਾਰੂ,
ਐ ਦੁਸ਼ਮਨਾਂ ਦੀ ਦੁਸ਼ਮਣ, ਐ ਧਰਮੀਆਂ ਦੀ ਰਖਜਕ!
ਐ ਬੇਕਸਾਂ ਦੀ ਬਾਜ਼ੂ ਬਣਕੇ ਬਚਾਣ ਵਾਲੀ!
ਅਬਦਾਲੀਆਂ ਤੇ ਬਿਜਈ, ਦੁੱਰਾਨੀਆਂ ਤੇ ਹਾਵੀ,
ਖੰਡਾ ਔਰੰਗਜ਼ੇਬੀ ਖੁੰਢਾ ਕਰਾਣ ਵਾਲੀ!

## 4. ਉਪਕਾਰ ਸਮਰਣ!

ਐ ਕੌਮ ਖਾਲਸਾਈ! ਆਈ ਹੈ ਕੀ ਤਬਾਹੀ?
ਜਾਗੀ ਨ ਨੀਂਦ ਕਰਕੇ, ਜਦ ਦੀ ਲਈ ਨਿਹਾਲੀ।
ਉਠ ਯਾਦ ਕਰ ਓ ਵੇਲਾ, ਇਕ ਦਿਨ ਸੀ ਔਜ[6] ਪਰ ਤੂੰ
ਸਾਨੀ ਨਹੀਂ ਸੀ ਕੋਈ, ਚਰਨਾਂ ਤੇ ਸੀ ਖੁਸ਼ਹਾਲੀ।
ਸੁਸਤੀ ਸੀ ਦੂਰ ਕੋਹਾਂ, ਉਪਕਾਰ ਕਰ ਰਹੀ ਸੀ,
ਦੇਸਾਂ ਤੇ ਝੂਲਦਾ ਸੀ ਝੰਡਾ ਤੇਰਾ ਅਕਾਲੀ।
ਗੋਦੀ ਤਿਰੀ ਦੇ ਸੂਰੇ ਦੁਨੀਆਂ ਬਚਾ ਰਹੇ ਸੇ,
ਕਜਾ ਜਾਨ ਪਾ ਰਿਹਾ ਸੀ ਖੰਡਾ ਤੇਰਾ ਨਿਰਾਲੀ।
ਜ਼ਖਮਾਂ ਤੇ ਲਾਏ ਮੱਲ੍ਹਮ, ਦਿਲ ਦੇ ਗ਼ੁਬਾਰ ਧੋਤੇ,
ਦੁਖੀਆਂ ਦੇ ਦਰਦ ਵੰਡੇ ਧਰਮਾਂ ਦੀ ਸ਼ਰਮ ਪਾਲੀ।
ਅਪਣੇ ਤੇ ਦੁਖ ਸਹਾਰੇ, ਸੀਨੇ ਉਨ੍ਹਾਂ ਦੇ ਠਾਰੇ
ਮਸ਼ਕੂਰ[7] ਹੈ ਖ਼ੁਦਾਈ ਜੈਸੀ ਤੂੰ ਘਾਲ ਘਾਲੀ।

---

4. ਸ਼ਕਤੀ 5. ਸ਼ੇਰਾਂ। 6. ਉਚਾਈ, ਬਲੰਦੀ। 7. ਸ਼ੁਕਰ ਗੁਜ਼ਾਰ।

 www.sikhbookclub.com

ਤੂੰ ਵੱਸੀਓਂ ਦਿਲਾਂ ਵਿਚ ਫੁੱਲਾਂ ਦੀ ਵਾਸ ਵਾਂਗੂੰ
ਦੁਨੀਆਂ ਵਸਾ ਰਿਹਾ ਸੀ ਤੇਰਾ ਖਿਆਲ ਆਲੀ[8]
ਸਰਵਤ[9] ਤੇਰੀ ਨੂੰ ਖ਼ਲਕਤ ਲੈਂਦੀ ਰਹੀ ਉਧਾਰੀ
ਅਜ ਤੇਰੇ ਦਿਲ ਦੇ ਟੁਕੜੇ ਦਰ ਦਰ ਦੇ ਹਨ ਸਵਾਲੀ।

## 5. ਸੂਚਨਾ

ਕਿੱਥੇ ਗਈ ਹਮਿੱਯਤ[10] ਹਿੰਮਤ ਨੂੰ ਹੋ ਗਿਆ ਕੀ?
ਵਹਦਤ-ਪਰਸਤ[11] ਤੇਰੇ ਕਿੱਥੇ ਲੁਕੇ ਅਕਾਲੀ?
ਕਮਜ਼ੋਰ ਹੋ ਰਹੀ ਹੈਂ, ਪੀਲਾ ਪਿਆ ਹੈ ਚਿਹਰਾ;
ਕਿਸ ਮਾਂਦਗੀ[12] ਨੇ ਮਾਰੀ? ਆਈ ਕਿਹੀ ਬਿਹਾਲੀ?
ਤੂੰ ਹੋਕੇ ਬੇਟਿਕਾਣਾ ਦਰ ਦਰ ਦੀ ਹੋ ਰਹੀ ਹੈਂ
ਬਚੜੇ ਤੇਰੇ ਨੇ ਰੁਲਦੇ ਅਜ ਟੱਡਦੇ ਹਥਾਲੀ।
ਤੂੰ ਬੇਖ਼ੁਦੀ ਦੀ ਕੈਦਣ, ਤੂੰ ਸੁਸਤ ਬੇਖ਼ਬਰ ਤੂੰ,
ਜਿਤਨੇ ਨੇ ਐਬ ਜਗ ਦੇ ਕਿਸ ਤੋਂ ਰਹੀ ਤੂੰ ਖਾਲੀ?
ਸੰਸਾਰ ਨੂੰ ਜਗਾਕੇ ਤੂੰ ਆਪ ਸੌਂ ਗਈ ਕਿਉਂ?
ਕਿਆ ਸਤਿਗੁਰਾਂ ਸੀ ਤੈਨੂੰ ਏਹੋ ਅਕਲ ਸਿਖਾਲੀ?
ਕਿਸ ਖ਼ਾਬ[13] ਵਿਚ ਪਈ ਤੂੰ? ਉਤੋਂ ਦੁਪਹਿਰ ਆਈ,
ਉਠ ਜਾਗ ਮਾਰ ਝਾਤੀ, ਸਭ ਉਡ ਗਈ ਧੁੰਦਾਲੀ।

## 6. ਉੱਦਮ

ਉਠ ਦੇਖ ਬਾਗ਼ੇ ਦੁਨੀਆ ਕਜਾ ਦੇ ਰਿਹਾ ਬਹਾਰਾਂ,
ਬਾਗ਼ੇ ਇਰਮ[14] ਬਨਾਇਆ ਵਿਦਜਾ ਨੇ ਬਨਕੇ ਮਾਲੀ।
ਸਰਸਬਜ਼ ਹੋ ਰਹੇ ਹਨ ਸਾਰੇ ਧਰਮ ਦੇ ਬੂਟੇ,

---

8. ਉੱਚਾ ਖ਼ਿਆਲ। 9. ਅਤੋਟ ਨਿਆਮਤ, ਅਮੁੱਕ ਬਖਸ਼ੀਸ਼।
10. ਲਾਜ, ਗ਼ੈਰਤ, ਅਣਖ। 11. ਇਕ ਅਕਾਲ ਦੇ ਉਪਾਸ਼ਕ।
12. ਨਿਤਾਣਪੁਣਾ, ਬੀਮਾਰੀ। 13. ਸੁਪਨੇ। 14. ਸੁਰਗਾਂ ਦਾ ਬਾਗ਼।


www.sikhbookclub.com

ਮੁਰਝਾ ਰਹੇ ਨੇ ਐਪਰ ਤੇਰੇ ਬਿਰਖ ਤੇ ਡਾਲੀ।
ਸਭ ਨਾਲ ਵਾਲਿਆਂ ਨੇ ਮੰਜ਼ਲ ਮੁਕਾ ਲਈ ਹੈ
ਪਰ ਤੂੰ ਅਜੇ ਹੈਂ ਸੁੱਤੀ ਲੈ ਲੇਫ਼ ਤੇ ਨਿਹਾਲੀ;
ਇਸ ਬੇਕਸੀ ਦੀ ਨੀਂਦੇ ਵਹਿਸ਼ਤ[15] ਭਰੀ ਬੜਾਵੇਂ,
ਜੋ ਕੁਝ ਤੂੰ ਵੇਖਦੀ ਹੈਂ, ਏਹ ਖ਼ਾਬ ਹਨ ਖਿਆਲੀ,
ਉਠ ਜਾਗ ਭਾਗ ਭਰੀਏ ਆਲਸ ਤਿਆਗ ਛੇਤੀ,
ਮੁੱਦਤ ਤੋਂ ਬੀਤ ਚੁੱਕੀ ਜ਼ੁਲਮਤ[16] ਦੀ ਰਾਤ ਕਾਲੀ।
ਹਾਂ ਤੇਗ਼ ਮਾਰਕੇ ਤੂੰ ਹੁਣ ਸੌਂ ਗਈ ਹੈਂ ਕੈਸੀ,
ਪਾਸਾ ਨ ਪਰਤ ਉੱਠੀ, ਉਠਿ ਹੋਸ਼ ਨਾ ਸੰਭਾਲੀ?
ਹੈਰਾਨ ਹੈ ਜ਼ਮਾਨਾ ਇਹ ਦੇਖ ਤੇਰੀ ਗ਼ਫ਼ਲਤ,
ਬੇਹੋਸ਼ ਹੋ ਰਹੀ ਹੈਂ ਸੁੱਤੇ ਜਗਾਣ ਵਾਲੀ?
ਉਠ ਉੱਨਤੀ ਦੇ ਰਣ ਵਿਚ ਲੈ ਕਲਮ, ਮਾਰ ਵਧਕੇ,
ਜੈਸੀ ਕਿਸੇ ਜ਼ਮਾਨੇ ਤਲਵਾਰ ਸੀ ਵਿਖਾਲੀ।
ਹੁਣ ਸੌਣ ਦਾ ਨ ਵੇਲਾ, ਉਠ ਵੇਖ ਜਗ ਤੇ ਮੇਲਾ,
ਕੈਸਾ ਸਮਾ ਸੁਹੇਲਾ ਇਹ ਜਾ ਰਿਹਾ ਹੈ ਖ਼ਾਲੀ।
ਇਸ ਘੂਕ ਨੀਂਦ ਸੌਣਾ, ਕਿਸੇ ਨੇ ਹੈ, ਹਾ, ਸਿਖਾਯਾ?
ਕਿਸ ਬੇਰਹਿਮ ਨੇ ਦਿੱਤੀ ਘੁੱਟੀ ਖ਼ੁਮਾਰ ਵਾਲੀ?
ਇਸ ਨੀਂਦ ਦੀ ਕੁਚਾਟੇ, ਕਈਆਂ ਨੇ ਘਰ ਡੁਬੋਏ
ਇਸ ਨੀਂਦ, ਤੇਰੇ ਸਾਹਵੇਂ ਕਈਆਂ ਦੀ ਜਿਲਦ ਗਾਲੀ।

---

15. ਪਾਗਲ ਪਨ ਵਿਚ। 16. ਅਨ੍ਹੇਰਾ।

 www.sikhbookclub.com

## 7. ਸ਼ੌਂਕ

ਕਦ ਤਕ ਏ ਨੀਂਦ ਗ਼ਫ਼ਲਤ, ਕਦ ਤਕ ਖ਼ੁਮਾਰ[17] ਆਲਸ,
ਆਖ਼ਰ ਤੇਰੀ ਰਹੇਗੀ ਕਦ ਤਕ ਏ ਬੇਖ਼ਿਆਲੀ?
ਮੁੜ ਮੁੜ ਪਿਆ ਜਗਾਵਾਂ, ਫੜ ਫੜ ਜਗਾ ਬਿਠਾਵਾਂ,
ਕੈਸੀ ਚੜੀ ਖ਼ੁਮਾਰੀ ਪਰਤੀ ਨ ਹੋਸ਼ ਹਾਲੀ।
ਸੌਂ ਜਾਇ ਜਾਗਕੇ ਤੇ ਕਹਿੰਦੇ ਕਹਾਂਦਿਆਂ ਹੀ,
ਖ਼ਬਰੇ ਏ ਬੇਖ਼ੁਦੀ ਦੀ ਕਿਸਨੇ ਦੁਆ ਪਿਆਲੀ?
ਖ਼ਬਰੇ ਪ੍ਰਭੂ ਹੀ ਜਾਣੇ, ਕੀ ਕੁਝ ਹੈ ਹੋਣ ਵਾਲਾ
ਇਹ ਨੀਂਦ ਖਾਲਸੇ ਦੀ ਹੈ ਇੱਲਤੋਂ[18] ਨ ਖ਼ਾਲੀ!

(ਖਾਲਸਾ ਸਮਾਚਾਰ 1908)

17. ਘੂਕੀ। 18. ਰੋਗ, ਕਾਰਣ।


www.sikhbookclub.com

# 15. ਹੱਕ ਤੇ ਫ਼ਰਜ਼
## (ਅਧਿਕਾਰ ਤੇ ਕਰ)

ਕੁਦਰਤ ਨੇ ਮਨੁੱਖ ਨੂੰ ਸਮਾਜਕ ਜੰਤ ਅਰਥਾਤ ਭਾਈਚਾਰੇ ਬਿਰਾਦਰੀ ਵਿਚ ਮਿਲਕੇ ਰਹਿਣ ਵਾਲਾ ਜੀਵ ਬਣਾਇਆ ਹੈ। ਸ਼ੇਰ ਜਿੱਕੂੰ ਇਕੱਲਾ ਵਿਚਰਦਾ ਹੈ, ਹਾਥੀ ਨਹੀਂ ਵਿਚਰਦਾ। ਉਹ ਸਦਾ ਡਾਰਾਂ ਵਿਚ, ਟੋਲਿਆਂ ਵਿਚ ਰਹਿੰਦਾ ਹੈ। ਇਸੀ ਤਰ੍ਹਾਂ ਮਨੁੱਖ ਸੁਸਾਇਟੀ ਅਰਥਾਤ ਭਾਈਚਾਰੇ ਵਿਚ ਰਹਿੰਦਾ ਹੈ। ਇਸ ਕਰਕੇ ਕੁਦਰਤ ਨੇ ਇਸ ਵਿਚ ਇਕ ਮਾਦਾ ਸਹਿਨ-ਸ਼ੀਲਤਾ ਦਾ ਪੈਦਾ ਕੀਤਾ ਹੈ, ਜਿਸ ਕਰਕੇ ਭਾਈਚਾਰਕ ਜੀਵਨ ਨਿਭਦਾ ਹੈ। ਲੋਕੀ ਜੋ ਆਪੋ ਵਿਚ ਮਿਲਕੇ ਰਹਿੰਦੇ ਹਨ ਇਹ ਨਿਰਾ ਪੁਰਾ ਰਾਜ ਦੰਡ ਕਰਕੇ ਨਹੀਂ, ਪਰ ਇਸ ਕਰਕੇ ਕਿ ਮਨੁੱਖ ਦੇ ਸੁਭਾਵ ਵਿਚ ਮਿਲਕੇ ਰਹਿਣ ਦੀ ਸੱਤਜਾ ਹੈ, ਅਰ ਉਸ ਸੱਤਜਾ ਦੀ ਨੀਂਹ ਸਹਿਨਸ਼ੀਲਤਾ ਤੇ ਸਹਾਰੇ ਪਰ ਹੈ। ਇਸ ਕੁਦਰਤੀ ਸੁਭਾਵ ਦੇ ਕਾਰਣ ਸੁਸਾਇਟੀ ਅਰਥਾਤ ਭਾਈਚਾਰੇ ਦੀ ਪ੍ਰਸੰਗਲੀ ਮਨੁੱਖ ਮਾਤ੍ਰ ਦੀ ਹਰ ਥਾਂ ਨਿਭ ਰਹੀ ਹੈ; ਪਰ ਇਸ ਸਿੱਧੇ ਖੜੇ ਜਾਨਵਰ (ਮਨੁੱਖ) ਵਿਚ ਇਕ ਹੋਰ ਵਾਧਾ ਹੈ, ਇਹ ਸੁਤੰਤ੍ਰ ਭੀ ਹੈ, ਇਸ ਦਾ ਜੀਅ ਖੁੱਲ੍ਹ ਨੂੰ ਬਹੁਤ ਪਿਆਰ ਕਰਦਾ ਹੈ। ਇਹ ਕੁਦਰਤੀ ਸੁਭਾਵ ਇਸ ਨੂੰ ਬੀਰ, ਨਿਰਭੈ, ਸੁਧਾਚਾਰੀ ਤੇ ਬਲੀ ਬਣਾਉਂਦਾ ਹੈ। ਜੇਕਰ ਸੁਭਾਵ ਦੀਆਂ ਇਹ ਦੋਵੇਂ ਸਤਜਾ ਇਕ ਦੂਜੇ ਵਿਚ ਠੀਕ ਬੈਠ ਜਾਣ, ਜਿਸ ਤਰ੍ਹਾਂ ਪੇਂਦੀ ਵਿਚ ਢੱਕਣ ਯਾ ਜੰਦਰੇ ਵਿਚ ਕੁੰਜੀ ਤਦ ਤਾਂ ਸੰਸਾਰ ਨੂੰ ਆਪਣੇ ਭਾਈਚਾਰੇ ਦੇ ਨਿਬਾਹ ਲਈ ਕਿਸੇ ਕਲਹ ਕਲਪਣਾ ਦੀ ਲੋੜ ਨਹੀਂ ਹੈ, ਪਰ ਜੇ ਦੋਹਾਂ ਨੂੰ ਅੱਡੋ ਅੱਡ ਕਰ ਦਿਤਾ ਜਾਵੇ ਫੇਰ ਨਿਬਾਹ ਬਹੁਤ ਕਠਨ ਹੋ ਜਾਂਦਾ ਹੈ।

 www.sikhbookclub.com

ਇਸ ਬਾਤ ਨੂੰ ਵਧੀਕ ਸੌਖਾ ਕਰਕੇ ਸਮਝਣ ਲਈ ਇਨ੍ਹਾਂ ਦੇ ਨਾਮ ਰੱਖਕੇ ਵੀਚਾਰ ਕਰਨੀ ਚਾਹੀਦੀ ਹੈ। ਪਹਿਲੀ ਤਾਕਤ ਜੋ ਚਾਹੁੰਦੀ ਹੈ ਕਿ ਮੈਂ ਸੁਤੰਤ੍ਰ ਹਾਂ, ਮੈਂ ਵਡਾ ਹੋਵਾਂ ਉਹ ਪੁਰਖ ਦੀ ਕੁਦਰਤ ਆਪਣੇ 'ਅਧਿਕਾਰ' ਯਾਂ 'ਹੱਕ' ਮੰਗਦੀ ਹੈ। ਦੂਸਰੀ ਤਾਕਤ ਜੋ ਮਿਲਕੇ ਨਿਰਬਾਹ ਕਰਨ ਦੀ ਸਤਜਾ ਰਖਦੀ ਹੈ ਉਹ 'ਕਰ' 'ਫਰਜ਼' ਕਹਿਲਾਉਂਦੀ ਹੈ। ਕੋਈ ਮਨੁੱਖ ਆਪਣੇ ਅਧਿਕਾਰ ਦੀ ਮੰਗ ਵਿਚ ਸੁਖਦਾਈ ਤੇ ਨਿਆਈਂ ਨਹੀਂ ਹੋ ਸਕਦਾ ਜਦ ਤਕ ਕਿ ਉਹ ਆਪਣੇ ਫ਼ਰਜ਼ ਅਦਾ ਕਰਨ ਵਿਚ ਬੀ ਓਹੋ ਜਿਹਾ ਹੀ ਤਤਪਰ ਨਾ ਹੋਵੇ ਕਿ ਜਿਹੋ ਜਿਹਾ ਅਧਿਕਾਰ ਮੰਗਣ ਵਿਚ ਹੁੰਦਾ ਹੈ। ਫ਼ਰਜ਼ ਕਰੋ ਕਿਸੇ ਦੇਸ਼ ਦੇ ਸਾਰੇ ਆਦਮੀ 'ਹੱਕ' ਤੇ 'ਫਰਜ਼' ਨੂੰ ਪਛਾਣਦੇ ਉਹਨਾਂ ਪਰ ਤੁਰਦੇ ਹਨ; ਉਸ ਦੇਸ਼ ਵਿਚ ਰਾਜ ਦੀ ਲੋੜ ਨਹੀਂ, ਪੁਲੀਸ ਦਰਕਾਰ ਨਹੀਂ, ਜੇਲਖਾਨੇ ਐਵੇਂ ਹਨ ਤੇ ਨਜਾਯਕਾਰੀ ਪ੍ਰਬੰਧ ਇਕ ਵਾਧੂ ਦੀ ਚੱਟੀ ਹੈ। ਜਦ ਹਰੇਕ ਆਦਮੀ ਆਪਣਾ ਹੱਕ ਪਛਾਣਦਾ ਤੇ ਐਸੇ ਸੁਤੰਤਰ ਅਰ ਦਲੇਰ ਖ਼ਯਾਲ ਵਾਲਾ ਹੈ ਕਿ ਆਪਣੇ ਹੱਕ ਨੂੰ ਕਦੇ ਜਾਣ ਨਹੀਂ ਦੇਂਦਾ ਤੇ ਹੱਕ ਤੋਂ ਵੱਧ ਆਪ ਕਦੇ ਨਹੀਂ ਲੈਂਦਾ, ਓਥੇ ਝਗੜਾ ਕਾਹਦਾ ਤੇ ਧੱਕਾ ਕਿਸ ਗਲ ਦਾ? ਜੋ ਹੱਕ ਪਛਾਣਦਾ ਹੈ ਤੇ ਫ਼ਰਜ਼ ਤੋਂ ਵਾਕਫ਼ ਹੈ ਉਹ ਜਾਣਦਾ ਹੈ ਕਿ ਮੇਰਾ ਆਪਣੇ ਅਧਿਕਾਰ ਪਰ ਖੜੋਦਿਆਂ ਪਹਿਲਾ ਫ਼ਰਜ਼ ਇਹ ਹੈ ਕਿ ਮੈਂ ਦੂਏ ਦਾ ਹੱਕ ਨਾਂ ਮਾਰਾਂ। ਜਿਸ ਤਰ੍ਹਾਂ ਮੈਂ ਆਪਣੇ ਹੱਕ ਦੀ ਇੱਜ਼ਤ ਕਰਦਾ ਹਾਂ, ਉਸੇ ਤਰ੍ਹਾਂ ਦੂਏ ਦੇ ਹੱਕ ਦੀ ਇਜ਼ਤ ਕਰਨੀ ਬੀ ਮੇਰਾ ਫ਼ਰਜ਼ ਹੈ। ਜਦ ਹਰੇਕ ਆਦਮੀ ਹੱਕ ਲਈ ਯਤਨ ਕਰਦਾ ਹੋਇਆ ਦੂਜੇ ਦੇ ਹੱਕ ਨੂੰ ਪਛਾਣਦਾ ਤੇ ਹੱਕ ਮਾਰਦਾ ਨਹੀਂ ਹੈ, ਤਦ ਉਸ ਭਾਈਚਾਰੇ ਤੇ ਉਸ ਦੇਸ਼ ਵਿਚ ਦੁਬਿਧਾ ਦਾ ਵਾਸ ਕਿਥੇ?

'ਹੱਕ' 'ਹੱਕ' ਕੂਕਣ ਵਾਲਾ ਤਾਂ ਹਰ ਕੋਈ ਹੈ, ਅਰ 'ਹੱਕ' ਦੀ ਧੁਨ ਤੇ 'ਹੱਕ' ਦੇ ਨਾਮ ਹੇਠਾਂ ਪਾਪ, ਧੱਕੇ ਤੇ ਜ਼ੁਲਮ ਕਰਨ ਵਾਲੇ ਅਨੇਕਾਂ ਹੀ ਪੈਦਾ ਹੋ ਜਾਂਦੇ ਹਨ; ਤਦ ਉਸ ਸੁਸਾਇਟੀ (ਭਾਈਚਾਰੇ) ਵਿਚ ਜ਼ੁਲਮ ਸ਼ੁਰੂ ਹੋ ਜਾਂਦਾ ਹੈ। ਉਸ ਜ਼ੁਲਮ ਦੇ ਰੋਕਣ ਲਈ ਹੱਕ ਪਛਾਣਨ ਵਾਲੇ ਜਥੇਬੰਦੀ ਕਾਇਮ ਕਰਦੇ ਹਨ ਤੇ ਰਾਜ ਦਾ ਸਿਲਸਿਲਾ ਤੋਰਦੇ ਹਨ, ਜਿਸ ਦੇ ਜ਼ਰੀਏ ਦੇਸ਼ ਵਿਚ ਨਹੱਕਾ ਧੱਕਾ ਕਰਨ ਵਾਲੇ ਡੰਡੇ ਦੇ ਜ਼ੋਰ ਨਾਲ ਅਰ ਸਜ਼ਾ ਦੇ ਭੈ ਦੇ ਕਾਰਣ ਆਪਣਾ 'ਫ਼ਰਜ਼' ਪਛਾਣਨ ਲਈ ਮਜਬੂਰ

 www.sikhbookclub.com

ਕੀਤੇ ਜਾਂਦੇ ਹਨ। ਇਸ ਸਿਲਸਿਲੇ ਨਾਲ ਸਲਾਮਤੀ ਤਾਂ ਆ ਜਾਂਦੀ ਹੈ, ਪਰ ਰਾਜ ਦੇ ਆਪਣੇ ਦੂਸ਼ਣ ਨਾਲ ਆ ਜਾਂਦੇ ਹਨ ਅਰ ਉਹ ਬੈਕੁੰਠੀ ਦਸ਼ਾ ਦੇਸ਼ ਦੀ ਨਹੀਂ ਰਹਿੰਦੀ ਜੋ ਹਰੇਕ ਪੁਰਸ਼ ਦੇ 'ਹੱਕ' ਤੇ ਫ਼ਰਜ਼ ਪਛਾਣਨ ਤੋਂ ਸੁਤੇ ਸਿਧ ਪ੍ਰਾਪਤ ਹੁੰਦੀ ਹੈ। ਇਸੇ ਗੁਹਯ ਭੇਤ ਦੇ ਸਮਝਣ ਲਈ ਹਿੰਦੂ ਮੁਸਲਮਾਨ ਨੂੰ ਪੁਕਾਰ ਕੇ ਗੁਰੂ ਜੀ ਨੇ ਸਮਝਾਇਆ ਸੀ:

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**
(ਵਾਰ ਮਾਝ ਮ:੧-੭)

ਇਹ ਜੋ ਹਿੰਦੂ ਮੁਸਲਮਾਨ ਨੇ 'ਗਾਂ ਸੂਰ' ਸਭ ਤੋਂ ਹਰਾਮ ਤੇ ਨਹੱਕੀ ਗਲ ਸਮਝ ਰਖੀ ਹੈ, ਗੁਰੂ ਜੀ ਕਹਿੰਦੇ ਹਨ ਪਰਾਇਆ ਹੱਕ ਗਾਂ ਸੂਰ ਵਰਗਾ ਹਰਾਮ ਹੈ, ਪਰਾਇਆ ਮੁਰਦਾਰ ਖਾਣਾ ਹੈ।

**ਕੂੜੁ ਬੋਲਿ ਮੁਰਦਾਰੁ ਖਾਇ॥**
(ਵਾਰ ਮਾਝ ਮ:੧-੫)

ਇਹ ਮੁਰਦਾਰ ਖਾਣਾ ਭਾਈਚਾਰੇ ਲਈ ਮਾਰੂ ਜ਼ਹਿਰ ਹੈ। ਜਿੰਨੇ ਦੁਖ ਆਪ ਦੇਖ ਰਹੇ ਹੋ: ਏਹ ਜੇਲ ਤੇ ਬੈਂਤ, ਇਹ ਪੁਲੀਸ ਤੇ ਰਾਜ ਦੰਡ, ਏਹ ਸਾਰੇ ਇਸ ਲਈ ਵਜੂਦ ਵਿਚ ਆਏ ਕਿ ਭਾਈਚਾਰੇ (ਸੁਸਾਇਟੀ) ਦੇ ਕੁਛ ਹਿੱਸੇ ਨੇ ਦੂਸਰੇ ਦੇ ਹੱਕ ਦੀ ਇੱਜ਼ਤ ਕਰਨੀ ਛੱਡ ਦਿਤੀ ਯਾ ਇਉਂ ਕਹੋ ਕਿ 'ਫ਼ਰਜ਼' ਭੁਲਾ ਦਿਤਾ। ਜੇ ਤੁਸੀਂ ਸਮਝਦੇ ਹੋ ਕਿ ਸੁਤੰਤਰ ਹੋਣਾ ਤੁਹਾਡਾ ਹੱਕ ਹੈ, ਤੁਸੀਂ ਸਮਝੋ ਕਿ ਹਰੇਕ ਪ੍ਰਾਣੀ ਨੂੰ ਸੁਤੰਤਰ ਦੇਖਣਾ, ਦੂਸਰੇ ਦੀ ਸੁਤੰਤਰਤਾ ਦਾ ਸਤਿਕਾਰ ਕਰਨਾ ਇਹ ਬੀ ਤੁਹਾਡਾ ਫ਼ਰਜ਼ ਹੈ। ਜੇ ਤੁਸੀਂ ਆਪਣਾ ਹੱਕ ਪਛਾਣਦੇ ਤੇ ਆਪਣੇ ਫ਼ਰਜ਼ ਤੋਂ ਅੱਖ ਚੁਰਾਉਂਦੇ ਹੋ ਤਦ ਤੁਸੀਂ ਅਤਜਾਚਾਰੀ ਹੋ ਅਰ ਮਨੁੱਖ ਮਾਤ੍ਰ ਦੇ ਦੋਖੀ ਹੋ। ਏਸੇ ਲਈ ਗੁਰੂ ਜੀ ਕਹਿੰਦੇ ਹਨ: ਕਿਉਂ ਹੋਰ ਪਿਟਣਿਆਂ ਵਿਚ ਪੈਕੇ ਭੁੱਲ ਤੇ ਗ਼ਲਤੀ ਦੇ ਬਨਾਂ ਵਿਚ ਖੁਆਰ ਹੁੰਦੇ ਹੋ ਅਸਲੀ ਮੁੱਢ ਭੁੱਲ ਨੂੰ ਪਛਾਣੋ ਕਿ ਤੁਸੀਂ ਫ਼ਰਜ਼ੋਂ ਘੁੱਸਕੇ ਮੁਰਦਾਰ ਖਾ ਰਹੇ ਹੋ, ਹਰੇਕ ਪ੍ਰਾਣੀ ਦਾ ਧਰਮ ਹੈ ਕਿ ਆਪਣੇ ਹੱਕ ਪਰ ਖੜਾ ਰਹੇ ਅਰ ਦੂਜੇ ਦੇ ਹੱਕ ਦਾ ਸਤਿਕਾਰ ਕਰੇ।

 www.sikhbookclub.com

ਇਹ ਜੋ ਕੁਝ ਅਸਾਂ ਕਿਹਾ ਹੈ, ਜਿਕੂੰ ਦੇਸ਼ ਅਰ ਭਾਈਚਾਰੇ ਦੇ ਪ੍ਰਬੰਧ ਅਰ ਸੁਖ ਲਈ ਸਭ ਤੋਂ ਵੱਡਾ ਅਸੂਲ ਅਰ ਕਾਰੀ ਇਲਾਜ ਹੈ, ਉਸੇ ਤਰ੍ਹਾਂ ਹਰੇਕ ਤਰ੍ਹਾਂ ਦੇ ਪ੍ਰਬੰਧ ਵਿਚ ਇਸ ਦੀ ਲੋੜ ਹੈ ਅਰ ਇਹੋ ਕਾਮਯਾਬੀ ਦੀ ਪਉੜੀ ਹੈ।

ਅੱਜ ਅਸਾਂ ਇਸ ਅਸੂਲ ਦਾ ਵਰਣਨ ਇਸ ਲਈ ਕੀਤਾ ਹੈ ਕਿ ਪੰਥ ਵਿਚ ਇਕ ਨਵੀਂ ਬੁਰਾਈ ਅਸੀਂ ਆਪ ਵਾੜਨ ਲਗੇ ਹਾਂ। ਅੱਜ ਤਾਂ ਇਕ ਸ਼ਕਲ ਵਿਚ ਕੁਛ ਸੁਖ ਹੈ, ਪਰ ਜੋ ਸ਼ਕਲ ਅਸੀਂ ਦੇਣ ਲਗੇ ਹਾਂ ਉਸ ਨੇ ਸਾਡੇ ਘਰਾਂ ਨੂੰ ਨਰਕ ਬਣਾ ਦੇਣਾ ਹੈ। ਸਾਡੇ ਕਲਮ ਧ੍ਰੀਕੂ (ਲਿਖਾਰੀ) ਤੇ ਉਪਦੇਸ਼ਕ ਅੰਗਰੇਜ਼ਾਂ ਨੂੰ ਵੇਖਕੇ ਰੀਸ ਦੇ ਗਡੇ ਚੜੇ ਹੋਏ ਇਸ ਗਲ ਪਰ ਬੜਾ ਜ਼ੋਰ ਦੇ ਰਹੇ ਹਨ ਕਿ ਹੇ ਸਿੰਘਣੀਓ! ਤੁਸੀਂ ਅਧਿਕਾਰ ਵਿਚ ਨਜੂਨ ਨਹੀਂ ਹੋ, ਹਿੰਦੂ ਸ਼ਾਸਤ੍ਰਾਂ ਤੇ ਮੁਸਲਮਾਲ ਸ਼ਰਹ ਨੇ ਤੁਹਾਨੂੰ ਐਵੇਂ ਦਬਾਈ ਰਖਿਆ ਹੈ। ਦੇਖੋ ਪੱਛਮ ਦੇ ਲੋਕ ਤ੍ਰੀਮਤ ਦਾ ਕਿੱਡਾ ਸਤਿਕਾਰ ਕਰਦੇ ਹਨ। ਅਸੀਂ ਕਦੇ ਇਹ ਕਹਿਣ ਨੂੰ ਤਿਆਰ ਨਹੀਂ ਕਿ ਇਸਤ੍ਰੀਆਂ ਦੇ ਅਧਿਕਾਰ ਦਾ ਸਤਿਕਾਰ ਨਾ ਕੀਤਾ ਜਾਵੇ। ਅਸੀਂ ਉਹਨਾਂ ਦੇ ਹਕੂਕ ਦੇ ਆਪ ਰਖਜਾ ਕਰਨਹਾਰੇ ਹਾਂ। ਪਰ ਜੋ ਕੁਛ ਬੁਰਾਈ ਅਸੀਂ ਦੱਸਣਾ ਲੋੜਦੇ ਹਾਂ ਉਹ ਇਹ ਹੈ ਕਿ ਇਸਤ੍ਰੀਆਂ ਨੂੰ ਉਹਨਾਂ ਦੇ ਹਕੂਕ ਸਿਖਲਾਏ ਜਾਂਦੇ ਹਨ, ਪਰ ਫ਼ਰਜ਼ ਨਹੀਂ ਸਿਖਲਾਏ ਜਾਂਦੇ। ਹਿੰਦੂ ਸ਼ਾਸਤ੍ਰਾਂ ਤੇ ਮੁਸਲਮਾਨੀ ਸ਼ਰਹ ਨੇ ਉਹਨਾਂ ਨੂੰ ਕੇਵਲ ਫ਼ਰਜ਼ ਸਿਖਲਾਏ ਤੇ ਹਕੂਕ ਸਿਖਾਉਣ ਤੋਂ ਉਨ੍ਹਾਂ ਦੇ ਕੰਨ ਸਿਉਂ ਦਿਤੇ, ਸ਼ੂਦ੍ਰ ਤੇ ਪਰਦੇ ਦੀ ਕੈਦਣ ਬਣਾਕੇ ਘਰਾਂ ਦਾ ਇਕ ਨਜ਼ਰ ਵੱਟੂ ਬਣਾ ਛਡਿਆ, ਇਸ ਜ਼ੁਲਮ ਪਰ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਮਝਾਇਆ ਕਿ ਇਹ ਅਤਜਾਚਾਰ ਹੈ, ਇਸ ਨੂੰ ਛਡੋ ਅਰ ਉਹਨਾਂ ਦੇ ਅਧਿਕਾਰ ਉਹਨਾਂ ਨੂੰ ਦੇਕੇ ਆਪਣਾ ਫ਼ਰਜ਼ ਅਦਾ ਕਰੋ। ਅਜ ਅਸਾਂ ਕੀ ਸ਼ੁਰੂ ਕੀਤਾ ਹੋਇਆ ਹੈ? ਕਿ ਉਹਨਾਂ ਦੇ ਅਧਿਕਾਰ ਤਾਂ ਤਿੱਖੀਆਂ ਜੀਭਾਂ ਨਾਲ ਸੁਣਾ ਰਹੇ ਹਾਂ ਪਰ ਫ਼ਰਜ਼ ਸਿਖਾਲਣੋਂ ਭੁੱਲ ਰਹੇ ਹਾਂ। ਇਹ ਭੁੱਲ ਸਾਡੇ ਅਜੇ ਕਾਗਤਾਂ ਜਾਂ ਲੈਕਚਰਾਂ ਦੇ ਚਬੂਤਰਿਆਂ ਤੇ ਹੀ ਨਹੀਂ ਇਹ ਘਰਾਂ ਦੇ ਪਵਿਤ੍ਰ ਮੰਡਲਾਂ ਵਿਚ ਦਾਖ਼ਲ ਹੋ ਰਹੀ ਹੈ। ਅਸੀਂ ਕਈ ਨਵੀਨ ਘਰਾਂ ਵਿਚ ਦੇਖਦੇ ਹਾਂ ਕਿ ਇਸਤ੍ਰੀ ਪੁਰਖ ਡਾਂਗੋ ਡਾਂਗ ਹੋ ਰਹੇ ਹਨ। ਪੁਰਖ ਕਰਕੇ ਇਸਤ੍ਰੀ ਤੇ ਇਸਤ੍ਰੀ ਕਰਕੇ ਪੁਰਖ ਪ੍ਰਸੰਨ

 www.sikhbookclub.com

ਨਹੀਂ ਹਨ। ਖੋਜ ਕਰੀਏ ਤਾਂ ਪਤਾ ਲਗਦਾ ਹੈ ਕਿ ਸੁਆਣੀ ਵਲੋਂ ਹਰ ਘੜੀ ਅਪਣੇ ਪਤੀ ਤੋਂ 'ਹਕੂਕ' ਦੀ ਮੰਗ ਹੈ, ਉਧਰੋਂ ਪਤੀ ਨੂੰ ਆਪਣੇ ਹਕੂਕ ਦੀ ਮੰਗ, ਫ਼ਰਜ਼ ਦੋਵੇਂ ਹੀ ਨਹੀਂ ਪਛਾਣਦੇ, ਤਦੇ ਮਹਾਂ ਦੁਖ ਹੈ। ਇਹ ਕਲੇਸ਼ ਖ਼ਿਆਲੀ ਨਹੀਂ, ਵਰਤਣੇ ਸ਼ੁਰੂ ਹੋ ਗਏ ਹਨ, ਅਸੀਂ ਸਾਰੇ ਪ੍ਰਚਾਰਕ ਭਰਵਾਂ ਤੇ ਖਾਸ ਕਰ ਕੰਨਿਆਂ ਪਾਠਸ਼ਾਲਾਂ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਬਿਨੈ ਕਰਦੇ ਹਾਂ ਕਿ ਆਉਣ ਵਾਲੀ ਸੰਤਾਨ ਦੀਆਂ ਮਾਵਾਂ ਨੂੰ ਆਪਣੇ ਫ਼ਰਜ਼ ਪਹਿਲੇ ਸਿਖਾਓ, ਨਿਰੇ ਹਕੂਕ ਸਿਖਾਇਆਂ ਤੁਸੀਂ ਸੁਸਾਇਟੀ ਦੇ ਉਸ ਥੋੜੇ ਸੁਖ ਨੂੰ ਬੀ, ਜੋ ਹੁਣ ਹੈ, ਗੁਆ ਦਿਓਗੇ, ਤੇ ਓਹ ਖ਼ੂਬੀਆਂ ਦੂਰ ਕਰ ਦਿਓਗੇ ਜਿਨ੍ਹਾਂ ਖ਼ੂਬੀਆਂ ਨੇ ਇਸ ਦੇਸ ਦੀ ਇਸਤ੍ਰੀ ਨੂੰ ਅਦੁਤੀ ਬਣਾ ਦਿਤਾ ਹੈ। ਇਸ ਭਾਰਤ ਖੰਡ ਵਿਚੋਂ ਸੀਤਾ, ਸਾਵਿਤ੍ਰੀ, ਮਾਤਾ ਗੰਗਾ ਵਰਗੀਆਂ ਇਸਤ੍ਰੀਆਂ ਦਾ ਹੋਣਾ ਅਸੰਭਵ ਹੋ ਜਾਏਗਾ। ਹੁਣ ਵਕਤ ਹੈ, ਅਜੇ ਇਸ ਗ਼ਲਤੀ ਨੇ ਪੱਕੀ ਜੜ੍ਹ ਨਹੀਂ ਫੜੀ, ਹੁਣੇ ਹੀ ਆਪ ਇਸ ਪੰਥ ਨੂੰ ਇਸ ਆਉਣ ਵਾਲੀ ਲਾ-ਇਲਾਜ ਵਿਪਦਾ ਤੋਂ ਬਚਾ ਸਕਦੇ ਹੋ, ਤੇ ਸਿਖਾਂ ਦੇ ਘਰਾਂ ਨੂੰ ਸੁਰਗੀ ਘਰ ਬਣਨ ਦਾ ਮੌਕਾ ਦੇ ਸਕਦੇ ਹੋ। (ਖਾਲਸਾ ਸਮਾਚਾਰ 9-10-1907 ਈ:)

 www.sikhbookclub.com

## 16. ਅਮੀਰੀ ਤੇ ਮੌਤ

ਮੌਤ ਇਕ ਦਿਨ ਆਵੇਗੀ ਅਰ ਜ਼ਰੂਰ ਮਾਰੇਗੀ, ਇਹ ਅਟੱਲ ਨਿਯਮ ਹੈ। ਹੋਰ ਅਗੇ ਪਿਛੇ ਦੀਆਂ ਸਾਰੀਆਂ ਬਾਤਾਂ ਪਰ ਸੰਸਾ ਹੋ ਸਕਦਾ ਹੈ, ਪਰ ਇਹ ਨਿਰਸੰਸੇ ਹੈ। ਇਸ ਗੱਲ ਨੂੰ ਵਿਸਾਰ ਦੇਣ ਵਾਲੇ ਸ਼ਾਹੂਕਾਰ 'ਅਮੀਰ' ਕਹੀਦੇ ਨੇ।

ਹਰ ਇਕ ਆਦਮੀ ਦਿਲ ਰਖਦਾ ਹੈ ਅਰ ਸਭ ਦਾ ਦਿਲ ਦੁਖ ਸੁਖ ਨੂੰ ਅਨੁਭਵ ਕਰਦਾ ਹੈ, ਜੈਸਾ ਮੇਰਾ ਦਿਲ ਹਰ ਵੇਲੇ ਦੂਜਿਆਂ ਪਾਸੋਂ ਕ੍ਰਿਪਾ ਤੇ ਪਿਆਰ ਦਾ ਉਮੈਦਵਾਰ ਹੈ, ਇਸੇ ਤਰ੍ਹਾਂ ਦੂਸਰਿਆਂ ਦਾ ਦਿਲ ਮੈਥੋਂ ਕ੍ਰਿਪਾ ਤੇ ਪਜਾਰ ਦਾ ਉਮੈਦਵਾਰ ਹੈ। ਇਸ ਗਲ ਨੂੰ ਜੋ ਸ਼ਾਹੂਕਾਰ ਭੁੱਲ ਜਾਵੇ ਸੋ 'ਅਮੀਰ' ਕਹੀਦਾ ਹੈ।

ਸਾਰਾ ਸੰਸਾਰ ਮੇਰੇ ਸੁਖ ਵਾਸਤੇ ਬਣਿਆ ਹੈ, ਮੈਂ ਮਨੁੱਖ ਸ਼ਿਰੋਮਣੀ ਹਾਂ, ਤੇ ਬਾਕੀ ਸਾਰੇ ਮੇਰੇ ਦਾਸ ਹਨ, ਸਭ ਦਾ ਧਰਮ ਹੈ ਮੈਨੂੰ ਪ੍ਰਸੰਨ ਕਰਨ ਅਰ ਮੇਰੇ ਲਾਡ ਤੇ ਧੱਕੇ ਸਹਾਰਨ। ਜੋ ਨ ਸਹਾਰੇ ਸੋ ਕਤਲ। ਐਸੇ ਸ਼ੁਧ ਹਿਰਦੇ ਵਾਲੇ ਧਨਾਢ ਨੂੰ 'ਅਮੀਰ' ਕਹਿੰਦੇ ਹਨ।

ਮੇਰੀ ਨਿੰਦਾ ਕੋਈ ਨਾ ਕਰੇ, ਮੇਰੇ ਬੁਰੇ ਕੰਮ ਦੀ ਨੁਕਤਾਚੀਨੀ ਕੋਈ ਨਾ ਕਰੇ। ਮੇਰੀ ਭਲਿਆਈ ਦੀ ਵਡਿਆਈ ਪਰਮੇਸ਼ੁਰ ਦੇ ਜੱਸ ਤੋਂ ਵਧੀਕ ਹੋਵੇ, ਜੋ ਮੈਂ ਕਰਾਂ ਸੋ ਵਿਹਤ, ਜੋ ਆਖਾਂ ਸੋ ਪ੍ਰਮਾਣੀਕ, ਜੋ ਸੋਚਾਂ ਸੋ ਸੰਮਤ, ਜੋ ਮੇਰੇ ਨਾਲ ਇਤਫ਼ਾਕ ਨਾ ਕਰੇ ਉਹ ਤੋਪ ਵਿਚ ਧਰਕੇ ਚੰਦਰ ਲੋਕ ਵਿਚ ਉਡਾਇਆ ਜਾਵੇ। ਐਸੇ ਗੰਭੀਰ ਆਸ਼ੇ ਵਾਲੇ ਧਨਪਤੀ ਨੂੰ 'ਅਮੀਰ' ਆਖਦੇ ਹਨ।

 www.sikhbookclub.com

ਜਿਸ ਵਿਚ ਖਿਮਾ ਦਾ ਨਾਮ ਨਾ ਰਹੇ, ਜਿਸ ਵਿਚ ਸਹਾਰੇ ਦਾ ਮੁਸ਼ਕ ਨਾ ਰਹੇ; ਜੋ ਅੱਲੇ ਜ਼ਖਮਾਂ ਵਾਂਗ ਹਵਾ ਨਾਲ ਭੀ ਦੁਖ ਉਠੇ, ਐਸੇ ਦੌਲਤ ਵਾਲੇ ਨੂੰ 'ਅਮੀਰ' ਆਖਦੇ ਹਨ।

ਜੋ ਭਲੀ ਸਲਾਹ ਨਾ ਮੰਨੇ, ਬੁਰਿਆਂ ਨਾਲ ਪਿਆਰ ਕਰੇ, ਸੱਚਿਆਂ ਤੋਂ ਐਉਂ ਨੱਸੇ ਜਿਉਂ ਚੋਰ ਚੰਦ ਤੋਂ, ਆਪਣੇ ਹੰਕਾਰ ਦੀ ਅੱਗ ਵਿਚ ਹਰ ਵੇਲੇ ਸੜਦਾ ਰਹੇ, ਉਸ ਸੰਪਤਾ ਵਾਲੇ ਨੂੰ 'ਅਮੀਰ' ਕਹਿੰਦੇ ਹਨ।

ਏਹ ਉਪਰ ਲਿਖੇ ਟੋਟਕੇ ਪੜ੍ਹਕੇ ਪਾਠਕ ਹੈਰਾਨ ਹੋਣਗੇ ਕਿ ਕਿਆ ਅਮੀਰੀ ਦੇ ਇਹੀ ਲੱਛਣ ਹਨ? ਪਰ ਸੱਚ ਇਹ ਹੈ ਕਿ ਅਮੀਰੀ ਦੇ ਇਹ ਲੱਛਣ ਨਹੀਂ, ਸਗੋਂ ਐਬ ਹਨ ਤੇ ਅਮੀਰਾਂ ਵਿਚ ਏਹ ਐਬ ਪੈ ਜ਼ਰੂਰ ਜਾਂਦੇ ਹਨ। ਅਮੀਰੀ ਤਾਂ ਦਿਲ ਦੀ ਗ਼ਰੀਬੀ ਤੇ ਦੌਲਤ ਦੀ ਬਹੁਤਾਇਤ ਨੂੰ ਕਹਿੰਦੇ ਹਨ। ਪਰ ਇਸ ਮਾਇਆ ਵਿਚ ਇਹ ਅਚਰਜ ਅਸਰ ਹੈ ਕਿ ਇਸ ਨੂੰ ਪਾਕੇ ਕੋਈ ਵਿਰਲਾ ਹੀ ਦਿਲ ਦਾ ਦਿਆਲੂ ਤੇ ਗ਼ਰੀਬ ਰਹਿੰਦਾ ਹੈ, ਨਹੀਂ ਤਾਂ ਦੌਲਤ ਸੰਦੂਖਾਂ ਵਿਚ ਰਹਿੰਦੀ ਹੈ ਅਰ ਕੇਵਲ ਇੰਨਾਂ ਸੰਕਲਪ ਕਿ ਮੈਂ ਧਨੀ ਹਾਂ, ਨੌ ਨੌ ਗਿੱਠ ਦੇ ਵਨੂਹੇਂ ਮਗਜ਼ ਵਿਚ ਵਾੜ ਦੇਂਦਾ ਹੈ। ਆਖਦੇ ਹਨ ਆਪਣੇ ਇਕ ਪਿਆਰੇ ਨੂੰ ਕਲਗੀਆਂ ਵਾਲੇ ਸਤਿਗੁਰੂ ਨੇ ਕਿਹਾ ਸੀ ਕਿ ਤੈਨੂੰ ਧਨ ਪਾਤਰ ਕਰਾਂਗੇ; ਉਸ ਨੇ ਹਥ ਬੰਨ੍ਹ ਕੇ ਬੇਨਤੀ ਕੀਤੀ: ਸਚੇ ਪਾਤਸ਼ਾਹ! ਮਾਇਆ ਆਈ ਤਦ ਤੁਸੀਂ ਵਿਸਰ ਜਾਓਗੇ, ਮੇਰੇ ਵੱਸ ਨਹੀਂ, ਇਸ ਨਾਗਨ ਦੇ ਵਿਹੁ ਨੇ ਮੇਰੇ ਮਨ ਨੂੰ ਉਨਮੱਤ ਕਰ ਦੇਣਾ ਹੈ। ਗੁਰੂ ਜੀ ਨੇ ਕਿਹਾ ਦੋ ਬੂਟੀਆਂ ਤੈਨੂੰ ਦਿੰਦੇ ਹਾਂ, ਜਿਸ ਕਰਕੇ ਇਸ ਦਾ ਵਿਹੁ ਨਹੀਂ ਚੜ੍ਹੇਗਾ। ਸਿੱਖ ਨੇ ਕਿਹਾ: ਸੱਚੇ ਪਾਤਸ਼ਾਹ! ਆਗਿਆ ਕਰੋ। ਆਪ ਨੇ ਫੁਰਮਾਯਾ: ਮੌਤ ਨੂੰ ਸਦਾ ਯਾਦ ਰਖੀਂ, ਤੇ ਹਰੇਕ ਪ੍ਰਾਣੀ ਦੇ ਦਿਲ ਨੂੰ ਆਪਣੇ ਜਿਹਾ ਜਾਣੀ, ਬਸ ਫੇਰ ਵਿਹੁ ਨਹੀਂ ਚੜ੍ਹੇਗੀ, ਸਿਖ ਨੇ ਸ੍ਵੀਕਾਰ ਕੀਤਾ।

ਤਾਤਪਰਜ ਇਹ ਹੈ ਕਿ ਹਰੇਕ ਅਮੀਰ ਨੂੰ ਇਨ੍ਹਾਂ ਦੋਹਾਂ ਬਾਤਾਂ ਦੀ ਵਿਚਾਰ ਰੱਖਣੀ ਚਾਹੀਏ ਤਦ ਤਾਂ ਅਮੀਰ ਲੋਕ ਪਰਲੋਕ ਸੁਆਰ ਲੈਂਦਾ ਹੈ, ਨਹੀਂ ਤਾਂ ਉਹੋ ਸੋਨਾ ਚਾਂਦੀ ਪੰਘਰੇ ਹੋਏ ਸੋਨੇ ਚਾਂਦੀ ਵਾਂਙੂ ਉਸਦੀ ਆਤਮਾ ਨੂੰ ਦਗਧ ਕਰ ਦੇਂਦਾ ਹੈ। ਅਸਲ ਵਿਚ ਪਦਾਰਥ ਕਰਤਾਰ ਇਸ ਵਾਸਤੇ ਦੇਂਦਾ ਹੈ ਕਿ ਧਨੀ ਆਪਣੇ ਨਿਰਧਨ ਭਰਾਵਾਂ ਦੀ ਸੇਵਾ ਕਰੇ,

 www.sikhbookclub.com

ਨਾ ਇਸ ਲਈ ਕਿ ਉਨ੍ਹਾਂ ਨੂੰ ਪਸ਼ੂ ਸਮਾਨ ਸਮਝਣ ਲਗ ਪਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸੇ ਪਰਥਾਇ ਵਾਕ ਹੈ:-

**ਜਉ ਨਿਰਧਨੁ ਸਰਧਨ ਕੈ ਜਾਇ॥**
**ਆਗੇ ਬੈਠਾ ਪੀਠਿ ਫਿਰਾਇ॥੧॥**
**ਜਉ ਸਰਧਨੁ ਨਿਰਧਨ ਕੈ ਜਾਇ॥**
**ਦੀਆ ਆਦਰੁ ਲੀਆ ਬੁਲਾਇ॥੨॥**
**ਨਿਰਧਨੁ ਸਰਧਨੁ ਦੋਨਉ ਭਾਈ॥**
**ਪ੍ਰਭ ਕੀ ਕਲਾ ਨ ਮੇਟੀ ਜਾਈ॥੩॥**
**ਕਹਿ ਕਬੀਰ ਨਿਰਧਨੁ ਹੈ ਸੋਈ॥**
**ਜਾਕੇ ਹਿਰਦੇ ਨਾਮ ਨ ਹੋਈ॥੪॥**
(ਭੈਰਉ ਕਬੀਰ ਜੀ-੮)

ਅਮੀਰ ਹੋਣਾ ਕੌਮੀ ਤੱਰਕੀ ਲਈ ਲਾਭਦਾਇਕ ਹੈ, ਪਰ ਤਾਂ ਜੇ ਇਹ ਸਮਝ ਬਣੀ ਰਹੇ ਕਿ 'ਨਿਰਧਨ ਸਰਧਨੁ ਦੋਨਉ ਭਾਈ' ਨਹੀਂ ਤਾਂ:-

**ਮਾਇਆਧਾਰੀ ਅਤਿ ਅੰਨਾ ਬੋਲਾ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ॥**
(ਵਾਰ ਗਉੜੀ ਮ:੩-੨੪)

(ਖਾਲਸਾ ਸਮਾਚਾਰ ਮਿਤੀ 3 ਸਤੰਬਰ 1902 ਈ:)

 www.sikhbookclub.com

# 17. ਬਾਣੀ ਨਾਲ ਮਨ ਕਿਵੇਂ ਨਿਰਮਲ ਹੁੰਦਾ ਹੈ?

ਸਾਡੇ ਸਤਿਗੁਰਾਂ ਦੀ ਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਬਿਰਾਜਮਾਨ ਹੈ, ਸਾਡੀ ਕਲਜਾਨ ਕਰਤਾ ਹੈ। ਇਸ ਪਰ ਕਈ ਲੋਕ ਸੰਸੇ ਕਰਦੇ ਹਨ, ਜਿਨ੍ਹਾਂ ਦੀ ਨਵਿਰਤੀ ਹਿਤ ਸਤਿਗੁਰੂ ਜੀ ਨੇ ਆਪ ਏਹ ਵਾਕ ਉਚਾਰੇ ਹਨ: "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥" (ਨਟ:ਮ:4, ਅਸਟ-4) ਇਸ ਹੁਕਮ ਦੇ ਹੁੰਦਿਆਂ ਬੀ ਕਈ ਸੰਸੇ ਕਰਦੇ ਹਨ। ਕਈ ਤਾਂ ਇਸ ਲਈ ਕਿ ਦੇਹ-ਧਾਰੀ ਗੁਰੂ ਚਾਹੀਦਾ ਹੈ, ਇਸ ਗ਼ਰਜ਼ ਨੂੰ ਲੈਕੇ ਇਸ ਦੇ ਭਾਵ ਨੂੰ ਬਦਲਦੇ ਹਨ, ਤੇ ਕਈ ਜਗਜਾਸੂ ਆਪਣੇ ਸੱਚੇ ਹਿਰਦੇ ਨਾਲ ਬਾਣੀ ਦਾ ਅਭਜਾਸ ਕਰਦੇ ਹੋਏ, ਜਿਨ੍ਹਾਂ ਮੁਸ਼ਕਲਾਂ ਵਿਚ ਪੈਂਦੇ ਹਨ, ਉਨ੍ਹਾਂ ਦੀ ਨਵਿਰਤੀ ਵਾਸਤੇ ਪ੍ਰਸ਼ਨ ਕਰਦੇ ਹਨ।

ਗੱਲ ਕੀ, ਇਸ ਬਾਤ ਦੇ ਨਿਰਣੇ ਵਾਸਤੇ ਬਾਣੀ ਦੇ ਪਾਠ ਲਈ ਹਰੇਕ ਪਾਸੇ ਤੋਂ ਚਰਚਾ ਕਰਕੇ ਸਿੱਧਾਂਤ ਕੱਢਣੇ ਲਈ ਪੁਸਤਕ ਚਾਹੀਦੇ ਹਨ, ਪਰ ਏਥੇ ਕੇਵਲ ਮਨ ਦੀ ਸਫ਼ਾਈ ਬਾਬਤ ਵਰਣਨ ਕਰਦੇ ਹਾਂ ਕਿ ਬਾਣੀ ਮਨ ਦਾ ਮਸਕਲਾ (ਸਫ਼ਾਈ, ਨਿਰਮਲਤਾ) ਕਿਸ ਤਰ੍ਹਾਂ ਕਰਦੀ ਹੈ। ਮਨ ਸ਼ੁੱਧ ਕਰਨੇ ਦੇ ਅਨੇਕ ਸਾਧਨ ਸੰਸਾਰ ਵਿਚ ਪਰਵਿਰਤ ਹਨ, ਪਰ ਸਾਡੇ ਸਤਿਗੁਰਾਂ ਨੇ ਸਭ ਦੇ ਘਾਟੇ ਦਿਖਾ ਦਿਖਾਕੇ ਬਾਣੀ ਨੂੰ ਸਭ ਤੋਂ ਵਿਸ਼ੇਸ਼ ਉੱਤਮ ਦੱਸਿਆ ਹੈ, ਅਰ ਇਹ ਸਚਮੁਚ ਠੀਕ ਹੈ। ਪਰ ਹੁਣ ਸਮਾਂ ਯੁਕਤੀਆਂ ਦਾ ਹੈ; ਕਰਨੀ ਬਹੁਤ ਘੱਟ ਹੈ, ਕਹਿਣੀ ਬਹੁਤ ਵਧੀਕ ਹੈ। ਅੱਜ ਕਲ ਕਿਸੇ ਉੱਤਮ ਕੰਮ ਦਾ ਉਪਦੇਸ਼ ਤਦ ਤਕ ਅਸਰ ਨਹੀਂ ਕਰਦਾ ਜਦ ਤਕ ਕਿ ਕੁਝ ਨਾਂ ਕੁਝ ਤਸੱਲੀ ਕਰਾ ਦੇਣ ਵਾਲੀ ਯੁਕਤੀ ਨਾਲ ਨਾਂ ਹੋਵੇ।

 www.sikhbookclub.com

ਇਕ ਵੇਰ ਇਕ ਵੇਦਾਂਤੀ ਸਾਧੂ ਕਿਸੇ ਨੂੰ ਉਪਦੇਸ਼ ਕਰ ਰਿਹਾ ਸੀ ਕਿ ਬਾਣੀ ਕਿਸਦੀ ਪੜ੍ਹੀਏ ਅਰ ਕਿਉਂ ਪੜ੍ਹੀਏ? ਜਦ 'ਮੈਂ' ਹੀ 'ਮੈਂ' ਹਾਂ ਤਦ ਬਾਣੀ ਕਿਉਂ ਪੜ੍ਹਾਂ। ਇਹ ਪ੍ਰਸ਼ਨ ਸੁਣਕੇ ਇਕ ਸਿੰਘ ਨੇ ਕਿਹਾ ਕਿ ਮਹਾਰਾਜ! ਜੇ ਆਪਨੂੰ ਕੋਈ ਗਾਲੀ ਦੇਵੇ ਤਦ ਆਪ ਨੂੰ ਗੁੱਸਾ ਲਗਦਾ ਹੈ ਕਿ ਨਹੀਂ? ਸਾਧੂ ਨੇ ਕਿਹਾ: ਹਾਂ, ਕ੍ਰੋਧ ਜ਼ਰੂਰ ਆਉਂਦਾ ਹੈ। ਤਦ ਸਿੰਘ ਨੇ ਕਿਹਾ: ਜਦ ਆਪ ਦਾ ਹਿਰਦਾ ਕ੍ਰੋਧਾਤਰ ਹੁੰਦਾ ਹੈ ਤਾਂ ਇਸਦਾ ਅਰਥ ਹੈ ਕਿ ਆਪਦਾ ਮਨ ਮਲੀਨ ਹੋ ਜਾਂਦਾ ਹੈ, ਤਦ ਸ੍ਰੇਸ਼ਟ ਬਾਣੀ ਕਰਕੇ ਉਸ ਨੂੰ ਸਫ਼ਾਈ ਦੀ ਬੀ ਲੋੜ ਹੈ। ਜਿਸ ਘਰ ਵਿਚ ਕੂੜਾ ਕੱਠਾ ਹੋਵੇ ਓਥੇ ਝਾੜੂ ਫੇਰਨੇ ਦੀ ਅਵੱਸ਼ ਲੋੜ ਹੈ। ਇਸ ਪ੍ਰਕਾਰ ਜਦ ਆਪ ਦਾ ਮਨ ਮਲੀਨ ਹੁੰਦਾ ਹੈ ਤਦ ਉਸ ਨੂੰ ਸਫ਼ਾ ਕਰਨੇ ਦੀ ਬੀ ਲੋੜ ਹੈ। ਜਦ ਮਨ ਦੁਰਬਚਨਾਂ ਕਰਕੇ ਮੈਲਾ ਹੁੰਦਾ ਹੈ, ਤਦ ਸ੍ਰੇਸ਼ਟ ਬਚਨਾਂ ਕਰਕੇ ਨਿਰਮਲ ਬੀ ਜ਼ਰੂਰ ਹੋਵੇਗਾ। ਸ੍ਰੇਸ਼ਟ ਬਚਨ ਸ੍ਰੇਸ਼ਟ ਪੁਰਖਾਂ ਦੇ ਹੁੰਦੇ ਹਨ ਸੋ ਸਭ ਤੋਂ ਸਰੇਸ਼ਟ ਸਾਡੇ ਸਤਿਗੁਰੂ ਸਾਹਿਬਾਨ ਹਨ, ਉਨ੍ਹਾਂ ਦੀ ਬਾਣੀ ਜ਼ਰੂਰ ਸਰੇਸ਼ਟਤਾ ਕਰੇਗੀ, ਯਥਾ:-

**ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥੨॥**

(ਰਾਮਕਲੀ ਮਹਲਾ ੩, ਆਨੰਦ-੨੩)

ਗਲ ਕੀ, ਉਸ ਸਾਧ ਨੂੰ ਆਪਣਾ ਹਠ ਛੱਡਕੇ ਮੰਨਣਾ ਪਿਆ ਕਿ ਬਾਣੀ ਦਾ ਪਾਠ ਕਰਨਾ ਸਾਡੇ ਲਈ ਮਨ ਨੂੰ ਨਿਰਮਲ ਕਰਨ ਲਈ ਅਵੱਸ਼ਕ ਕਾਰ ਹੈ।

ਹੁਣ ਪਾਠ ਕਰਨੇ ਦੇ ਅਨੇਕ ਢੰਗ ਹਨ। ਸਭ ਤੋਂ ਸ੍ਰੇਸ਼ਟ ਅਰ ਉੱਤਮ ਜਗਜਾਸੂਆਂ ਦੇ ਕਰਨੇ ਹਿਤ ਜੋ ਢੰਗ ਹੈ ਤਿਸਦਾ ਉਪਦੇਸ਼ ਪੰਚਮ ਸਤਿਗੁਰੂ ਜੀ ਨੇ ਫੁਨਿਹਾਂ ਵਿਚ ਇਸ ਪ੍ਰਕਾਰ ਕੀਤਾ ਹੈ:-

**ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ॥**
**ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ॥**
**ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ॥**
**ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁਧਨਾ॥**

(ਫਨਹੇ ਮਹਲਾ ੫-੧੨)

 www.sikhbookclub.com

ਭਾਵ- ਅਕਾਲ ਪੁਰਖ ਮਿਤ੍ਰ ਦਾ ਚਿਤ ਉਪਮਾਂ ਤੋਂ ਪਰੇ ਹੈ, ਜਿਸ ਦਾ ਭੇਤ ਨਹੀਂ ਮਲੂਮ ਹੁੰਦਾ। ਗੁਣੀ ਜਗਾਜਾਸੂ ਉਸ ਪਾਰ ਤੋਂ ਰਹਿਤ ਅਕਾਲ ਪੁਰਖ ਦੇ ਤੱਤ ਨੂੰ ਪਛਾਣਦੇ ਹਨ, ਉਹ ਕਿੱਕੁਰ? ਉੱਤਰ- ਚਿਤ ਨੂੰ ਉਸ ਚਿਤ ਵਿਚ ਸਮਾਉਂਦੇ ਹਨ ਤਦ ਬਹੁਤ ਰੰਗ ਚੜ੍ਹਦਾ ਹੈ, ਕਾਮਾਦਿ ਪੰਜ ਚੰਚਲ ਚੋਰਾਂ ਨੂੰ ਮਾਰਦੇ ਹਨ ਤਦ ਸੱਚ ਰੂਪੀ ਧਨ ਨੂੰ ਪਾਉਂਦੇ ਹਨ।

ਇਸ ਫੁਨਹੇ ਵਿਚ ਮਹਾਰਾਜ ਜੀ ਅਸਲ ਕੁੰਜੀ ਤੀਸਰੀ ਤੁਕ ਵਿਚ ਦੱਸਦੇ ਹਨ ਕਿ ਪਿਆਰੇ ਦੇ ਚਿਤ ਨਾਲ ਚਿਤ ਸਮਾਇਆਂ ਅਸਲ ਰੰਗ ਚੜ੍ਹਦਾ ਹੈ; ਇਸੇ ਕਰਕੇ ਖਾਲਸੇ ਵਿਚ ਸਤਿਸੰਗ ਦਾ ਪ੍ਰਵਾਹ ਹੈ ਕਿ ਜਗਾਜਾਸੂ ਗੁਰਮੁਖਾਂ ਦੇ ਪਾਸ ਬੈਠਕੇ ਆਪਣੇ ਚਿੱਤ ਦੇ ਸੁਭਾਵ ਨੂੰ ਛਡ ਛਡ ਕੇ ਗੁਰਮੁਖਾਂ ਦੇ ਚਿਤ ਨਾਲ ਮੇਲਣ ਦਾ ਯਤਨ ਕਰੇ। ਐਸਾ ਕਰਨੇ ਤੇ ਆਪਣਾ ਸੁਭਾਵ ਸੁਤੇ ਹੀ ਸੌਰਦਾ ਜਾਂਦਾ ਹੈ। ਅਰਥਾਤ ਆਪਣਾ ਚਿਤ ਜਦ ਗੁਰਮੁਖਾਂ ਦੇ ਚਿਤ ਨਾਲ ਮਿਲਨੇ ਦੇ ਉੱਦਮ ਵਿਚ ਹੁੰਦਾ ਹੈ ਤਦ ਆਪਣੇ ਖੋਟ ਸੁਤੇ ਹੀ ਛੱਡ ਜਾਂਦਾ ਹੈ। ਇਸ ਤਰ੍ਹਾਂ ਚਿਤ ਪਰ ਗੁਰਮੁਖਾਂ ਦੇ ਚਿਤ ਦੀ ਰੰਗਣ ਚੜ੍ਹਦੀ ਜਾਂਦੀ ਹੈ। ਹੁਣ ਵੀਚਾਰਨੇ ਯੋਗ ਬਾਤ ਇਹ ਹੈ ਕਿ ਸਤਿਗੁਰਾਂ ਦੀ ਬਾਣੀ ਸਾਡੇ ਸਤਿਗੁਰਾਂ ਦਾ ਪਵਿਤ੍ਰ ਹਿਰਦਾ ਹੈ, ਇਹ ਉਹਨਾਂ ਦੇ ਹਿਰਦੇ ਦਾ ਉਹ ਪਾਵਨ ਪ੍ਰਤਿਬਿੰਬ ਹੈ ਕਿ ਜਿਸ ਨੂੰ ਉਹਨਾਂ ਨੇ ਸਾਡੀ ਖਾਤਰ ਅੱਖਰਾਂ ਦੇ ਸਰੂਪ ਵਿਚ ਲਿਖਕੇ ਸਾਡੇ ਵਾਸਤੇ ਸਾਨੂੰ ਬਖਸ਼ਿਆ ਹੈ। ਹੁਣ ਆਪ ਸਮਝ ਲਓ ਕਿ ਆਪ ਦੇ ਪਾਸ ਆਪਣੇ ਸਤਿਗੁਰਾਂ ਦਾ ਪਵਿਤ੍ਰ ਹਿਰਦਾ ਹਰ ਵੇਲੇ ਮੌਜੂਦ ਹੈ, ਇਸ ਹਿਰਦੇ ਦੇ ਨਾਲ ਜਿਉਂ ਜਿਉਂ ਆਪਣੇ ਮਨ ਨੂੰ ਮਿਲਾਓਗੇ, ਤਿਉਂ ਤਿਉਂ ਆਪ ਦਾ ਮਨ ਆਪਣੇ ਸੁਭਾਵਾਂ ਨੂੰ ਛੱਡੀ ਜਾਏਗਾ ਤੇ ਸਤਿਗੁਰਾਂ ਦੇ ਸੁਭਾਵ ਨੂੰ ਗ੍ਰਹਣ ਕਰਦਾ ਜਾਏਗਾ। ਜਦ ਪੂਰਨ ਉਹਨਾਂ ਦੇ ਚਿਤ ਨਾਲ ਆਪਣਾ ਚਿਤ ਸਮਾ ਦਏਗਾ ਤਦ ਪੂਰਾ ਰੰਗ ਪਰਮਾਰਥ ਦਾ ਚੜ੍ਹੇਗਾ ਅਰ ਚੰਚਲ ਕਾਮ ਕ੍ਰੋਧ ਲੋਭ ਆਦਿ ਚੋਰ ਮਰ ਜਾਣਗੇ। ਤਦ ਉਹ ਪੰਜੇ, ਜਿਹੜੇ ਉਵ ਤਾਂ ਖਹਿੜਾ ਨਹੀਂ ਸੇ ਛੱਡਦੇ, ਪਰ ਹੁਣ ਜਦ ਪਵਿਤ੍ਰ ਹਿਰਦੇ ਨਾਲ ਚਿਤ ਮਿਲਾਇਆ ਤਦ ਉਸ ਪਵਿਤ੍ਰਤਾ ਨੇ ਸਾਡੇ ਹਿਰਦੇ ਵਿਚ ਐਸੀ ਪਵਿੱਤ੍ਰਤਾ ਪ੍ਰਵੇਸ਼ ਕਰਾਈ ਕਿ ਉਹ ਅਪਵਿਤ੍ਰਤਾ ਦੇ ਕਾਰਨ ਆਪੇ ਹੀ ਉਠ ਨੱਸੇ, ਫੇਰ ਉਹਨਾਂ ਨੂੰ ਭਜਦਿਆਂ ਰਾਹ ਨਹੀਂ ਲੱਭਦਾ।

 www.sikhbookclub.com

ਪਜਾਰੇ ਸਜਣੋ! ਇਸ ਵਿਚ ਸਭ ਤੋਂ ਸਰੇਸ਼ਟ ਢੰਗ ਬਾਣੀ ਦੇ ਪਾਠ ਦਾ ਗੁਰੂ ਜੀ ਨੇ ਦੱਸਿਆ ਹੈ। ਜਦ ਅਸੀਂ ਬਾਣੀ ਦਾ ਪਾਠ ਕਰੀਏ, ਆਪਣੇ ਸੁਭਾਵ ਤੇ ਆਪਣੀਆਂ ਸੋਚਾਂ ਨੂੰ ਛੱਡ ਦੇਵੀਏ ਤੇ ਬਾਣੀ ਦਾ ਐਉਂ ਪਾਠ ਕਰੀਏ ਕਿ ਮਾਨੋ ਓਹ ਸੰਕਲਪ ਜੋ ਬਾਣੀ ਵਿਚ ਹਨ, ਸਾਡੇ ਹਿਰਦੇ ਵਿਚੋਂ ਨਿਕਲ ਰਹੇ ਹਨ। ਜਿਹਾ ਕੁ ਬੇਨਤੀ ਦਾ ਸ਼ਬਦ ਪੜ੍ਹਿਆ ਤਦ ਐਉਂ ਪੜ੍ਹੀਏ ਕਿ ਅਸੀਂ ਸ਼ਬਦ ਨਹੀਂ ਪੜ੍ਹਦੇ ਸਗੋਂ ਆਪ ਬੇਨਤੀ ਕਰ ਰਹੇ ਹਾਂ; ਸਾਡੇ ਹਿਰਦੇ ਦੀ ਪਾਠ ਵੇਲੇ ਠੀਕ ਓਹੋ ਦਸ਼ਾ ਹੋਵੇ ਜੋ ਸ਼ਬਦ ਵਿਚ ਕਹੀ ਹੈ ਅਰ ਅਸੀਂ ਐਉਂ ਸ਼ਬਦ ਪੜ੍ਹੀਏ ਕਿ ਮਾਨੋ ਆਪਣੇ ਹਿਰਦੇ ਨੂੰ ਅਕਾਲ ਪੁਰਖ ਦੇ ਚਰਨਾਂ ਅਗੇ ਡੋਹਲ ਰਹੇ ਹਾਂ। ਇਸੇ ਤਰ੍ਹਾਂ ਸ਼ਬਦਾਂ ਦੇ ਭਾਵ ਨੂੰ ਆਪਣੇ ਵਿਚ ਸਮਾਉਂਦਾ ਹੋਇਆ ਚਿਤ ਪਵਿਤ੍ਰ ਹੋਕੇ ਪਜਾਰੇ ਦੇ ਰੰਗ ਨੂੰ ਮਾਣਦਾ ਹੈ। (ਖਾ:ਸਮਾ: ਮਿਤੀ 22 ਅਪ੍ਰੈਲ, 1903 ਈ:)

 www.sikhbookclub.com

# 18. ਸਾਡੇ ਦਸਵੰਧ ਦੀ ਕਾਯਾਂ-ਪਲਟ

ਖੁਸ਼ਕ ਗਰਮੀ ਪਵੇ ਤਾਂ ਸ਼ਰਬਤ, ਲੱਸੀ, ਬਰਫ਼ ਦਾ ਉਹ ਆਨੰਦ ਆਉਂਦਾ ਹੈ ਕਿ ਕਿਹਾ ਨਹੀਂ ਜਾਂਦਾ। ਠੰਡੀਆਂ ਛਾਵਾਂ ਸੁਖ ਦੇਂਦੀਆਂ ਹਨ, ਪਰ ਉਧਰੋਂ ਹਾੜ ਨੇ ਅੱਧ ਟਪਾਇਆ ਤੇ ਆਸਮਾਨ ਰੁਣ ਝੁਣ ਲਾਈ, ਫੇਰ ਤਾਂ ਗਰਮ ਦੇਸਾਂ ਦੇ ਵਾਸੀ ਲੁਹਾਰ ਦੀ ਸੰਨ੍ਹੀ ਵਾਂਗ ਕਦੇ ਭੱਠ ਵਿਚ ਤੇ ਕਦੇ ਪਾਣੀ ਦੀ ਦੌਰੀ ਵਿਚ। ਜੇ ਤਾਂ ਬੱਦਲ ਆ ਗਏ, ਘਟਾ ਨੇ ਘਨਘੋਰ ਲਾ ਦਿੱਤੀ, ਹਵਾ ਨੇ ਫਰਾਟੇ ਮਾਰਨੇ ਸ਼ੁਰੂ ਕਰ ਦਿਤੇ, ਤੇ ਕਿਣਮਿਣ ਲਗ ਪਈ ਤਦ ਤਾਂ ਸੁਰਗ ਦੇ ਝੂਟੇ ਆ ਗਏ ਤੇ ਜੇ ਹਵਾ ਨੇ ਕਿਸੇ ਕਿਰਪਣ ਸ਼ੂਮ ਵਾਂਙ ਆਪਣਾ ਵੇਗ ਅੰਦਰ ਵੱਟ ਲਿਆ ਤਾਂ ਵੱਟ ਹੁਰੀਂ ਹੁੰਮਸ ਲੈਕੇ ਪਸਰ ਗਏ। ਸੂਰਜ ਨੇ ਗਰਦ ਗੁਬਾਰੀ ਜਿਹੀ ਦੇ ਪਰਦੇ ਹੇਠਾਂ ਆਕੇ ਤੇ ਕਦੇ ਨਿਸੰਗ ਹੋਕੇ ਬਾਣ ਮਾਰੇ, ਬਸ ਫੇਰ ਕਹਿਰ ਮਚ ਗਿਆ। ਪਸੀਨਾ ਵੱਢ ਵੱਢਕੇ ਖਾਂਦਾ ਹੈ, ਜੀ ਅਕਲਾਉਂਦਾ ਹੈ, ਠੰਡਜਾਈ ਪੀਓ ਤਾਂ ਸੁਖ, ਨਾ ਪੀਓ ਤਾਂ ਮੂੰਹ ਦੀ ਭਾਠ ਖਾਂਦੀ ਹੈ, ਕੰਮ ਕਾਜ ਨੂੰ ਵੱਢਿਆ ਜੀ ਨਹੀਂ ਲਗਦਾ। ਬਾਗਾਂ ਵਿਚ ਹੁੰਮ, ਬਨਾਂ ਵਿਚ ਵੱਟ, ਸ਼ਹਿਰਾਂ ਵਿਚ ਤਾਉ, ਰੜਿਆਂ ਵਿਚ ਤਪਸ਼, ਛੱਪੜਾਂ ਲਾਗੇ ਭੜਾਸ, ਜਿੱਧਰ ਜਾਓ ਕਿਧਰੇ ਵੀ ਚੈਨ ਨਹੀਂ। ਅਜਿਹੇ ਸਾਵਣ ਦੇ ਘਬਰਾਉਣੇ ਦਿਨਾਂ ਵਿਚ ਇਕ ਧਨੀ ਸਿਖ ਨੇ ਆਪਣੇ ਮਿਤ੍ਰਾਂ ਨੂੰ ਕਿਹਾ:-

ਰਾਂਝਾ ਸਿੰਘ— ਭਰਾ ਸਾਂਝਾ ਸਿੰਹਾਂ! ਅਜ ਕਲ ਦੇ ਦਿਨ ਕਾਹਦੇ ਹਨ, ਪਰਲੋ ਦਾ ਨਕਸ਼ਾ ਹੈ।

ਸਾਂਝਾ ਸਿੰਘ— ਮਿੱਤ੍ਰਾ! ਹਾੜ, ਸਾਉਣ, ਭਾਦੋਂ ਦੇ ਨੱਵੇ (90) ਦਿਨ ਤੇ ਦਸ ਦਿਨ ਅੱਸੂ ਦੇ, ਸੌ ਦਿਨ ਸ਼ੇਰ ਦੀਆਂ ਦਾੜ੍ਹਾਂ ਹਨ, ਇਹਨਾਂ ਨੂੰ ਕੋਈ ਸੂਰਮਾ ਹੀ ਝਾਗਕੇ ਨਿਕਲੇ ਤਾਂ ਨਿਕਲੇ।


www.sikhbookclub.com

ਲਾਂਝਾ ਸਿੰਹੁੰ— ਭਈ ਭੱਠ ਪਈ ਤੁਹਾਡੀ ਕਮਾਈ, ਖੱਟ ਖੱਟਕੇ ਖੱਟਮਲ ਹੋ ਗਏ। ਇਸ ਕੰਮ ਤੇ ਇਸ ਤਾਉ ਤੋਂ ਭੀ ਤੁਹਾਡਾ ਜੀ ਖੱਟਾ ਨਹੀਂ ਹੁੰਦਾ, ਕਦੇ ਹਟੀਓਂ ਹੇਠ ਪੈਰ ਨਹੀਂ ਧਰਦੇ, ਤੁਸਾਂ ਖੱਟੀ ਕਾਹਦੀ ਖੱਟੀ, ਇਸ ਖੱਟੀ ਨੇ ਸਗੋਂ ਲੋਭ ਵਿਚ ਖਾਤੇ ਖੱਟਕੇ ਤੁਹਾਨੂੰ ਨੱਪ ਦਿੱਤਾ ਹੈ।

ਪਾਂਝਾ ਸਿੰਹੁੰ— ਠੀਕ ਕਿਹਾ ਹਈ, ਜ਼ਰਾ ਪੈਸੇ ਨੂੰ ਹਵਾ ਲਵਾਓ ਤਾਂ ਤੁਹਾਨੂੰ ਬੀ ਹਵਾ ਦੇ ਝੋਕੇ ਲੱਗਣ।

ਲਾਂਝਾ ਸਿੰਹੁੰ— ਹੈ ਤਾਂ ਠੀਕ, ਪਰ ਜਾਈਏ ਕਿੱਥੇ। ਜਿਥੇ ਜਾਓ ਬੱਸ ਦੇਗ ਧਰੀ ਵਿਚ ਪਏ ਅਰਕ ਖਿਚੀਂਦੇ ਜਾਪਦੇ ਹਾਂ।

ਪਾਂਝਾ ਸਿੰਹੁੰ— ਤੇ ਕਿਉਂ? ਜੇ ਲਉਢੇ ਪਹਿਰ ਨਹਿਰ ਤੇ ਚੱਲੋ ਤਾਂ ਲਹਿਰ ਬਹਿਰ ਹੋ ਜਾਵੇ, ਗਰਮੀ ਦਾ ਕਹਿਰ ਭੁੱਲ ਜਾਏ, ਸ਼ਹਿਰ ਦਾ ਵੱਟ ਵਿਸਰ ਜਾਏ, ਸਾਰੇ ਦਿਨ ਦੀ ਗਹਿਰ ਦਾ ਘੱਟਾ ਉਡ ਜਾਏ, ਚਾਰ ਘੜੀ ਕਿਨਾਰੇ ਤੇ ਠਹਿਰ ਜਾਓ, ਮਹਿਰ ਪਾਸੋਂ ਟੱਪਕੇ ਦੇ ਅੰਬ ਤੁੜਾ ਲਓ, ਨਹਿਰ ਵਿਚ ਗੋਤਾ ਲਾਓ, ਲਹਿਰ ਦੀਆਂ ਲਹਿਰਾਂ ਲਓ, ਸਾਰਾ ਘਬਰਾਂ ਗੁਲ ਦੁਪਹਿਰ ਵਾਂਙ ਉਸੇ ਵੇਲੇ ਬੰਦ ਹੋ ਜਾਏ। ਰਾਤ ਨੀਂਦ ਬੀ ਪੈ ਜਾਏ।

ਲਾਂਝਾ ਸਿੰਘ— ਬਈ ਨਹੀਂ ਰੀਸਾਂ, ਪਾਂਝਾ ਸਿੰਹਾਂ! ਚਲੋ ਅੱਜ ਹੀ ਸੈਲ ਉਤੇ।

ਪਾਂਝਾਂ ਸਿੰਘ— ਪਰ ਬਈ ਇਕ ਗੱਲ ਹੈ, ਦੋਹੁੰ ਚਹੁੰ ਭਰਾਵਾਂ ਨੂੰ ਹੋਰ ਬੀ ਸੱਦ ਲਈਏ, ਹੋਣ ਆਪਣੇ ਨਿਜ ਦੇ, ਓਪਰਾ ਕੋਈ ਨਾ ਹੋਵੇ ਤੇ ਲੜ ਲਗੀਆਂ ਭੀ ਨਾਲ ਹੀ ਹੋਣ।

ਰਾਂਝਾ ਸਿੰਹੁੰ— ਤ੍ਰੀਮਤਾਂ ਦਾ ਕੋਈ ਕੰਮ ਨਹੀਂ। ਸਾਰੇ ਸ਼ਹਿਰ ਦੇ ਲੁੱਚੇ ਲਫੰਗੇ ਤੇ ਬਜ਼ਾਰੀ ਤ੍ਰੀਮਤਾਂ ਦੀ ਖੱਪ ਹੁੰਦੀ ਹੈ, ਉਥੇ ਭਲਿਆਂ ਦਾ ਗੁਜ਼ਾਰਾ ਨਹੀਂ।

ਪਾਂਝਾ ਸਿੰਘ— ਹੱਛਾ ਵਾਹ ਵਾਹ, ਅਸੀਂ ਹੀ ਸਹੀ।

ਸੰਝ ਵੇਲੇ ਨਹਿਰ ਦੇ ਕਿਨਾਰੇ, ਜਿਥੇ ਆਮ ਲੋਕਾਂ ਦੀ ਭੀੜ ਹੁੰਦੀ ਹੈ, ਉਸ ਤੋਂ ਦੂਰ ਵਾਟ ਏਕਾਂਤ ਥਾਂ ਤੇ ਇਕ ਦਰੀ ਵਿਛੀ ਹੈ, ਜਿਸ ਪਰ ਉਪਰ ਲਿਖੇ ਸਜਣ ਤੇ ਕੁਝ ਹੋਰ ਕੱਠੇ ਹੋ ਰਹੇ ਹਨ। ਕੋਈ ਕਪੜੇ ਲਾਹ ਰਹੇ ਹਨ, ਕੋਈ ਬੈਠੇ ਹਨ, ਕੋਈ ਨ੍ਹਾ ਰਹੇ ਹਨ। ਹੇਠਾਂ ਟਾਲ੍ਹੀਆਂ ਦੇ


www.sikhbookclub.com

ਝੁੰਡ ਥੱਲੇ ਦੇਗਾਂ ਗਰਮ ਹਨ, ਖਾਣੇ ਪੱਕ ਰਹੇ ਹਨ, ਅੰਬਾਂ ਦੀ ਖਾਰੀ ਨਹਿਰ ਵਿਚ ਨ੍ਹਾ ਰਹੀ ਹੈ, ਤੇ ਠੰਡੀ ਹੋ ਰਹੀ ਹੈ, ਨ੍ਹਾਉਣ ਵਾਲੇ ਚੂਪਦੇ ਖੁਸ਼ ਹੁੰਦੇ ਤੇ ਅਨੰਦ ਲੈ ਰਹੇ ਹਨ। ਅਜੇ ਪਹਾੜਾਂ ਵਿਚ ਬਰਖਾ ਨਹੀਂ ਸੀ ਹੋਈ, ਪਾਣੀ ਦਾ ਰੰਗ ਲਾਲ ਨਹੀਂ ਸੀ ਹੋਇਆ, ਨਾ ਤਪਿਆ ਸੀ, ਸੋ ਸੈਰ ਸਫ਼ਲ ਹੋਈ। ਸੂਰਜ ਆਥਣ ਲਗੇ ਹਵਾ ਬੀ ਰੁਮਕ ਪਈ, ਸੱਭੇ ਜਣੇ ਨ੍ਹਾ ਧੋਕੇ ਖਾਣਾ ਖਾਣ ਬੈਠ ਗਏ।

ਪਾਂਝਾ ਸਿੰਹੁੰ— ਭਈ ਭਰਾਵੋ, ਜੀ ਕਰਦਾ ਹੈ ਹਰਦੁਆਰ ਚੱਲੀਏ। ਅਜ ਕਲ ਅੰਬਾਂ ਦੀ ਮੌਜ ਹੈ। ਠੰਢ ਬੀ ਹੈ।

ਲਾਂਝਾ ਸਿੰਹੁੰ— ਠੰਢ ਦਿਨ ਨੂੰ ਤਾਂ ਕੋਈ ਨਹੀਂ, ਸੰਝ ਨੂੰ ਹੁੰਦੀ ਹੈ। ਪਰ ਚੱਲੀਏ ਕਿਸ ਤਰ੍ਹਾਂ? ਪਰਵਾਰ ਸਾਰਾ ਤਿਆਰ ਹੋ ਪਏਗਾ ਤੇ ਖਰਚ ਢੇਰ ਉਠੇਗਾ।

ਪਾਂਝਾ ਸਿੰਹੁੰ— ਨੱਬਿਆਂ ਦੀ ਬਾਕੀ ਬੁਰੀ, ਇਹ ਰੇਉੜੀ ਦਾ ਫੇਰ ਲਗਾ ਤਾਂ ਬੰਦਾ ਗਿਆ।

ਲਾਂਝਾ ਸਿੰਹੁੰ— ਕਿਉਂ ਬਈ! ਕਿਹੜੀ ਗੱਲੇ? ਹਰਦੁਆਰ ਵਲੋਂ ਖਰਚ ਦੀ ਤੰਗੀ ਤਾਂ ਇਸ ਕਰਕੇ ਆਖੀ ਹੈ ਜੋ ਦਸਵੰਧ ਖਾਤਾ ਖਾਲੀ ਹੈ, ਸਿਆਲੇ ਪ੍ਰਾਗ ਹੋ ਆਏ, ਸਾਰਾ ਖਾਤਾ ਖਤ ਗਿਆ।

ਵਿਚਾਰ ਸਿੰਘ— ਦਸਵੰਧ ਖਾਤੇ ਦੀ ਰਕਮ ਪ੍ਰਾਗ ਖਰਚ ਆਏ ਤੇ ਹੁਣ ਹਰਦੁਆਰ ਦੇ ਅੰਬ ਚੂਪਣੇ ਦੀ ਦਸਵੰਧ ਖਾਤੇ ਦੇ ਸਿਰ ਤੇ? ਮਾਂ ਮਣਸੇ ਧੀ ਖਾਏ, ਘਰ ਦੀ ਬਲਾ ਘਰੇ ਰਹਾਏ। ਨਹੀਂ ਰੀਸਾਂ ਖਾਲਸਾ ਜੀ ਸਿਦਕ ਦੀਆਂ।

ਰਾਂਝਾ ਸਿੰਘ— ਬਈ ਅਸੀਂ ਤਾਂ ਐਉਂ ਨਹੀਂ ਕਰਦੇ, ਸਾਡਾ ਤਾਂ ਇਹ ਸੁਆਤਮ ਹੈ ਜੋ ਦਸਵੰਧ ਗੁਰੂ ਦਾ ਨੇਮ ਨਾਲ ਕੱਢਿਆ, ਜਦ ਤੀਰਥ ਯਾਤ੍ਰਾ ਗਏ ਕਿਰਾਇਆ ਤੇ ਪੁੰਨ ਦਾਨ ਦਸਵੰਧ ਖਾਤੇ ਤੇ ਰੋਟੀ ਖਾਣਾ ਪੀਣਾ ਆਪਣੇ ਸਿਰੋਂ।

ਸਾਂਝਾ ਸਿੰਘ— ਅਸੀਂ ਤਾਂ ਕਰਾਯਾ ਵੀ ਆਪਣੇ ਪੇਟੇ ਪਾਉਂਦੇ ਹਾਂ, ਪੁੰਨ ਦਾਨ ਜ਼ਰੂਰ ਦਸਵੰਧ ਖਾਤੇ ਪਾਂਦੇ ਹਾਂ। ਹੋਰ ਸਰਾਧ ਖਿਆਹ, ਫ਼ਕੀਰ ਫੁਕਰਾ, ਆਇਆ ਗਿਆ, ਸਭ ਦਸਵੰਧ ਖਾਤੇ ਦੇ ਸਿਰ ਤੇ ਟੁਰਦਾ ਹੈ।

 www.sikhbookclub.com

ਵਿਚਾਰ ਸਿੰਘ— ਬਹੁਤ ਖੂਬ, ਧੰਨ ਸਿਖੀ ਤੇ ਧੰਨ ਕਮਾਈ! ਭਲਾ ਦੱਸੋ ਖਾਂ ਪੁਰਾਤਨ ਸਿਖ ਭੀ ਇਸੇ ਤਰ੍ਹਾਂ ਕਰਦੇ ਸਨ?

ਪਾਂਝਾ ਸਿੰਘ— ਤੇ ਹੋਰ ਕੀ ਕਰਦੇ ਸਨ?

ਵਿਚਾਰ ਸਿੰਘ— ਪੜ੍ਹੋ, ਕੀ ਲਿਖਿਆ ਹੈ। ਦਸਵੰਧ ਗੁਰੂ ਕਾ ਸਿਖ ਕੱਠਾ ਕਰਦੇ ਰਹਿੰਦੇ ਸਨ। ਜਦੋਂ ਗੁਰੂ ਕੇ ਹਜ਼ੂਰ ਹਾਜ਼ਰ ਹੁੰਦੇ ਸਨ ਭੇਟ ਕਰ ਦਿੰਦੇ ਸਨ। ਕਦੇ ਕਿਤੇ ਪੜ੍ਹਿਆ ਜੇ ਕਿ ਅੰਬਾਂ ਪਰ ਤੇ ਸੈਰ ਤੇ ਖਰਚ ਕਰਦੇ ਸਨ? ਸ਼ਰਾਧਾਂ ਦਾ ਨਾਉਂ ਸਿਖ ਕਦੇ ਲੈਂਦੇ ਹੀ ਨਹੀਂ ਸਨ, ਤੇ ਨਾ ਤੀਰਥੀਂ ਭਟਕਦੇ ਸਨ, ਸੋ ਉਧਰ ਦਸਵੰਧ ਕੀ ਲਗਣਾ ਸੀ। ਹਾਂ ਅਭਜਾਗਤਾਂ ਦੀ ਸੇਵਾ, ਅਪਾਹਜਾਂ ਦੀ ਮਦਦ ਅਰ ਹੋਰ ਪੁੰਨ ਕਰਮ ਕਰਦੇ ਸੇ, ਪਰ ਉਹ ਸਭ ਖਰਚ ਕੋਲੋਂ ਕਰਦੇ ਸੇ; ਕੀ ਮਜਾਲ ਕਿ ਦਸਵੰਧ ਦੀ ਰਕਮ ਵਿਚੋਂ ਕੁਝ ਛੇੜ ਜਾਣ। ਦਸਵੰਧ ਤਾਂ ਗੁਰੂ ਕਾ ਹੁੰਦਾ ਹੈ। ਉਸ ਵਿਚ ਛੇੜ ਛਾੜ ਕਰਨ ਦਾ ਸਿਖ ਨੂੰ ਕੀ ਹੱਕ ਹੈ? ਦਸਮੇਂ ਸਤਿਗੁਰਾਂ ਤੋਂ ਮਗਰੋਂ ਜਦ ਗੁਰਿਆਈ ਪੰਥ ਨੂੰ ਮਿਲੀ ਤਦ ਦਸਵੰਧ ਪੰਥ ਗੁਰੂ ਦੇ ਅਰਪਨ ਹੁੰਦਾ ਸੀ, ਜਿਸ ਵਿਚੋਂ ਸਾਰੇ ਪੰਥ ਦੇ ਕੰਮ ਤੁਰਦੇ ਸੇ। ਤਦੋਂ ਭੀ ਕੋਈ ਸਿੱਖ ਦਸਵੰਧ ਦੀ ਰਕਮ ਨਹੀਂ ਛੇੜਦਾ ਸੀ। ਜਦੋਂ ਡੋਗਰਾ ਗਰਦੀ ਵਰਤੀ ਤੇ ਸਿਖਾਂ ਦੇ ਸਭ ਆਸ਼੍ਰਮ ਅਰ ਰੀਤੀਆਂ ਕੁਚਲ ਦਿਤੀਆਂ ਗਈਆਂ ਓਦੋਂ ਪੰਥ ਦੀ ਜਥੇਬੰਦੀ ਭੰਨਣ ਲਈ ਖ਼ੁਦਗਰਜ਼ ਬਨਾਵਟੀ ਸਾਧਾਂ, ਗਿਆਨੀਆਂ, ਆਪੇ ਬਣੇ ਗੁਰੂਆਂ ਦੇ ਜ਼ਰੀਏ ਸਿਖਾਂ ਵਿਚ ਇਹ ਕੁਰੀਤੀ ਪਾ ਦਿਤੀ ਗਈ ਕਿ ਹਰੇਕ ਸਿਖ ਦਸਵੰਧ ਉਤੇ ਆਪਣਾ ਅਖ਼ਤਿਆਰ ਰਖਦਾ ਹੈ। ਮਾਇਆ ਦਾ ਪਿਆਰ ਡਾਢਾ ਹੁੰਦਾ ਹੈ, ਇਹ ਰੀਤ ਫੈਲ ਗਈ। ਦਸਵੰਧ ਨੂੰ ਡੋਗਰਿਆਂ ਨੇ ਤਾਂ ਲੈਣਾ ਨਹੀਂ ਸੀ ਪਰਚਾਰਕਾਂ ਨੂੰ ਹੀ ਮੌਜ ਲੈਣ ਦਿਤੀ। ਉਹਨਾਂ ਨੂੰ ਹੁਣ ਆਪ-ਸੁਆਰਥ ਪੈ ਗਿਆ, ਦਸਵੰਧ ਗੁਰੂ ਕਾ ਨਾ ਰਿਹਾ, ਸਿਖ ਦਾ ਹੋ ਗਿਆ ਤੇ ਲੈਣ ਵਾਲੇ ਲੋਕ ਉਹੋ ਉਗਮ ਪਏ ਜਿਨ੍ਹਾਂ ਦੇ ਵਸੀਲੇ ਡੋਗਰਿਆਂ ਨੇ ਇਹ ਕੁਚਾਲ ਫੈਲਾਈ। ਫਲ ਕੀ ਹੋਇਆ ਕਿ ਜਥੇਬੰਦੀ ਦੀ ਤਾਰ ਟੁਟ ਗਈ ਤੇ ਪੰਥ ਦੇ ਆਸ਼ਰਮਾਂ ਦੀ ਆਮਦਨ ਡੱਕੀ ਗਈ। ਆਸ਼ਰਮਾਂ ਦੀ ਮਦਦ ਬਾਦਸ਼ਾਹੀ ਖਜ਼ਾਨੇ ਤੋਂ ਬੀ ਹੋਣ ਲਗ ਪਈ, ਅਰ ਆਸ਼੍ਰਮਾਂ ਦੇ ਪ੍ਰਬੰਧਕ ਡੋਗਰਾ ਗਰਦੀ ਦੇ ਖਿਆਲਾਂ ਵਾਲੇ ਬਹੁਰੂਪੀਏ ਸਿਖ ਹੋਣ ਲਗ ਪਏ। ਸੋ ਸਿਖੀ ਨੂੰ ਇਧਰੋਂ ਬੀ ਸੱਟ

ਵੱਜੀ। ਜੇ ਪੰਥ ਦੇ ਸਾਰੇ ਸਿਖ ਦਸਵੰਧ ਕੱਢਣ ਅਰ ਜਥੇਬੰਦੀ ਨਾਲ, ਜੋ ਪੰਥ ਦੀ ਇਕੱਤ੍ਰਤਾ ਕੰਮ ਕਰ ਰਹੀ ਹੋਵੇ, ਉਸ ਵਿਚ ਦਸਵੰਧ ਪਹੁੰਚੇ ਤਦ ਹਰੇਕ ਦੇਣ ਵਾਲੇ ਨੂੰ ਪੰਥਕ ਇੱਕਤ੍ਰਤਾ ਨਾਲ ਪਿਆਰ ਪੈ ਜਾਂਦਾ ਹੈ। ਇਹ ਪਿਆਰ ਕੌਮੀ ਜੀਵਨ ਦੀ ਜਿੰਦ ਹੁੰਦੀ ਹੈ।

ਹੁਣ ਵੇਖੋ ਅਸੀਂ ਕਿਸ ਦਸ਼ਾ ਨੂੰ ਪਹੁੰਚੇ ਹਾਂ: ਰਾਮਚੰਦ ਦੀ ਲੀਲਾ ਦਸਵੰਧ ਖਾਤਿਓਂ, ਹਰਦੁਆਰ ਦੇ ਅੰਬ, ਪਹਾੜਾਂ ਦੀ ਸੈਰ, ਤੀਰਥਾਂ ਦੇ ਝਾਕੇ, ਰਾਸ ਮੰਡਲਾਂ ਦੀ ਸਹੈਤਾ ਸਭ ਦਸਵੰਧੋਂ। ਹਰੇਕ ਸਿਖ ਨਿਜ ਨੂੰ ਦਸਵੰਧ ਦਾ ਮਾਲਕ ਤੇ ਆਪਣੀ ਮਰਜ਼ੀ ਨੂੰ ਦਸਵੰਧ ਦਾ ਖਰਚ ਕਰਤਾ ਜਾਣਦਾ ਹੈ, ਹਾਲਾਂਕਿ ਦਸਵੰਧ ਗੁਰੂ ਦਾ ਹੈ, ਸਿਖ ਨੇ ਪੰਥ ਗੁਰੂ ਨੂੰ ਦੇਣਾ ਹੈ, ਪੰਥ ਗੁਰੂ ਨੇ ਉਸ ਨੂੰ ਵਰਤਣਾ ਹੈ। ਜਥੇਬੰਦੀ ਵਿਚ ਸਿਖ ਦੀ ਆਵਾਜ਼ ਸ਼ਾਮਲ ਹੈ, ਪਰ ਮਨਮੁਖਤਾ ਨਾਲ ਨਹੀਂ। ਹੁਣ ਤੁਸੀਂ ਕਿਸੇ ਸਿਖ ਨੂੰ ਕਹੋ ਕਿ ਦਸਵੰਧ ਗੁਰੂ ਦਾ ਪੰਥ ਦੀ ਸ਼ਰੋਮਣੀ ਜਥੇਬੰਦੀ ਨੂੰ ਦਿਓ, ਹਾਇ, ਕਾਲਜੇ ਨੂੰ ਛੇਕ ਪੈਂਦਾ ਹੈ, ਕਿਉਂਕਿ ਧੀਆਂ ਪੁੱਤ੍ਰਾਂ ਵਾਂਙ ਦਸਵੰਧ ਭੀ ਆਪਣਾ ਹੋ ਚੁਕਾ ਹੈ, ਉਹ ਗੁਰੂ ਕਾ ਨਹੀਂ ਭਾਸਦਾ। ਸੁਭਾ ਪੱਕ ਗਿਆ ਹੈ, ਭੇਜਣਾ ਤਾਂ ਕਿਤੇ ਰਿਹਾ, ਇਸ ਪਰ ਹਜ਼ਾਰ ਹਜ਼ਾਰ ਕੁਤਰਕ ਫੁਰੇਗੀ।

ਰਾਂਝਾ ਸਿੰਘ— ਭਾਈ ਵਿਚਾਰ ਸਿੰਹੁ ਜੀ! ਆਖਦੇ ਸੱਚ ਹੋ, ਤੇ ਕੁਤਰਕ ਬੀ ਫੁਰਦੀ ਹੈ, ਪਰ ਸਚ ਹੈ, ਸੱਚ ਅਗੇ ਸਭ ਬਨਾਵਟ ਕੱਚ ਹੈ। ਅਸੀਂ ਤਾਂ ਹਾਂ ਹੀ ਕੱਚੇ ਪਿੱਲੇ ਸਿਖ, ਰਹਿਤੋਂ ਬੀ ਢਿੱਲੇ ਹਾਂ ਅਰ ਤ੍ਰੀਮਤਾਂ ਤੋਂ ਬੀ ਡਰਦੇ ਹਾਂ, ਪਰ ਅਜ ਤੁਸੀਂ ਅਰਦਾਸਾ ਸੋਧ ਦਿਓ ਕਿ ਅਸੀਂ ਦਸਵੰਧ ਗੁਰੂ ਕਾ ਜਾਣਾਂਗੇ, ਅਰ ਪੰਥ ਗੁਰੂ ਦੇ ਅਰਪਨ ਕਰਾਂਗੇ। ਹੋਰ ਸੁਮੱਤਾਂ ਬੀ ਬਖਸ਼ਣੀਆਂ, ਪਰ ਇਕ ਇਹ ਕੁਮਤਿ ਤਾਂ ਅਜ ਹੀ ਸਾਡੀ ਦੂਰ ਕਰ ਦਿਓ।

ਸਾਰੇ— ਰਾਂਝਾ ਸਿੰਹਾਂ! ਠੀਕ ਕਿਹਾ ਈ, ਅਸੀਂ ਬੀ ਹਾਜ਼ਰ ਹਾਂ; ਭਾਈ ਜੀ ਕਰੋ ਅਰਦਾਸ।

ਭਾਈ ਜੀ ਨੇ ਅਰਦਾਸਾ ਸੋਧ ਦਿਤਾ। ਸਿਖਾਂ ਨੇ ਦਸਵੰਧ ਗੁਰੂ ਕਾ ਜਾਣਕੇ ਪੰਥ ਗੁਰੂ ਨੂੰ ਦੇਣਾ ਨਿਯਮਤ ਕਰ ਲਿਆ। ਫੇਰ ਗੱਲਾਂ ਤੁਰੀਆਂ ਤਾਂ ਭਾਈ ਜੀ ਨੇ ਕਿਹਾ ਪੰਥ ਦੀਆਂ ਲੋੜਾਂ ਐਸੀਆਂ ਹਨ ਦਸਵੰਧ ਤੋਂ ਇਲਾਵਾ ਹਰੇਕ ਸਿਖ ਨੂੰ ਧਾਰਮਕ ਫੰਡ ਦੇ ਮਾਲਾ ਮਾਲ ਕਰਨ ਲਈ

ਚਾਹੀਦਾ ਹੈ ਕਿ ਜੋ ਮਾਲ ਵੇਚੇ ਉਸ ਪਰ ਪੈਸਾ ਧੇਲਾ ਪਾਈ ਕਹਿਕੇ ਗਾਹਕ ਤੋਂ ਵਧੀਕ ਧਰਮ ਖਾਤੇ ਲਈ ਲੈ ਲਵੇ ਅਰ ਉਹ ਰਕਮ ਪੰਥ ਦੇ ਸਾਂਝੇ ਪ੍ਰਚਾਰ ਫੰਡ ਵਿਚ ਪਹੁੰਚਾ ਦੇਵੇ।

ਪਾਂਝਾ ਸਿੰਹੁੰ— ਕਿਸੇ ਨੇ ਏਸ ਤਰ੍ਹਾਂ ਅੱਗੇ ਕੀਤਾ ਬੀ ਹੈ?

ਵਿਚਾਰ ਸਿੰਹੁੰ— ਹਾਂ ਜੀ, ਬਹੁਤਿਆਂ ਨੇ ਕੀਤਾ ਹੈ। ਮੈਨੂੰ ਨਾਮ ਯਾਦ ਨਹੀਂ, ਪਰ ਸਰਦਾਰ ਹਰਬੰਸ ਸਿੰਘ ਜੀ ਰਈਸ ਅਟਾਰੀ, ਭਾਈ ਜੋਧ ਸਿੰਘ ਜੀ ਧਾਰਮਕ ਪ੍ਰੋਫੈਸਰ ਖਾਲਸਾ ਕਾਲਜ, ਆਦਿਕ ਸਜਣ ਆਪਣਾ ਸਾਰਾ ਦਸਵੰਧ ਪੰਥ ਦੇ ਸਾਂਝੇ ਫੰਡ ਚੀਫ਼ ਖ਼ਾਲਸਾ ਦੀਵਾਨ ਵਿਚ ਦਿੰਦੇ ਹਨ, ਪਰ ਅਸਾਂ ਸੁਣਿਆ ਸੀ ਕਿ ਹੋਤੀ ਵਿਚ ਇਕ ਸਿਖ ਬਜ਼ਾਜ਼ ਨੇ ਆਪਣੇ ਮਾਲ ਪਰ ਪੈਸਾ ਰੁਪੱਯਾ ਧਰਮ ਖਾਤੇ ਲਈ ਗਾਹਕਾਂ ਤੋਂ ਵਧੀਕ ਲੀਤਾ ਤਾਂ 30 ਰੁਪਯੇ ਮਹੀਨੇ ਵਿਚ ਕੱਠੇ ਹੋ ਗਏ।

ਮਿੱਤਰੋ, ਪੰਥਕ ਕੰਮ ਤਦ ਚਲਦੇ ਹਨ ਜੇ ਸਾਰੇ ਭਰਾ ਖ਼ੁਦਗ਼ਰਜ਼ੀ ਨੂੰ ਛੱਡਕੇ ਪੰਥ ਦਾ ਕੰਮ ਕਰਨ, ਅਰ ਪੰਥ ਦੀ ਜਥੇਬੰਦੀ ਨੂੰ ਸਿਰੇ ਚਾੜ੍ਹਨ, ਅਰ ਜਥੇਬੰਦੀ ਤੋੜਨ ਵਾਲੇ ਨੂੰ ਮੂੰਹ ਨਾ ਲਾਉਣ, ਹਰੇਕ ਸਿਖ ਜਥੇਬੰਦੀ ਨਾਲ ਪਿਆਰ ਕਰੇ, ਅਰ ਦਸਵੰਧ ਉਥੇ ਦੇਵੇ ਤੇ ਹੋਰ ਤਰੀਕਿਆਂ ਨਾਲ ਬੀ ਪਦਾਰਥ ਪੁਚਾਵੇ, ਤਦ ਦੱਸੋ ਕਦੇ ਹੋ ਸਕਦਾ ਹੈ ਕਿ ਸਿਖਾਂ ਦਾ ਕੋਈ ਕੰਮ ਰੁਕੇ; ਪਰ ਐਸ ਵੇਲੇ ਪੰਥ ਦੇ ਸਾਰੇ ਕੰਮ ਡਕੋ ਡੋਲੇ ਖਾਂਦੇ ਹਨ। ਚੀਫ਼ ਖ਼ਾਲਸਾ ਦੀਵਾਨ ਦਾ ਯਤੀਮਖ਼ਾਨਾ ਭੀ ਮੁਸ਼ਕਲਾਂ ਨਾਲ ਚਲਦਾ ਹੈ, ਸਾਰੇ ਦੇਸ਼ ਵਿਚ ਤਾਲੀਮ ਦੇਣੀ ਹੈ, ਹੋਰ ਵਿਦਜਕ ਆਸ਼੍ਰਮ ਰਚਨੇ ਹਨ, ਪਰ ਚੱਲਣ ਕਿਥੋਂ? ਜੇਕਰ ਜਥੇਬੰਦੀ ਮੁਕੰਮਲ ਹੋ ਜਾਏ, ਰਾਜੇ ਤੋਂ ਲੈਕੇ ਮਜ਼ਦੂਰ ਤਕ ਦਸਵੰਧ ਪੰਥ ਦੇ ਸਾਂਝੇ ਫ਼ੰਡ ਵਿਚ ਜਮ੍ਹਾ ਹੋਕੇ ਪੰਥਕ ਕੰਮਾਂ ਤੇ ਆਸ਼ਰਮਾਂ ਪਰ ਖਰਚ ਹੋਵੇ, ਤਦ ਮੇਰੀ ਜਾਚੇ ਹਿੰਦ ਵਿਚ ਸਿਖ ਸਭ ਤੋਂ ਸੌਭਾਗ ਹੋ ਜਾਣ।

ਸਾਰੇ— ਬਹੁਤ ਠੀਕ, ਕਦੇ ਕਦੇ ਆਪ ਜਦ ਏਸ ਸ਼ਹਿਰ ਆਓ ਤਾਂ ਕੋਈ ਸੁਮਤਿ ਬਖਸ਼ ਜਾਇਆ ਕਰੋ, ਅਸੀਂ ਦਸਵੰਧ ਤੋਂ ਵੱਖਰਾ ਹੋਰ ਗੱਫਾ ਧਰਮ ਕਾਰਜਾਂ ਲਈ ਕੱਠਾ ਕਰਨਾ ਭੀ ਜ਼ਰੂਰ ਸ਼ੁਰੂ ਕਰਾਂਗੇ। (ਖਾਲਸਾ ਸਮਾਚਾਰ, ਮਿਤੀ 18 ਜੁਲਾਈ 1906 ਈ:)

 www.sikhbookclub.com

# 19. ਪਰੀਆਂ ਦਾ ਇਸ਼ਨਾਨ

ਆਯਰ ਪਟਾ ਪਹਾੜ ਦੀ ਚੋਟੀ ਤੇ ਠੰਡੀ ਹਵਾ ਦੇ ਝੋਕਿਆਂ ਤੇ ਬਦਲਾਂ ਦੇ ਜੱਫੀ-ਪਾਉਣੇ ਪਿਆਰ ਨੇ ਮਿੱਠੀ ਮਿੱਠੀ ਨੀਂਦ ਨੂੰ ਲੈ ਆਂਦਾ। ਨੀਂਦ ਆਉਂਦਿਆਂ ਸਾਰ ਮਨ ਕਿਤੇ ਉੱਡ ਗਿਆ ਤੇ ਕੀ ਦੇਖਦਾ ਹੈ ਕਿ ਹਿੰਦੁਸਤਾਨ, ਕਸ਼ਮੀਰ ਤੇ ਤਿੱਬਤ ਦੀ ਸੰਨ੍ਹ ਵਿਚ ਪਰਬਤਾਂ ਦੀਆਂ ਜੁੜਵੀਆਂ ਪਿੱਠਾਂ ਦੀ ਉਚਾਈ ਤੇ ਮਾਨ-ਸਰੋਵਰ ਆਪਣੇ ਸੁਹਾਵਣੇ ਰੂਪ ਵਿਚ ਲਹਿਰਾਂ ਲੈ ਰਿਹਾ ਹੈ। ਇਸ ਦੇ ਆਂਢੋਂ ਗੁਆਂਢੋਂ, ਕੁਝ ਨੇੜੇ ਕੁਝ ਦੂਰੋਂ ਬੜੇ ਬੜੇ ਦਰਯਾ ਨਿਕਲਦੇ ਹਨ, ਜੋ ਆਪਣੇ ਰਸਤੇ ਵਿਚ ਐਨੀਆਂ ਵਿੱਥਾਂ ਪਾ ਲੈਂਦੇ ਹਨ ਕਿ ਫੇਰ ਮਹਾਂ ਸਾਗਰ ਵਿਚ ਹੀ ਜਾਕੇ ਮੇਲ ਹੁੰਦਾ ਹੈ। ਕਿੱਥੇ ਅਟਕ, ਸਤਲੁਜ, ਗੰਗਾ ਤੇ ਕਿਥੇ ਬ੍ਰਹਮ ਪੁਤ੍ਰ, ਏਹ ਕੁਦਰਤ ਦੇ ਰੰਗ ਹਨ। ਬਰਖਾ ਹੋ ਹਟੀ ਤੇ ਹਵਾ ਬਿਲਕੁਲ ਬੰਦ ਸੀ, ਬ੍ਰਿਛ ਨ੍ਹਾਤੇ ਖੜੇ ਸੇ, ਸਰੋਵਰ ਵਿਚ ਲਹਿਰਾਂ ਦੀ ਥਾਂ ਅਡੋਲਤਾ ਪਸਰ ਰਹੀ ਸੀ ਕਿ ਅਚਾਨਕ ਅਕਾਸ਼ ਤੋਂ ਦੋ ਪਰੀਆਂ ਉਤਰੀਆਂ। ਸਰੋਵਰ ਦੇ ਕਿਨਾਰੇ ਨ੍ਹਾਤੀਆਂ, ਨ੍ਹਾਂ ਧੋਕੇ ਫੇਰ ਲਗੀਆਂ ਸਰੋਵਰ ਦੇ ਕਿਨਾਰੇ ਕਿਨਾਰੇ ਫਿਰਨ ਤੇ ਗਲਾਂ ਕਰਨ। ਉਹਨਾਂ ਦੀਆਂ ਗਲਾਂ ਦਾ ਸਿੱਟਾ ਇਹ ਸੀ ਕਿ ਤਿੱਬਤ ਦੇ ਲਾਮੇ ਹੁਣ ਆਪਣੇ ਰੰਗ ਵਿਚ ਨਹੀਂ ਰਹੇ। ਕੁਝ ਈਰਖਾ ਦਾ ਪੈਰ ਪੈ ਰਿਹਾ ਹੈ। ਬੌਧ ਰਿਸ਼ੀ ਦੇ ਤਿਆਗ ਵਿਚ ਕੁਛ ਹੋਰ ਹੋਰ ਰੰਗ ਪੈ ਰਹੇ ਹਨ। ਐਸਾ ਨਾ ਹੋਵੇ ਕਿ ਇਹ ਸਰੋਵਰ ਬੀ ਸਾਡੇ ਇਸ਼ਨਾਨ ਲਾਇਕ ਨਾ ਰਹੇ ਤੇ ਇਕ ਤਮਾਸ਼ਾਗਾਹ ਬਣ ਜਾਵੇ।

ਸੁਕੁਮਾਰ ਬੋਲੀ— ਬੀਬੀ ਭੈਣ! ਚੱਲ ਅੱਜ ਸਨਤ ਕੁਮਾਰ ਸਰੋਵਰ (ਤਿਸ਼ੀ ਤਾਲ) ਦੇ ਦਰਸ਼ਨ ਕਰੀਏ।

 www.sikhbookclub.com

ਮੁਗਧਾ ਬੋਲੀ— ਚਲੋ ਭੈਣ ਚਲੀਏ।

ਇਹ ਆਖਕੇ ਦੋਹਾਂ ਨੇ ਉਡਾਰੀ ਮਾਰੀ ਅਰ ਹਿਮਾਲਾ ਪਰਬਤ ਦੇ ਦੂਜੇ ਸਿਰੇ, ਸਾਰੇ ਬਰਫ਼ਾਨੀ ਸਿਲਸਿਲੇ ਨੂੰ ਲੰਘਕੇ ਚੀਨਾ ਪਹਾੜ ਦੀ ਚੋਟੀ ਤੇ ਆ ਬੈਠੀਆਂ ਤੇ ਸਰੋਵਰ ਦਾ ਦਰਸ਼ਨ ਕੀਤਾ। ਹੇਠਲੇ ਪਾਸੇ ਨਜ਼ਰ ਮਾਰੀ ਤਦ ਡਿੱਠਾ ਕਿ ਸਨਤ ਕੁਮਾਰ ਸਰੋਵਰ ਦੇ ਸੱਠ ਸਾਥੀ ਸਰੋਵਰਾਂ ਵਿਚੋਂ ਕੇਵਲ ਛੇ ਹੀ ਰਹਿ ਗਏ ਹਨ ਤੇ ਬਾਕੀ ਚੁਰੰਜਾ ਸੁੱਕ ਗਏ ਹਨ। ਇਸ ਨਾਲ ਹਿਮਾਲੇ ਦੀ ਇਸ 'ਕਮਾਊ' ਹਿੱਸੇ ਦੀ ਸੁੰਦਰਤਾ ਵਿਚ ਫ਼ਰਕ ਆ ਗਿਆ ਹੈ। ਫੇਰ ਤਮਾਸ਼ਾ ਦੇਖੋ ਕਿ ਸਰੋਵਰ ਦੇ ਕਿਨਾਰੇ ਇਨ੍ਹਾਂ ਨੇ ਇਕ ਦੇਵੀ ਮੰਦਰ ਡਿੱਠਾ, ਜਿਸ ਨੂੰ 'ਨੈਨਾ' ਕਰਕੇ ਸੱਦਦੇ ਸਨ ਤੇ ਸਰੋਵਰ ਨੂੰ ਬੀ ਲੋਕ ਨੈਨੀ ਤਾਲ ਕਹਿਣ ਲਗ ਪਏ ਸਨ। ਏਹ ਨਵੇਂ ਹੇਰ ਫੇਰ ਇਨ੍ਹਾਂ ਯਾਤਰੂਆਂ ਨੂੰ, ਜੋ ਸਦੀਆਂ ਬਾਦ ਏਥੇ ਆਏ ਸੇ, ਬਹੁਤ ਅਸਚਰਜ ਲਗੇ। ਪਰ ਵਧੀਕ ਅਸਚਰਜ ਨਵੇਂ ਨਵੇਂ ਮਕਾਨ ਸੇ ਜੋ ਰਿਸ਼ੀਆਂ ਦੇ ਇਸ ਬਨ ਖੰਡ ਵਿਚ ਬਨ ਗਏ ਸੇ। ਹੇਠਾਂ ਤੱਕਿਆ ਸਰੋਵਰ ਦੇ ਸਿਰ ਤੇ ਚਰਨਾਂ ਪਰ ਦੋ ਚੰਗੇ ਭਰਵੇਂ ਬਜ਼ਾਰ ਨਜ਼ਰ ਪਏ। ਸਰੋਵਰ ਦੇ ਗਿਰਦ ਸੜਕ ਬਣੀ ਹੋਈ ਹੈ, ਵਿਚ ਕਿਸ਼ਤੀਆਂ ਚਲ ਰਹੀਆਂ ਹਨ, ਕਿਤੋਂ ਹੋ ਹੋ ਦੀ ਆਵਾਜ਼ ਤੇ ਕਦੇ ਮਨੁੱਖੀ ਵਾਜੇ ਦੀ ਧੁਨਿ ਕੰਨੀ ਪਹੁੰਚਦੀ ਹੈ। ਸਰੋਵਰ ਦੇ ਗਿਰਦ ਜਾਲਾ ਤੇ ਜਲ ਬੂਟੀਆਂ ਉਗ ਪਈਆਂ ਹਨ, ਕਮਲ ਫੁਲਾਂ ਦੀ ਗਿਰਦੀ ਵਾੜ ਗੁੰਮ ਹੋ ਗਈ ਹੈ। ਰਾਜ ਹੰਸ ਉੱਡ ਗਏ ਹਨ। ਇਹ ਗਲ ਵੇਖਕੇ ਸੁਕੁਮਾਰ ਬੋਲੀ:-

'ਭੈਣ ਜੀ! ਮਾਣਸ ਗੰਧ।' (ਭਾਵ ਮਨੁਖਾਂ ਦੀ ਮੁਸ਼ਕ ਆਉਂਦੀ ਹੈ)।

ਮੁਗਧਾ ਬੋਲੀ— ਬੱਸ ਸਾਡੇ ਭਾਗ, ਕੋਈ ਸਰੋਵਰ ਇਨ੍ਹਾਂ ਮਨੁੱਖਾਂ ਦਾ ਤਮਾਸ਼ਾ ਬਣਨੋਂ ਨਹੀਂ ਬਚਦੇ। ਭੈਣ ਜੀ! ਅਜ ਰਾਜਾ ਇੰਦਰ ਨੂੰ ਕਹੀਏ ਜੋ ਕਿਵੇਂ ਮਾਨ ਸਰੋਵਰ ਨੂੰ ਤਾਂ ਸਾਡੇ ਲਈ ਸੰਭਾਲ ਰਖੇ, ਕਈ ਤਮਾਸ਼ੇ ਦੇ ਪਿਆਰੇ ਮਨੁੱਖ ਉਥੇ ਬੀ ਪਹੁੰਚਣ ਲਗ ਪਏ ਹਨ।

ਸੁਕੁਮਾਰ ਬੋਲੀ— ਬਹੁਤ ਹੀ ਚੰਗੀ ਗੱਲ ਹੈ, ਐਸਾ ਕਰਨਾ ਚਾਹੀਦਾ ਹੈ। ਵੇਖੋ ਭੈਣ ਜੀ! ਸਰੋਵਰ ਦੇ ਕਿਨਾਰੇ ਜਿਥੇ ਰਿਸ਼ੀ ਸਭਾ ਲਗਦੀ ਹੁੰਦੀ ਸੀ, ਚੌਗਾਨ ਦੀ ਖੇਡ ਹੋ ਰਹੀ ਹੈ, ਅਰ ਜਿਥੇ ਰਿਸ਼ੀ 'ਸਿਨੀ' ਜੀ ਦਾ ਮਠ (ਤਪ ਦੀ ਥਾਂ) ਸੀ ਓਥੇ ਮੂਰਤੀ ਪੂਜਾ ਹੋ ਰਹੀ ਹੈ। ਆਹ ਵੇਖੋ 'ਦਿੱਵ

 www.sikhbookclub.com

ਜੋਤਿ' ਰਿਸ਼ੀ ਦੇ ਆਸਣ ਪਰ ਮਸਜਿਦ ਖੜੀ ਹੈ। ਆਰਯ ਕੁਲ ਵੰਸ਼ੀ ਰਾਜਕੁਮਾਰ ਜਿਥੇ ਵਿਦਯਾ ਪਾਉਣ ਆਉਂਦੇ ਸੀ, ਉਸ ਆਰਯ ਪਥ ਪਰਬਤ ਦਾ ਨਾਮ ਆਯਰ ਪਟਾ ਕਹਿ ਰਹੇ ਹਨ। ਮਨੁੱਖਾਂ ਦੀ ਅਕਲ ਬੀ ਅਜਬ ਹੈ, ਔਹ ਦੇਵ ਪਥ ਪਰਬਤ ਸੁੰਞਾ ਹੋਇਆ ਪਿਆ ਹੈ।

ਮੁਗਧਾ (ਤ੍ਰਬ੍ਰਕ ਕੇ)— ਭੈਣ ਜੀ! ਔਹ ਅਸਵਾਰੀ ਹੈ? ਪੁਸ਼ਪ-ਬਿਬਾਨ ਨਹੀਂ ਹੈ, ਰਥ ਨਹੀਂ, ਨਾ ਸ਼ਕਤੀ ਤੋਰ ਰਹੀ ਹੈ, ਨਾ ਪਸ਼ੂ।

ਸੁਕੁਮਾਰ- ਹੈਂ! ਇਹ ਤਾਂ ਨਵੀਂ ਹੀ ਅਸਵਾਰੀ ਹੈ। ਇਕ ਮਨੁੱਖ ਚੜ੍ਹਿਆ ਬੈਠਾ ਹੈ, ਚਾਰ ਮਨੁੱਖਾਂ ਨੇ ਚੁਕਿਆ ਹੈ। ਹੈਂ, ਮਨੁੱਖਾਂ ਨੇ ਮਨੁੱਖ ਨੂੰ ਚੁਕਿਆ ਹੈ? ਇਹ ਕੀ ਤਮਾਸ਼ਾ ਹੈ? (ਅੱਖਾਂ ਮੀਟਕੇ) ਹਾਂ, ਕਲਿਜੁਗ ਆ ਗਿਆ ਹੈ, ਧਰਮ ਦੇ ਸਿਵਾ ਤਿੰਨ ਪੈਰ ਖਿਸਕ ਚੁਕੇ ਹਨ।

ਮੁਗਧਾ— ਕਲਜੁਗ ਕੀ ਹੁੰਦਾ ਹੈ?

ਸੁਕੁਮਾਰ— ਜਦੋਂ ਲੋਕੀ ਪਰਮੇਸ਼ਰ ਨੂੰ ਭੁੱਲਕੇ ਆਪਣੇ ਸੁਖਾਂ ਵਿਚ ਲਗ ਜਾਂਦੇ ਹਨ, ਇਕ ਦੂਜੇ ਨੂੰ ਪਿਆਰ ਕਰਨ ਦੀ ਥਾਂ, ਦੂਏ ਦੀ ਹਾਨੀ ਤੋਂ ਆਪਣਾ ਲਾਭ ਕੱਢਦੇ ਹਨ। ਜਦੋਂ ਐਸਾ ਸਮਾਂ ਹੋਵੇ ਤਦੋਂ ਕਲਜੁਗ ਕਹੀਦਾ ਹੈ।

ਹੁਣ ਹੋਰ ਹੈਰਾਨ ਹੋਕੇ ਦੋਵੇਂ ਉੱਡਕੇ ਸ਼ੇਰ ਦੇ ਡਾਂਡੇ (ਸਿੰਹ ਦੰਡਕ) ਪਰਬਤ ਤੇ ਜਾ ਬੈਠੀਆਂ; ਏਥੋਂ ਬੀ 'ਮਾਣਸ ਗੰਧ, ਮਾਣਸ ਗੰਧ' ਕਰਦੀਆਂ ਨੱਕ ਵਟਦੀਆਂ ਫੇਰ ਆਯਰ ਪਟੇ (ਆਰਯਾ ਪਥ) ਪਰਬਤ ਤੇ ਆ ਬੈਠੀਆਂ। ਪਰ ਇਥੇ ਬੀ ਉਹੋ ਮਾਣਸ ਗੰਧ ਆ ਰਹੀ ਸੀ। ਫੇਰ ਨੱਕ ਮੁੰਦਕੇ ਹੇਠ ਉਤਰੀਆਂ। ਸਰੋਵਰ ਵਿਚਕਾਰ ਜਾਕੇ ਜਲ ਵਿਚੋਂ ਡੁੱਬੇ ਮਨੁੱਖਾਂ ਦੀ ਮੁਸ਼ਕ ਆਈ। ਨ੍ਹਾਉਣਾ ਤਾਂ ਕਿਤੇ ਰਿਹਾ ਜਲ ਛੋਹੇ ਬਿਨਾਂ ਹੀ ਚੌਗਾਨ ਵਿਚ ਜਾ ਖੜੋਤੀਆਂ।

ਮੁਗਧਾ (ਤ੍ਰਬ੍ਰਕੇ)— ਏਹ ਮਨੁੱਖਾਂ ਨੂੰ ਚੁੱਕਣ ਵਾਲੇ ਤਾਂ ਕਈ ਤਿਲਕ ਧਾਰੀ ਹਨ, ਕਿਤੇ ਬ੍ਰਾਹਮਣ ਤਾਂ ਨਹੀਂ ਹਨ?

ਸੁਕੁਮਾਰ— ਸਾਰੇ ਤਾਂ ਨਹੀਂ ਪਰ ਬਹੁਤ ਹਨ। ਅਹੋ ਅਭਾਗ! ਏਹ ਉਹ ਬ੍ਰਾਹਮਣ ਹਨ ਜਿਨ੍ਹਾਂ ਦੇ ਅੱਗੇ ਆਰਯ ਰਾਜਿਆਂ ਦੀ ਧੌਣ ਉੱਚੀ ਨਹੀਂ ਉੱਠ ਸਕਦੀ ਸੀ। ਸਾਰਾ ਹਿੰਦ ਅਰ ਸਾਰੇ ਹਿੰਦ ਦੇ ਸਾਮਾਨ ਇਨ੍ਹਾਂ ਦੇ ਸੁਖ ਲਈ ਸਨ। ਪਰ ਪ੍ਰਤਾਪ ਦੇ ਨਸ਼ੇ ਵਿਚ ਇਨ੍ਹਾਂ ਨੇ ਪ੍ਰੇਮ ਦਾ ਪਥ ਛੱਡਕੇ ਘ੍ਰਿਣਾ ਤੇ ਆਕੜ ਦਾ ਰਾਹ ਫੜਿਆ, ਰਾਜਾ ਤੇ ਪ੍ਰਜਾ ਨਾਲ ਹੈਂਕੜ

 www.sikhbookclub.com

ਧਾਰ ਗਏ। ਉਸ ਉੱਚੀ ਅਟਾਰੀ ਤੋਂ, ਕਿ ਜਿਥੇ ਏਹ ਕਦੇ ਸਨ, ਖਡ ਵਿਚ ਡੇਗੇ ਗਏ ਹਨ। ਕਦੀ ਇਨ੍ਹਾਂ ਪਰਬਤਾਂ ਪਰ ਦੇ ਰਾਜੇ ਇਨ੍ਹਾਂ ਨੂੰ ਨਮਸਕਾਰ ਕਰਨ ਆਉਂਦੇ ਤੇ ਰਾਜ ਕੁਮਾਰ ਵਿਦਜਾ ਪਾਉਣ ਆਉਂਦੇ ਤੇ ਇਨ੍ਹਾਂ ਲਈ ਬਨਾਂ ਵਿਚੋਂ ਲਕੜਾਂ ਲਿਆਉਂਦੇ ਤੇ ਚਰਨ ਪੂਜਦੇ ਸੇ ਪਰ ਅੱਜ ਉਸ ਮਹਾਨ ਆਕੜ ਤੇ ਨਫ਼ਰਤ ਦੇ ਸਬੱਬ ਇਹ ਤ੍ਰੀਮਤਾਂ, ਮਨੁੱਖਾਂ, ਸੇਠਾਂ, ਰਈਸਾਂ ਦੇ ਕਹਾਰ ਬਣ ਰਹੇ ਹਨ। ਵਾਹ ਕੁਦਰਤ ਤੇ ਵਾਹ ਆਤਮਕ ਸ੍ਰਿਸ਼ਟੀ ਦੇ ਨਿਯਮ। ਜੋ ਕੋਈ ਪ੍ਰਤਾਪ ਪਾਕੇ ਮਦ ਕਰੇਗਾ ਅਰ ਪ੍ਰੇਮ ਦੀ ਥਾਂ ਨਫ਼ਰਤ ਵਰਤੇਗਾ, ਉਸ ਦਾ ਇਹੋ ਹਾਲ ਹੋਵੇਗਾ।

ਇੰਨੇ ਨੂੰ ਮੁਗਧਾ ਸਿਰ ਸੁੱਟਕੇ ਬੋਲੀ- ਭੈਣ ਚੱਲ ਮੇਰਾ ਤਾਂ ਸਿਰ ਦੁਖਣ ਲਗ ਪਿਆ ਹੈ। ਇਹ ਸੁਣਕੇ ਦੋਵੇਂ ਜਣੀਆਂ ਲਹਿਰੀਆ ਕਾਂਤਾ ਪਰਬਤ ਦੀ ਚੋਟੀ ਤੇ ਜਾ ਬੈਠੀਆਂ। ਕੁਛ ਖੁੱਲੀ ਹਵਾ ਆਈ। ਅਲਮੋੜੇ ਦੇ ਸਨਾਤਨ ਅਸਥਾਨ ਵਲ ਡਿੱਠਾ ਤਾਂ ਉਹ ਹੋਰਨਾਂ ਸ਼ਹਿਰਾਂ ਵਾਂਙ ਇਕ ਦੁਖੀਆਂ ਸੁਖੀਆਂ ਦਾ ਮੜ੍ਹ ਬਣ ਰਿਹਾ ਹੈ। ਉਹ ਬਨ ਬਾਸੀ ਰਿਸ਼ੀਆਂ ਦੇ ਆਸ਼੍ਰਮ ਤੇ ਬ੍ਰਿਧ ਤਯਾਗੀ ਰਾਜਿਆਂ ਦੇ ਤਪੋ ਬਨ ਸਭ ਗੁੰਮ ਹੋ ਗਏ ਹਨ। ਭੀਮ ਤਾਲ ਤੇ ਨਜ਼ਰ ਮਾਰੀ ਪੰਛੀਆਂ ਦੇ ਸ਼ਿਕਾਰ ਹੋ ਰਹੇ ਹਨ। ਉਹਨਾਂ ਕੌਲ ਫੁਲਾਂ ਦੀ ਵੰਸ਼ ਅਜੇ ਕਾਇਮ ਦੇਖੀ ਜੋ ਸੀਤਾ ਦੇ ਸ੍ਵਯੰਬਰ ਪਰ ਏਥੋਂ ਗਏ ਸੇ। ਉਹਨਾਂ ਪੰਛੀਆਂ ਦੀ ਸੰਤਾਨ ਬੀ ਸ਼ਿਕਾਰ ਹੁੰਦੀ ਤੱਕੀ ਕਿ ਜੋ ਰਾਜਾ ਨਲ ਦੇ ਦੁਖ ਸਮੇਂ ਕਟੇ ਹੋਏ ਬੀ ਉਛਲ ਕੇ ਸਰੋਵਰ ਵਿਚ ਜਾ ਪਏ ਸੀ।

ਏਥੋਂ ਉਡਕੇ ਦੋਵੇਂ ਜਣੀਆਂ ਬਰਫ਼ਾਨੀ ਚੋਟੀ ਤੇ ਜਾ ਬੈਠੀਆਂ। ਮੁਗਧਾ ਦਾ ਜੀ ਤਾਂ ਚਾਹੁੰਦਾ ਸੀ ਜੋ ਘਰ ਨੂੰ ਉਡ ਚਲੀਏ ਪਰ ਸੁਕੁਮਾਰ ਦੇ ਜੀ ਵਿਚ ਸਮੇਂ ਦੇ ਨਵੇਂ ਰੰਗ ਵੇਖਕੇ ਦੇਸ਼ ਦੇ ਦੇਖਣ ਨੂੰ ਬੀ ਚਾ ਆ ਗਿਆ ਸੀ। ਸੋ ਦੋਵੇਂ ਸਲਾਹ ਕਰਕੇ ਬੀਰ ਸਰੋਵਰ ਨੂੰ ਗਈਆਂ। ਕੀ ਦੇਖਦੀਆਂ ਹਨ ਕਿ ਸਰੋਵਰ ਦਾ ਨਾਮ ਤਾਂ 'ਵੂੱਲਰ ਡਲ' ਹੋ ਗਿਆ ਹੈ ਪਰ ਮਾਨਸ ਰੀਧ ਨਾਲ ਅਕਾਸ਼ ਭਰ ਰਿਹਾ ਹੈ। ਸੈਰ ਤਮਾਸ਼ੇ ਦਾ ਮੰਡਲ ਖਿੜ ਰਿਹਾ ਹੈ।

ਸੁਕੁਮਾਰ ਬੋਲੀ— ਭੈਣ ਜੀ! ਮੈਂ ਇਸ ਸਰੋਵਰ ਨੂੰ ਤਦੋਂ ਵੀ ਡਿੱਠਾ ਹੈ ਜਦੋਂ ਭੱਟ ਜਾਤੀ ਦੇ ਬ੍ਰਾਹਮਣ ਵਿਨੋਦ ਦੇ ਪੂਰੇ ਕਵਿਤਾ ਵਿਚ ਪ੍ਰਸਿਧ ਚਿਤ੍ਰਕਾਰ ਤੇ ਪਸ਼ਾਨ ਚਿਤ੍ਰ (ਪੱਥਰ ਮੂਰਤਾਂ) ਵਿਚ ਨਿਪੁੰਨ ਏਥੇ ਏਕਾਂਤ ਰਹਿੰਦੇ ਤੇ ਆਪਣੇ ਬਜ਼ੁਰਗ ਹੁਨਰਾਂ ਨੂੰ ਨਿਰਵਾਸ਼ ਹੋਕੇ ਕਰਦੇ ਸੇ। ਫਿਰ

 www.sikhbookclub.com

ਇਸ ਨੂੰ ਮੈ ਰਾਜਾ 'ਕੈਕੇਇ' ਦੇ ਸਮੇਂ ਡਿੱਠਾ ਹੈ, ਜਦੋਂ ਸਤੋ ਗੁਣ ਤੇ ਰਜੋ ਗੁਣ ਦਾ ਭਰ ਜੋਬਨ ਸੀ। ਫੇਰ ਮੈਂ ਇਸ ਨੂੰ ਤਦੋਂ ਡਿਠਾ ਜਦੋਂ ਇਥੇ ਯਵਨ ਜਾਤੀ ਦੇ ਲੋਕ ਆ ਗਏ ਸੇ ਅਰ ਬ੍ਰਾਹਮਣਾਂ ਦਾ ਉਸ ਮਦ ਦੇ ਕਾਰਨ ਗਿਰਾਉ ਹੋ ਚੁਕਾ ਸੀ। ਇਸ ਯਵਨ ਜਾਤੀ ਦੇ ਇਕ ਰਾਜਾ ਜਹਾਂਗੀਰ ਦੀ ਇਹ ਸੈਰ ਦੀ ਥਾਂ ਸੀ। ਇਹ ਯਵਨੀ ਰਾਜੇ ਮੁਸਲਮਾਨ ਕਹਾਂਦੇ ਸੀ। ਤਦੋਂ ਇਨ੍ਹਾਂ ਦਾ ਇੱਡਾ ਜ਼ੋਰ ਸੀ ਕਿ ਪੁੱਛੋ ਨਾ। ਪਰ ਅੱਜ ਵੇਖੋ ਇਸ ਮੁਸਲਮਾਨ ਜਾਤੀ ਦੇ ਲੋਕ ਕਾਮੇ ਹੋ ਰਹੇ ਹਨ, ਦੋ ਰੁਪਏ ਦਿਓ ਤਦ ਬੇੜੀ ਸਮੇਤ ਨੌਕਰ ਰਖ ਲਓ, ਅਰ ਸਾਰਾ ਦਿਨ ਪਏ ਸੇਵਾ ਲਵੋ।

ਮੁਗਧਾ— ਇਸ ਜਾਤੀ ਦਾ ਪ੍ਰਤਾਪ ਕਿਉਂ ਗਿਆ?

ਸੁਕੁਮਾਰ— ਭੈਣ ਇਨ੍ਹਾਂ ਵਿਚ ਧਰਮ ਨਾਲ ਬਹੁਤ ਵੈਰ ਸੀ, ਅਰ ਅੰਨਜ ਧਰਮੀਆਂ ਪਰ ਅੰਨਜਾਯ ਤੇ ਧੱਕਾ ਕਰਦੇ ਸੇ। ਇਨ੍ਹਾਂ ਦਾ ਪ੍ਰਤਾਪ ਇਨ੍ਹਾਂ ਦੇ ਜ਼ੁਲਮ ਨੇ ਗੁਆ ਦਿਤਾ। ਜਿਹੜੇ ਏਹ ਲੋਕ ਹਾਕਮ ਤੇ ਰਾਜੇ ਸੇ, ਜਿਨ੍ਹਾਂ ਅਗੇ ਰਾਜਪੂਤ ਰਾਜੇ ਧੀਆਂ ਲੈਕੇ ਹਾਜ਼ਰ ਹੁੰਦੇ ਸੇ, ਓਹ ਅੱਜ ਮਜੂਰ ਕਾਮੇ ਤੇ ਬੇੜੀ ਵਾਹ ਹੋ ਰਹੇ ਹਨ। ਅਤਿ ਤੇ ਪਰਮੇਸ਼ੁਰ ਦਾ ਵੈਰ ਹੈ, ਅਤਿ ਕੀਤੀ ਪਟਕ ਪਏ। ਜੋ ਪ੍ਰਤਾਪ ਪਾਕੇ ਕਿਸੇ ਤਰ੍ਹਾਂ ਦੀ ਅਤਿ ਕਰੇਗਾ ਉਹ ਪਰਬਤ ਤੋਂ ਖੱਡ ਵਿਚ ਜਾ ਡਿੱਗੇਗਾ।

ਮੁਗਧਾ— ਭੈਣ ਇਥੇ 'ਮਾਨਸ ਗੰਧ' ਬਹੁਤ ਤੀਬਰ ਹੈ, ਕੁਛ ਵਿਕਾਰ ਗੰਧ ਬੀ ਹੈ, ਮੇਰਾ ਜੀ ਕੱਚਾ ਹੁੰਦਾ ਹੈ, ਚੱਲ ਚਲੀਏ।

ਸੁਕੁਮਾਰ— ਚਲੋ ਚਲੀਏ, ਤੁਹਾਨੂੰ ਹਿਮ ਗਿਰ ਉਤੇ ਸਾਹ ਕਢ ਲਿਆਵੀਏ, ਤੇ ਫਿਰ ਇਕ ਹੋਰ ਅਸਥਾਨ ਦੇਖਕੇ ਚਲੀਏ। ਮੈਂ ਕੁਛ ਚਿਰ ਹੋਇਆ ਤਾਂ ਉਹ ਅਸਥਾਨ ਡਿੱਠਾ ਸੀ।

ਮੁਗਧਾ— ਉਹ ਅਸਥਾਨ ਕਿਹਾ ਸੀ?

ਸੁਕੁਮਾਰ— ਭੈਣ ਜੀ ਉਹ ਇਕ ਨਿਰਜਨ ਬਨ ਸੀ ਜੋ ਆਦਿ ਕਾਲ ਤੋਂ ਨਿਰਜਨ ਰਖਿਆ ਗਿਆ ਸੀ ਅਰ ਕੋਈ ਰਿਸ਼ੀ ਓਥੇ ਪੈਰ ਨਹੀਂ ਧਰਦਾ ਸੀ, ਸਭ ਨਮਸ਼ਕਾਰ ਕਰਦੇ ਸੇ। ਇਸ ਕਰਕੇ ਜੋ ਇਸ ਅਸਥਾਨ ਪਰ ਕਲਜੁਗ ਵਿਚ ਆਪ ਸ੍ਰੀ ਅਕਾਲ ਪੁਰਖ ਦੀ ਪ੍ਰੀਤਮ ਜੋਤ ਨੇ ਪ੍ਰਗਟ ਹੋਕੇ ਸੰਸਾਰ ਨੂੰ ਸੁਆਰਨਾ ਸੀ ਅਰ ਅਖੰਡ ਕੀਰਤਨ ਦਾ ਬੈਕੁੰਠ ਰਚਣਾ ਸੀ। ਮੈਂ ਇਸ ਅਸਥਾਨ ਨੂੰ ਰਚਣ ਵੇਲੇ, ਰਚੇ ਜਾਣ ਦੇ ਮਗਰੋਂ, ਮਲੇਛਾਂ ਦੀ


www.sikhbookclub.com

ਬੇਅਦਬੀ ਤੇ ਫੇਰ ਧਰਮੀਆਂ ਦੇ ਪ੍ਰਤਾਪ ਸਮੇਂ ਬੀ ਡਿੱਠਾ ਸੀ। ਚੱਲੋ ਤੈਨੂੰ ਵੀ ਅੱਜ ਕਲ ਦੀ ਦਸ਼ਾ ਦਿਖਾ ਲਿਆਵਾਂ। ਇਹ ਕਹਿਕੇ ਉਡਾਰੀ ਮਾਰਕੇ ਅੰਮ੍ਰਿਤ ਸਰੋਵਰ ਤੇ ਪਹੁੰਚੀਆਂ। ਸਮਾਂ ਤੜਕਸਾਰ ਦਾ ਸੀ, ਸਰੋਵਰ ਦੀ ਅਡੋਲਤਾ ਤੇ ਪਰਮੇਸ਼ੁਰ ਜਸ ਦੀ ਮਿੱਠੀ ਧੁਨੀ ਨੇ 'ਮਾਣਸ ਗੰਧ' ਦੇ ਹੁੰਦਿਆਂ ਬੀ ਦੂਹਾਂ ਨੂੰ ਪ੍ਰਸੰਨ ਕਰ ਦਿਤਾ।

ਸੁਕੁਮਾਰ— ਭੈਣ ਜੀ, ਇਹ ਇਕ ਪਹਿਰ ਹੁਣ ਦਾ ਏਥੇ ਦੈਵੀ ਮੰਡਲ ਹੈ, ਫੇਰ ਇਸ ਦੇ ਪ੍ਰਬੰਧਕ ਸੰਸਾਰਕ ਲੋਕ ਆ ਜਾਣਗੇ, ਪੂਜਾ ਦਾ ਪਿਆਰ ਜਾਗ ਪਏਗਾ, ਅਰ ਸੈਰ ਤਮਾਸ਼ੇ ਵਾਲੇ ਕੇਵਲ ਤਮਾਸ਼ੇ ਖ਼ਾਤਰ ਆ ਵੜਨਗੇ, ਪਰ ਇਹ ਵਾਧਾ ਹੈ ਕਿ ਈਸ਼੍ਵਰ ਕੀਰਤੀ ਦੀ ਧੁਨੀ ਧੂੰਏ ਦੇ ਅੰਬਾਰ ਵਿਚੋਂ ਅੱਗ ਦੀ ਨਿਰਮਲ ਲਾਟ ਵਾਂਗੂੰ ਅੱਠੇ ਪਹਿਰ ਨਿਕਲਦੀ ਰਹੇਗੀ।

ਮੁਗਧਾ— ਉਹਨਾਂ ਤਪੀਆਂ ਦੇ ਤਪ ਨੂੰ ਕੀ ਹੋਇਆ ਜੋ ਇਸ ਅਸਥਾਨ ਦੇ ਉਪਾਸਕ ਤੇ ਸੰਭਾਲਣਹਾਰੇ ਸੇ?

ਸੁਕੁਮਾਰ— ਭੈਣ ਜੀ! ਓਹ ਬੜੇ ਦੈਵੀ ਲੋਕ ਸੇ, ਸਤੀ, ਕਦੇ ਅਸਤਿ ਨਹੀਂ ਬੋਲਦੇ ਸੇ; ਕਰਤਾਰ ਨੂੰ ਕਦੇ ਨਹੀਂ ਭੁੱਲਦੇ ਸੇ, ਪਰ ਕੁਸੰਗੀਆਂ ਨੇ ਸੁਰਾਪਾਨ ਤੇ ਹੋਰ ਇੱਲਤਾਂ ਸਿਖਾ ਦਿਤੀਆਂ, ਤਦ ਆਪੋ ਵਿਚ ਲੜ ਪਏ। ਲੜਦੇ ਲੜਦੇ ਧਰਮ ਸ਼ਰਮ ਭੁਲਾਕੇ ਭਰਾ ਦੇ ਭਰਾ ਵੈਰੀ ਹੋ ਗਏ। ਇੰਨੇ ਨੂੰ ਇਕ ਸਿੱਖ ਚਪੜਾਸੀ ਦਰਬਾਰ ਸਾਹਿਬ ਆਇਆ। ਚਪੜਾਸ ਦਾ ਠੱਪਾ ਵੇਖਕੇ ਮੁਗਧਾ ਬੋਲੀ: ਇਹ ਕੀ ਹੈ?

ਸੁਕੁਮਾਰ— ਏਹ ਉਨ੍ਹਾਂ ਲੋਕਾਂ ਵਿਚੋਂ ਹਈ ਜੋ ਕਦੇ ਇਸ ਅਸਥਾਨ ਦੇ ਪਿਆਰੇ ਤੇ ਦੇਸ਼ ਦੇ ਮਾਲਕ ਸੇ, ਇਨ੍ਹਾਂ ਦੀ ਧਮਕ ਸਾਡੀ ਇੰਦਰਪੁਰੀ ਵਿਚ ਪਹੁੰਚਦੀ ਸੀ, ਅਰ ਰਾਜਾ ਇੰਦਰ ਕਈ ਵੇਰ ਤ੍ਰਬ੍ਹਕ ਉਠਦੇ ਸੇ। ਪੱਛਮ ਦੇ ਕੁੱਲ ਪਠਾਣ ਇਨ੍ਹਾਂ ਤੋਂ ਥਰ ਥਰ ਕੰਬਦੇ ਸੇ, ਕੋਈ ਜੋਧਾ ਕੌਮ ਨਹੀਂ ਸੀ ਜੋ ਇਨ੍ਹਾਂ ਦਾ ਲੋਹਾ ਨਹੀਂ ਮੰਨਦੀ ਸੀ, ਪਰ ਅੱਜ ਇਹ ਇਸ ਚਪੜਾਸੀ ਦੀ ਦਸ਼ਾ ਨੂੰ ਪਹੁੰਚੇ ਹਨ। ਇਸ ਪਿੱਤਲ ਦੇ ਠੱਪੇ ਦਾ ਇਹ ਮਤਲਬ ਹੈ ਕਿ ਰੋਟੀ ਨਾ ਮਿਲਣ ਦੇ ਕਾਰਨ ਇਹ ਮਨੁੱਖ ਆਪਣੇ ਵਰਗੇ ਕਿਸੇ ਭਰਾ ਦਾ 'ਦਾਸ' ਹੋਕੇ ਉਸ ਦੇ ਸਨੇਹੇ ਭੁਗਤਾਂਦਾ ਹੈ, ਅਰ ਮਹਾਰਾਜ ਮਹਾਰਾਜ ਕਰਦਾ ਥਰ ਥਰ ਕੰਬਦਾ ਹੈ। ਸਰਦਾਰ ਸਾਹਿਬ ਦੀ ਥਾਂ 'ਓਏ ਸਿਖੜੇ' ਅਖਵਾਉਂਦਾ ਹੈ।

 www.sikhbookclub.com

ਮੁਗਧਾ— ਇਹ ਮਨੁਖ ਜਾਤੀ ਬੀ ਅਚਰਜ ਸੁਆਦਲੀ ਸ਼ੈ ਹੈ, ਅਰ ਕਿਰਲੇ ਦੀ ਪਿੱਠ ਵਾਂਗੂੰ ਹੈ, ਭਲਾ ਸਿੱਖ ਕਿਉਂ ਗਿਰੇ?

ਸੁਕੁਮਾਰ— ਇਨ੍ਹਾਂ ਨੂੰ, ਭੈਣ ਜੀ! ਫੁੱਟ ਨੇ ਮਾਰਿਆ, ਇਨ੍ਹਾਂ ਦਾ ਪ੍ਰਤਾਪ, ਆਪੋ ਵਿਚ ਖਹਿ ਖਹਿ ਕੇ ਨਸ਼ਟ ਹੋ ਗਿਆ, ਅਜੇ ਤੱਕ ਆਪੋ ਵਿਚ ਲੜ ਰਹੇ ਹਨ ਅਰ ਆਪਣਾ ਜੀਵਨ ਬੀ ਨਸ਼ਟ ਕਰ ਰਹੇ ਹਨ, ਏਹ ਲੋਕ ਸੰਸਾਰ ਪਰ ਹੁਣ ਪਰਾਹੁਣੇ ਜਾਪਦੇ ਹਨ। ਈਰਖਾ, ਵੈਰ, ਝੂਠੀਆਂ ਊਜਾਂ ਲਾਉਣੀਆਂ ਤੇ ਉਹਨਾਂ ਨੂੰ ਬਿਨਾਂ ਪੜਤਾਲ ਕੀਤੇ ਅਮੰਨਾ ਕਰਕੇ ਆਪਣੇ ਅੰਗ ਵੱਢੀ ਜਾਣਾ, ਏਹ ਪ੍ਰਧਾਨ ਕਰਮ ਇਨ੍ਹਾਂ ਲੋਕਾਂ ਦੇ ਹਨ। ਇਸ ਸਰੋਵਰ ਨਾਲ ਪਿਆਰ ਬੀ ਨਹੀਂ ਕਰਦੇ, ਇਸ ਨੂੰ ਬੀ ਦੁਕਾਨ ਤੇ ਸੈਰ-ਗਾਹ ਬਣਾ ਰਹੇ ਹਨ, ਤੂੰ ਜੇ ਇਸ਼ਨਾਨ ਕਰਨਾ ਹਈ ਤਾਂ ਕਲਗੀਧਰ ਜੀ ਦਾ ਧਿਆਨ ਧਰਕੇ, ਜਿਨ੍ਹਾਂ ਨੂੰ ਪਰਲੋਕ ਵਿਚ ਸਭ ਵਡੇ ਗੁਰੂ ਜੀ ਕਰਕੇ ਪੂਜਦੇ ਹਨ, ਕਰ ਲੈ; ਇਸ ਵੇਲੇ ਹੀ ਸਮਾ ਹੈ, ਫੇਰ ਮਾਣਸ ਗੰਧ ਬਹੁਤ ਕਰੜੀ ਹੋ ਜਾਏਗੀ; ਅਰ ਇਹ ਪ੍ਰਭਾਵ ਗ੍ਰਹਣ ਵਿਚ ਆ ਜਾਏਗਾ। ਇਹ ਕਹਿਕੇ ਦੋਵੇਂ ਨ੍ਹਾਤੀਆਂ, ਉਹਨਾਂ ਦੇ ਆਤਮਾਂ ਵਿਚ ਖੁਸ਼ੀ ਆ ਗਈ, ਅਰ ਫੇਰ ਉਡਾਰੀ ਮਾਰਦੇ ਕਮਾਊ ਵਿਚ ਸਪਤ ਸਰੋਵਰ ਦੇ ਕਿਨਾਰੇ ਜਾ ਪਹੁੰਚੀਆਂ। ਏਥੋਂ ਜਦ ਇਨ੍ਹਾਂ ਉਡਾਰੀ ਮਾਰੀ ਤਾਂ ਖੜਾਕ ਨਾਲ ਮੇਰੀ ਜਾਗ ਖੁੱਲ੍ਹ ਗਈ, ਤਦ ਕੀ ਡਿੱਠਾ ਕਿ (ਆਯਰ ਪਟਾ ਪਹਾੜ ਤੇ) ਕਈ ਮੇਮਾਂ ਖੜ ਖੜ ਕਰਦੀਆਂ ਹੇਠੋਂ ਚੜ੍ਹ ਆਈਆਂ ਹਨ, ਅਰ ਚੋਟੀ ਦੇ ਬੁਰਜੀ ਤੇ ਵਾਰੋ ਵਾਰੀ ਚੜ੍ਹਕੇ ਛਾਲਾਂ ਮਾਰਦੀਆਂ ਤੇ ਹੱਸ ਰਹੀਆਂ ਹਨ। ਅੱਖਾਂ ਮਲ ਮਲਕੇ ਪਰੀਆਂ ਨੂੰ ਵੇਖਾਂ ਪਰ ਓਹ ਗਈਆਂ ਦੂਰ। ਸੁਪਨੇ ਦੀ ਖੇਡ ਸੁਪਨਾ ਹੋ ਗਈ। (ਖਾਲਸਾ ਸਮਾਚਾਰ ਮਿਤੀ 25 ਸਤੰਬਰ 1907 ਈ:)

 www.sikhbookclub.com

## 20. ਮੁਨੀਰਾਜ ਜੀ ਦੇ ਦਰਸ਼ਨ

**ਮਹੀ ਰਮਯਾ ਸ਼ੱਯਾ, ਵਿਪੁਲਮੁਪਧਾਨੰ ਭੁਜਲਤਾ,**
**ਵਿਤਾਨੰਚਾਕਾਸ਼ੰ, ਵਜਜਨਮਨੁਕੂਲੋ ਯਮਨਿਲ:।**
**ਸ਼ਰੱਚੰਦ੍ਰੋ ਦੀਪੋ, ਵਿਰਤਿ ਵਨਿਤਾ ਸੰਗ ਮੁਦਿਤ:**
**ਸੁਖੰ ਸ਼ਾਂਤ: ਸ਼ੇਤੇ ਮੁਨਿ ਰਤਨੁਭੂਤਿ ਨ੍ਰਿਪ ਇਵ।**

(ਵੈਰਾਗ ਸ਼ੱਤਕ-੭੯)

ਭਰਥਰੀ ਹਰੀ ਜੀ ਇਸ ਸ਼ਲੋਕ ਵਿਚ ਗਜਾਨਵਾਨ ਦੇ ਆਨੰਦ ਦਾ ਨਕਸ਼ਾ ਖਿੱਚਦੇ ਹਨ। ਜਿਸ ਦਾ ਅਰਥ ਇਹ ਹੈ ਕਿ- "ਮੁਨੀਰਾਜ ਪਰਮ ਪ੍ਰਸੰਨ ਤੇ ਸ਼ਾਂਤ ਪਾਤਸ਼ਾਹ ਦੀ ਤਰ੍ਹਾਂ ਐਸ਼੍ਵਰਯ ਵਿਚ ਸੌਂਦਾ ਹੈ, ਪ੍ਰਿਥਵੀ ਉਸ ਦੀ ਸਿਹਜਾ ਹੈ, ਬਾਹਾਂ ਉਸ ਦਾ ਸਿਰਹਾਣਾ ਹੈ, ਆਕਾਸ਼ ਉਸ ਦਾ ਚੰਦੋਆ ਹੈ, ਅਨੁਕੂਲ ਪਿਆਰੀ ਪਉਣ ਉਸ ਨੂੰ ਪੱਖਾ ਕਰਦੀ ਹੈ, ਚਮਕੀਲਾ ਚੰਦ੍ਰਮਾ ਉਸ ਦਾ ਦੀਪਕ ਹੈ, ਨਿਰਵਿਰਤੀ ਵਹੁਟੀ ਨਾਲ ਉਹ ਆਨੰਦ ਵਿਚ ਹੈ।"

ਇਹ ਭਰਥਰੀ ਹਰੀ ਨੇ ਆਪਣੇ ਉਚੇ ਕਵੀ ਦਿਮਾਗ ਵਿਚ ਗਿਆਨਵਾਨ ਦਾ ਯਾ ਮੁਨੀ ਦਾ ਨਕਸ਼ਾ ਬਿਆਨ ਕੀਤਾ ਹੈ, ਕੈਸਾ ਪਿਆਰਾ ਹੈ। ਕੀ ਆਪ ਦਾ ਜੀਉ ਨਹੀਂ ਲਲਚਦਾ ਕਿ ਆਪ ਐਸੀ ਸੁਖ ਅਵਸਥਾ ਨੂੰ ਮਾਣੋ? ਘੱਟ ਤੋਂ ਘੱਟ ਇਹ ਤਾਂ ਜੀ ਲਲਚਦਾ ਹੋਊ ਕਿ ਕਿਸੇ ਐਸੇ ਪਿਆਰੇ ਦਾ ਇਕ ਵੇਰੀ ਦਰਸ਼ਨ ਹੀ ਹੋ ਜਾਏ। ਆਓ ਅੱਜ ਅਸੀਂ ਆਪ ਨੂੰ ਐਸੇ ਸਜਣ ਦਾ ਪ੍ਰਤੱਖ ਦਰਸ਼ਨ ਕਰਾਈਏ।

 www.sikhbookclub.com

ਸਰਦ ਚਾਂਦਨੀ ਦੀ ਮਿੱਠੀ ਤ੍ਰੇਲ ਭਿੰਨੀ ਰਾਤ ਬੀਤ ਚੁਕੀ ਹੈ ਪਹੁ ਫੁਟ ਪਈ ਹੈ, ਤਾਰੇ ਲਟਕੰਦੜੇ ਗੁੰਮ ਹੁੰਦੇ ਜਾ ਰਹੇ ਹਨ, ਉਸ਼ਾ ਪ੍ਰਕਾਸ਼ ਫੈਲ ਰਿਹਾ ਹੈ, ਇਸ ਵੇਲੇ ਇਕ ਰੜੇ ਵਿਚ ਇਕ ਪਿਆਰੀ ਸੂਰਤ ਲੰਮੀ ਪਈ ਹੈ। ਸਿਰ ਤੇ ਦਸਤਾਰ ਪਰ ਲੋਹ ਟੋਪ ਹੈ, ਸਰੀਰ ਤੇ ਸੰਜੋਅ ਹੈ, ਸ਼ਸਤਰਾਂ ਨਾਲ ਸਨੱਧ ਬੱਧ ਹੈ, ਲੰਮੇ ਪਏ ਦੇ ਸੱਜੇ ਹੱਥ ਵਿਚ ਵੀ ਖੰਡਾ ਹੈ, ਅਰ ਖਬੇ ਹੱਥ ਢਾਲ ਹੈ। ਸਾਰੀ ਰਾਤ ਦਾ ਸੁੱਤਾ ਹੈ ਤੇ ਹੁਣ ਤਕ ਨਹੀਂ ਜਾਗਿਆ? ਨਹੀਂ, ਸਾਰੀ ਰਾਤ ਦਾ ਜਾਗਿਆ ਹੈ ਤੇ ਹੁਣ ਰਤਾ ਕੁ ਸੁੱਤਾ ਹੈ। ਪਾਠਕ ਕਹਿਣਗੇ- ਅਜਬ ਮੁਨੀ ਦੀ ਮੂਰਤਿ ਹੈ। ਕੈਸਾ ਸੰਨਿਆਸ ਦਾ ਨਕਸ਼ਾ ਹੈ? ਪਰ ਠਹਿਰ ਜਾਓ, ਰਤਾ ਕੁ ਜਾਗ ਲੈਣ ਦਿਓ, ਫੇਰ ਵੇਖਾਂਗੇ ਕਿ ਮੁਨੀਰਾਜ ਸੱਚ ਮੁੱਚ ਦੇ ਹਨ ਕਿ ਕੇਵਲ ਮੰਨੀ (ਰੋਟੀ) ਦੇ ਮੁਨੀ ਰਾਜ ਹਨ। ਔਹ ਕੈਸਾ ਚੀਕ ਚਿਹਾੜਾ ਹੈ, ਕੇਹੀ ਦਰਦ ਭਰੀ ਅਵਾਜ਼ ਆਈ ਹੈ? ਮੁਨੀ ਜੀ ਸੁਣਕੇ ਜਾਗ ਪਏ ਤੇ ਜਾਗਦੇ ਹੀ ਅਵਾਜ਼ ਦੀ ਸੇਧ ਤੇ ਨੱਸੇ। ਕੀ ਹੈ? ਇਕ ਬੱਚਾ ਬਘਿਆੜ ਦੇ ਮੂੰਹ ਵਿਚ ਹੈ ਤੇ ਉਹ ਨੱਸਾ ਆ ਰਿਹਾ ਹੈ। ਮੁਨੀ ਜੀ ਦੀ ਤਲਵਾਰ ਚਮਕੀ, ਕਦਮ ਕਰੜੀ ਕਾਹਲੀ ਨਾਲ ਉੱਠੇ, ਬਘਿਆੜ ਫੱਟੜ ਹੋਕੇ ਢਹਿ ਪਿਆ, ਬਾਲ ਖਿਸਕਕੇ ਪਰੇ ਜਾ ਪਿਆ। ਹੁਣ ਤਲਵਾਰ ਹੋਰ ਅਗੇਰੇ ਹੋਕੇ ਬਘਿਆੜ ਦਾ ਕੰਘਾ ਕਰ ਦੇਂਦੀ ਹੈ। ਫੇਰ ਓਹੋ ਕਰੜੇ ਹੱਥ, ਬਾਲਕ ਦਾ ਲਹੂ ਪੂੰਝਦੇ ਹਨ, ਪਿਆਰ ਦਿਲਾਸਾ ਦੇਕੇ ਚੁੱਪ ਕਰਾਉਣ ਦਾ ਜਤਨ ਕਰਦੇ ਹਨ। ਖੁੱਭੇ ਹੋਏ ਦੰਦਾਂ ਵਾਲੀ ਥਾਵੇਂ ਜੇਬ ਵਿਚੋਂ ਡੱਬੀ ਕੱਢਕੇ ਮਲ੍ਹਮ ਭਰਦੇ ਹਨ ਤੇ ਕਮਰਕੱਸੇ ਨਾਲੋਂ ਲੀਰ ਪਾੜਕੇ ਉਪਰ ਬੰਨ੍ਹਦੇ ਹਨ। ਵਿਲਕਦੀ ਮਾਂ ਤੇ ਪਿੰਡ ਦੇ ਕੁਝ ਗੱਭਰੂ ਲਾਠੀਆਂ ਲਈ ਆ ਪਹੁੰਚੇ ਹਨ, ਇਕ ਬੰਦੂਕਚੀ ਬੀ ਆ ਗਿਆ ਹੈ। ਅੱਗੇ ਬੱਚਾ ਸਹੀ ਸਲਾਮਤ ਜੀਉਂਦਾ ਤੇ ਬਘਿਆੜ ਮੋਇਆ ਪਿਆ ਵੇਖਕੇ ਖ਼ੁਸ਼ ਹੁੰਦੇ ਤੇ ਮੁਨੀ ਜੀ ਨੂੰ ਸਿਰ ਝੁਕਾਉਂਦੇ ਹਨ, ਪੁੱਛਦੇ ਹਨ- ਆਪ ਕਿਥੋਂ ਆ ਪਹੁੰਚੇ?

ਮੁਨੀ ਜੀ— ਮੈਂ ਲਾਗੇ ਰੜੇ ਵਿਚ ਸੁੱਤਾ ਪਿਆ ਸਾਂ।

ਗੱਭਰੂ— ਠੰਢੀ ਰਾਤ, ਐਡੇ ਅਮੀਰ ਤੇ ਸੁੱਤੇ ਰੜੇ ਵਿਚ?

ਮੁਨੀ ਜੀ— ਮੈਂ ਅਮੀਰ ਨਹੀਂ, ਮੇਰੇ ਪਾਸ ਪਦਾਰਥ ਨਹੀਂ, ਮੇਰਾ ਨਾ ਘਰ, ਨਾ ਖੂਹ, ਨਾ ਭੋਂ, ਕੁਛ ਨਹੀਂ, ਗ਼ਰੀਬ ਹਾਂ, ਪਰ ਗ਼ਰੀਬ ਬੀ ਨਹੀਂ। ਮੈਂ ਸੰਨਿਆਸੀ ਹਾਂ।

 www.sikhbookclub.com

ਗੱਭਰ— ਡੰਡ ਨਹੀਂ, ਕਮੰਡਲ ਨਹੀਂ, ਰੋਡ ਭੋਡ ਨਹੀਂ, ਭਗਵਾ ਵੇਸ ਨਹੀਂ, ਸੰਨਿਆਸੀ ਕਿਵੇਂ?

ਮੁਨੀ ਜੀ— ਮੇਰਾ ਸਭ ਕੁਝ ਹੈ, ਮੈਂ ਸੰਨਿਆਸੀ ਬੀ ਨਹੀਂ, ਕਿਉਂਕਿ ਮੈਂ ਆਪਣਾ ਸਭ ਕੁਝ ਜਦ ਦੇ ਦਿਤਾ ਤਦ ਮੈਂ ਸੰਨਿਆਸ ਵਿਚ ਸੱਖਣਾ ਨਹੀਂ ਹੋ ਗਿਆ, ਸਗੋਂ ਸਭ ਕੁਝ ਮੇਰਾ ਹੋ ਗਿਆ। ਮੈਂ ਸ਼ਹਿਨਸ਼ਾਹ ਹੋ ਗਿਆ। ਜਾਗ ਖੁੱਲ੍ਹਣੇ ਤੋਂ ਪਹਿਲੇ ਮੈਂ ਪਿਆਰੀ ਸੇਜਾ ਤੇ ਸਉਂ ਰਿਹਾ ਸੀ, ਕਿਉਂਕਿ ਗਹਿਰੀ ਨੀਂਦ ਸਿਹਜਾ ਤੋਂ ਵਧੀਕ ਸੁਖਦਾਈ ਹੁੰਦੀ ਹੈ। ਅਕਾਸ਼ ਮੇਰੇ ਸ਼ੀਸ਼ ਮਹਲ ਦੀ ਛੱਤ ਸੀ, ਕਿਉਂਕਿ ਮੈਂ ਸੁਤੰਤਰ ਹਾਂ, ਤਾਰਾ ਮੰਡਲ ਅਰ ਚੰਦਰਮਾਂ ਮਿੱਠਾ ਪ੍ਰਕਾਸ਼ ਕਰਕੇ ਮੇਰੇ ਮਹਿਲ ਨੂੰ ਜਗਮਗ ਕਰ ਰਹੇ ਸਨ, ਕਿਉਂਕਿ ਮੈਂ ਹੁਣ ਬ੍ਰਹਮੰਡ ਵਿਚ ਓਪਰਾ ਅਰ ਵੈਰੀ ਦੇਖਦਾ ਹੀ ਨਹੀਂ। ਮੈਨੂੰ ਨਿਰਵਿਰਤੀ ਰੂਪ ਵਹੁਟੀ, ਜੋ ਮੇਰੇ ਸਰੀਰ, ਮਨ, ਅੰਤਹਕਰਣ ਸਾਰੇ ਵਿਚ ਵਯਾਪ ਰਹੀ ਹੈ, ਮੁੱਠੀਆਂ ਭਰਦੀ ਤੇ ਸੁਖ ਦੇ ਰਹੀ ਸੀ, ਕਿਉਂਕਿ ਮੈਨੂੰ 'ਮੈਂ ਮੇਰੀ' ਦੀ ਪਕੜ ਨਹੀਂ ਰਹੀ। ਸ਼ਹਿਨਸ਼ਾਹ ਮੈਂ ਸਾਂ, ਕਿਉਂਕਿ ਮੈਂ ਜਦ ਸਭ ਕੁਝ ਗੁਰੂ ਨੂੰ ਅਰਪਨ ਕਰਕੇ ਸਨਿਆਸੀ ਹੋ ਗਿਆ ਤਦ ਗੁਰੂ ਨੇ ਮੈਨੂੰ ਸਾਰੇ ਬ੍ਰਹਮੰਡ ਦੇ ਹਵਾਲੇ ਅਰ ਬ੍ਰਹਮੰਡ ਨੂੰ ਮੇਰੇ ਹਵਾਲੇ ਕਰ ਦਿਤਾ। ਹੁਣ ਜੋ ਕੁਝ ਹੈ ਓਪਰਾ ਨਹੀਂ ਹੈ, ਸਭ ਆਪਣਾ ਹੈ, ਆਪਣੇ ਤੋਂ ਵੱਖਰਾ ਕੋਈ ਨਹੀਂ ਹੈ, ਇਹ ਅਟਲ ਸ਼ਹਿਨਸ਼ਾਹੀ ਹੈ।

ਗੱਭਰੂ— ਅਜਬ ਸੰਨਿਆਸ ਹੈ? ਜਦ ਸਭ ਕੁਝ ਆਪਣਾ ਹੈ, ਤਦ ਇਹ ਸੰਜੋਅ, ਇਹ ਖੇਦ, ਇਹ ਢਾਲ, ਓਪਰੇ ਤੋਂ ਆਪਣੀ ਰਖਯਾ ਲਈ ਕਿਉਂ ਹਨ? ਅਰ ਇਹ ਤਲਵਾਰ ਓਪਰੇ ਦੇ ਪ੍ਰਹਾਰ ਲਈ ਕਿਉਂ ਹੈ?

ਮੁਨੀ ਜੀ— ਬੱਸ ਐਨੀ ਹੀ ਮਰੋੜੀ ਹੈ, ਕਿ ਏਹ ਸਭ ਕੁਝ ਓਪਰੇ ਤੋਂ ਆਪਣੀ ਰਖਯਾ ਯਾ ਓਪਰੇ ਨੂੰ ਮਾਰਨ ਦੇ ਸੰਕਲਪ ਆਸਰੇ ਨਹੀਂ। ਕੋਈ ਓਪਰਾ ਨਹੀਂ, ਕਿਸੇ ਨਾਲ ਵੈਰ ਨਹੀਂ, ਏਹ ਜੋ ਕੁਝ ਤੁਹਾਨੂੰ ਸਿਪਾਹੀ ਜਾਂ ਸੰਨਿਆਸੀ, ਪਾਤਸ਼ਾਹ ਜਾਂ ਜੋਧਾ ਦਿੱਸਦਾ ਹੈ, ਇਹ ਸਾਰਾ ਅਰਪਨ ਹੋ ਚੁਕਾ ਹੈ। ਜਦ ਗੁਰੂ ਨੂੰ ਮੇਰੀ ਸਭ ਕੁਝ ਅਰਥਾਤ ਜਿਸ ਘਰ, ਮਹਿਲ, ਮਾੜੀ ਨੂੰ ਮੈਂ 'ਮੇਰੀਆਂ' ਕਰਕੇ ਕਹਿੰਦਾ ਹੁੰਦਾ ਸੀ ਜਦ ਓਹ ਗੁਰੂ ਨੂੰ ਦੇ ਦਿੱਤੀਆਂ, ਤਦ ਮੈਂ ਜਾਤਾ ਮੈਂ ਸੰਨਿਆਸੀ ਹਾਂ, ਹੁਣ ਗੰਗਾ ਕਿਨਾਰੇ ਵਿਚਰਾਂਗੇ, ਸੀਤਲ ਜਲ ਪੀਆਂਗੇ, ਕੰਦ ਮੂਲ ਛਕਾਂਗੇ, ਬਲਕਲ ਪਹਿਨਾਂਗੇ, ਕੰਦ੍ਰਾ

 www.sikhbookclub.com

ਵਿਚ ਸਵਾਂਗੇ, ਪਰ ਦੇਖੋ, ਗੁਰੂ ਬੋਲਿਆ: "ਤੂੰ ਸੰਨਜਾਸੀ ਨਹੀਂ, ਤੂੰ ਆਪਣੇ ਪਾਸ 'ਮੈਂ' ਰੱਖ ਲਈ ਹੈ, ਇਹ ਅਰਪਨ ਨਹੀਂ ਕੀਤੀ, ਇਹ ਬੀ ਅਰਪਨ ਕਰ"। ਤਦ ਗੁਰੂ ਦੇ ਤੇਜ ਨਾਲ ਵੇਖੋ ਸਜਣੋ ਮੈਂ ਆਪਣੀ 'ਮੈਂ' ਬੀ ਅਰਪਣ ਕਰ ਦਿਤੀ। ਤਦ ਮੈਂ ਨਾ ਰਿਹਾ, ਗੁਰੂ ਨੇ ਕਿਹਾ "ਤੂੰ ਮੁਨੀ ਹੈਂ, ਤੂੰ ਸੰਨਜਾਸੀ ਹੈਂ, ਤੂੰ ਤਿਆਗੀ ਹੈਂ, ਤੂੰ ਵਿਰਕਤ ਹੈਂ, ਤੂੰ ਨਿਰਵਿਰਤ ਹੈਂ ਪਰ ਅਜੇ ਸਿੱਖ ਨਹੀਂ"। ਮੈਂ ਕੀ ਆਖਦਾ? "ਮੈਂ ਤਾਂ ਸਾਂ ਨਹੀਂ, ਸਭ ਗੁਰੂ ਦਾ ਸੀ। ਗੁਰੂ ਆਖੇ ਮੁਨੀ ਤਾਂ ਮੁਨੀ, ਗੁਰੂ ਕਹੇ ਸਿਖ ਤਾਂ ਸਿਖ। ਤਦ ਦੇਖੋ ਗੁਰੂ ਨੇ ਕੌਤਕ ਵਰਤਾਇਆ ਅਰ ਦਿਖਾਇਆ ਕਿ ਗੁਰੂ ਨੇ ਤਾਂ ਮੈਥੋਂ "ਮੈਂ ਮੇਰੀ" ਨਿਕਾਰੀਆਂ, ਗੰਦੀਆਂ, ਦੁਖਦਾਈ, ਕੈਦ ਰਖਣ ਵਾਲੀਆਂ ਭੇਟਾ ਲੈਕੇ ਮੈਨੂੰ ਹਦੋਂ ਪਾਰ ਸਭ ਨਾਲ ਮੇਲਿਆ। ਕਿਸੇ ਤੋਂ ਨਾ ਓਪਰਾ, ਸਭ ਨਾਲ ਪ੍ਰੇਮ ਰਹਸ ਵਿਚ ਰੱਤਾ ਕਰ ਦਿਤਾ। ਹੁਣ ਇਸ ਨੂੰ ਗੁਰੂ ਨੇ, ਜਿਸਦੀ ਇਹ ਭੇਟਾ ਹੋ ਚੁਕੀ ਸੀ, ਤਲਵਾਰ ਫੜਾ ਦਿਤੀ, ਸੰਜੋਅ ਪਾ ਦਿਤੀ, ਸ਼ਸਤ੍ਰ ਪਹਿਰਾ ਦਿਤੇ ਤੇ ਸੇਵਾ ਵਿਚ ਲਾ ਦਿਤਾ। ਇਹ, ਜਿਸਨੂੰ ਤੁਸੀਂ ਦੇਖਦੇ ਹੋ, ਸੇਵਾ ਵਿਚ ਹੈ, ਸੇਵਾ ਗੁਰੂ ਦੀ, ਇਹ ਗੁਰੂ ਦਾ ਹੈ, ਕਰਾਂਦਾ ਗੁਰੂ ਹੈ, ਰਾਤ ਸਾਰੀ ਸੇਵਾ ਵਿਚ ਬੀਤੀ, ਗੁਰੂ ਨੇ ਹੁਣ ਇਸ ਨੂੰ ਸੁਆਲਿਆ ਸੀ; ਫੇਰ ਗੁਰੂ ਨੇ ਸੇਵਾ ਲਈ ਹਾਕਰ ਮਾਰੀ ਤੇ ਇਸ ਤੋਂ ਇਹ ਸੇਵਾ ਕਰਾ ਲਈ। ਬਾਲਕ ਬਚਿਆ ਹੈ ਕਿ ਬਘਿਆੜ ਮਰਿਆ ਹੈ, ਸੰਨਜਾਸੀ ਕਿਸੇ ਗਲ ਦਾ ਲਿਪਾਇਮਾਨ ਨਹੀਂ। ਬਘਿਆੜ ਬਚ ਜਾਂਦਾ, ਸੰਨਜਾਸੀ ਮਰ ਜਾਂਦਾ, ਗੁਰੂ ਕਾ ਚੋਜ ਸੀ। ਗੁਰੂ ਚੋਜੀ ਹੈ, ਚੋਜ ਕਰਦਾ ਹੈ। ਗੁਰੂ ਨੂੰ ਤਾਂ ਸੇਵਾ ਪਯਾਰੀ ਹੈ, ਜਿਨ੍ਹਾਂ ਨੂੰ ਗੁਰੂ ਆਪਣੇ ਕਰਦਾ ਤੇ ਪਿਆਰ ਜਾਣਦਾ ਹੈ, ਆਪਣੀ ਸੱਤਾ ਨਾਲ ਉਨ੍ਹਾਂ ਤੋਂ ਸੇਵਾ ਲੈਂਦਾ ਹੈ, ਓਹ 'ਮੈਂ ਮੇਰੀ' ਭੇਟ ਕਰ ਚੁਕੇ, ਹਾਰ, ਜੀਤ, ਸ਼ਰਮ, ਖੁਸ਼ੀ, ਹਰਖ, ਜੋਗ, ਹਾਇ, ਵਾਹ, ਕੁਛ ਨਹੀਂ ਜਾਣਦੇ। ਗੁਰੂ, ਗੁਰੂ ਦੀ ਸੇਵਾ, ਗੁਰੂ ਕਰਾਉਂਦਾ ਹੈ, ਬੱਸ ਇਹ ਵੇਖਦੇ ਹਨ।

ਸਜਣੋਂ! ਢਾਓ ਮੈਂ ਮੇਰੀ ਦੀ ਕੰਧ, ਏਹੋ ਕੂੜੇ ਦੀ ਪਾਲ ਹੈ; ਇਹ 'ਕੰਧ' ਵਿਚੋਂ ਕੱਢੋ। ਕੋਈ ਓਪਰਾ ਨਹੀਂ, ਕੋਈ ਵੈਰੀ ਨਹੀਂ, ਤੁਸੀਂ ਕੈਦੋਂ ਨਿਕਲੋ, ਸੁਤੰਤਰ ਹੋ ਜਾਓ, ਮੈਂ ਮੇਰੀ ਤੋੜੋ, ਤੁਸੀਂ ਜੁੜ ਜਾਓ, ਜੋਗੀ ਹੋ ਜਾਓ, ਜੋਗ ਇਹੋ ਹੈ, ਜੋ ਕੂੜੇ ਦੀ ਪਾਲ ਤੋੜਕੇ ਵਿੱਥ ਮੇਟਕੇ ਜੁੜ ਗਿਆ।


www.sikhbookclub.com

ਗੱਭਰੂ— ਐਸਾ ਸਮਰੱਥ ਗੁਰੂ ਕੌਣ ਹੈ?

ਮੁਨੀ ਜੀ— ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜੋ ਅਨੰਦਪੁਰ ਜੋਤਾਂ ਜਗਾ ਰਹੇ ਹਨ। 'ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ'॥ (ਰਾਮ:ਵਾਰ:ਮ:5, ਪੰਨਾ-957)

ਗੱਭਰੂ— ਅਚਰਜ ਖੇਡ ਹੈ, ਅੱਗੇ ਸੰਨਜਾਸੀ ਤਜਾਗੀ ਹੁੰਦੇ ਸੇ, ਹੁਣ ਸਗੋਂ ਫੜੂ!

ਮੁਨੀ ਜੀ— ਨਾ, ਨਾ। ਦਾਨੀ ਉਹ ਨਹੀਂ ਜੋ ਅੰਨ ਪਕਾ ਕੇ ਸਮੁੰਦਰ ਵਿਚ ਰੋੜ੍ਹੇ, ਪਰ ਓਹ ਜੋ ਭੁੱਖੇ ਦੇ ਮੂੰਹ ਵਿਚ ਪਾਵੇ। ਸੰਨਜਾਸੀ ਉਹ ਨਹੀਂ ਜੋ ਜਿਨ੍ਹਾਂ ਚੀਜ਼ਾਂ ਦਾ ਤਿਆਗ ਕਰੇ ਉਹ ਅਫਲ ਜਾਣੇ, ਪਰ ਜੋ ਕੁਝ ਉਸ ਦਾ ਆਪਣਾ ਹੈ, ਆਪਣੇ ਤੋਂ ਓਪਰਾ ਕਰਕੇ ਸੇਵਾ ਵਿਚ ਅਰਪਨ ਕਰੇ ਅਰ 'ਮੈਂ' ਜੋ 'ਮੇਰੀ' ਦੀ ਜੜ੍ਹ ਹੈ, ਜੋ ਸਰਬ ਪਾਪ ਕਰਾਉਣੀ ਹੈ, ਜੋ ਭਰਮ ਭੈ ਪੈਦਾ ਕਰਕੇ ਦੁਖ ਰੋਗ ਦੀ ਮਾਤਾ ਹੈ, ਇਸ ਦਾ ਬੀ ਤਿਆਗ ਕਰੇ, ਤਦ ਸੰਨਜਾਸੀ ਹੈ, ਨਹੀਂ ਤਾਂ ਉਹ ਵਪਾਰੀ ਹੈ: 'ਦੇ ਦੇ ਮੰਗਹਿ ਸਹਸਾ ਗੂਣਾ'। (ਆਸਾ:ਵਾਰ:ਮ:1, ਪੰਨਾ-466) ਥੋੜੇ ਜਿਹੇ ਧਨ ਪਦਾਰਥ ਛਡਕੇ ਮਾਨ ਦੇ ਖਜ਼ਾਨੇ ਭਾਲਦਾ ਤੇ ਆਲਸ ਦੇ ਮਹੱਲ ਉਸਾਰਦਾ ਹੈ। ਸੰਨਜਾਸੀ ਸੋ ਜੋ 'ਮੈਂ ਮੇਰੀ' ਦੋਵੇਂ ਦੇ ਦੇਵੇ, ਪਰ ਦੇਵੇ ਸੇਵਾ ਵਿਚ। ਫੇਰ ਜੇ ਸਰੀਰ ਨੇ ਰਹਿਣਾ ਹੈ, ਤਾਂ ਸੇਵਾ ਵਿਚ ਰਹੇ। ਜਦ ਸੇਵਾ 'ਮੈਂ ਮੇਰੀ' ਤੋਂ ਅਤ੍ਰਿਕਤ ਸਿਰੇ ਚੜੇ ਤਦ ਗੁਰੂ ਕਹਿੰਦਾ ਹੈ, ਇਹ ਸਿਖ ਹੈ। ਇਹ, ਜੋ ਮੈਂ ਚਾਹੁੰਦਾ ਸਾਂ, ਸਿਖ ਗਿਆ ਹੈ, ਅਰ ਜੋ ਮੈਂ ਚਾਹੁੰਦਾ ਹਾਂ ਸਦਾ ਸਿਖਦਾ ਹੈ।

ਗੱਭਰੂ— ਫੇਰ ਸਿਖ ਦਾ ਮਨ ਕੀਹ ਕਰਦਾ ਹੈ?

ਮੁਨੀ ਜੀ— ਸਿਖ ਦਾ ਕੀਹ, ਗੁਰੂ ਦਾ। ਗੁਰੂ ਜੋ ਕਰਾਉਂਦਾ ਹੈ ਉਹ ਕਰਦਾ ਹੈ। ਗੁਰੂ ਨੂੰ ਦੇਖਦਾ, ਗੁਰੂ ਨੂੰ ਤੱਕਦਾ, ਗੁਰੂ ਦੀ ਰਜ਼ਾ ਦੇ ਮਗਰ ਆਸ਼ਕ ਵਾਂਗ ਫਿਰਦਾ, 'ਗੁਰੂ' ਹੀ 'ਗੁਰੂ' ਕਰਦਾ ਅਨੰਦ ਦਾ ਕੰਦ ਹੋਇਆ ਖੀਵਾ ਰਹਿੰਦਾ ਹੈ।

ਗੱਭਰੂ— ਸਾਡੇ ਵਰਗੇ ਨੀਚ ਬੀ ਗੁਰੂ ਦੇ ਹੋ ਸਕਦੇ ਹਨ?

ਮੁਨੀ— ਗੁਰੂ ਨੀਚਾਂ ਨੂੰ ਤਾਂ ਲੱਭਦਾ ਹੈ। ਜਿਨ੍ਹਾਂ ਦੇ ਦਿਲ ਏਹ ਜਾਣਦੇ ਹਨ ਕਿ ਅਸੀਂ ਨੀਵੇਂ ਹਾਂ, ਨਿਕਾਰੇ ਹਾਂ, ਨਾ ਆਪਣਾ ਨਾ ਗੁਰੂ ਦਾ ਕੁਝ ਨਹੀਂ ਕਰਨ ਜੋਗੇ, ਓਹ ਗੁਰੂ ਕੇ ਸਾਥੀ ਹਨ।

 www.sikhbookclub.com

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

ਕਿਉਂਕਿ...
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥**
(ਸਿਰੀ ਰਾਗੁ ਮ:੧-੩)

ਗੱਭਰੂ— ਮੁਨੀ ਜੀ! ਸਾਨੂੰ ਭੀ ਲੈ ਚੱਲੋ।

ਤਿੰਨੇ ਗੁਰੂ ਕੇ ਸੁਆਰੇ ਉਸ ਸੱਚੇ ਮੁਨੀ, ਅਰਥਾਤ ਗੁਰੂ ਕੇ ਸਿਖ ਜੀ ਦੇ ਨਾਲ ਅਨੰਦਪੁਰ ਨੂੰ ਹੋ ਲਏ।

ਦੇਖੀ ਜੇ ਮੁਨੀ ਜੀ ਦੀ ਮੂਰਤਿ! ਇਹ ਕੌਣ ਸੇ? ਭਾਈ ਰਾਠੌਰ ਸਿੰਘ! ਦੇਖੀ ਜੇ ਕਰਨੀ! ਦੇਖਿਆ ਜੇ ਰਿਦਾ। ਦੇਖੀ ਜੇ ਕੁਰਬਾਨੀ! ਦੇਖਿਆ ਜੇ ਅਸਰ! ਅਜੇ ਏਹ ਆਪਣੇ ਆਪ ਨੂੰ ਸਿਖੀ ਦੇ ਯੋਗ ਨਹੀਂ ਜਾਣਦੇ।

ਇਹ ਹੈ ਤਿਆਗ, ਇਹ ਹੈ ਸੇਵਾ, ਇਹ ਹੈ ਗੁਰੂ ਤੋਂ ਸਦਕੜੇ ਹੋਣਾ, ਘੋਲੀ ਜਾਣਾ, ਸਿੱਧੇ ਸੱਚ ਤੇ ਪਿਆਰ ਨਾਲ। ਨਾ ਕੋਈ ਚਲਾਕੀ, ਨਾ ਚਾਲ, ਨਾ ਵਿੰਗ ਨਾ ਚਿੱਬ। ਸੱਚਾ ਤਜਾਗ ਇਹ ਹੈ। ਕਰ ਦਿਓ ਮਿੱਤਰੋ! ਜੇ ਸਿਖੀ ਰਖਣੀ ਚਾਹੁੰਦੇ ਹੋ। ਸੱਚ ਤੇ ਸਿਦਕ ਦੋ ਹੀ ਮੰਤ੍ਰ ਜੇ। ਸੱਚ ਦਾ ਅਖੀਰ ਨਿੱਗਰ, ਝੂਠ ਦੀ ਜੜ੍ਹ ਪੋਲੀ, ਅੰਤ ਧਰਮ ਧੱਕਾ। ਛਡੋ ਮਨਮਤਾਂ, ਪੁੱਛੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਜੋ ਉਹ ਕਹਿੰਦੇ ਹਨ, ਓਹ ਕਰੋ, ਤਦ ਦੇਖੋ ਸਿਖੀ ਦੀ ਉੱਨਤੀ। ਸੱਚਾ ਤਿਆਗ ਇਹ ਹੈ। (ਖਾਲਸਾ ਸਮਾਚਾਰ ਮਿਤੀ 20-3-1907 ਈ:)


www.sikhbookclub.com

## 21. ਗਾਇਕਾਂ ਨੂੰ

ਦੱਫ ਚੰਗ ਵਾਲੇ ਗਾਇਕੋ!
ਮਜਲਸ ਨੂੰ ਦੇਂਦੇ ਖੁਸ਼ੀ ਲਾ,
ਰਸ ਰੰਗ ਭਰਦੇ ਪਜੱਕੜਾਂ,
ਦੇਂਦੇ ਹੋ ਝੂੰਮਾਂ ਵਿੱਚ ਪਾ।

ਦੇਂਦੇ ਹੋ ਝੂੰਮਾਂ ਵਿੱਚ ਪਾ,
ਮਜਲਸ ਨੂੰ ਦੇਂਦੇ ਖੁਸ਼ੀ ਲਾ,
ਦੌਲਤ ਸਰੂਰਾਂ ਵਾਲੜੀ
ਦੇਂਦੇ ਹੋ ਸਾਰੀ ਲੁਟ ਲੁਟਾ।

ਪੀਂਦੇ ਲ ਹੋ ਇਕ ਘੁੱਟ ਭਰ
ਇਸ ਪਿਰਮ ਰਸ ਤੋਂ ਆਪ ਜੀ
ਸੁੱਕੇ ਲਬੀਂ ਹੀ ਉੱਠ ਟੁਰੋ,
ਧਾੜਾ ਕੀ ਪੈਂਦੈ ਤੁਸਾਂ ਆ?

ਸਾਕੀ ਬੀ ਹੁੰਦੈ ਮਜਲਸੇ,
ਪਜਾਲਾ ਸੁਰਾਹੀ ਹੋਂਵਦੇ,
ਵਾਹ ਵਾਹ ਬਹਾਦਰ ਗਾਇਕੋ,
ਪੈਂਦੀ ਪਰਾਂ ਤੇ ਬੂੰਦ ਨਾ!

ਤਾਂਹੀਓਂ ਕਵੀ ਗੁਰਦਾਸ ਨੇ
ਰੰਗ-ਰੱਤੜੇ ਪਿਰ ਆਪਣੇ,

 www.sikhbookclub.com